**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067

Jassi Gill
CA DRE Lic.#01180969 CA DRE# 00966763


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

FARMERS INSURANCE
*Auto *Home *Life
*Business *Work Comp

Gurcharan S. Mann
License # 0C70672
Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Duabba Insurance Agency
2450 Peralta Blvd, Suite 203
Fremont CA 94536



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 27, July 4, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਅਤਿਵਾਦ ਬਾਰੇ ਮੋਦੀ ਸਰਕਾਰ ਦਾ ਪੋਲ ਖੁੱਲ੍ਹਿਆ

## ਹਿੰਦੂਆਂ ਨਾਲ ਨਰਮੀ ਵਰਤਣ ਦੀਆਂ ਹਦਇਤਾਂ

## ਵਿਸ਼ੇਸ਼ ਸਰਕਾਰੀ ਵਕੀਲ ਨੇ ਕੀਤਾ ਖੁਲਾਸਾ

**ਮੁੰਬਈ:** ਸਾਲ 2008 ਵਿਚ ਹੋਏ ਮਾਲੇਗਾਓਂ ਧਮਾਕਿਆਂ ਵਾਲੇ ਕੇਸ ਦੀ ਵਿਸ਼ੇਸ਼ ਸਰਕਾਰੀ ਵਕੀਲ ਰੋਹਿਣੀ ਸਾਲਿਆਣ ਵੱਲੋਂ ਕੀਤੇ ਖੁਲਾਸਿਆਂ ਨੇ ਮੋਦੀ ਸਰਕਾਰ ਦਾ ਅਤਿਵਾਦ ਬਾਰੇ ਪੋਲ ਖੋਲ੍ਹ ਦਿੱਤਾ ਹੈ। ਇਸ ਕੇਸ ਦੀ ਪੈਰਵੀ ਅੱਜ ਕੱਲ੍ਹ ਕੌਮੀ ਜਾਂਚ ਏਜੰਸੀ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ- ਐਨ.ਆਈ.ਏ.) ਵੱਲੋਂ ਕੀਤੀ ਜਾ ਰਹੀ ਹੈ। ਰੋਹਿਣੀ ਸਾਲਿਆਣ ਨੇ ਖੁਲਾਸਾ ਕੀਤਾ ਹੈ ਕਿ ਪਿਛਲੇ ਇਕ ਸਾਲ ਤੋਂ, ਜਦੋਂ ਤੋਂ ਕੇਂਦਰ ਵਿਚ ਨਵੀਂ ਸਰਕਾਰ ਹੋਂਦ ਵਿਚ ਆਈ ਹੈ, ਉਸ ਉਤੇ ਐਨ.ਆਈ.ਏ. ਲਗਾਤਾਰ ਦਬਆ ਪਾ ਰਹੀ ਹੈ ਕਿ ਇਸ ਕੇਸ ਵਿਚ ਨਰਮੀ ਵਰਤੀ ਜਾਵੇ। ਹੁਣ ਐਨ.ਆਈ.ਏ. ਨੇ ਇਹ ਕੇਸ ਉਸ ਕੋਲੋਂ ਵਾਪਸ ਵੀ ਲੈ ਲਿਆ ਹੈ। 12 ਜੂਨ ਨੂੰ ਇਸ ਕੇਸ ਦੀ ਤਰੀਕ ਮੌਕੇ ਉਸ ਨੂੰ ਕਹਿ ਦਿੱਤਾ ਗਿਆ ਕਿ ਇਸ ਕੇਸ ਦੀ ਪੈਰਵੀ ਹੁਣ ਕੋਈ ਹੋਰ ਵਕੀਲ ਕਰੇਗਾ। ਰੋਹਿਣੀ ਸਾਲਿਆਣ ਮੁਤਾਬਕ ਜਿਉਂ ਹੀ ਪਿਛਲੇ ਸਾਲ ਕੇਂਦਰ ਵਿਚ ਐਨ.ਡੀ.ਏ.


ਰੋਹਿਣੀ ਸਾਲਿਆਣ

ਦੀ ਸਰਕਾਰ ਬਣੀ, ਉਸ ਨੂੰ ਐਨ.ਆਈ.ਏ. ਦੇ ਇਕ ਸੀਨੀਅਰ ਅਫਸਰ ਦਾ ਫੋਨ ਆਇਆ ਕਿ ਉਹ ਉਸ ਨਾਲ ਗੱਲ ਕਰਨਾ ਚਾਹੁੰਦਾ ਹੈ, ਪਰ ਇਹ ਗੱਲ ਫੋਨ ਉਤੇ ਸੰਭਵ ਨਹੀਂ ਹੈ। ਇਸ ਤੋਂ ਬਾਅਦ ਇਕ ਦਿਨ ਉਹ ਅਫਸਰ ਆਇਆ ਅਤੇ ਕਿਹਾ ਕਿ ਉਪਰੋਂ ਹਦਾਇਤਾਂ ਹਨ ਕਿ ਇਨ੍ਹਾਂ ਕੇਸਾਂ ਵਿਚ ਹੁਣ ਨਰਮੀ ਵਰਤੀ ਜਾਵੇ। ਯਾਦ ਰਹੇ ਕਿ ਹਿੰਦੂ ਜਥੇਬੰਦੀਆਂ ਵੱਲੋਂ ਕੀਤੇ ਧਮਾਕਿਆਂ ਨਾਲ ਸਬੰਧਤ ਸਾਰੇ ਕੇਸਾਂ ਦੀ ਛਾਣ-ਬੀਣ ਅਤੇ ਪੈਰਵੀ ਹੁਣ ਐਨ.ਆਈ.ਏ. ਹੀ ਕਰ ਰਹੀ ਹੈ।

68 ਸਾਲਾ ਰੋਹਿਣੀ ਸਾਲਿਆਣ ਪਹਿਲਾਂ ਸਰਕਾਰੀ ਵਕੀਲ ਸੀ, ਪਰ ਬਾਅਦ ਵਿਚ ਉਸ ਨੇ ਇਹ ਨੌਕਰੀ ਛੱਡ ਕੇ ਆਪਣੀ ਪ੍ਰਾਈਵੇਟ ਵਕਾਲਤ ਸ਼ੁਰੂ ਕਰ ਦਿੱਤੀ। 29 ਸਤੰਬਰ 2008 ਨੂੰ ਹੋਏ ਮਾਲੇਗਾਓਂ ਧਮਾਕੇ ਤੋਂ ਬਾਅਦ ਇਸ ਦੀ ਜਾਂਚ ਮਹਾਂਰਾਸ਼ਟਰ ਅਤਿਵਾਦ-ਵਿਰੋਧੀ ਸਕੁਐਡ (ਏ.ਟੀ.ਐਸ.) ਦੇ ਮੁਖੀ ਹੇਮੰਤ ਕਰਕਰੇ ਕੋਲ ਆ ਗਈ ਅਤੇ ਹੇਮੰਤ ਕਰਕਰੇ ਨੇ ਹੀ ਉਸ ਨੂੰ ਇਹ ਕੇਸ ਵਿਸ਼ੇਸ਼ ਸਰਕਾਰੀ ਵਕੀਲ ਵਜੋਂ ਲੜਨ ਲਈ ਮਨਾਇਆ ਸੀ। ਪਹਿਲਾਂ ਉਸ ਨੇ ਹੇਮੰਤ ਕਰਕਰੇ ਨੂੰ ਇਹ ਕੇਸ ਲੜਨ ਤੋਂ ਮਨਾ ਕਰ ਦਿੱਤਾ ਸੀ, ਪਰ ਕਰਕਰੇ ਵੱਲੋਂ ਜ਼ੋਰ ਪਾਉਣ 'ਤੇ ਜਦੋਂ ਉਸ ਨੇ ਇਸ ਕੇਸ ਨਾਲ ਸਬੰਧਤ ਕਾਗਜ਼ ਪੜ੍ਹੇ, ਉਹ ਹੱਕੀ-ਬੱਕੀ ਰਹਿ ਗਈ। ਇਹ ਧਮਾਕੇ ਤਾਂ ਹਿੰਦੂਆਂ ਵੱਲੋਂ ਕੀਤੇ ਗਏ ਸਨ। ਉਦੋਂ ਤੱਕ ਹਰ ਧਮਾਕਾ ਮੁਸਲਮਾਨਾਂ ਦੇ ਨਾਂ ਲਾਇਆ ਜਾ ਰਿਹਾ ਸੀ। ਉਹ ਦੱਸਦੀ ਹੈ: "ਕਾਗਜ਼ ਵਿਚ ਦਰਜ ਤਫਸੀਲ ਪੜ੍ਹ ਕੇ ਮੇਰਾ ਰੋਣ ਨਿਕਲ ਗਿਆ। ਮੈਂ ਧੁਰ ਅੰਦਰ ਤੱਕ ਹਿੱਲ ਗਈ ਸਾਂ। ਕਾਗਜ਼ ਪੜ੍ਹਦਿਆਂ ਸਵੇਰ ਤੋਂ ਸ਼ਾਮ ਹੋ ਗਈ। ਪਤਾ ਲੱਗਿਆ ਕਿ ਸਮਝੌਤਾ ਤੇ ਮੋਦਾਸਾ ਧਮਾਕੇ ਵੀ ਹਿੰਦੂ ਜਥੇਬੰਦੀਆਂ ਨੇ ਹੀ ਕੀਤੇ ਸਨ।"

ਰੋਹਿਣੀ ਸਾਲਿਆਣ ਨੇ ਇਹ ਖੁਲਾਸਾ ਵੀ ਕੀਤਾ ਹੈ ਕਿ ਸੁਪਰੀਮ ਕੋਰਟ ਵਿਚ ਵੀ ਸਰਕਾਰੀ ਵਕੀਲ ਮਾਰੀਅਰ ਪੁੱਟਮ ਨੂੰ ਕੇਸ ਦੀ ਪੈਰਵੀ ਤੋਂ ਰੋਕ ਦਿੱਤਾ ਗਿਆ। ਸਿੱਟੇ ਵਜੋਂ ਅਦਾਲਤ ਨੇ ਜੋ ਫੈਸਲਾ ਦਿੱਤਾ, ਉਸ ਨਾਲ ਮੁਲਜ਼ਮ ਦੀ ਜ਼ਮਾਨਤ ਲਈ ਰਾਹ ਖੁੱਲ੍ਹ ਗਿਆ। ਉਸ ਮੁਤਾਬਕ, ਇਹੀ ਐਨ.ਆਈ.ਏ. ਦੇ ਅਫਸਰ ਚਾਹੁੰਦੇ ਸਨ। ਇਸੇ


*(ਬਾਕੀ ਸਫਾ 6 'ਤੇ)*


### ਹਿੰਦੂ ਜਥੇਬੰਦੀਆਂ ਦਾ ਅਤਿਵਾਦ

**ਮਾਲੇਗਾਓਂ ਧਮਾਕੇ:** 8 ਸਤੰਬਰ 2006, 37 ਮੌਤਾਂ 125 ਜ਼ਖਮੀ।
**ਸਮਝੌਤਾ ਐਕਸਪ੍ਰੈੱਸ ਧਮਾਕਾ:** 18 ਫਰਵਰੀ 2007, 68 ਮੌਤਾਂ 50 ਜ਼ਖਮੀ।
**ਮੱਕਾ ਮਸਜਿਦ ਧਮਾਕਾ:** 18 ਮਈ 2007, ਹੈਦਰਾਬਾਦ, 16 ਮੌਤਾਂ 100 ਜ਼ਖਮੀ।
**ਅਜਮੇਰ ਧਮਾਕਾ:** 11 ਅਕਤੂਬਰ 2007, 3 ਮੌਤਾਂ 17 ਜ਼ਖਮੀ।
**ਮਾਲੇਗਾਓਂ ਧਮਾਕੇ (ਦੂਜੀ ਵਾਰ):** 29 ਸਤੰਬਰ 2008, 7 ਮੌਤਾਂ 80 ਜ਼ਖਮੀ।
**ਮੋਦਾਸਾ ਧਮਾਕੇ:** 29 ਸਤੰਬਰ 2008, 1 ਮੌਤ।

## ਕੈਪਟਨ ਹੁਣ ਹਿੱਕ ਦੇ ਜ਼ੋਰ ਨਾਲ ਕਪਤਾਨੀ ਲੈਣ ਲਈ ਨਿੱਤਰੇ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਦੀ ਰਣਨੀਤੀ ਹਾਈ ਕਮਾਨ 'ਤੇ ਭਾਰੀ ਪੈਣ ਲੱਗੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਬਾਰੇ ਹਾਈ ਕਮਾਨ ਦੀ ਟਾਲ-ਮਟੋਲ ਦਾ ਜਵਾਬ ਦੇਣ ਲਈ ਕੈਪਟਨ ਨੇ ਟੇਢਾ ਰਾਹ ਚੁਣਿਆ ਹੈ ਤੇ ਤਾਕਤ ਪ੍ਰਦਰਸ਼ਨ ਰਾਹੀਂ ਕੇਂਦਰੀ ਆਗੂਆਂ ਨੂੰ 'ਗਲਤੀ' ਦਾ ਅਹਿਸਾਸ ਕਰਵਾਉਣ


*(ਬਾਕੀ ਸਫਾ 6 'ਤੇ)*


## ਕਤਲੇਆਮ 84: ਪੀੜਤਾਂ ਨੂੰ ਨਿਆਂ ਲਈ ਹੰਭਲਾ

### 'ਆਪ' ਸਰਕਾਰ ਵੱਲੋਂ ਦਿੱਲੀ ਵਿਧਾਨ ਸਭਾ ਵਿਚ ਮਤਾ ਪਾਸ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਆਮ ਆਦਮੀ ਪਾਰਟੀ (ਆਪ) ਦੀ ਦਿੱਲੀ ਸਰਕਾਰ ਨੇ ਵਿਧਾਨ ਸਭਾ ਅੰਦਰ ਨਵੰਬਰ 1984 ਦੇ ਸਿੱਖ ਕਤਲੇਆਮ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਮਤਾ ਪਾਸ ਕੀਤਾ ਹੈ। ਮਤੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ। ਵਿਧਾਨ ਸਭਾ ਸਪੀਕਰ ਨੇ ਮਤੇ ਨੂੰ ਸਰਬਸੰਮਤੀ ਪਿੱਛੋਂ ਮਨਜ਼ੂਰ ਕਰ ਲਿਆ। ਦਿੱਲੀ ਸਰਕਾਰ ਵੱਲੋਂ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾਉਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। 'ਆਪ' ਨੇ ਕਤਲੇਆਮ ਪੀੜਤਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ ਹੈ। ਦੱਸਣਯੋਗ ਹੈ ਕਿ ਮੋਦੀ ਸਰਕਾਰ ਵੱਲੋਂ ਐਸ.ਆਈ.ਟੀ. ਦਾ ਗਠਨ ਕੀਤਾ ਹੋਇਆ ਹੈ ਜਿਸ ਨੇ ਆਪਣੀ ਰਿਪੋਰਟ ਛੇ ਮਹੀਨਿਆਂ ਵਿਚ ਦੇਣੀ ਸੀ, ਪਰ ਅਜੇ ਤੱਕ ਇਸ ਜਾਂਚ ਟੀਮ ਨੇ


*(ਬਾਕੀ ਸਫਾ 6 'ਤੇ)*



We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080


Surveillance Camera
Surveillance Camera
vista
Now Sell & Install ONLY
HIGH DEFINITION
Systems
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores,
Hotel/Motel,warehouse & Homes
2 Year Warranty
Call
Sukhpal
1-661-586-5080
Email: commvision@sbcglobal.net


STATEN SOLAR
Affordable Energy For Everyone
Save with Solar
Commercial, Agricultural and Residential
Bye, bill
Simran S. Deol
Solar Engineer
1844-4 BYEBILL
661-412-4728 (Office)
661-427-0843 (Fax)
No One Can Beat Our Price Guranteed!
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring

## ਲੋਕ ਨੁਮਾਇੰਦਿਆਂ ਨੂੰ ਸਤਿਕਾਰ ਨਾ ਦੇਣ ਦਾ ਨੋਟਿਸ ਲਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਅਤੇ ਸੂਬੇ ਦੇ ਮੰਤਰੀਆਂ ਪ੍ਰਤੀ ਬਣਦਾ ਮਾਣ ਸਤਿਕਾਰ ਨਾ ਦਿਖਾਉਣ ਲਈ ਅਧਿਕਾਰੀਆਂ ਦੇ ਰਵੱਈਏ ਬਾਰੇ ਮੀਡੀਆ ਰਿਪੋਰਟਾਂ ਦਾ ਸਖ਼ਤ ਨੋਟਿਸ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਜਨਤਕ ਨੁਮਾਇੰਦਿਆਂ ਦੀ ਸਰਕਾਰੀ ਫੇਰੀ ਦੌਰਾਨ ਸਬ-ਡਿਵੀਜ਼ਨਲ ਅਫ਼ਸਰ ਅਤੇ ਡਿਪਟੀ ਸੁਪਰਡੈਂਟ ਆਫ ਪੁਲੀਸ ਦੀ ਮੌਜੂਦਗੀ ਯਕੀਨੀ ਬਣਾਉਣ ਲਈ ਕਿਹਾ ਹੈ।

ਸ. ਬਾਦਲ ਨੇ ਕਿਹਾ ਕਿ ਇਨ੍ਹਾਂ ਦੌਰਿਆਂ ਦੌਰਾਨ ਜੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲੀਸ ਮੁਖੀ ਦੀ ਸਬੰਧਿਤ ਪ੍ਰੋਗਰਾਮ ਲਈ ਜ਼ਰੂਰਤ ਹੋਵੇ ਤਾਂ ਉਨ੍ਹਾਂ ਨੂੰ ਵੀ ਇਨ੍ਹਾਂ ਮੌਕਿਆਂ 'ਤੇ ਹਾਜ਼ਰ ਹੋਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਸਬੰਧਤ ਅਫਸਰ ਵਲੋਂ ਡਿਊਟੀ ਨਿਭਾਉਣ ਵਿਚ ਕੁਤਾਹੀ ਨੂੰ ਕਿਸੇ ਸੂਰਤ ਵਿਚ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਕਿ ਇਸ ਸਬੰਧ ਵਿਚ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਕੇ ਇਨ੍ਹਾਂ ਹਦਾਇਤਾਂ 'ਤੇ ਸਖ਼ਤੀ ਨਾਲ ਅਮਲ ਨੂੰ ਯਕੀਨੀ ਬਣਾਇਆ ਜਾਵੇ।

## ਕਾਮਰੇਡ ਵੀ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰਨ ਲੱਗੇ


**ਚੰਡੀਗੜ੍ਹ:** ਭਾਰਤੀ ਕਮਿਊਨਿਸਟ ਪਾਰਟੀ ਨੇ ਵੱਖ ਵੱਖ ਸੂਬਿਆਂ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਲਈ ਖੱਬੀਆਂ ਪਾਰਟੀਆਂ ਦੀ ਏਕਤਾ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੀ ਇਥੇ ਹੋਈ ਕੌਮੀ ਕੌਂਸਲ ਦੀ ਮੀਟਿੰਗ ਵਿਚ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਲਈ ਵਿਸ਼ੇਸ਼ ਰਣਨੀਤੀ ਤੈਅ ਕਰਨ, ਭੂਮੀ ਗ੍ਰਹਿਣ ਬਿਲ ਦਾ ਵਿਰੋਧ ਕਰਨ ਸਮੇਤ ਦੇਸ਼ ਦੀ ਰਾਜਨੀਤਕ ਅਤੇ ਆਰਥਿਕ ਸਥਿਤੀ ਦਾ ਜਾਇਜ਼ਾ ਲਿਆ ਗਿਆ। ਪਾਰਟੀ ਦੇ ਕੌਮੀ ਸਕੱਤਰ ਡੀ. ਰਾਜਾ ਨੇ ਦੱਸਿਆ ਕਿ ਬਿਹਾਰ ਵਿਧਾਨ ਸਭਾ ਚੋਣਾਂ ਲਈ ਨਵੇਂ ਸਿਰੇ ਤੋਂ ਸਫਬੰਦੀ ਹੋ ਰਹੀ ਹੈ। ਅਗਲੇ ਸਾਲ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਉਸ ਤੋਂ ਅਗਲੇ ਸਾਲ ਪੰਜਾਬ ਅਤੇ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ। ਇਨ੍ਹਾਂ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਖੱਬੀਆਂ ਪਾਰਟੀਆਂ ਦੀ ਏਕਤਾ ਅਤੇ ਮਜ਼ਬੂਤੀ ਬਹੁਤ ਜ਼ਰੂਰੀ ਹੈ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



We Accept Personal Injury (PI) Cases

Medicare & Most Private Insurances Accepted



Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545



M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments

Treatments & Prevention of Gum Diseases New Patients & Children Welcome

510-794-7058
WWW.DRNIJJAR.COM

(Across From Washigton Hospital & Bart)
1895 Mowry Ave. Ste 104 Fremont



The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

REALTOR
EQUAL HOUSING OPPORTUNITY

JAGDEV SINGH
Realtor
CalBre #01423409
42820 Albrae, St.,
Fremont, CA 94538

# ਪੰਜਾਬ ਵਿਚੋਂ ਹੀ ਉਠੀ ਸੀ ਐਮਰਜੈਂਸੀ ਖਿਲਾਫ ਆਵਾਜ਼

**ਚੰਡੀਗੜ੍ਹ:** ਦੇਸ਼ ਵਿਚ ਐਮਰਜੈਂਸੀ ਨੂੰ 40 ਸਾਲ ਪੂਰੇ ਹੋ ਗਏ ਹਨ। ਇਸ ਸੰਦਰਭ ਵਿਚ ਉਸ ਸਮੇਂ ਦੀਆਂ ਕੁਸੈਲੀਆਂ ਯਾਦਾਂ ਨੂੰ ਇਸ ਮੰਤਵ ਨਾਲ ਮੁੜ ਤਾਜ਼ਾ ਕੀਤਾ ਜਾ ਰਿਹਾ ਹੈ ਤਾਂ ਜੋ ਭਵਿੱਖ ਵਿਚ ਇਹ ਸਥਿਤੀ ਪੈਦਾ ਨਾ ਹੋਵੇ। ਇਸ ਸਬੰਧੀ ਚਰਚਾ ਹੋਰ ਵੀ ਵਧ ਗਈ ਹੈ ਕਿਉਂਕਿ ਭਾਜਪਾ ਦੇ ਪ੍ਰੌੜ੍ਹ ਤੇ ਬਜ਼ੁਰਗ ਆਗੂ ਐਲ.ਕੇ. ਅਡਵਾਨੀ ਆਪਣੇ ਬਿਆਨ ਵਿਚ ਇਹ ਖ਼ਦਸ਼ਾ ਪ੍ਰਗਟ ਕਰਨ ਲੱਗੇ ਹਨ ਕਿ ਐਮਰਜੈਂਸੀ ਮੁੜ ਲੱਗਣ ਦੀਆਂ ਸੰਭਾਵਨਾਵਾਂ ਬਰਕਰਾਰ ਹਨ।

ਆਜ਼ਾਦੀ ਤੋਂ ਬਾਅਦ 25 ਜੂਨ 1975 ਨੂੰ ਪਹਿਲੀ ਵਾਰ ਲੱਗੀ ਅੰਦਰੂਨੀ ਐਮਰਜੈਂਸੀ ਨੇ ਜਮਹੂਰੀ ਪ੍ਰਬੰਧ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ। ਇਕੋ ਝਟਕੇ ਨਾਲ ਨਾਗਰਿਕਾਂ ਦੀਆਂ ਸ਼ਹਿਰੀ ਆਜ਼ਾਦੀਆਂ ਖ਼ਤਮ ਕਰ ਦਿੱਤੀਆਂ ਗਈਆਂ ਸਨ। ਅਸਹਿਮਤੀ ਰੱਖਣ ਵਾਲੇ ਹਰ ਵਿਅਕਤੀ ਨੂੰ ਜੇਲ੍ਹਖ਼ਵਿਚ ਡੱਕ ਦਿੱਤਾ ਗਿਆ। ਪ੍ਰੈਸ ਉੱਤੇ ਸੈਂਸਰ ਲਗਾ ਦਿੱਤਾ ਗਿਆ ਸੀ। ਦੇਸ਼ ਨੂੰ ਆਜ਼ਾਦੀ ਦਿਵਾਉਣ ਦਾ ਦਾਅਵਾ ਕਰਨ ਵਾਲੀ ਪਾਰਟੀ ਦੇ ਆਗੂ ਨਿੱਜੀ ਲਾਭਾਂ ਕਾਰਨ ਜਾਂ ਵਖਰੇਵੇਂ ਨਾਲ ਹੋਣ ਵਾਲੇ ਨੁਕਸਾਨ ਦੇ ਡਰੋਂ ਚੁੱਪੀ ਸਾਧ ਗਏ ਸਨ। ਇਹੀ ਕਾਰਨ ਸੀ ਕਿ ਉਹ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਗਾਉਣ ਦੇ ਲਏ ਗਏ ਗ਼ੈਰ ਸੰਵਿਧਾਨਕ ਤੇ ਗ਼ੈਰਕਨੂੰਨੀ ਫ਼ੈਸਲੇ ਦਾ ਵਿਰੋਧ ਕਰਨ ਦੀ ਹਿੰਮਤ ਨਾ ਜੁਟਾ ਸਕੇ।

ਪਾਰਲੀਮਾਨੀ ਜਮਹੂਰੀਅਤ ਵਿਚ ਹਿੱਸੇਦਾਰ ਖੱਬੀਆਂ ਪਾਰਟੀਆਂ ਵਿਚੋਂ ਸੀ.ਪੀ.ਆਈ. ਨੇ ਤਾਂ ਫਾਸ਼ੀਵਾਦ ਨੂੰ ਟੱਕਰ ਦੇਣ ਦੇ ਨਾਂ ਉੱਤੇ ਐਮਰਜੈਂਸੀ ਦਾ ਸਮਰਥਨ ਦਾ ਐਲਾਨ ਕਰ ਦਿੱਤਾ ਤੇ ਸੀ.ਪੀ.ਆਈ. (ਐਮ) ਕੋਈ ਠੋਸ ਫ਼ੈਸਲਾ ਨਾ ਲੈ ਸਕੀ। ਐਮਰਜੈਂਸੀ ਦੇ ਵਿਰੋਧ ਵਿਚ ਉਸ ਮੌਕੇ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ ਚੱਲ ਰਹੇ ਅੰਦੋਲਨ ਦੇ ਕੁਝ ਆਗੂ ਨਿੱਤਰ ਕੇ ਆਏ। ਭਾਰਤੀ ਜਨਸੰਘ ਉਸ ਮੌਕੇ ਮੁੱਖ ਧਿਰ ਸੀ।





ਸੂਬਿਆਂ ਵਿਚੋਂ ਸਿਰਫ਼ ਪੰਜਾਬ ਵਿਚ ਅਕਾਲੀ ਦਲ ਨੇ ਐਮਰਜੈਂਸੀ ਖ਼ਿਲਾਫ਼ ਲਗਾਤਾਰ ਮੋਰਚਾ ਲਗਾ ਕੇ ਵਿਲੱਖਣ ਭੂਮਿਕਾ ਨਿਭਾਈ। ਰਿਪੋਰਟਾਂ ਮੁਤਾਬਕ ਤਤਕਾਲੀ ਪ੍ਰਧਾਨ ਮੰਤਰੀ ਅਕਾਲੀਆਂ ਨਾਲ ਸਮਝੌਤੇ ਦੇ ਰੌਂਅ ਵਿਚ ਸੀ। ਸ਼ਾਇਦ ਇਹੀ ਕਾਰਨ ਸੀ ਕਿ ਐਮਰਜੈਂਸੀ ਲਗਾਉਣ ਸਮੇਂ ਅਕਾਲੀ ਦਲ ਦਾ ਕੋਈ ਆਗੂ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ।

ਸਮਝੌਤਾ ਨਾ ਹੋਣ ਕਰਕੇ ਹੀ ਪ੍ਰਧਾਨ ਮੰਤਰੀ ਨੇ ਨਾਰਾਜ਼ਗੀ ਨਾਲ 24 ਮਾਰਚ 1976 ਨੂੰ ਦਰਿਆਈ ਪਾਣੀਆਂ ਬਾਰੇ ਇੱਕਤਰਫ਼ਾ ਫ਼ੈਸਲਾ ਦੇ ਦਿੱਤਾ ਜਿਸ ਦਾ ਖ਼ਮਿਆਜ਼ਾ ਹੁਣ ਤੱਕ ਪੰਜਾਬ ਭੁਗਤਦਾ ਆ ਰਿਹਾ ਹੈ। ਇਹ ਫ਼ੈਸਲਾ ਅੱਗੋਂ ਧਰਮ ਯੁੱਧ ਮੋਰਚੇ ਦਾ ਆਧਾਰ ਬਣਿਆ। ਦੇਸ਼ ਭਰ ਵਿਚ ਚੱਲ ਰਹੇ ਨਕਸਲੀ ਅੰਦੋਲਨ ਨਾਲ ਜੁੜੇ ਗਰੁੱਪਾਂ ਦੇ ਕਾਰਕੁਨ ਵੀ ਐਮਰਜੈਂਸੀ ਦੌਰਾਨ ਵੱਡੀ ਗਿਣਤੀ ਵਿਚ ਜੇਲ੍ਹਾਂ ਅੰਦਰ ਡੱਕੇ ਗਏ। ਲਗਪਗ 19 ਮਹੀਨੇ ਤੱਕ ਜਾਰੀ ਐਮਰਜੈਂਸੀ ਤੋਂ ਬਾਅਦ ਲੋਕਾਂ ਨੂੰ ਜਦੋਂ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਮੌਕਾ ਮਿਲਿਆ ਤਾਂ ਉੱਤਰੀ ਭਾਰਤ ਵਿਚੋਂ ਕਾਂਗਰਸ ਦਾ ਸਫ਼ਾਇਆ ਹੋ ਗਿਆ।

ਇੰਦਰਾ ਗਾਂਧੀ ਖ਼ੁਦ ਵੀ ਚੋਣ ਹਾਰ ਗਈ। ਇਹ ਅਲੱਗ ਗੱਲ ਹੈ ਕਿ ਚੋਣਾਂ ਬਾਅਦ ਬਣੀ ਮਿਲਗੋਭਾ ਜਨਤਾ ਪਾਰਟੀ ਸਰਕਾਰ ਬਹੁਤਾ ਸਮਾਂ ਨਾ ਟਿਕ ਸਕੀ। ਸੱਤਾ ਦੀ ਲਾਲਸਾ ਕਾਰਨ ਪੈਦਾ ਹੋਈ ਗੁੱਟਬਾਜ਼ੀ ਨੇ ਇਸ ਸਰਕਾਰ ਨੂੰ ਨੌਟੰਕੀ ਵਿਚ ਬਦਲ ਦਿੱਤਾ।

ਲਿਹਾਜ਼ਾ, 1980 ਵਿਚ ਮੁੜ ਕਾਂਗਰਸ ਸੱਤਾ ਵਿੱਚ ਆ ਗਈ। ਚਾਰ ਦਹਾਕਿਆਂ ਬਾਅਦ ਹੁਣ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਇਹ ਕਹਿ ਕੇ ਐਮਰਜੈਂਸੀ ਦੇ ਦਿਨਾਂ ਦੀ ਯਾਦ ਸ਼ਿੱਦਤ ਨਾਲ ਮਹਿਸੂਸ ਕਰਵਾ ਦਿੱਤੀ ਕਿ ਅੱਜ ਵੀ ਅਜਿਹਾ ਮਾਹੌਲ ਬਣ ਰਿਹਾ ਹੈ ਕਿ ਐਮਰਜੈਂਸੀ ਲੱਗਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

### ਐਮਰਜੈਂਸੀ ਵਾਲੀ ਭੂਮਿਕਾ ਨੇ ਕਰਵਾਈ ਪਾਣੀਆਂ ਦੀ ਵੰਡ

ਪੂਰੇ ਦੇਸ਼ ਵਿਚੋਂ ਸਿਰਫ਼ ਪੰਜਾਬ ਵਿਚ ਅਕਾਲੀ ਦਲ ਨੇ ਐਮਰਜੈਂਸੀ ਖ਼ਿਲਾਫ਼ ਲਗਾਤਾਰ ਮੋਰਚਾ ਲਾਇਆ ਸੀ। ਤਤਕਾਲੀ ਪ੍ਰਧਾਨ ਮੰਤਰੀ ਅਕਾਲੀਆਂ ਨਾਲ ਸਮਝੌਤੇ ਦੇ ਰੌਂਅ ਵਿਚ ਪਰ ਅਕਾਲੀ ਦਲ ਦੀ ਕਾਰਜਕਾਰਨੀ ਨੇ ਜੂਨ ਦੇ ਅਖੀਰਲੇ ਦਿਨੀਂ ਫੈਸਲਾ ਕਰਕੇ 9 ਜੁਲਾਈ ਤੋਂ ਮੋਰਚੇ ਦਾ ਐਲਾਨ ਕਰ ਦਿੱਤਾ ਤੇ ਪਹਿਲੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਗ੍ਰਿਫ਼ਤਾਰੀਆਂ ਦਾ ਸਿਲਸਿਲਾ ਐਮਰਜੈਂਸੀ ਹਟਾਉਣ ਦੇ ਐਲਾਨ ਤੱਕ ਭਾਵ 17 ਜਨਵਰੀ 1977 ਤੱਕ ਜਾਰੀ ਰਿਹਾ। ਸਮਝੌਤਾ ਨਾ ਹੋਣ ਕਰਕੇ ਹੀ ਪ੍ਰਧਾਨ ਮੰਤਰੀ ਨੇ ਨਾਰਾਜ਼ਗੀ ਨਾਲ 24 ਮਾਰਚ 1976 ਨੂੰ ਦਰਿਆਈ ਪਾਣੀਆਂ ਬਾਰੇ ਇੱਕਤਰਫ਼ਾ ਫ਼ੈਸਲਾ ਦੇ ਦਿੱਤਾ ਜਿਸ ਦਾ ਖ਼ਮਿਆਜ਼ਾ ਹੁਣ ਤੱਕ ਪੰਜਾਬ ਭੁਗਤਦਾ ਆ ਰਿਹਾ ਹੈ। ਇਸ ਇਕਪਾਸੜ ਨੋਟੀਫਿਕੇਸ਼ਨ ਰਾਹੀਂ ਪੰਜਾਬ ਤੇ ਹਰਿਆਣਾ ਵਿਚ 3.5-3.5 ਐਮ.ਏ.ਐਫ. ਪਾਣੀ ਵੰਡ ਦਿੱਤਾ ਤੇ 8 ਐਮ.ਏ.ਐਫ. ਪਾਣੀ ਗੈਰ ਰਿਪੇਰੀਅਨ ਰਾਜਸਥਾਨ ਨੂੰ ਦੇ ਦਿੱਤਾ। ਇਹ ਫੈਸਲਾ ਅੱਗੋਂ ਧਰਮਯੁੱਧ ਮੋਰਚੇ ਦਾ ਕਾਰਨ ਬਣ ਗਿਆ।

### ਅਕਾਲੀਆਂ ਨੂੰ ਮਨਾਉਣ ਦੀ ਹੋਈ ਸੀ ਕੋਸ਼ਿਸ਼

**ਚੰਡੀਗੜ੍ਹ:** ਦੇਸ਼ ਵਿਚ 1975 ਵਿਚ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਸੀ ਤੇ ਇਸ ਬਾਰੇ ਹੁਣ ਤੱਕ ਇਹ ਰਾਜ਼ ਹੀ ਬਣਿਆ ਰਿਹਾ ਹੈ ਕਿ ਪੰਜਾਬ ਵਿਚ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਅਕਾਲੀ ਲੀਡਰਾਂ ਨੂੰ ਇਸ (ਐਮਰਜੈਂਸੀ) ਦੇ ਖ਼ਿਲਾਫ਼ ਨਾ ਜਾਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਅਕਾਲੀ ਲੀਡਰਸ਼ਿਪ ਨੇ ਇਹ ਅਪੀਲ ਦਰਕਿਨਾਰ ਕਰ ਕੇ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ ਸੀ। ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਖੁਲਾਸਾ ਕਰਦਿਆਂ ਕਿਹਾ ਕਿ ਗਿਆਨੀ ਜ਼ੈਲ ਸਿੰਘ ਜੋ ਐਮਰਜੈਂਸੀ ਦੇ ਐਲਾਨ ਵੇਲੇ ਨਵੀਂ ਦਿੱਲੀ ਵਿਚ ਸਨ, ਉਥੋਂ ਅਕਾਲੀਆਂ ਨਾਲ ਮੁਲਾਕਾਤ ਲਈ ਸਿੱਧੇ ਅੰਮ੍ਰਿਤਸਰ ਪੁੱਜੇ ਜਿਥੇ ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਸੀ। ਉਸ ਸਮੇਂ ਸ. ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਲੀਡਰਸ਼ਿਪ ਇਸ ਬਾਰੇ ਆਮ ਸਹਿਮਤੀ ਨਾਲ ਪਹਿਲਾਂ ਹੀ ਫ਼ੈਸਲਾ ਲੈ ਚੁੱਕੀ ਹੈ ਤੇ ਹੁਣ ਉਹ ਕੁਝ ਨਹੀਂ ਕਰ ਸਕਦੇ।



# ਭਾਜਪਾ ਵੱਲੋਂ ਅਕਾਲੀਆਂ ਦੇ ਪੰਥਕ ਏਜੰਡੇ ਨੂੰ ਕਾਟ

**ਚੰਡੀਗੜ੍ਹ:** ਬਾਦਲ ਸਰਕਾਰ ਜਿਥੇ ਸਾਬਕਾ ਖਾਲਿਸਤਾਨੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਲਿਆ ਕੇ ਪੰਥਕ ਏਜੰਡੇ ਵੱਲ ਵਧ ਰਹੀ ਹੈ, ਉਥੇ ਇਸ ਦੀ ਭਾਈਵਾਲੀ ਭਾਜਪਾ ਇਸ ਨੂੰ ਹਿੰਦੂ ਭਾਈਚਾਰੇ ਲਈ ਖਤਰਾ ਦੱਸ ਕੇ ਅਕਾਲੀ ਦਲ ਨੂੰ ਸਿਰਫ ਸਿੱਖ ਵੋਟਰਾਂ ਤੱਕ ਹੀ ਸੀਮਤ ਕਰਨ ਵਿਚ ਜੁਟ ਗਈ ਹੈ। ਭਾਜਪਾ, ਪੰਜਾਬ ਵਿਚ ਅਕਾਲੀਆਂ ਵਿਰੁੱਧ ਨਸ਼ਿਆਂ ਵਾਲਾ ਪੱਤਾ ਵੀ ਖੇਡਣ ਵਿਚ ਰੁੱਝ ਗਈ ਹੈ। ਪਿਛਲੇ ਵਰ੍ਹੇ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਤੀਜੀ ਵਾਰ ਪੰਜਾਬ ਵਿਚ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ ਵਿਚ ਭਾਈਵਾਲ ਭਾਜਪਾ ਵੱਲੋਂ ਅਕਾਲੀਆਂ ਨੂੰ ਠਿੱਠ ਕਰਨ ਦਾ ਪੱਤਾ ਖੇਡਿਆ ਜਾ ਰਿਹਾ ਹੈ। ਪਹਿਲੀ ਵਾਰ ਪਿਛਲੇ ਸਾਲ ਲੋਕ ਸਭਾ ਦੇ ਨਤੀਜਿਆਂ ਤੋਂ ਤੁਰੰਤ ਬਾਅਦ ਰਾਜ ਅੰਦਰ ਅਕਾਲੀ-ਭਾਜਪਾ ਗਠਜੋੜ ਦੀ ਮੰਦੀ ਰਹੀ ਕਾਰਗੁਜ਼ਾਰੀ ਲਈ ਭਾਜਪਾ ਲੀਡਰਸ਼ਿਪ ਨੇ ਰਾਜ ਅੰਦਰ ਨਸ਼ਿਆਂ ਦੀ ਭਰਮਾਰ ਨੂੰ ਲੈ ਕੇ ਅਕਾਲੀ ਦਲ ਉੱਪਰ ਨਿਸ਼ਾਨਾ ਸਾਧਿਆ ਸੀ। ਕੁਝ ਸਮੇਂ ਦੀ ਚੁੱਪ ਤੋਂ ਬਾਅਦ ਇਸ ਸਾਲ ਦੇ ਸ਼ੁਰੂ ਵਿਚ ਮੁੜ ਫਿਰ ਭਾਜਪਾ ਨੇ ਆਪਣੇ ਭੱਥੇ ਵਿਚੋਂ ਤੀਰ ਕੱਢਦਿਆਂ ਪੰਜਾਬ ਅੰਦਰ ਨਸ਼ਿਆਂ ਖਿਲਾਫ ਮੁਹਿੰਮ ਚਲਾਉਣ ਦਾ ਐਲਾਨ ਕਰਕੇ ਅਕਾਲੀਆਂ ਨੂੰ ਨਮੋਸ਼ੀ ਵੱਲ ਧੱਕਣ ਦਾ ਰਾਹ ਅਖਤਿਆਰ ਕੀਤਾ। ਭਾਜਪਾ ਨੇ ਯੂਥ ਮੋਰਚੇ ਦੀ ਅੰਮ੍ਰਿਤਸਰ ਕਾਨਫਰੰਸ ਸੱਦ ਕੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਵੱਲੋਂ ਪੰਜਾਬ ਭਰ ਵਿਚ ਯਾਤਰਾ ਕਰਨ ਦਾ ਐਲਾਨ ਕੀਤਾ ਗਿਆ।

ਉਸ ਸਮੇਂ ਅਕਾਲੀ ਲੀਡਰਸ਼ਿਪ ਨੇ ਵੀ ਭਾਜਪਾ ਨੂੰ ਕਰਾਰਾ ਜਵਾਬ ਦਿੰਦਿਆਂ ਸਰਹੱਦੀ ਖੇਤਰ ਵਿਚ ਵੱਡੀਆਂ ਰੈਲੀਆਂ ਕਰਕੇ ਪੰਜਾਬ ਆ ਰਹੀਆਂ ਨਸ਼ਿਆਂ ਦੀਆਂ ਖੇਪਾਂ ਲਈ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਧੂਰੀ ਦੀ ਉਪ ਚੋਣ ਬਾਅਦ ਅਕਾਲੀ ਦਲ ਵਿਧਾਨ ਸਭਾ ਵਿਚ ਬਹੁਮੱਤ ਹਾਸਲ ਕਰਕੇ ਭਾਜਪਾ ਦੀ ਡੰਗੋਰੀ ਤੋਂ ਸੁਰਖਰੂ ਹੋਇਆ ਮਹਿਸੂਸ ਕਰ ਰਿਹਾ ਹੈ। ਤਕਰੀਬਨ 18 ਮਹੀਨੇ ਬਾਅਦ ਹੋਣ ਵਾਲੀਆਂ ਪੰਜਾਬ ਵਿਧਾਨ



ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਭਾਜਪਾ ਨੂੰ ਇਕ ਪਾਸੇ ਛੱਡ ਕੇ ਅਕਾਲੀ ਦਲ ਵੱਲੋਂ ਸਿੱਖ ਮੁੱਦਿਆਂ ਉੱਪਰ ਕੇਂਦਰਿਤ ਹੋਣ ਉਤੇ ਭਾਜਪਾ ਨੂੰ ਮੁੜ ਫਿਰ ਤੱਤੀ ਭਾਸ਼ਾ ਵਿਚ ਗੱਲ ਕਰਨ ਵਾਲੇ ਪਾਸੇ ਤੋਰ ਦਿੱਤਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਪੰਜਾਬ ਸਰਕਾਰ ਵੱਲੋਂ ਮਨਾਏ ਜਾਣ ਦਾ ਭਾਜਪਾ ਆਗੂਆਂ ਨੇ ਅੰਦਰੇ-ਅੰਦਰ ਡਾਢਾ ਰੋਸ ਪ੍ਰਗਟ ਕੀਤਾ। ਸਮਾਗਮਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਾਮਲ ਹੋਣ ਤੋਂ ਇਨਕਾਰ ਨੂੰ ਭਾਜਪਾ ਦੀ ਕਿਸੇ ਨੀਤੀ ਦਾ ਨਤੀਜਾ ਸਮਝਿਆ ਜਾ ਰਿਹਾ ਹੈ। ਰਾਜਸੀ ਹਲਕਿਆਂ ਵਿਚ ਇਹ ਆਮ ਚਰਚਾ ਹੈ ਕਿ ਉਕਤ ਸਰਗਰਮੀ ਤੋਂ ਖਿਝੀ ਭਾਜਪਾ ਲੀਡਰਸ਼ਿਪ ਨੇ ਕੌਮਾਂਤਰੀ ਨਸ਼ਾ ਵਿਰੋਧੀ ਦਿਵਸ ਮੌਕੇ ਮੁੜ ਫਿਰ ਨਸ਼ਿਆਂ ਉੱਪਰ ਸਿਆਸਤ ਖੇਡਦਿਆਂ ਅਕਾਲੀ ਲੀਡਰਸ਼ਿਪ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਨੀਤੀ ਅਪਣਾਈ ਹੈ। ਹੁਸ਼ਿਆਰਪੁਰ ਦੇ ਰਾਜ ਪੱਧਰੀ ਸਮਾਗਮ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਥਾਵਰ ਚੰਦ ਗਹਿਲੋਤ ਵਿਚਕਾਰ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਹੋਇਆ ਤਕਰਾਰ ਇਸੇ ਗੱਲ ਦੀ ਸ਼ਾਹਦੀ ਭਰਦਾ ਹੈ। ਕੇਂਦਰੀ ਮੰਤਰੀ ਕਹਿ ਰਹੇ ਸਨ ਕਿ ਨਸ਼ਿਆਂ ਦੇ ਮਾਮਲੇ ਵਿਚ ਪੰਜਾਬ ਦੀ ਹਾਲਤ ਦੇਸ਼ ਦੇ ਸਭ ਸੂਬਿਆਂ ਤੋਂ ਬਦਤਰ ਹੈ, ਜਦਕਿ ਮੁੱਖ ਮੰਤਰੀ ਨੇ ਇਸ ਗੱਲ ਦਾ ਤਿੱਖਾ ਵਿਰੋਧ ਕਰਦਿਆਂ ਕਿਹਾ ਕਿ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਸ ਤੋਂ ਇਕ ਦਿਨ ਪਹਿਲਾਂ ਇਹੀ ਗੱਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਆਪਣੇ ਭਾਸ਼ਨ ਵਿਚ ਕਹੀ ਸੀ।

ਭਾਜਪਾ ਪੰਜਾਬ ਦੇ ਪ੍ਰਧਾਨ ਕਮਲ ਸ਼ਰਮਾ ਵੱਲੋਂ ਜਲੰਧਰ ਵਿਚ ਇਕ ਦੌੜ ਦੀ ਅਗਵਾਈ ਕਰਕੇ ਅਜਿਹੇ ਹੀ ਬਿਆਨ ਵੀ ਇਸ ਗੱਲ ਦਾ ਹੀ ਸੰਕੇਤ ਦੇ ਰਹੇ ਹਨ ਕਿ ਭਾਜਪਾ ਆਗੂ ਅਕਾਲੀਆਂ ਨੂੰ ਆਪਣੀ ਔਖ ਤੇ ਨਾਰਾਜ਼ਗੀ ਦਾ ਅਹਿਸਾਸ ਕਰਵਾਉਣਾ ਚਾਹੁੰਦੇ ਹਨ, ਪਰ ਲੱਗਦਾ ਹੈ ਕਿ ਅਕਾਲੀ ਆਗੂਆਂ ਨੇ ਵੀ ਪਿਛਲੇ ਸਮੇਂ ਤੋਂ ਕੇਂਦਰੀ ਸਰਕਾਰ ਦੇ ਪੰਜਾਬ ਪ੍ਰਤੀ ਰੁੱਖੇ ਵਤੀਰੇ ਨੂੰ ਪਛਾਣਦਿਆਂ ਭਾਜਪਾ ਨਾਲ ਸਬੰਧਾਂ ਵਿਚ ਆਉਂਦੇ ਖੱਟੇ-ਮਿੱਠੇ ਉਤਰਾਅ-ਚੜ੍ਹਾਅ ਨੂੰ ਕਬੂਲ ਕੇ ਚੱਲਣ ਦਾ ਮਨ ਬਣਾ ਲਿਆ ਹੈ। ਦੋਵਾਂ ਹੀ ਪਾਰਟੀਆਂ ਅੰਦਰ ਇਹ ਗੱਲ ਵਿਆਪਕ ਤੌਰ ਉਤੇ ਪ੍ਰਵਾਨ ਕੀਤੀ ਜਾ ਰਹੀ ਹੈ ਕਿ ਬਾਵਜੂਦ ਤਕਰਾਰਾਂ ਦੇ ਉਨ੍ਹਾਂ ਦੇ ਵੱਖ ਹੋਣ ਦੀ ਸੰਭਾਵਨਾ ਘੱਟ ਹੀ ਹੈ।

ਭਾਜਪਾ ਵੱਲੋਂ ਅਕਾਲੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਉਮਰ ਕੈਦ ਤੋਂ ਵੱਧ ਸਜ਼ਾ ਭੁਗਤ ਰਹੇ ਦੋ ਕੈਦੀਆਂ ਨੂੰ ਬਾਹਰਲੇ ਰਾਜਾਂ ਤੋਂ ਪੰਜਾਬ ਤਬਦੀਲ ਕੀਤੇ ਜਾਣ ਨੂੰ ਲੈ ਕੇ ਬਵਾਲ ਖੜ੍ਹਾ ਕੀਤਾ ਜਾ ਰਿਹਾ ਹੈ। ਭਾਜਪਾ ਪ੍ਰਧਾਨ ਕਮਲ ਸ਼ਰਮਾ ਦਾ ਕਹਿਣਾ ਹੈ ਕਿ ਅਜਿਹਾ ਫੈਸਲਾ ਕਰਨ ਲੱਗਿਆਂ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਭਾਜਪਾ ਦਾ ਇਸ ਮਾਮਲੇ ਉੱਪਰ ਤਿੱਖਾ ਵਿਰੋਧ ਅਕਾਲੀਆਂ ਨੂੰ ਰਾਸ ਆ ਰਿਹਾ ਹੈ। ਇਕ ਤਾਂ ਸਿੱਖ ਕੈਦੀ ਬਾਹਰਲੇ ਰਾਜਾਂ ਤੋਂ ਪੰਜਾਬ ਲਿਆ ਕੇ ਅਕਾਲੀ ਦਲ ਨੇ ਵਿਰੋਧੀ ਸਿੱਖ ਧੜਿਆਂ ਹੱਥੋਂ ਵੱਡਾ ਮਸਲਾ ਖੋਹ ਲਿਆ ਹੈ ਤੇ ਦੂਜਾ ਭਾਜਪਾ ਦਾ ਤਿੱਖਾ ਵਿਰੋਧ ਗਰਮਖਿਆਲੀਆਂ ਅੰਦਰ ਬਾਦਲ ਦਲ ਪ੍ਰਤੀ ਬਣਿਆ ਕੌੜਾਪਣ ਵੀ ਨਰਮ ਕਰ ਰਿਹਾ ਹੈ।

### ਬਾਦਲ ਦਾ ਨਸ਼ੇ ਉਤੇ ਭਾਜਪਾ ਨੂੰ ਜਵਾਬ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਨਸ਼ਿਆਂ ਦੇ ਖਿਲਾਫ਼ ਆਪਣੀ ਜੰਗ ਕਾਰਨ ਸੰਤਾਪ ਭੋਗ ਰਿਹਾ ਹੈ ਜਦਕਿ ਸੂਬੇ ਵਿਚ ਇਕ ਗ੍ਰਾਮ ਵੀ ਨਸ਼ਾ ਪੈਦਾ ਨਹੀਂ ਹੁੰਦਾ। ਬੀਤੇ ਦਿਨੀਂ ਬੀ.ਜੇ.ਪੀ. ਦੇ ਕਈ ਆਗੂਆਂ ਨੇ ਪੰਜਾਬ ਸਰਕਾਰ ਨੂੰ ਨਸ਼ੇ ਉਤੇ ਘੇਰਿਆ ਸੀ ਤੇ ਬਾਦਲ ਦੇ ਨਸ਼ੇ ਉਤੇ ਬਿਆਨ ਨੂੰ ਬੀ.ਜੇ.ਪੀ. ਨੂੰ ਜਵਾਬ ਵਜੋਂ ਵੇਖਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਫ਼ੀਮ, ਹੈਰੋਇਨ ਵਰਗੇ ਹੋਰ ਨਸ਼ੇ ਪੰਜਾਬ ਵਿਚ ਸਰਹੱਦ ਪਾਰ ਤੋਂ ਆਉਂਦੇ ਹਨ ਜਦਕਿ ਭੁੱਕੀ ਤੇ ਗਾਂਜੇ ਵਰਗੇ ਨਸ਼ੇ ਹਿਮਾਚਲ ਤੇ ਰਾਜਸਥਾਨ ਤੋਂ ਪਹੁੰਚਦੇ ਹਨ। ਜਿਥੇ ਇਹ ਨਸ਼ੇ ਖੁੱਲੇ ਤੌਰ ਤੇ ਵਿਕਦੇ ਹਨ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਦੇਸ਼ ਲਈ ਨਸ਼ਿਆਂ ਖਿਲਾਫ਼ ਜੰਗ ਅੱਗੇ ਹੋ ਕੇ ਲੜਨ ਵਾਲੇ ਬਹਾਦਰ ਲੋਕਾਂ ਉਤੇ ਨਸ਼ੇੜੀ ਹੋਣ ਦਾ ਧੱਬਾ ਜਾ ਰਿਹਾ ਹੈ।

### ਪੰਜਾਬ ਵਿਚ ਸੱਤਾ ਲਈ ਭਾਜਪਾ ਦਾ ਹਰਿਆਣਾ ਮਾਡਲ

ਪੰਜਾਬ ਵਿਚ ਭਾਜਪਾ ਨੇ ਐਨ.ਡੀ.ਏ. ਦੇ ਸਭ ਤੋਂ ਪੁਰਾਣੇ ਭਾਈਵਾਲ ਅਕਾਲੀ ਦਲ ਤੋਂ ਬਿਨਾਂ ਚੋਣ ਮੈਦਾਨ ਵਿਚ ਉਤਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਰਣਨੀਤੀ ਤਿਆਰ ਕਰ ਲਈ ਗਈ ਹੈ। ਇਥੇ ਵੀ ਹਰਿਆਣਾ ਵਾਲਾ ਮਾਡਲ ਹੀ ਅਪਣਾਇਆ ਜਾਵੇਗਾ। ਹਰਿਆਣਾ ਵਿਚ ਜਿਥੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੱਕ ਭਾਜਪਾ ਦਾ ਕੋਈ ਆਧਾਰ ਨਹੀਂ ਸੀ ਪਰ ਲਗਾਤਾਰ ਜਨ ਸੰਪਰਕ ਕਾਰਨ ਲੋਕਾਂ ਨੂੰ ਆਪਣੇ ਨਾਲ ਜੋੜਨ ਵਿਚ ਕਾਮਯਾਬ ਰਹੀ ਸੀ। ਠੀਕ ਇਹੀ ਰਣਨੀਤੀ ਪੰਜਾਬ ਲਈ ਵੀ ਤਿਆਰ ਕੀਤੀ ਗਈ ਹੈ। ਇਥੇ ਪਹਿਲੀ ਵਾਰ ਭਾਜਪਾ, ਸੂਬੇ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚ ਲੋਕਾਂ ਦੇ ਘਰ ਜਾਵੇਗੀ। ਪਾਰਟੀ ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜਯਵਰਗੀਆ ਨੇ ਇਸ ਸੰਪਰਕ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਕੈਲਾਸ਼ ਨੂੰ ਪਹਿਲਾਂ ਹਰਿਆਣਾ ਵਿਚ ਕਮਾਨ ਸੰਭਾਲੀ ਗਈ ਸੀ ਤੇ ਹੁਣ ਪੰਜਾਬ ਵਿਚ ਉਹੀ ਰਣਨੀਤੀ ਅਪਣਾਉਣਗੇ। ਭਾਜਪਾ ਨੇ ਪੰਜਾਬ ਵਿਚ 23 ਲੱਖ ਮੈਂਬਰ ਬਣਾਉਣ ਦਾ ਦਾਅਵਾ ਕੀਤਾ ਹੈ।

## Matrimonial

### ਵਰ ਦੀ ਲੋੜ ਹੈ

Wanted well educated US born clean shave boy for Jatt Sikh girl, 30, 5'-5", slim & beautiful, to be pharmacist graduate next year, working part time. Parents well settled in US since long time. Contact: 916-710-1891 or hnurpuri@gmail.com 27-

Suitable match for Gur Sikh girl 33, 5'-3", caring, adjustable, innocent issueless divorcee. MA M. Phil (Eng), Assistant Prof., Doing PHD in India. Well placed Amritsar based family. Father Addl. SE Rtd. Cont: 440-725-0024 USA or vmilap@gmail.com 26-27

ਜੱਟ ਸਿੱਖ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਕੈਨੇਡੀਅਨ ਸਿਟੀਜ਼ਨ ਲੜਕੀ 29 ਸਾਲ 5'4" ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਜੱਟ ਸਿੱਖ ਲੜਕੇ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 619-457-9270 ਅਤੇ 209-321-7121 24-

### ਕੰਨਿਆ ਦੀ ਲੋੜ ਹੈ

Wanted suitable US citizen girl for a Jatt Sikh Gill electro-mechanical engineer boy, 28, 6', PR in Canada. Contact: 216-543-5210 or ds.gill@hotmail.com 27-30

Suitable match for Kamboj Sikh handsome boy 24 years, 6' son, working in banking profession on work visa. Contact: +91-85618-53000 or ssukhvinder1965@gmail.com

ਰਵਿਦਾਸੀਆ ਸਿੱਖ 27 ਸਾਲ, 5'9", ਬੀ ਕਾਮ (ਅਕਾਊਂਟਿੰਗ), ਐਲ ਐਲ ਬੀ ਇੰਡੀਆ ਰਹਿੰਦੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਪਾਸ 15 ਕਿਲੇ ਜ਼ਮੀਨ ਹੈ। ਸੰਪਰਕ ਕਰੋ, ਫੋਨ: 347-445-3381

*To Advertise with Punjab Times*
***Call: 847-359-0746***


# ਬੌਬੀ ਜਿੰਦਲ ਵੱਲੋਂ ਰਾਸ਼ਟਰਪਤੀ ਚੋਣ ਲਈ ਉਮੀਦਵਾਰੀ ਦਾ ਐਲਾਨ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਬੌਬੀ ਜਿੰਦਲ ਨੇ ਸਾਲ 2016 ਵਿਚ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰੀ ਦਾ ਐਲਾਨ ਕਰ ਦਿੱਤਾ ਹੈ। 44 ਸਾਲਾ ਬੌਬੀ ਜਿੰਦਲ ਵ੍ਹਾਈਟ ਹਾਊਸ ਲਈ ਦੌੜ ਵਿਚ 13ਵੇਂ ਰਿਪਬਲਿਕਨ ਉਮੀਦਵਾਰ ਹਨ। ਉਹ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਹਨ ਜੋ ਰਾਸ਼ਟਰਪਤੀ ਦੀ ਚੋਣ ਲਈ ਮੈਦਾਨ ਵਿਚ ਆਏ ਹਨ।



ਬੌਬੀ ਜਿੰਦਲ


ਬੌਬੀ ਜਿੰਦਲ ਨੂੰ 36 ਸਾਲ ਦੀ ਛੋਟੀ ਉਮਰ ਵਿਚ 2007 ਵਿਚ ਪਹਿਲੇ ਅਮਰੀਕੀ-ਭਾਰਤੀ ਤੇ ਰਿਪਬਲਿਕਨ ਪਾਰਟੀ ਦੇ ਨੁਮਾਇੰਦੇ ਵਜੋਂ ਅਮਰੀਕਾ ਦੇ ਸੂਬੇ ਲੂਸੀਆਨਾ ਦਾ ਗਵਰਨਰ ਬਣਨ ਦਾ ਮਾਣ ਪ੍ਰਾਪਤ ਹੋਇਆ ਸੀ। 2012 ਵਿਚ ਵੀ ਬੌਬੀ ਜਿੰਦਲ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਦਾਅਵੇਦਾਰੀ ਦੀਆਂ ਕਿਆਸਅਰਾਈਆਂ ਸਨ ਪਰ ਉਹ 2014 ਵਿਚ ਹੀ ਅਮਰੀਕਾ ਦੀ ਕੌਮੀ ਸਿਆਸਤ ਵਿਚ ਉਭਰ ਕੇ ਸਾਹਮਣੇ ਆਇਆ। ਗਵਰਨਰ ਵਜੋਂ ਉਸ ਦਾ ਪਹਿਲਾ ਕਾਰਜਕਾਲ ਕਾਫ਼ੀ ਪ੍ਰਭਾਵਸ਼ਾਲੀ ਰਿਹਾ ਪਰ 2011 ਵਿਚ ਸ਼ੁਰੂ ਹੋਈ ਤੇ ਅਗਲੇ ਸਾਲ ਜਨਵਰੀ ਵਿਚ ਖ਼ਤਮ ਹੋਣ ਵਾਲੀ ਉਸ ਦੀ ਦੂਜੀ ਪਾਰੀ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਰਹੀ। ਇਸ ਸਮੇਂ ਦੌਰਾਨ ਉਸ ਦੀ ਹਰਮਨਪਿਆਰਤਾ ਪਹਿਲਾਂ ਨਾਲੋਂ ਘਟੀ ਹੈ। ਉਸ ਨੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਸਿਹਤ ਸੰਭਾਲ ਯੋਜਨਾ ਤੇ ਆਰਥਿਕ ਸੁਧਾਰਾਂ ਦਾ ਵੀ ਦਲੀਲਾਂ ਨਾਲ ਤਿੱਖਾ ਵਿਰੋਧ ਕੀਤਾ ਸੀ। ਅਤਿਵਾਦ ਦੇ ਮੁੱਦੇ ਉਤੇ ਉਹ ਸਖ਼ਤ ਨੀਤੀਆਂ ਦੇ ਹੱਕ ਵਿਚ ਹੈ।

ਰਾਸ਼ਟਰਪਤੀ ਦੇ ਅਹੁਦੇ ਲਈ ਆਪਣੀ ਦਾਅਵੇਦਾਰੀ ਪੇਸ਼ ਕਰਨ ਨਾਲ ਉਹ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ। ਉਸ ਨੂੰ ਰਿਪਬਲਿਕਨ ਪਾਰਟੀ ਵੱਲੋਂ ਉਮੀਦਵਾਰ ਬਣਾਏ ਜਾਣ ਦੀ ਸੰਭਾਵਨਾ ਭਾਵੇਂ ਮੱਧਮ ਹੈ, ਫਿਰ ਵੀ ਭਾਰਤੀਆਂ ਵੱਲੋਂ ਉਸ ਨੂੰ ਆਪਣੇ ਮੁਲਕ ਦਾ ਆਪਣਾ ਵਿਅਕਤੀ ਕਹਿ ਕੇ ਵਡਿਆਇਆ ਜਾ ਰਿਹਾ ਹੈ।

ਦੂਜੇ ਪਾਸੇ ਬੌਬੀ ਜਿੰਦਲ ਨੇ ਆਪਣੀਆਂ ਭਾਰਤੀ ਜੜ੍ਹਾਂ ਤੋਂ ਦੂਰੀ ਲਗਾਤਾਰ ਬਰਕਰਾਰ ਹੈ। ਉਸ ਨੇ ਕਿਹਾ ਕਿ ਉਹ ਅਮਰੀਕੀ ਹੈ ਨਾ ਕਿ ਭਾਰਤੀ-ਅਮਰੀਕੀ।

## ਹਿਲੇਰੀ ਕਲਿੰਟਨ ਮਜ਼ਬੂਤ ਦਾਅਵੇਦਾਰ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਵਿਚ ਹਿਲੇਰੀ ਕਲਿੰਟਨ ਦੇ ਡੈਮੋਕਰੇਟਿਕ ਪਾਰਟੀ ਦੀ ਉਮੀਦਵਾਰ ਵਜੋਂ ਚੁਣੇ ਜਾਣ 'ਤੇ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣਨ ਦੀਆਂ ਸੰਭਾਵਨਾਵਾਂ ਹਨ। ਵਾਲ ਸਟ੍ਰੀਟ ਰਸਾਲੇ/ਐਨ.ਬੀ.ਸੀ. ਦੇ ਸਰਵੇਖਣ ਅਨੁਸਾਰ ਸ੍ਰੀਮਤੀ ਕਲਿੰਟਨ ਵੱਲੋਂ ਇਸ ਮਹੀਨੇ ਵਿਚ ਕੀਤੀ ਗਈ ਜਨਤਕ ਰੈਲੀ ਦੌਰਾਨ ਉਸ ਦੀ ਹਰਮਨਪਿਆਰਤਾ ਸਾਹਮਣੇ ਆਈ ਹੈ ਤੇ ਉਸ ਨੇ ਆਪਣੇ ਆਪ ਨੂੰ ਰਾਸ਼ਟਪਤੀ ਚੋਣਾਂ ਲਈ ਇਕ ਮਜ਼ਬੂਤ ਦਾਅਵੇਦਾਰ ਵਜੋਂ ਪੇਸ਼ ਕੀਤਾ ਹੈ। ਡੈਮੋਕਰੇਟਿਕ ਪਾਰਟੀ ਦੇ ਇਕ ਤਿਹਾਈ ਵੋਟਰਾਂ ਨੇ ਸ੍ਰੀਮਤੀ ਕਲਿੰਟਨ ਨੂੰ ਰਾਸ਼ਟਰਪਤੀ ਚੋਣਾਂ ਲਈ ਸਭ ਤੋਂ ਸਿਖਰਲੀ ਉਮੀਦਵਾਰ ਦੱਸਿਆ ਹੈ ਜਦਕਿ 15 ਫੀਸਦੀ ਨੇ ਬੇਰਨੀ ਸੈਨਰਜ਼ ਨੂੰ ਚੁਣਿਆ ਹੈ। ਸਰਵੇਖਣ ਅਨੁਸਾਰ 1000 ਵੋਟਰਾਂ ਤੋਂ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਤੇ ਡੈਮੋਕਰੇਟ ਉਮੀਦਵਾਰਾਂ ਬਾਰੇ ਰਾਏ ਲਈ ਗਈ। 48 ਫੀਸਦੀ ਵੋਟਰਾਂ ਨੇ ਸ੍ਰੀਮਤੀ ਕਲਿੰਟਨ ਨੂੰ ਜਦਕਿ 40 ਫੀਸਦੀ ਵੋਟਰਾਂ ਨੇ ਉਨ੍ਹਾਂ ਦੇ ਵਿਰੋਧੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਫਲੋਰਿਡਾ ਦੇ ਸਾਬਕਾ ਗਵਰਨਰ ਜੇਬ ਬੁਸ਼ ਨੂੰ ਹਮਾਇਤ ਦਿੱਤੀ।



# ਸ਼੍ਰੋਮਣੀ ਕਮੇਟੀ ਲਈ ਮੁੱਖ ਸਕੱਤਰ ਲਾਉਣ ਨੂੰ ਪ੍ਰਵਾਨਗੀ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਆਪਣੇ ਕੰਮ-ਕਾਰ ਲਈ ਮੁੱਖ ਸਕੱਤਰ ਦੇ ਨਵੇਂ ਅਹੁਦੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤੇ ਇਸ ਬਾਰੇ ਅਖ਼ਬਾਰਾਂ ਵਿਚ ਦਸ ਦਿਨਾਂ ਵਿਚ ਇਸ਼ਤਿਹਾਰ ਦੇ ਕੇ ਦਰਖਾਸਤਾਂ ਮੰਗੀਆਂ ਜਾ ਰਹੀਆਂ ਹਨ। ਇਹ ਐਲਾਨ ਇਥੇ ਇਤਿਹਾਸਕ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਅੰਤ੍ਰਿੰਗ ਕਮੇਟੀ ਦੀ ਪ੍ਰਧਾਨਗੀ ਕਰਨ ਬਾਅਦ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦੀ ਕੀਤੀ ਮੰਗ ਬਿਲਕੁਲ ਬੇਤੁਕੀ ਹੈ ਤੇ ਇਸ ਬਿਆਨ ਨਾਲ ਪਾਕਿਸਤਾਨ ਵਿਚ ਰਹਿ ਰਹੇ ਸਿੱਖਾਂ ਦੇ ਜਾਨ-ਮਾਲ ਨੂੰ ਨੁਕਸਾਨ ਪਹੁੰਚ ਸਕਦਾ ਹੈ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਤਸਲੀਬਖ਼ਸ਼ ਹੈ।

ਤਿੰਨ ਘੰਟੇ ਚੱਲੀ ਮੀਟਿੰਗ ਵਿਚ ਕਈ ਅਹਿਮ ਮਤੇ ਪਾਸ ਕੀਤੇ ਗਏ ਹਨ। ਜਥੇਦਾਰ ਮੱਕੜ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਕੌਮੀ ਪੱਧਰ 'ਤੇ ਮਨਾਉਣ ਲਈ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਜਾਵੇਗੀ। ਕਮੇਟੀ ਵੱਲੋਂ ਪਾਸ ਕੀਤੇ ਮਤਿਆਂ ਵਿਚ ਫਤਹਿਗੜ੍ਹ ਸਾਹਿਬ ਵਿਖੇ ਪੁੱਜਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਲਈ 200 ਕਮਰਿਆਂ ਵਾਲੀ ਨਵੀਂ ਸਰਾਂ ਬਣਾਉਣ, ਸ੍ਰੀ ਗੁਰੂ ਸਿੰਘ ਸਭਾ ਸ੍ਰੀ ਗੁਰੂ ਨਾਨਕ ਨਗਰ, ਵਿਜੇਵਾੜਾ ਦੇ ਪ੍ਰਬੰਧ ਅਧੀਨ ਚੱਲ ਰਹੇ ਸਿਟੀਜ਼ਨ ਪਬਲਿਕ ਸਕੂਲ ਵਿਚ ਪੜ੍ਹਦੇ ਸਿੱਖ ਸਿਕਲੀਗਰ ਪਰਿਵਾਰਾਂ ਦੇ 60 ਬੱਚਿਆਂ ਦੀ ਤਕਰੀਬਨ 5 ਲੱਖ ਰੁਪਏ ਫੀਸ ਸਕੂਲ ਨੂੰ ਅਦਾ ਕਰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਵਿਚ 5-5 ਏਕੜ ਕੁਦਰਤੀ ਖੇਤੀ ਕਰਨ, ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲਾਂ ਵਿਚ 10ਵੀਂ ਅਤੇ +2 ਵਿਚ ਪੜ੍ਹਦੇ ਬੱਚਿਆਂ ਵਿਚੋਂ ਜਿਹੜੇ ਮੈਰਿਟ ਵਿਚ ਆਏ ਹਨ, ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦੌਰਾਨ ਕਮੇਟੀ ਦੇ ਸਮੂਹ ਮੁਲਾਜ਼ਮਾਂ ਨੂੰ ਪਿਛਲੇ ਸਮੇਂ 'ਚ ਜੰਮੂ ਕਸ਼ਮੀਰ ਵਿਚ ਆਏ ਹੜ੍ਹਾਂ, ਸ਼ਸਤਰ ਦਰਸ਼ਨ ਯਾਤਰਾ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਮੇਂ ਨਿਭਾਈ ਸੇਵਾ ਨੂੰ ਮੁੱਖ ਰੱਖਦਿਆਂ ਵਿਸ਼ੇਸ਼ ਤਰੱਕੀ ਦਿੱਤੀ ਗਈ ਹੈ।

ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਾਦਲ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਡਾ. ਰੂਪ ਸਿੰਘ, ਮਨਜੀਤ ਸਿੰਘ ਤੇ ਸਕੱਤਰ ਅਵਤਾਰ ਸਿੰਘ, ਹਰਭਜਨ ਸਿੰਘ ਮਨਾਵਾਂ, ਕੇਵਲ ਸਿੰਘ ਤੇ ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ, ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਸੁਖਵਿੰਦਰ ਸਿੰਘ ਗਰੇਵਾਲ ਤੇ ਮੈਨੇਜਰ ਗੁਰਦੁਆਰਾ ਫਤਹਿਗੜ੍ਹ ਸਾਹਿਬ ਅਮਰਜੀਤ ਸਿੰਘ ਮੌਜੂਦ ਸਨ।


## ਇੰਡੀਅਨ ਰੈਸਟੋਰੈਂਟ ਲਈ ਲੋੜ ਹੈ

**ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਸਰਵਰ ਦੀ ਲੋੜ ਹੈ**

**ਸੰਪਰਕ ਕਰੋ**

**ਫੋਨ: 850-510-3046**

**Wanted Dishwasher, Kitchen helper and Server for Indian restaurant in Florida.**

**Please call: 850-510-3046**

27



ੴ ਸਤਿਗੁਰ ਪ੍ਰਸਾਦਿ॥

## Membership Registration for Gurdwara Election

**Guru Pyaari Sadh Sangat Ji,**

**San Jose Gurdwara Sahib will be holding elections for the Gurdwara Parbandhak Committee in the coming months. Please come and register to become a member or to renew your membership so you can vote in the upcoming election. Membership registration for San Jose Gurdwara Sahib is open since June 7th and last for one month, until July 8th. During that time, registration will be open every Sunday from 10 am to 3 pm and every Wednesday from 6 pm to 8 pm. The membership registration form and guidelines will be available on the Gurudwara website: http://www.sanjosegurdwara.org starting June 3.**

**For any questions, please call: (408) 982-7392**

**email gurdwara.membership.committee@gmail.com.**

**This announcement is approved by the Membership Registration Committee.**

## ਮੈਂਬਰਸ਼ਿਪ ਰਜਿਸਟਰੇਸ਼ਨ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਤਿਕਾਰ ਯੋਗ ਸਾਧ ਸੰਗਤ ਜੀ,

ਗੁਰਦੁਆਰਾ ਸਾਹਿਬ, ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀ ਆਉਣ ਵਾਲੀ ਇਲੈਕਸ਼ਨ ਲਈ ਮੈਂਬਰਸ਼ਿਪ ਰਜਿਸਟਰੇਸ਼ਨ 7 ਜੂਨ ਤੋਂ ਲੈ ਕੇ 8 ਜੁਲਾਈ ਤਕ ਚੱਲੇਗੀ। ਇਸ ਸਮੇਂ ਦੌਰਾਨ ਰਜਿਸਟਰੇਸ਼ਨ ਹਰ ਐਤਵਾਰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਅਤੇ ਹਰ ਬੁਧਵਾਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਖੁੱਲ੍ਹੀ ਰਹੇਗੀ। ਆਪ ਜੀ ਨਵੀਂ ਮੈਂਬਰਸ਼ਿਪ ਬਣਵਾ ਸਕਦੇ ਹੋ ਜਾਂ ਪੁਰਾਣੀ ਮੈਂਬਰਸ਼ਿਪ ਨਵਿਆ ਸਕਦੇ ਹੋ ਤਾਂ ਜੋ ਆਪ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਹਿੱਸਾ ਲੈ ਸਕੋ। ਮੈਂਬਰਸ਼ਿਪ ਰਜਿਸਟਰੇਸ਼ਨ ਦਾ ਫਾਰਮ ਅਤੇ ਹੋਰ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ: www.sanjosegurdwara.org ਤੋਂ 3 ਜੂਨ ਤੋਂ ਉਪਲਬਧ ਹੈ।

ਹੋਰ ਜਾਣਕਾਰੀ ਲਈ ਮੈਂਬਰਸ਼ਿਪ ਕਮੇਟੀ ਨਾਲ ਫੋਨ (408) 982-7392 ਜਾਂ ਈਮੇਲ: gurdwara.membership.committee@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਹਾਨ ਸਿਕੰਦਰ ਦਾ ਯੂਨਾਨ ਮੁਕੱਦਰ ਹਾਰਿਆ

**ਏਥਨਜ਼:** ਕਦੇ ਦੁਨੀਆਂ ਜਿੱਤਣ ਨਿਕਲੇ ਸਿਕੰਦਰ ਦਾ ਗ੍ਰੀਸ (ਯੂਨਾਨ) ਅੱਜ ਕੰਗਾਲੀ ਦੇ ਦੌਰ ਵਿਚ ਪੁੱਜ ਗਿਆ ਹੈ। ਕਿਸਮਤ ਨੇ ਸਾਥ ਨਾ ਦਿੱਤਾ ਤਾਂ ਇਹ 21ਵੀਂ ਸਦੀ ਦਾ ਅਜਿਹਾ ਪਹਿਲਾ ਮੁਲਕ ਬਣ ਜਾਵੇਗਾ ਜੋ ਡਿਫਾਲਟਰ ਐਲਾਨਿਆ ਜਾਵੇਗਾ। ਗ੍ਰੀਸ ਉਪਰ 11 ਲੱਖ ਕਰੋੜ ਤੋਂ ਵੱਧ ਕਰਜ਼ਾ ਹੈ। ਗ੍ਰੀਸ ਦਾ ਬੇਲਆਊਟ ਪ੍ਰੋਗਰਾਮ ਮੰਗਲਵਾਰ ਨੂੰ ਖਤਮ ਹੋ ਗਿਆ ਹੈ ਤੇ ਉਹ 1.6 ਬੀਲੀਅਨ ਯੂਰੋ (80 ਅਰਬ ਰੁਪਏ) ਦਾ ਭੁਗਤਾਨ ਨਹੀਂ ਕਰ ਸਕਿਆ। ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ਼.) ਇਹ ਡੈਡਲਾਈਨ ਉਦੋਂ ਤੱਕ ਅੱਗੇ ਵਧਾਉਣ ਲਈ ਤਿਆਰ ਨਹੀਂ ਹੈ ਜਦ ਤੱਕ ਗ੍ਰੀਸ ਉਸ ਦੀਆਂ ਸ਼ਰਤਾਂ ਨਹੀਂ ਮੰਨ ਲੈਂਦਾ। ਦੁਨੀਆਂ ਭਰ ਦੇ ਸ਼ੇਅਰ ਬਾਜ਼ਾਰਾਂ ਦੀਆਂ ਨਜ਼ਰਾਂ ਪੰਜ ਜੁਲਾਈ ਨੂੰ ਹੋਣ ਵਾਲੇ ਜਨ ਮਤ ਸੰਗ੍ਰਹਿ 'ਤੇ ਟਿਕੀਆਂ ਹੋਈਆਂ ਹਨ। ਗ੍ਰੀਸ ਦੇ ਲੋਕ ਉਸ ਦਿਨ ਇਸ ਗੱਲ 'ਤੇ ਵੋਟਿੰਗ ਕਰਨਗੇ ਕਿ ਉਨ੍ਹਾਂ ਦੇ ਮੁਲਕ ਨੂੰ ਇਹ ਸ਼ਰਤਾਂ ਮੰਨਣੀਆਂ ਚਾਹੀਦੀਆਂ ਹਨ ਜਾਂ ਨਹੀਂ। ਜੇ ਮੁਲਕ ਨੇ ਆਰਥਿਕ ਸੁਧਾਰਾਂ ਦੀ ਮੰਗ ਨੂੰ ਰੱਦ ਕਰ ਦਿੱਤਾ ਤਾਂ 20 ਜੁਲਾਈ ਨੂੰ ਯੂਰੋ ਜ਼ੋਨ ਦੀ ਬੈਠਕ ਵਿਚ ਗ੍ਰੀਸ ਨੂੰ ਡਿਫਾਲਟਰ ਤੇ ਯੂਰੋ ਜ਼ੋਨ ਵਿਚੋਂ ਬਾਹਰ ਕਰ ਦਿੱਤਾ ਜਾਵੇਗਾ। ਹੈਸੀਅਤ ਤੋਂ ਵੱਧ ਖਰਚ ਕਰਨ ਲਈ ਬਦਨਾਮ ਹੋ ਚੁਕੇ ਗ੍ਰੀਸ ਵਿਚ 6 ਜੁਲਾਈ ਤੱਕ ਸਾਰੇ ਬੈਂਕ ਬੰਦ ਕਰ ਦਿੱਤੇ ਗਏ ਸਨ। ਏ.ਟੀ.ਐਮ. ਰਾਹੀਂ ਵੀ ਇਕ ਦਿਨ ਵਿਚ 60 ਯੂਰੋ (4300 ਰੁਪਏ) ਤੋਂ ਵੱਧ ਕਢਵਾਉਣ 'ਤੇ ਰੋਕ ਹੈ। ਇਸ ਹੁਕਮ ਪਿਛੋਂ ਏ.ਟੀ.ਐਮਜ਼ 'ਤੇ ਭਾਰੀ ਭੀੜ ਹੈ। ਗ੍ਰੀਸ 11.14 ਲੱਖ ਕਰੋੜ ਰੁਪਏ ਦਾ ਕਰਜ਼ ਹੈ ਜੋ ਜੀ.ਡੀ.ਪੀ. ਦਾ 175 ਫੀਸਦੀ ਹੈ। ਇਸੇ ਦੌਰਾਨ ਜਰਮਨੀ ਦੀ ਚਾਂਸਲਰ ਏਂਜਲਾ ਮਾਰਕਲ ਨੇ ਕਿਹਾ ਕਿ ਉਹ ਏਥਨਜ਼ ਦੀ ਸਰਕਾਰ ਨਾਲ ਐਤਵਾਰ ਦੇ ਰੈਫਰੈਂਡਮ ਤੋਂ ਬਾਅਦ ਦੁਬਾਰਾ ਗੱਲਬਾਤ ਲਈ ਤਿਆਰ ਹਨ। ਦੇਸ਼ ਭਰ ਵਿਚ ਬੈਂਕ ਬੰਦ ਰਹਿਣ ਤੇ ਸੁਪਰਮਾਰਕੀਟਾਂ ਅੱਗੇ ਲੱਗੀਆਂ ਲੰਬੀਆਂ ਕਤਾਰਾਂ ਨੇ ਯੂਨਾਨੀਆਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਐਲਕਸਿਸ ਸੀਪਰਾਸ ਨੇ ਯੂਰਪੀ ਕਰਜ਼ਦਾਤਾ ਦੇਸ਼ਾਂ ਦੇ ਪ੍ਰਸਤਾਵਿਤ ਰਾਹਤ ਪੈਕੇਜ ਉਤੇ ਪੰਜ ਜੁਲਾਈ ਨੂੰ ਲੋਕਾਂ ਦੇ ਮਤ ਦਾ ਐਲਾਨ ਕੀਤਾ ਹੈ। ਗ੍ਰੀਸ ਦੀ 30 ਜੂਨ ਨੂੰ ਕਰਜ਼ਾ ਮੋੜਨ ਦੀ ਆਖਰੀ ਮਿਤੀ ਖਤਮ ਹੋਣ ਨਾਲ ਪ੍ਰਧਾਨ ਮੰਤਰੀ ਐਲਕਸਿਸ ਸੀਪਰਾਸ ਨੇ ਫੋਨ ਉਤੇ ਯੂਰਪੀਅਨ ਅਧਿਕਾਰੀਆਂ ਨਾਲ ਗੱਲਬਾਤ ਕਰ ਕੇ ਬੇਨਤੀ ਕੀਤੀ ਕਿ ਐਤਵਾਰ ਦੇ ਰੈਫਰੈਂਡਮ ਤੱਕ ਆਪਣੀ ਭਵਿੱਖੀ ਕਾਰਵਾਈਆਂ ਬਾਰੇ ਫੈਸਲਾ ਰੋਕਿਆ ਜਾਵੇ।




### ਬਰਬਾਦੀ ਦੀ ਕਹਾਣੀ

ਗ੍ਰੀਸ ਦੇ ਪਤਨ ਦੀ ਕਹਾਣੀ 1999 ਵਿਚ ਆਏ ਭੂਚਾਲ ਤੋਂ ਬਾਅਦ ਸ਼ੁਰੂ ਹੋਈ ਸੀ। ਇਸ ਭੂਚਾਲ ਵਿਚ ਮੁਲਕ ਦਾ ਜ਼ਿਆਦਾਤਰ ਹਿੱਸਾ ਤਬਾਹ ਹੋ ਗਿਆ ਸੀ। 2001 ਵਿਚ ਯੂਰੋ ਜ਼ੋਨ ਨਾਲ ਜੁੜਨਾ ਵੀ ਗ੍ਰੀਸ ਦੀ ਭਾਰੀ ਭੁੱਲ ਸੀ। ਉਸ ਨੂੰ ਉਮੀਦ ਸੀ ਕਿ ਯੂਰੋ ਜ਼ੋਨ ਤੋਂ ਉਸ ਨੂੰ ਆਸਾਨੀ ਨਾਲ ਕਰਜ਼ਾ ਮਿਲ ਜਾਵੇਗਾ। ਇਸੇ ਉਮੀਦ ਨਾਲ 2004 ਵਿਚ ਗ੍ਰੀਸ ਨੇ ਉਲੰਪਿਕ ਖੇਡਾਂ ਵਿਚ ਬੇਹੱਦ ਪੈਸਾ ਖਰਚ ਕਰ ਦਿੱਤਾ। ਗ੍ਰੀਸ ਨੇ 2010 ਵਿਚ ਯੂਰਪੀਅਨ ਸੈਂਟਰਲ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਤੋਂ 10 ਅਰਬ ਡਾਲਰ ਦਾ ਰਾਹਤ ਪੈਕੇਜ ਲੈ ਲਿਆ।

# ਕਤਲੇਆਮ 84: ਪੀੜਤਾਂ ਨੂੰ ਨਿਆਂ ਲਈ ਹੰਭਲਾ

*(ਸਫਾ ਇਕ ਦੀ ਬਾਕੀ)*

ਇਸ ਉਤੇ ਕੰਮ ਵੀ ਸ਼ੁਰੂ ਨਹੀਂ ਕੀਤਾ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕੁਝ ਨਹੀਂ ਕਰ ਰਹੀ। 1984 ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਸਿੱਖ ਕਤਲੇਆਮ ਦੀ ਸਭ ਤੋਂ ਜ਼ਿਆਦਾ ਮਾਰ ਦਿੱਲੀ ਨੂੰ ਝੱਲਣੀ ਪਈ ਸੀ ਤੇ ਇਸ ਕਤਲੇਆਮ ਦੇ 30 ਵਰ੍ਹੇ ਬੀਤਣ ਉਪਰੰਤ 'ਆਪ' ਦੀ ਅਗਵਾਈ ਵਾਲੀ ਸਰਕਾਰ ਨੇ ਮਤਾ ਪਾਸ ਕਰ ਕੇ ਕਤਲੇਆਮ ਦੀ ਨਿਖੇਧੀ ਤੇ ਮਾਰੇ ਗਏ ਨਿਰਦੋਸ਼ ਸਿੱਖਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ। ਰਾਜੌਰੀ ਗਾਰਡਨ ਤੋਂ 'ਆਪ' ਵਿਧਾਇਕ ਜਰਨੈਲ ਸਿੰਘ ਨੇ ਵਿਧਾਨ ਸਭਾ ਵਿਚ ਪੇਸ਼ ਕੀਤੇ ਮਤੇ ਵਿਚ 'ਦੰਗੇ' ਦੀ ਥਾਂ 'ਕਤਲੇਆਮ' ਸ਼ਬਦ ਵਰਤਿਆ। ਮੰਗ ਕੀਤੀ ਗਈ ਕਿ ਜਗਦੀਸ਼ ਟਾਈਟਲਰ ਦੇ ਮਾਮਲੇ ਵਿਚ ਜਿਹੜੀਆਂ ਨਵੀਆਂ ਜਾਣਕਾਰੀ ਮਿਲੀਆਂ ਹਨ, ਉਸ ਦੇ ਆਧਾਰ ਉਤੇ ਕੇਸ ਚਲਾਏ ਜਾਣ।

ਕੇਂਦਰ ਵੱਲੋਂ ਬਣਾਈ ਐਸ.ਆਈ.ਟੀ. 6 ਮਹੀਨੇ ਅੰਦਰ ਆਪਣੀ ਰਿਪੋਰਟ ਦੇਣ ਉਪਰੰਤ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਅਤੇ ਬੰਦ ਕੀਤੇ ਗਏ ਕੇਸ ਮੁੜ ਖੋਲ੍ਹੇ ਜਾਣ ਦੇ ਨਾਲ ਹੀ ਛੇਤੀ ਮੁਆਵਜ਼ੇ ਦੀ ਗੱਲ ਵੀ ਆਖੀ ਗਈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਹ ਇਨ੍ਹਾਂ ਮਸਲਿਆਂ ਨੂੰ ਪ੍ਰਧਾਨ ਮੰਤਰੀ ਮੋਦੀ ਕੋਲ ਚੁੱਕਣਾ ਚਾਹੁੰਦੇ ਹਨ ਪਰ ਪ੍ਰਧਾਨ ਮੰਤਰੀ ਮੁਲਾਕਾਤ ਲਈ ਸਮਾਂ ਨਹੀਂ ਦੇ ਰਹੇ। ਕੇਂਦਰ ਵੱਲੋਂ ਜਿਹੜੀ ਐਸ.ਆਈ.ਟੀ. ਬਣਾਈ ਹੈ, ਉਸ ਨੂੰ ਦਿੱਲੀ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਟਾਈਟਲਰ ਖਿਲਾਫ਼ ਢੁਕਵੀਂ ਕਾਰਵਾਈ ਲਈ ਪਾਸ ਕੀਤੇ ਇਸ ਮਤੇ ਨੂੰ ਮਨਜ਼ੂਰ ਕਰਦੇ ਹੋਏ ਸਪੀਕਰ ਨੇ ਕਿਹਾ ਕਿ ਇਹ ਬੇਹੱਦ ਗੰਭੀਰ ਮੁੱਦਾ ਹੈ। ਉਹ ਇਸ ਮਾਮਲੇ ਵਿਚ ਰਾਸ਼ਟਰਪਤੀ ਵੱਲੋਂ ਸਮਾਂ ਮਿਲਣ ਉਤੇ ਵਿਧਾਇਕਾਂ ਸਮੇਤ ਉਨ੍ਹਾਂ ਨੂੰ ਮਿਲਣਗੇ। ਇਸ ਮਤੇ ਵਿਚ ਦੱਸਿਆ ਗਿਆ ਕਿ 1984 ਵਿਚ ਤਿੰਨ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ ਸਨ ਜਿਨ੍ਹਾਂ ਦੇ ਪਰਿਵਾਰਾਂ ਨੂੰ ਅਜੇ ਵੀ ਇਨਸਾਫ਼ ਨਹੀਂ ਮਿਲਿਆ ਹੈ। ਇਹ ਮਤਾ ਪੇਸ਼ ਕਰਦੇ ਹੋਏ ਵਿਧਾਇਕ ਜਰਨੈਲ ਸਿੰਘ ਰੋ ਪਏ। ਮਤੇ ਵਿਚ ਦਿੱਲੀ ਸਰਕਾਰ ਨੇ ਤਿੰਨ ਦਹਾਕੇ ਪਹਿਲਾਂ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਤੇ ਪੀੜਤਾਂ ਨੂੰ ਇਨਸਾਫ਼ ਨਾ ਮਿਲਣ ਦੀ ਨਿੰਦਾ ਕੀਤੀ। ਸਰਕਾਰ ਮੁਤਾਬਕ ਇਸ ਮਤੇ ਲਈ ਵਿਰੋਧੀ ਧਿਰ ਭਾਜਪਾ ਦੇ ਵਿਧਾਇਕਾਂ ਨੇ ਵੀ ਸਾਥ ਦਿੱਤਾ।

ਇਸ ਤੋਂ ਪਹਿਲਾਂ ਜਨਰੈਲ ਸਿੰਘ ਅਤੇ ਹੋਰ ਸਿੱਖ ਵਿਧਾਇਕਾਂ ਜਰਨੈਲ ਸਿੰਘ (ਤਿਲਕ ਵਿਹਾਰ) ਤੇ ਅਵਤਾਰ ਸਿੰਘ ਕਾਲਕਾ ਨੇ ਵਿਧਾਨ ਸਭਾ ਵਿਚ ਪ੍ਰੈਸ ਕਾਨਫਰੰਸ ਕੀਤੀ ਅਤੇ ਕਿਹਾ ਕਿ ਜਗਦੀਸ਼ ਟਾਈਟਲਰ ਖ਼ਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 193 ਤੇ 195 ਏ ਤਹਿਤ ਮਾਮਲਾ ਦਰਜ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵਜ਼ਾਰਤ ਵਿਚੋਂ ਅਸਤੀਫ਼ਾ ਦੇ ਕੇ ਦਬਾਅ ਪਾਉਣ ਤਾਂ ਜੋ ਮੋਦੀ ਸਰਕਾਰ ਨਵੰਬਰ 1984 ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਸਰਗਰਮ ਹੋਵੇ। ਜਰਨੈਲ ਸਿੰਘ ਨੇ ਕਿਹਾ ਕਿ ਕੇਂਦਰ ਵੱਲੋਂ ਬਣਾਈ ਐਸ.ਆਈ.ਟੀ. ਨੇ ਅੱਜ ਤੱਕ ਅਸਰਦਾਰ ਕਾਰਜ ਨਹੀਂ ਕੀਤਾ ਹੈ। ਉਘੇ ਵਕੀਲ ਐਚ.ਐਸ. ਫੂਲਕਾ ਨੇ ਮਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਰਕਾਰ ਦਾ ਇਤਿਹਾਸਕ ਕਦਮ ਹੈ।



***ਦਿੱਲੀ ਵਿਧਾਨ ਸਭਾ ਵਿਚ ਮਤਾ ਪੇਸ਼ ਕਰਦਿਆਂ ਰੋ ਪਏ 'ਆਪ' ਵਿਧਾਇਕ ਜਰਨੈਲ ਸਿੰਘ।***

### ਅਤਿਵਾਦ ਬਾਰੇ ਮੋਦੀ ਸਰਕਾਰ ਦਾ ਖੁੱਲ੍ਹਿਆ ਪੋਲ

*(ਸਫਾ ਇਕ ਦੀ ਬਾਕੀ)*

ਦੌਰਾਨ ਐਨ.ਆਈ.ਏ. ਨੇ ਰੋਹਿਣੀ ਸਾਲਿਆਨ ਦੇ ਦੋਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ, ਜਦਕਿ ਰੋਹਿਣੀ ਸਾਲਿਆਨ ਦਾ ਕਹਿਣਾ ਹੈ ਕਿ ਜਦੋਂ ਵੀ ਲੋੜ ਪਈ, ਉਹ ਦੋਸ਼ ਸਿੱਧ ਕਰ ਦੇਵੇਗੀ।

ਜ਼ਿਕਰਯੋਗ ਹੈ ਕਿ 29 ਸਤੰਬਰ 2008 ਨੂੰ ਮੋਦਾਸਾ (ਗੁਜਰਾਤ) ਅਤੇ ਮਾਲੇਗਾਓਂ (ਮਹਾਂਰਾਸ਼ਟਰ) ਵਿਚ ਤਿੰਨ ਧਮਾਕੇ ਹੋਏ ਸਨ ਜਿਨ੍ਹਾਂ ਵਿਚ 8 ਵਿਅਕਤੀ ਮਾਰੇ ਗਏ ਸਨ ਅਤੇ 80 ਜ਼ਖਮੀ ਹੋ ਗਏ ਸਨ। ਇਸੇ ਦਿਨ ਅਹਿਮਦਾਬਾਦ (ਗੁਜਰਾਤ) ਵਿਚ ਬੰਬ ਮਿਲੇ ਸਨ। ਹੇਮੰਤ ਕਰਕਰੇ ਨੇ ਮਾਲੇਗਾਓਂ ਕੇਸ ਦੀ ਜਾਂਚ ਕੀਤੀ ਸੀ ਅਤੇ ਪਹਿਲੀ ਵਾਰ ਇਹ ਤੱਥ ਸਾਹਮਣੇ ਲਿਆਂਦੇ ਸਨ ਕਿ ਜਿਨ੍ਹਾਂ ਲੋਕਾਂ ਨੇ ਇਹ ਧਮਾਕੇ ਕੀਤੇ ਸਨ, ਉਨ੍ਹਾਂ ਦਾ ਸਬੰਧ ਹਿੰਦੂ ਜਥੇਬੰਦੀ 'ਅਭਿਨਵ ਭਾਰਤ' ਹੈ। ਇਸ ਜਥੇਬੰਦੀ ਦਾ ਸਬੰਧ ਅਗਾਂਹ ਆਰ.ਐਸ.ਐਸ. ਨਾਲ ਜੁੜਦਾ ਹੈ। ਉਦੋਂ ਇਸ ਕੇਸ ਵਿਚ 12 ਲੋਕਾਂ ਦੀ ਗ੍ਰਿਫਤਾਰੀ ਹੋਈ ਸੀ ਜਿਨ੍ਹਾਂ ਵਿਚ ਫੌਜ ਵਿਚ ਲੈਫਟੀਨੈਂਟ ਕਰਨਲ ਪ੍ਰਸਾਦ ਸ੍ਰੀਕਾਂਤ ਪੁਰੋਹਿਤ, ਸਾਧਵੀ ਪ੍ਰਗਿਆ ਸਿੰਘ ਠਾਕੁਰ, ਰਿਟਾਇਰਡ ਰਮੇਸ਼ ਉਪਾਧਿਆਏ ਸ਼ਾਮਲ ਸਨ। ਗੌਰਤਲਬ ਹੈ ਕਿ 26 ਨਵੰਬਰ 2008 ਵਾਲੇ ਦਿਨ ਅਤਿਵਾਦੀਆਂ ਨਾਲ ਲੜਦਿਆਂ ਹੇਮੰਤ ਕਰਕਰੇ ਦੀ ਮੌਤ ਹੋ ਗਈ ਸੀ, ਪਰ ਇਹ ਖ਼ਬਰਾਂ ਵੀ ਆਈਆਂ ਸਨ ਕਿ ਉਸ ਦੀ ਮੌਤ ਅਤਿਵਾਦੀਆਂ ਹੱਥੋਂ ਨਹੀਂ, ਸਗੋਂ ਉਸ ਨੂੰ ਆਪਣਿਆਂ ਨੇ ਹੀ ਮਾਰਿਆ ਹੈ।

# ਕੈਪਟਨ ਹੁਣ ਹਿੱਕ ਦੇ ਜ਼ੋਰ ਨਾਲ ਕਪਤਾਨੀ ਲੈਣ ਲਈ ਨਿੱਤਰੇ

*(ਸਫਾ ਇਕ ਦੀ ਬਾਕੀ)*

ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਪਾਰਟੀ ਦੇ 50 ਨੇਤਾਵਾਂ ਨਾਲ ਮੀਟਿੰਗ ਕਰ ਕੇ ਸ. ਬਾਜਵਾ ਵੱਲੋਂ ਵਿੱਢੇ ਪ੍ਰੋਗਰਾਮ ਦੇ ਬਰਾਬਰ ਪਹਿਲੀ ਜੁਲਾਈ ਤੋਂ ਸੂਬੇ ਵਿਚ ਲੋਕ ਸੰਪਰਕ ਮੁਹਿੰਮ ਛੇੜ ਕੇ ਹਾਈ ਕਮਾਨ ਨੂੰ ਅਸਿੱਧੇ ਢੰਗ ਨਾਲ ਚੁਣੌਤੀ ਦੇ ਦਿੱਤੀ ਹੈ। ਪਾਰਟੀ ਦੇ ਅੱਠ ਵਿਧਾਇਕਾਂ, ਤਕਰੀਬਨ ਅੱਧੀ ਦਰਜਨ ਸਾਬਕਾ ਮੰਤਰੀਆਂ ਤੇ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੂੰ ਲੰਚ ਮੀਟਿੰਗ ਵਿਚ ਸ਼ਾਮਲ ਕਰ ਕੇ ਉਨ੍ਹਾਂ ਕੇਂਦਰੀ ਆਗੂਆਂ ਨੂੰ ਆਪਣੀ ਤਾਕਤ ਵੀ ਦਿਖਾ ਦਿੱਤੀ ਹੈ। ਬੇਅੰਤ ਸਿੰਘ ਪਰਿਵਾਰ ਦੇ ਮੁੱਖ ਆਗੂ ਤੇਜ ਪ੍ਰਕਾਸ਼ ਸਿੰਘ ਦੇ ਵੀ ਕੈਪਟਨ ਦੀ ਲੰਚ ਡਿਪਲੋਮੇਸੀ ਵਿਚ ਸ਼ਾਮਲ ਹੋਣ ਨਾਲ ਇਸ ਧਿਰ ਨੂੰ ਤਾਕਤ ਮਿਲੀ ਹੈ। ਕੈਪਟਨ ਧੜੇ ਨੇ 117 ਵਿਧਾਨ ਸਭਾ ਹਲਕਿਆਂ ਵਿਚ ਪ੍ਰੋਗਰਾਮ ਉਲੀਕੇ ਹਨ। ਇਨ੍ਹਾਂ ਰਾਹੀਂ ਹਾਈ ਕਮਾਨ ਨੂੰ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਪੰਜਾਬ ਵਿਚ ਕੈਪਟਨ ਦੀ ਹੀ ਤੂਤੀ ਬੋਲਦੀ ਹੈ।

ਦਰਅਸਲ ਕੈਪਟਨ ਵੱਲੋਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਕੀਤੀ ਮੀਟਿੰਗ ਦੌਰਾਨ ਹਾਈ ਕਮਾਨ ਨੇ ਪੰਜਾਬ ਇਕਾਈ ਵਿਚ ਫੌਰੀ ਤਬਦੀਲੀ ਨਾ ਕਰਨ ਦੇ ਸੰਕੇਤਾਂ ਪਿਛੋਂ ਸਰਗਰਮੀਆਂ ਵਿੱਢ ਕੇ ਬਾਜਵਾ ਧੜੇ ਨੂੰ ਲਾਂਭੇ ਕਰਨ ਦੀ ਰਣਨੀਤੀ ਬਣਾਈ ਗਈ ਹੈ। ਹਾਈ ਕਮਾਨ ਨੇ ਵੀ ਕੈਪਟਨ ਦੀ ਤਾਕਤ ਨੂੰ ਭਾਂਪਦਿਆਂ ਇਸ ਆਗੂ ਦੀ ਹਾਂ ਵਿਚ ਹਾਂ ਮਿਲਾਉਣੀ ਸ਼ੁਰੂ ਕਰ ਦਿੱਤੀ ਹੈ। ਕੈਪਟਨ ਸ਼ੁਰੂ ਤੋਂ ਹੀ ਸ. ਬਾਜਵਾ ਦੇ ਹਰ ਫੈਸਲੇ ਦੇ ਵਿਰੁੱਧ ਖੜ੍ਹਦੇ ਰਹੇ ਹਨ। ਜਦੋਂ ਪੰਜਾਬ ਦੇ ਡਰੱਗ ਮਾਫੀਆ ਨਾਲ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਂ ਜੁੜਿਆ ਸੀ ਤਾਂ ਕਾਂਗਰਸ ਹਾਈ ਕਮਾਨ ਨੇ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਨੂੰ ਘੇਰਨ ਲਈ ਡਰੱਗਜ਼ ਦਾ ਮਾਮਲਾ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਹਵਾਲੇ ਕਰਨ ਦੀ ਮੰਗ ਉਠਾ ਕੇ ਸ. ਬਾਜਵਾ ਰਾਹੀਂ ਪੰਜਾਬ ਵਿਚ ਭੁੱਖ ਹੜਤਾਲਾਂ ਦੀ ਲੜੀ ਚਲਾਈ ਸੀ। ਕੈਪਟਨ ਨੇ ਇਹ ਕਹਿ ਕੇ ਹਾਈ ਕਮਾਨ ਦੀ ਬਾਦਲ ਸਰਕਾਰ ਵਿਰੁੱਧ ਮੁਹਿੰਮ ਦੀ ਫੂਕ ਕੱਢ ਦਿੱਤੀ ਸੀ ਕਿ ਡਰੱਗਜ਼ ਦਾ ਮੁੱਦਾ ਸੀ.ਬੀ.ਆਈ. ਹਵਾਲੇ ਕਰਨ ਦੀ ਕੋਈ ਤੁਕ ਨਹੀਂ ਹੈ।

**ਕੈਪਟਨ ਦਾ ਦਲਿਤ ਕੁਨੈਕਸ਼ਨ:** ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਜੁਲਾਈ ਤੋਂ ਜਨ ਸੰਪਰਕ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਮੁਹਿੰਮ ਲਈ ਜਲੰਧਰ ਦੀ ਚੋਣ ਇਸ ਕਰ ਕੇ ਕੀਤੀ, ਕਿਉਂਕਿ ਦੋਆਬਾ ਖੇਤਰ ਪੰਜਾਬ ਵਿਚ 'ਦਲਿਤਾਂ ਦੇ ਗੜ੍ਹ' ਵਜੋਂ ਉਤੇ ਜਾਣਿਆ ਜਾਂਦਾ ਹੈ। ਪੰਜਾਬ ਦੇ ਦਲਿਤ ਭਾਈਚਾਰੇ ਦਾ 33 ਫੀਸਦੀ ਵੋਟ ਬੈਂਕ ਹੈ ਜੋ ਪੰਜਾਬ ਦੇ ਕਿਸੇ ਵੀ ਭਾਈਚਾਰੇ ਤੋਂ ਕਿਤੇ ਜ਼ਿਆਦਾ ਹੈ। ਦਰਅਸਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਸਭ ਤੋਂ ਵੱਡਾ ਝਟਕਾ ਦੁਆਬੇ ਵਿਚੋਂ ਹੀ ਲੱਗਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

## ਸਿੱਖ ਆਰਗੇਨਾਈਜੇਸ਼ਨ ਫਾਰ ਪਰਿਜ਼ਨਰਜ਼ ਵੈਲਫੇਅਰ ਵੱਲੋਂ ਸਿੱਖ ਪੰਚਾਇਤ ਦਾ ਸਨਮਾਨ



**ਫਰੀਮਾਂਟ (ਬਿਊਰੋ):** ਸਿੱਖ ਕੈਦੀਆਂ ਲਈ ਭਲਾਈ ਸੰਸਥਾ ਸਿੱਖ ਆਰਗੇਨਾਈਜੇਸ਼ਨ ਫਾਰ ਪਰਿਜ਼ਨਰਜ਼ ਵੈਲਫੇਅਰ (ਐਸ ਓ ਪੀ ਡਬਲਿਯੂ) ਵੱਲੋਂ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਤੇ ਪ੍ਰਬੰਧਕ ਕਮੇਟੀ ਨੂੰ ਬਣਾਉਣ-ਚਲਾਉਣ ਵਾਲੀ ਸੰਸਥਾ ਸਿੱਖ ਪੰਚਾਇਤ ਦਾ ਯਾਦਗਾਰੀ ਪਲੇਕ ਦੇ ਕੇ ਸਨਮਾਨ ਕੀਤਾ ਗਿਆ। ਇਹ ਯਾਦਗਾਰੀ ਨਿਸ਼ਾਨ ਸੁਪਰੀਮ ਕੌਂਸਲ ਵੱਲੋਂ ਭਾਈ ਜਸਦੇਵ ਸਿੰਘ ਤੇ ਭਾਈ ਗੁਰਿੰਦਰ ਸਿੰਘ ਨੇ ਹਾਸਲ ਕੀਤਾ। ਇਹ ਯਾਦਗਾਰੀ ਚਿੰਨ ਪੰਜਾਬ ਵਿਚ ਲਹੂ ਦੇ (ਬਲੱਡ) ਕੈਂਸਰ ਨਾਲ ਬੀਮਾਰ ਇਕ ਸਿੱਖ ਦੇ ਇਲਾਜ ਲਈ ਪੰਚਾਇਤ ਵੱਲੋਂ ਢਾਈ ਹਜ਼ਾਰ ਡਾਲਰ ਦੀ ਸਹਾਇਤਾ ਦੇਣ ਦੇ ਮਾਣ ਵਜੋਂ ਬੀਬੀ ਕਮਲ ਕੌਰ ਤੇ ਨਵਜੋਤ ਕੌਰ, ਜੋ ਸੰਸਥਾ ਦੀਆਂ ਮੈਂਬਰ ਹਨ, ਵੱਲੋਂ ਦਿਤਾ ਗਿਆ।

ਐਸ ਓ ਪੀ ਡਬਲਿਊ ਭਾਰਤ ਵਿਚ ਸਿੱਖ ਸੰਘਰਸ਼ ਦੇ ਸਿੱਖ ਕੈਦੀਆਂ ਦੀ ਹਰ ਤਰ੍ਹਾਂ ਦੀ ਭਲਾਈ ਲਈ ਕਈ ਸਾਲਾਂ ਤੋਂ ਕੰਮ ਕਰ ਰਹੀ ਹੈ। ਇਸ ਭਲਾਈ ਵਿਚ ਕੈਦੀਆਂ ਲਈ ਕਾਨੂੰਨੀ ਤੇ ਮਾਇਕ ਸਹਾਇਤਾ, ਪਰਿਵਾਰ ਲਈ ਸਹਾਇਤਾ ਤੇ ਬੱਚਿਆਂ ਦੀ ਪੜ੍ਹਾਈ ਵਰਗੇ ਕਾਰਜ ਸ਼ਾਮਲ ਹਨ। ਇਸ ਦਾ ਮੁਖ ਦਫਤਰ ਵਿਲਾਇਤ ਵਿਚ ਹੈ।

## ਗੁਰਦੁਆਰਾ ਰੈਂਟਨ 'ਚ ਖਾਲਸਾ ਸਕੂਲ ਲਈ ਦਾਖਲਾ ਸ਼ੁਰੂ

**ਰੈਂਟਨ, ਵਾਸ਼ਿੰਗਟਨ (ਬਿਊਰੋ):** ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਚੱਲ ਰਹੇ ਗੁਰਮਤਿ ਖਾਲਸਾ ਸਕੂਲ ਵਿਚ ਬੱਚਿਆਂ ਦਾ ਦਾਖਲਾ 5 ਅਤੇ 12 ਜੁਲਾਈ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲ੍ਹਾ ਰਹੇਗਾ। ਉਪਰੰਤ 30 ਅਗਸਤ ਅਤੇ 6 ਸਤੰਬਰ ਨੂੰ ਵੀ ਦਾਖਲਾ ਖੁੱਲ੍ਹਾ ਰਹੇਗਾ। ਕਲਾਸਾਂ ਦੀ ਫੀਸ ਸਾਰੇ ਗਰੇਡਾਂ ਵਾਸਤੇ 50 ਡਾਲਰ ਰੱਖੀ ਗਈ ਹੈ।

ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਸਕੂਲ ਵਿਚ ਗਤਕਾ ਤੇ ਤਬਲੇ ਦੀ ਸਿਖਲਾਈ ਦੇ ਨਾਲ ਨਾਲ ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਸੰਥਿਆ ਵੀ ਦਿੱਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਬਲਦੀਪ ਕੌਰ (206-910-0524) ਅਤੇ ਹਰਮਿੰਦਰ ਸਿੰਘ (206-383-8001) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਜਗਜੀਤ ਸਿੰਘ ਆਨੰਦ ਦੇ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

**ਬੇਕਰਜ਼ਫੀਲਡ (ਬਿਊਰੋ):** ਜਲੰਧਰ ਤੋਂ ਛਪਦੇ ਰੋਜ਼ਾਨਾ ਪੰਜਾਬੀ ਅਖਬਾਰ 'ਨਵਾਂ ਜ਼ਮਾਨਾ' ਦੇ ਸੰਪਾਦਕ ਜਗਜੀਤ ਸਿੰਘ ਆਨੰਦ ਦੇ ਦੇਹਾਂਤ ਉਪਰ ਦੁਖ ਦਾ ਪ੍ਰਗਟਾਵਾ ਕਰਦਿਆਂ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਨੇ ਕਿਹਾ ਹੈ ਕਿ ਸਾਡੇ ਪਾਸੋਂ ਇਕ ਮਹਾਨ ਯੋਧਾ, ਦੇਸ਼ ਦੀ ਆਜ਼ਾਦੀ ਦਾ ਪ੍ਰਤੀਬੱਧ ਜਰਨੈਲ, ਸੁਲਝਿਆ ਪੱਤਰਕਾਰ ਤੇ ਜ਼ਹੀਨ ਸਾਹਿਤਕਾਰ ਖੁਸ ਗਿਆ ਹੈ।

ਜਥੇਬੰਦੀ ਦੇ ਆਗੂਆਂ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਕਸ਼ਮੀਰ ਸਿੰਘ ਕਾਂਗਣਾ ਅਤੇ ਆਪਣੇ ਸਮੇਂ ਦੇ ਉਘੇ ਖੱਬੇਪੱਖੀ ਆਗੂ ਗਿਆਨ ਸਿੰਘ ਬਿਲਗਾ ਨੇ ਇਥੇ ਜਾਰੀ ਇਕ ਸਾਂਝੇ ਬਿਆਨ ਵਿਚ ਮਰਹੂਮ ਜਗਜੀਤ ਸਿੰਘ ਆਨੰਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਕਿਹਾ ਹੈ ਕਿ ਉਹ ਇਕ ਬਹੁਤ ਹੀ ਸੁਲਝੇ ਹੋਏ ਖੱਬੇਪੱਖੀ ਆਗੂ ਸਨ ਅਤੇ ਉਨ੍ਹਾਂ ਨੇ ਸ੍ਰੀ ਆਨੰਦ ਪਾਸੋਂ ਬਹੁਤ ਕੁਝ ਸਿੱਖਿਆ ਹੈ। ਉਨ੍ਹਾਂ ਬਿਆਨ ਵਿਚ ਆਨੰਦ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟਾਈ ਹੈ।

## ਮਾਡੈਸਟੋ ਗੁਰੂ ਘਰ ਦੇ ਬਾਈਲਾਅਜ਼ ਸੰਗਤਾਂ ਵਲੋਂ ਪਾਸ

**ਮਾਡੈਸਟੋ-ਸੀਰੀਜ਼ (ਬਿਊਰੋ):** ਸਥਾਨਕ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਉਤੇ ਪਾਈਆਂ ਗਈਆਂ ਵੋਟਾਂ ਦੌਰਾਨ ਤਜਵੀਜ਼ ਕੀਤੇ ਗਏ ਬਾਈਲਾਅਜ਼ 539 ਵੋਟਾਂ ਨਾਲ ਪਾਸ ਹੋ ਗਏ ਜਦੋਂਕਿ ਇਸ ਦੇ ਵਿਰੋਧ ਵਿਚ ਸਿਰਫ 7 ਵੋਟਾਂ ਭੁਗਤੀਆਂ।

ਬਾਈਲਾਅਜ਼ ਲਈ ਵੋਟਾਂ ਅਟਾਰਨੀ ਐਰਿਕ ਡੀ ਟੈਟਰਾਲਟ, ਗੁਰਦੁਆਰਾ ਸਾਹਿਬ ਦੀ ਸਲਾਹਕਾਰਕਮੇਟੀ ਮੈਂਬਰ-ਜਰਨੈਲ ਸਿੰਘ ਬਾਸੀ, ਸੁਖਮੰਦਰ ਸਿੰਘ, ਜਸਕਰਨ ਸਿੰਘ, ਮਲੂਕ ਸਿੰਘ ਧਾਮੀ ਅਤੇ ਕੁਲਦੀਪ ਸਿੰਘ ਚਾਹਲ ਦੀ ਦੇਖ ਰੇਖ ਹੇਠ ਪਈਆਂ।

ਗੁਰਦੁਆਰਾ ਸਾਹਿਬ ਦੀ ਸਲਾਹਕਾਰ ਕਮੇਟੀ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿਚ ਹੋਣ ਵਾਲੀਆਂ ਕਮੇਟੀ ਚੋਣਾਂ ਵਿਚ ਵੀ ਪੂਰਨ ਸਹਿਯੋਗ ਦੀ ਮੰਗ ਕੀਤੀ।



## ਗੁਜਰਾਤ ਦੰਗਿਆਂ ਦੇ ਤਿੰਨ ਦੋਸ਼ੀ ਬਰੀ

**ਅਹਿਮਦਾਬਾਦ:** ਇਥੋਂ ਦੇ ਇਕ ਵਿਸ਼ੇਸ਼ ਟ੍ਰਾਇਲ ਕੋਰਟ ਨੇ 2002 ਦੇ ਗੁਜਰਾਤ ਦੰਗਿਆਂ ਦੌਰਾਨ ਪਿੰਡ ਓਡ ਵਿਚ ਹੋਏ ਦੰਗਿਆਂ ਦੇ ਤਿੰਨ ਦੋਸ਼ੀਆਂ ਨੂੰ ਸ਼ੱਕ ਦਾ ਲਾਭ ਦੇ ਕੇ ਬਰੀ ਕਰ ਦਿੱਤਾ ਹੈ। ਆਨੰਦ ਜ਼ਿਲ੍ਹੇ ਦੇ ਇਸ ਪਿੰਡ ਵਿਚ ਹੋਏ ਫਿਰਕੂ ਦੰਗਿਆਂ ਦੌਰਾਨ ਭੀੜ ਨੇ ਆਇਸ਼ਾ ਵੋਹਰਾ, ਨੂਰੀਬੇਨ ਵੋਹਰਾ ਤੇ ਕਾਦਰਭਾਈ ਵੋਹਰਾ ਦੀ ਜਾਨ ਲੈ ਲਈ ਸੀ।

ਅਦਾਲਤ ਨੇ ਅੰਕੁਰ ਸ਼ਪੂਰਭਾਈ ਪਟੇਲ, ਮੋਹਨ ਉਰਫ ਸ਼ਾਸ਼ੀਨ ਰਾਮੇਸ਼ ਪਟੇਲ ਤੇ ਨਿਕੁਲ ਰਾਵਜੀ ਪਟੇਲ ਨੂੰ ਬਰੀ ਕਰ ਦਿੱਤਾ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



ਚੱਕ ਲਓ, ਚੱਕ ਲਓ!!

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.

Installation Available



*"Ask us about the...*
**AARP® Auto Insurance Program from The Hartford."**

*NOW AVAILABLE IN YOUR AREA!*

Find out more about the Special Benefits of The Hartford's Program for AARP members and our Competitive Rates!



*Satwant Singh*

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*

Call today for your FREE, no-obligation quote:
+1-408-771-2438

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

AARP® Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

# ਲੋਕਾਂ ਦੀਆਂ ਜੇਬਾਂ ਵਿਚੋਂ ਬੁਣਿਆ ਜਾ ਰਿਹਾ ਹੈ ਸੜਕਾਂ ਦਾ ਜਾਲ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਨਿੱਤ ਦਿਨ ਸੂਬੇ ਦੇ ਲੋਕਾਂ ਨੂੰ ਮਲਾਈ ਵਰਗੀਆਂ ਸੜਕਾਂ ਮੁਹੱਈਆ ਕਰਨ ਦਾ ਦਾਅਵਾ ਕਰਦੀ ਆ ਰਹੀ ਹੈ।ਪਰ ਸੂਬੇ ਵਿਚ ਵਿਛ ਰਿਹਾ ਲੰਮੀਆਂ-ਚੌੜੀਆਂ ਸੜਕਾਂ ਤੇ ਵੱਡੇ ਪੁਲਾਂ ਦਾ ਜਾਲ ਸਰਕਾਰੀ ਖਜ਼ਾਨੇ ਵਿਚੋਂ ਨਹੀਂ ਪੰਜਾਬੀਆਂ ਦੀਆਂ ਜੇਬਾਂ ਵਿਚੋਂ ਬੁਣਿਆ ਜਾ ਰਿਹਾ ਹੈ। ਚਹੁੰ ਤੇ ਛੇ ਮਾਰਗੀ ਸੜਕਾਂ ਦਾ 44 ਲੱਖ ਰੁਪਏ ਖਰਚਾ ਪ੍ਰਤੀ ਦਿਨ ਟੋਲ ਪਲਾਜ਼ਿਆਂ ਰਾਹੀਂ ਆਮ ਜਨਤਾ ਕੋਲੋਂ ਵਸੂਲਿਆ ਜਾ ਰਿਹਾ ਹੈ।ਜਦੋਂ ਕਿ ਵਿਸ਼ੇਸ਼ ਵਰਗ ਨੂੰ ਟੋਲ ਤੋਂ ਵੀ ਛੋਟ ਹਾਸਲ ਹੈ।

ਸੂਬੇ ਵਿਚ ਨਵੀਂਆਂ ਸੜਕਾਂ ਤੇ ਪੁਲਾਂ ਕਾਰਨ ਪੰਜਾਬ ਦੇ ਲੋਕ ਹਾਲੇ 8-9 ਸਾਲ ਹੋਰ ਅਰਬਾਂ ਰੁਪਏ ਦੇ ਕਰਜ਼ਈ ਰਹਿਣਗੇ ਕਿਉਂਕਿ ਬਹੁਤੇ ਟੋਲ ਪਲਾਜ਼ਿਆਂ ਦੀ ਮਿਆਦ ਸਾਲ 2023-24 ਤੱਕ ਹੈ। ਪੰਜਾਬ ਲੋਕ ਨਿਰਮਾਣ (ਭਵਨ ਤੇ ਮਾਰਗ ਸ਼ਾਖਾ) ਦੇ ਮੁੱਖ ਇੰਜੀਨੀਅਰ (ਆਈ.ਪੀ.) ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਦਿੱਤੀ ਜਾਣਕਾਰੀ ਮੁਤਾਬਕ ਸਿਰਫ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ (ਪੀ.ਆਈ.ਡੀ.ਬੀ.) ਅਧੀਨ ਆਉਂਦੇ 17 ਟੋਲ ਪਲਾਜ਼ਿਆਂ ਤੋਂ ਵਾਹਨ ਚਾਲਕਾਂ ਕੋਲੋਂ ਸਾਲਾਨਾ ਔਸਤਨ 162 ਕਰੋੜ ਰੁਪਏ ਟੋਲ ਫੀਸ ਦੇ ਰੂਪ ਵਿਚ ਵਸੂਲੇ ਜਾ ਰਹੇ ਹਨ। ਇਹ ਵਸੂਲੀ ਸਾਲ 2022 ਤੋਂ ਲੈ ਕੇ 2024 ਤੱਕ ਜਾਰੀ ਰਹੇਗੀ। ਇਕ ਅੰਦਾਜ਼ੇ ਅਨੁਸਾਰ ਸਿਰਫ ਇਨ੍ਹਾਂ 17 ਟੋਲ ਪਲਾਜ਼ਿਆਂ ਦਾ ਹੀ ਪੰਜਾਬੀਆਂ ਉਪਰ ਸਾਲ 2024 ਤੱਕ 1100 ਕਰੋੜ ਰੁਪਏ ਤੋਂ ਵੱਧ ਦਾ ਹੋਰ ਕਰਜ਼ਾ ਹੈ। 17 ਟੋਲ ਪਲਾਜ਼ਿਆਂ ਤੋਂ ਹਰੇਕ ਘੰਟੇ ਔਸਤਨ 1.85 ਲੱਖ ਰੁਪਏ ਤੇ ਪ੍ਰਤੀ ਦਿਨ 44 ਲੱਖ ਰੁਪਏ ਲੋਕਾਂ ਦੀਆਂ ਜੇਬਾਂ ਵਿਚੋਂ ਕੱਢੇ ਜਾ ਰਹੇ ਹਨ। ਇਨ੍ਹਾਂ 17 ਟੋਲ ਪਲਾਜ਼ਿਆਂ ਦੀ ਹਰੇਕ ਮਹੀਨੇ ਔਸਤ ਸਾਢੇ ਤੇਰਾਂ ਕਰੋੜ ਰੁਪਏ ਉਗਰਾਹੀ ਹੁੰਦੀ ਹੈ।




ਪੀ.ਆਈ.ਡੀ.ਬੀ. ਅਧੀਨ 17 ਟੋਲ ਪਲਾਜ਼ਿਆਂ ਵਿਚੋਂ ਸਭ ਤੋਂ ਵੱਧ ਕਮਾਈ ਕੀਰਤਪੁਰ-ਊਨਾ ਸੜਕ ਉਪਰਲੇ ਟੋਲ ਪਲਾਜ਼ੇ ਤੋਂ ਹੁੰਦੀ ਹੈ। ਇਸ ਤੋਂ ਸਾਲਾਨਾ ਔਸਤ 38 ਕਰੋੜ ਰੁਪਏ ਤੇ ਪ੍ਰਤੀ ਦਿਨ 10.33 ਲੱਖ ਰੁਪਏ ਦੇ ਕਰੀਬ ਉਗਰਾਹੀ ਹੋ ਰਹੀ ਹੈ। ਇਸ ਟੋਲ ਪਲਾਜ਼ੇ ਦੀ ਮਿਆਦ ਅਪਰੈਲ 2023 ਤੱਕ ਹੈ। ਹੁਸ਼ਿਆਰਪੁਰ-ਦਸੂਹਾ ਟੋਲ ਪਲਾਜ਼ਾ ਵਿਖੇ ਸਾਲਾਨਾ 9 ਕਰੋੜ ਰੁਪਏ ਤੇ ਰੋਜ਼ਾਨਾ ਢਾਈ ਲੱਖ ਰੁਪਏ ਦੇ ਕਰੀਬ ਵਸੂਲੀ ਹੋ ਰਹੀ ਹੈ। ਇਸ ਦੀ ਮਿਆਦ ਫਰਵਰੀ 2023 ਤੱਕ ਹੈ। ਬਲਾਚੌਰ-ਗੜ੍ਹਸ਼ੰਕਰ ਟੋਲ ਪਲਾਜ਼ਾ ਤੋਂ ਸਾਲਾਨਾ ਛੇ ਕਰੋੜ ਰੁਪਏ ਅਤੇ ਪ੍ਰਤੀ ਦਿਨ 1.65 ਲੱਖ ਰੁਪਏ ਦੇ ਕਰੀਬ ਵਸੂਲੀ ਹੁੰਦੀ ਹੈ। ਇਸ ਦੀ ਮਿਆਦ ਫਰਵਰੀ 2023 ਤੱਕ ਹੈ। ਚੱਬੇਵਾਲ ਦੇ ਟੋਲ ਪਲਾਜ਼ਾ ਦੀ ਸਾਲਾਨਾ 16 ਕਰੋੜ ਰੁਪਏ ਤੇ ਪ੍ਰਤੀ ਦਿਨ 4.37 ਲੱਖ ਰੁਪਏ ਦੇ ਕਰੀਬ ਵਸੂਲੀ ਹੁੰਦੀ ਹੈ।

ਪਟਿਆਲਾ-ਪਾਤੜਾਂ ਟੋਲ ਪਲਾਜ਼ਾ ਉਤੇ ਸਾਲਾਨਾ 9.36 ਕਰੋੜ ਰੁਪਏ ਤੇ ਪ੍ਰਤੀ ਦਿਨ 2.57 ਲੱਖ ਰੁਪਏ ਔਸਤਨ ਵਸੂਲੀ ਹੋ ਰਹੀ ਹੈ। ਇਸ ਟੋਲ ਪਲਾਜ਼ਾ ਦੀ ਮਿਆਦ ਅਗਸਤ 2022 ਤੱਕ ਹੈ। ਜਗਰਾਉਂ-ਨਕੋਦਰ ਟੋਲ ਪਲਾਜ਼ਾ ਤੋਂ ਸਾਲਾਨਾ 5.60 ਕਰੋੜ ਰੁਪਏ ਤੇ ਪ੍ਰਤੀ ਦਿਨ 1.54 ਲੱਖ ਰੁਪਏ ਔਸਤਨ ਵਸੂਲੀ ਹੋ ਰਹੀ ਹੈ। ਬਰਨਾਲਾ ਸੜਕ ਉਪਰਲੇ ਟੋਲ ਪਲਾਜ਼ਾ ਤੋਂ ਸਾਲਾਨਾ 14.32 ਕਰੋੜ ਰੁਪਏ ਤੇ ਰੋਜ਼ਾਨਾ 3.95 ਲੱਖ ਰੁਪਏ ਔਸਤਨ ਟੈਕਸ ਇਕੱਠਾ ਹੋ ਰਿਹਾ ਹੈ। ਇਸ ਦੀ ਮਿਆਦ ਅਪਰੈਲ 2024 ਤੱਕ ਹੈ। ਰਾਏਕੋਟ ਦੇ ਟੋਲ ਪਲਾਜ਼ਾ ਦੀ ਸਾਲਾਨਾ 5.35 ਕਰੋੜ ਤੇ ਰੋਜ਼ਾਨਾ 1.46 ਲੱਖ ਰੁਪਏ ਔਸਤਨ ਉਗਰਾਹੀ ਹੈ। ਇਸ ਦੀ ਮਿਆਦ ਵੀ ਅਪਰੈਲ 2024 ਤੱਕ ਹੈ। ਟਾਂਡਾ ਦੇ ਟੋਲ ਪਲਾਜ਼ਾ ਤੋਂ ਸਾਲਾਨਾ 5 ਕਰੋੜ ਤੇ ਰੋਜ਼ਾਨਾ 1.38 ਲੱਖ ਰੁਪਏ ਉਗਰਾਹੀ ਹੋ ਰਹੀ ਹੈ। ਇਸ ਦੀ ਮਿਆਦ ਦਸੰਬਰ 2022 ਤੱਕ ਹੈ। ਮੋਗਾ-ਕੋਟਕਪੂਰਾ ਟੋਲ ਪਲਾਜ਼ਾ ਤੋਂ ਸਾਲਾਨਾ 13 ਕਰੋੜ ਤੇ ਪ੍ਰਤੀ ਦਿਨ 3.53 ਲੱਖ ਰੁਪਏ ਦੀ ਔਸਤਨ ਕਮਾਈ ਹੈ। ਇਸ ਦੀ ਮਿਆਦ ਮਾਰਚ 2023 ਤੱਕ ਹੈ। ਫਿਰੋਜ਼ਪੁਰ ਤੇ ਫਾਜ਼ਿਲਕਾ ਸੜਕ ਉਪਰਲੇ ਟੋਲ ਪਲਾਜ਼ਿਆਂ ਦੀ ਸਾਲਾਨਾ 13-13 ਕਰੋੜ ਤੇ ਪ੍ਰਤੀ ਦਿਨ 3-3 ਲੱਖ ਰੁਪਏ ਦੇ ਕਰੀਬ ਦੀ ਔਸਤ ਉਗਰਾਹੀ ਹੈ। ਇਨ੍ਹਾਂ ਦੀ ਮਿਆਦ ਵੀ ਅਕਤੂਬਰ 2023 ਤੱਕ ਹੈ।

ਭਵਾਨੀਗੜ੍ਹ ਸੜਕ ਦੇ ਟੋਲ ਪਲਾਜ਼ਿਆਂ ਤੋਂ ਸਾਲਾਨਾ 4.86 ਕਰੋੜ ਤੇ ਪ੍ਰਤੀ ਦਿਨ 1.33 ਲੱਖ ਰੁਪਏ ਔਸਤਨ ਵਸੂਲੀ ਹੋ ਰਹੀ ਹੈ। ਇਸ ਟੋਲ ਪਲਾਜ਼ਾ ਦੀ ਮਿਆਦ ਨਵੰਬਰ 2023 ਤੱਕ ਹੈ। ਗੋਬਿੰਦਗੜ੍ਹ ਟੋਲ ਪਲਾਜ਼ਾ ਤੋਂ ਸਾਲਾਨਾ 6.22 ਕਰੋੜ ਤੇ ਪ੍ਰਤੀ ਦਿਨ 1.71 ਲੱਖ ਰੁਪਏ ਔਸਤਨ ਵਸੂਲੀ ਹੋ ਰਹੀ ਹੈ। ਇਸ ਟੋਲ ਪਲਾਜ਼ਾ ਦੀ ਮਿਆਦ ਨਵੰਬਰ 2023 ਤੱਕ ਹੈ। ਪਟਿਆਲਾ (ਕਲਿਆਣ) ਸੜਕ ਉਪਰਲੇ ਟੋਲ ਪਲਾਜ਼ਾ ਤੋਂ ਸਾਲਾਨਾ 6.30 ਕਰੋੜ ਤੇ ਪ੍ਰਤੀ ਦਿਨ 1.73 ਲੱਖ ਰੁਪਏ ਵਸੂਲੀ ਹੋ ਰਹੀ ਹੈ। ਇਸ ਦੀ ਮਿਆਦ ਅਗਸਤ 2024 ਤੱਕ ਹੈ।

ਮਲੇਰਕੋਟਲਾ (ਮਾਹੋਰਾਣਾ) ਟੋਲ ਪਲਾਜ਼ਾ ਤੋਂ ਸਾਲਾਨਾ ਚਾਰ ਕਰੋੜ ਤੇ ਪ੍ਰਤੀ ਦਿਨ 1.11 ਲੱਖ ਰੁਪਏ ਔਸਤ ਉਗਰਾਹੀ ਹੋ ਰਹੀ ਹੈ। ਇਸ ਦੀ ਮਿਆਦ ਵੀ ਅਗਸਤ 2024 ਤੱਕ ਹੈ। ਐਚ.ਐਲ.ਬੀ. ਮਖੂ ਟੋਲ ਪਲਾਜ਼ਾ ਤੋਂ ਸਾਲਾਨਾ 1.35 ਕਰੋੜ ਤੇ ਰੋਜ਼ਾਨਾ 37 ਹਜ਼ਾਰ ਰੁਪਏ ਦੇ ਕਰੀਬ ਵਸੂਲੀ ਹੋ ਰਹੀ ਹੈ। ਇਸ ਟੋਲ ਪਲਾਜ਼ਾ ਦੀ ਮਿਆਦ ਦਸੰਬਰ 2022 ਤੱਕ ਹੈ।

# ਹਵਾਈ ਫੌਜ ਤੇ ਕੇਂਦਰ ਵਿਚਾਲੇ ਉਲਝਿਆ ਚੰਡੀਗੜ੍ਹ ਹਵਾਈ ਅੱਡੇ ਦੀ ਮੁਰੰਮਤ ਦਾ ਮਸਲਾ

**ਨਵੀਂ ਦਿੱਲੀ:** ਚੰਡੀਗੜ੍ਹ ਹਵਾਈ ਅੱਡੇ ਦੀ ਹਵਾਈ ਪੱਟੀ ਦੀ ਮੁਰੰਮਤ ਲਈ ਭਾਰਤੀ ਹਵਾਈ ਫੌਜ ਇਸ ਅੱਡੇ ਨੂੰ ਨੌਂ ਮਹੀਨਿਆਂ ਲਈ ਬੰਦ ਕਰਨਾ ਚਾਹੁੰਦੀ ਹੈ ਪਰ ਰੱਖਿਆ ਮੰਤਰਾਲਾ ਇਸ ਦੇ ਹੱਕ ਵਿਚ ਨਹੀਂ ਹੈ। ਮੰਤਰਲਾ ਨਹੀਂ ਚਾਹੁੰਦਾ ਕਿ ਅੱਡੇ ਇੰਨੇ ਲੰਮੇ ਸਮੇਂ ਲਈ ਬੰਦ ਰੱਖ ਕੇ ਯਾਤਰੀਆਂ ਨੂੰ ਪ੍ਰੇਸ਼ਾਨ ਕੀਤਾ ਜਾਵੇ ਤੇ ਵਪਾਰਕ ਗਤੀਵਿਧੀਆਂ ਠੱਪ ਰੱਖੀਆਂ ਜਾਣ। ਇਸ ਪੱਟੀ ਦੀ ਮੁਰੰਮਤ ਦੌਰਾਨ ਹਵਾਈ ਫੌਜ ਦੀਆਂ ਸਰਗਰਮੀਆਂ ਪ੍ਰਭਾਵਿਤ ਨਹੀਂ ਹੋਣਗੀਆਂ ਕਿਉਂਕਿ ਉਹ ਆਪਣਾ ਅਪਰੇਸ਼ਨ ਅੰਬਾਲਾ ਜਾਂ ਸਰਸਾਵਾ (ਸਹਾਰਨਪੁਰ) ਤੋਂ ਚਲਾ ਲਵੇਗੀ ਪਰ ਚੰਡੀਗੜ੍ਹ ਹਵਾਈ ਅੱਡੇ ਤੋਂ ਰੋਜ਼ਾਨਾ 25 ਘਰੇਲੂ ਉਡਾਣਾਂ ਉਤੇ ਯਕੀਨੀ ਤੌਰ ਉਤੇ ਪ੍ਰਭਾਵ ਪਵੇਗਾ। ਇਸ ਤੋਂ ਇਲਾਵਾ ਇਥੋਂ ਇਸ ਸਾਲ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਦੀ ਤਿਆਰੀ ਵੀ ਧਰੀ ਦੀ ਧਰੀ ਰਹਿ ਜਾਵੇਗੀ।

ਇਸ ਹਵਾਈ ਅੱਡੇ ਦੀ ਇਸ ਪੱਟੀ ਨੂੰ ਫੌਜੀ ਤੇ ਘਰੇਲੂ ਉਡਾਣਾਂ ਲਈ ਵਰਤਿਆ ਜਾਂਦਾ ਹੈ। ਅੱਡੇ ਉਤੇ ਇਕ ਹਜ਼ਾਰ ਕਰੋੜ ਦੀ ਲਾਗਤ ਨਾਲ ਨਵਾਂ ਟਰਮੀਨਲ ਬਣਾਇਆ ਗਿਆ ਹੈ ਪਰ ਉਸ ਦਾ ਹਾਲੇ ਉਦਘਾਟਨ ਨਹੀਂ ਹੋਇਆ। ਇਹ ਹਵਾਈ ਅੱਡਾ ਰਣਨੀਤਿਕ ਪੱਖੋਂ ਕਾਫੀ ਅਹਿਮ ਹੈ। ਇਥੋਂ ਹੀ ਹਵਾਈ ਫੌਜ ਲੱਦਾਖ ਵਿਚਲੀਆਂ ਥਲ ਸੈਨਾ ਦੀਆਂ ਮੂਹਰਲੀਆਂ ਚੌਕੀਆਂ ਨੂੰ ਰਸਦ ਪੁੱਜਦੀ ਕਰਦੀ ਹੈ ਕਿਉਂਕਿ ਸਰਦੀਆਂ ਵਿਚ ਇਸ ਇਲਾਕੇ ਨਾਲ ਸੜਕ ਸੰਪਰਕ ਬਿਲਕੁਲ ਟੁੱਟ ਜਾਂਦਾ ਹੈ। ਚੰਡੀਗੜ੍ਹ ਹਵਾਈ ਅੱਡੇ ਦੀ ਪੱਟੀ ਦੀ ਲੰਬਾਈ 9000 ਫੁੱਟ ਹੈ ਤੇ ਭਾਰਤੀ ਹਵਾਈ ਫੌਜ ਆਪਣੇ ਹਵਾਈ ਅੱਡਾ ਬੁਨਿਆਦੀ ਢਾਂਚਾ ਆਧੁਨਿਕੀਕਰਨ ਪ੍ਰੋਗਰਾਮ ਤਹਿਤ ਇਸ ਹਵਾਈ ਪੱਟੀ ਨੂੰ ਮਜਬੂਤ ਤੇ ਅੱਪਗਰੇਡ ਕਰਨਾ ਚਾਹੁੰਦੀ ਹੈ।

ਇਸ ਹਵਾਈ ਪੱਟੀ ਦੀ ਆਖਰੀ ਵਾਰ ਮੁਰੰਮਤ 1992 ਵਿਚ ਕੀਤੀ ਗਈ ਸੀ ਤੇ ਉਸ ਤੋਂ ਬਾਅਦ ਇਸ ਪੱਟੀ 'ਤੇ ਹਵਾਈ ਆਵਾਜਾਈ ਦਾ ਭਾਰ ਕਈ ਗੁਣਾ ਵੱਧ ਗਿਆ ਹੈ। ਹਵਾਈ ਫੌਜ ਇਥੋਂ ਆਪਣੇ ਭਾਰੀ ਮਾਲ ਵਾਹਕ ਜਹਾਜ਼ ਸੀ-17 ਗਲੋਬਮਾਸਟਰ ਵਰਗੇ ਜਹਾਜ਼ ਉਡਾਣਾਂ ਚਾਹੁੰਦੀ ਹੈ। ਜੇ ਇਸ ਜਹਾਜ਼ ਨੂੰ ਪੂਰੀ ਤਰ੍ਹਾਂ ਲੋਡ ਕਰਕੇ ਉਡਾਇਆ ਜਾਵੇ ਤਾਂ ਇਸ ਦਾ ਭਾਰ 125 ਟਨ ਹੋ ਜਾਂਦਾ ਹੈ। ਉਂਝ ਇਸ ਜਹਾਜ਼ ਦੀ ਢੋਣ ਦੀ ਸਮਰਥਾ 74 ਟਨ ਹੈ।

ਇਸ ਜਹਾਜ਼ ਨੂੰ ਆਮ ਤੌਰ 'ਤੇ ਦਿੱਲੀ ਨੇੜੇ ਹਿੰਡਨ ਤੋਂ ਉਡਾਇਆ ਜਾਂਦਾ ਹੈ ਪਰ ਪਿਛਲੀ ਸਰਦੀਆਂ ਵਿਚ ਇਸ ਦੀਆਂ ਕੁਝ ਉਡਾਣਾਂ ਚੰਡੀਗੜ੍ਹ ਤੋਂ ਲੱਦਾਖ ਲਈ ਵੀ ਭਰਵਾਈਆਂ ਗਈਆਂ ਸਨ। ਸੂਤਰਾਂ ਮੁਤਾਬਕ ਰੱਖਿਆ ਮੰਤਰੀ ਮਨੋਹਰ ਪਰੀਕਰ ਨਹੀਂ ਚਾਹੁੰਦੇ ਕਿ ਇਸ ਹਵਾਈ ਅੱਡੇ ਨੂੰ ਨੌਂ ਮਹੀਨਿਆਂ ਦੇ ਲੰਬੇ ਸਮੇਂ ਲਈ ਬੰਦ ਰੱਖਿਆ ਜਾਵੇ।



# ਪੰਜਾਬੀ ਰੰਗਮੰਚ ਦੇ ਚੇਅਰਮੈਨ ਸੁਖਾਣਾ ਵੱਲੋਂ ਪੁਲਿਸ ਹਿਰਾਸਤ 'ਚ ਖੁਦਕੁਸ਼ੀ

**ਲੁਧਿਆਣਾ:** ਧੋਖਾਧੜੀ ਦੇ ਮਾਮਲੇ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਰਿਮਾਂਡ ਉਤੇ ਲੁਧਿਆਣਾ ਲਿਆਂਦੇ ਗਏ ਪੰਜਾਬੀ ਰੰਗਮੰਚ ਦੇ ਚੇਅਰਮੈਨ ਸੰਤੋਖ ਸਿੰਘ ਸੁਖਾਣਾ ਨੇ ਘੰਟਾ ਘਰ ਕੋਲ ਸਥਿਤ ਇਕ ਨਿੱਜੀ ਹੋਟਲ ਦੇ ਕਮਰੇ ਵਿਚ ਦਿੱਲੀ ਪੁਲਿਸ ਦੀ ਹਿਰਾਸਤ ਵਿਚ ਫਾਹਾ ਲੈ ਲਿਆ। ਦਿੱਲੀ ਪੁਲਿਸ ਸ਼ਨਿਚਰਵਾਰ ਸ਼ਾਮ ਸੁਖਾਣਾ ਨੂੰ ਲੈ ਕੇ ਲੁਧਿਆਣੇ ਆਈ ਸੀ। ਲੁਧਿਆਣਾ ਪੁਲਿਸ ਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ।



ਪੁਲਿਸ ਨੇ ਅਕਾਲੀ ਆਗੂ ਗੁਰਦੀਪ ਸਿੰਘ ਗੋਸ਼ਾ, ਪ੍ਰੀਤਮ ਸਿੰਘ ਭਰੋਵਾਲ, ਸੁਰੇਸ਼ ਕੁਮਾਰ, ਰਾਜੂ ਠੁਕਰਾਲ, ਚਰਨਜੀਤ ਸਿੰਘ, ਐਮਵੀ ਖ਼ਿਲਾਫ਼ ਖ਼ੁਦਕੁਸ਼ੀ ਲਈ ਮਜਬੂਰ ਕਰਨ ਤੇ ਦਿੱਲੀ ਪੁਲਿਸ ਦੇ ਇਕ ਸਬ-ਇੰਸਪੈਕਟਰ ਤੇ ਦੋ ਸਿਪਾਹੀਆਂ ਖ਼ਿਲਾਫ਼ ਡਿਊਟੀ ਵਿਚ ਅਣਗਹਿਲੀ ਦੇ ਕੇਸ ਦਰਜ ਕੀਤੇ ਹਨ। ਪਿੰਡ ਸੁਖਾਣਾ ਦੇ ਵਸਨੀਕ ਮ੍ਰਿਤਕ ਦੇ ਭਰਾ ਰਾਜਦੀਪ ਸਿੰਘ ਨੇ ਕਿਹਾ ਕਿ ਸੰਤੋਖ ਸਿੰਘ ਦਾ ਦਿੱਲੀ ਵਾਸੀ ਚਰਨਜੀਤ ਸਿੰਘ ਨਾਲ ਪੈਸਿਆਂ ਦਾ ਕੋਈ ਲੈਣ ਦੇਣ ਸੀ। ਘਟਨਾ ਤੋਂ ਤਿੰਨ ਦਿਨ ਪਹਿਲਾਂ ਦਿੱਲੀ ਪੁਲਿਸ ਨਾਲ ਚਰਨਜੀਤ ਸਿੰਘ ਆਇਆ ਸੀ ਤੇ ਉਹ ਸੰਤੋਖ ਨੂੰ ਆਪਣੇ ਨਾਲ ਲੈ ਗਏ ਸਨ। ਸ਼ਨਿਚਰਵਾਰ ਦੀ ਸ਼ਾਮ ਨੂੰ ਦਿੱਲੀ ਪੁਲਿਸ ਰਿਮਾਂਡ ਦੇ ਦੌਰਾਨ ਸੰਤੋਖ ਸਿੰਘ ਨੂੰ ਲੈ ਕੇ ਲੁਧਿਆਣਾ ਪੁੱਜੀ। ਉਹ ਘੰਟਾ ਘਰ ਕੋਲ ਸਥਿਤ ਇਕ ਹੋਟਲ ਵਿਚ ਕਮਰਾ ਲੈ ਕੇ ਰਾਤ ਭਰ ਉੱਥੇ ਹੀ ਰਹੇ। ਐਤਵਾਰ ਦੀ ਸਵੇਰੇ ਸੰਤੋਖ ਬਾਥਰੂਮ ਵਿਚ ਚਲਿਆ ਗਿਆ। ਉਸ ਨੇ ਗੀਜ਼ਰ ਦੇ ਨਾਲ ਪਰਨਾ ਬੰਨ੍ਹ ਕੇ ਫਾਹਾ ਲਾ ਲਿਆ।

# ਦਰਬਾਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਰਜੇ ਦੀ ਤਜਵੀਜ਼ ਨਹੀਂ

**ਨਵੀ ਦਿੱਲੀ:** ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਯੂਨੈਸਕੋ ਵੱਲੋਂ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਬਾਰੇ ਦੇਸ-ਵਿਦੇਸ ਵਿਚ ਚਲ ਰਹੀਆਂ ਗੰਭੀਰ ਚਰਚਾਵਾਂ ਦੇ ਮੱਦੇਨਜ਼ਰ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਵੱਲੋਂ ਭੇਜੇ ਗਏ ਪੱਤਰ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਉਸ ਵੱਲੋਂ ਅਜਿਹੀ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ। ਇਸ ਬਾਰੇ ਸ. ਤਰਲੋਚਨ ਸਿੰਘ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਯੂਨੈਸਕੋ ਵਿਚ ਵਿਸ਼ਵ ਵਿਰਾਸਤ ਦਾ ਦਰਜਾ ਦੁਆਉਣ ਦੇ ਮਸਲੇ ਬਾਰੇ ਨਾ ਸਿਰਫ ਵੱਡੀ ਪੱਧਰ 'ਤੇ ਗੰਭੀਰ ਚਰਚਾਵਾਂ ਦਾ ਸਿਲਸਿਲਾ ਜਾਰੀ ਸੀ ਬਲਕਿ ਕਈ ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਭਾਰੀ ਵਿਰੋਧ ਕਰਦਿਆਂ ਆਨਲਾਈਨ ਪਟੀਸ਼ਨ ਮੁਹਿੰਮ ਵੀ ਸ਼ੁਰੂ ਕੀਤੀ ਹੋਈ ਸੀ, ਇਹੀ ਨਹੀਂ ਸਗੋਂ ਆਮ ਸਿੱਖਾਂ ਵੱਲੋਂ ਵੀ ਉਨ੍ਹਾਂ (ਤਰਲੋਚਨ ਸਿੰਘ) ਨੂੰ ਭੇਜੇ ਜਾਣ ਵਾਲੇ ਸੁਨੇਹਿਆਂ ਰਾਹੀਂ ਕਾਫੀ ਚਿੰਤਾ ਜਤਾਈ ਜਾ ਰਹੀ ਸੀ।



ਇਸ ਮਸਲੇ ਬਾਰੇ ਸਿੱਖਾਂ ਵਿਚ ਵਧ ਰਹੀ ਸ਼ਸ਼ੋਪੰਜ ਦੀ ਸਥਿਤੀ ਨੂੰ ਖਤਮ ਕਰਨ ਲਈ ਉਨ੍ਹਾਂ ਨੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਡਾ. ਮਹੇਸ਼ ਸ਼ਰਮਾ (ਸੁਤੰਤਰ ਕਾਰਜਭਾਰ) ਨਾਲ ਮੁਲਾਕਾਤ ਕੀਤੀ। ਸਾਰੀ ਗੱਲਬਾਤ ਸੁਣਨ ਉਪਰੰਤ ਕੇਂਦਰੀ ਮੰਤਰੀ ਨੇ ਸਾਰੇ ਮਸਲੇ ਨੂੰ ਲਿਖਤੀ ਰੂਪ ਵਿਚ ਭੇਜਣ ਲਈ ਕਿਹਾ, ਜਿਸ ਤੋਂ ਬਾਅਦ ਉਨ੍ਹਾਂ (ਤਰਲੋਚਨ ਸਿੰਘ) ਨੇ ਇਕ ਪੱਤਰ ਭੇਜ ਕੇ ਕੇਂਦਰੀ ਮੰਤਰੀ ਨੂੰ ਇਸ ਸਾਰੇ ਮਸਲੇ ਤੇ ਸਿੱਖਾਂ ਦੀ ਚਿੰਤਾ ਤੋਂ ਜਾਣੂ ਕਰਵਾਇਆ।

ਇਸ ਪੱਤਰ ਵਿਚ ਇਹ ਵੀ ਪੁੱਛਿਆ ਗਿਆ ਕਿ ਜਦ ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਨੂੰ ਇਸ ਬਾਰੇ ਕਿਹਾ ਹੀ ਨਹੀਂ ਤੇ ਸਿੱਖਾਂ ਦੀ ਕੋਈ ਮੰਗ ਵੀ ਨਹੀਂ ਤਾਂ ਫਿਰ ਸਰਕਾਰ ਆਪਣੇ ਵੱਲੋਂ ਹੀ ਸ੍ਰੀ ਦਰਬਾਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਸਬੰਧੀ ਕਾਰਵਾਈ ਕਿਵੇਂ ਸ਼ੁਰੂ ਕਰ ਸਕਦੀ ਹੈ? ਜਾਇੰਟ ਸਕੱਤਰ ਸੰਜੀਵ ਮਿੱਤਲ ਵੱਲੋਂ ਭੇਜੇ ਗਏ ਜਵਾਬੀ ਪੱਤਰ ਰਾਹੀਂ ਸਾਰੇ ਖਦਸ਼ਿਆਂ ਨੂੰ ਦਰਕਿਨਾਰ ਕਰਦੇ ਹੋਏ ਕਿਹਾ ਗਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਸਬੰਧੀ ਸਰਕਾਰ ਦੀ ਕੋਈ ਯੋਜਨਾ ਨਹੀਂ ਹੈ ਤੇ ਇਸ ਸਬੰਧੀ ਕੋਈ ਕਾਰਵਾਈ ਵੀ ਨਹੀਂ ਕੀਤੀ ਗਈ ਹੈ।

ਸ. ਤਰਲੋਚਨ ਸਿੰਘ ਨੇ ਦੱਸਿਆ ਕਿ ਦਰਅਸਲ ਸਰਕਾਰ ਨੇ ਪੂਰੇ ਦੇਸ਼ ਵਿਚ 100 ਦੇ ਕਰੀਬ ਅਜਿਹੀਆਂ ਇਤਿਹਾਸਕ ਯਾਦਗਾਰਾਂ ਦੀ ਸੰਭਾਵਿਤ ਸੂਚੀ ਬਣਾਈ ਹੈ, ਜਿਨ੍ਹਾਂ ਬਾਰੇ ਲਿਖਿਆ ਗਿਆ ਹੈ ਕਿ ਇਨ੍ਹਾਂ ਨੂੰ ਵਿਰਾਸਤੀ ਦਰਜਾ ਮਿਲਣਾ ਚਾਹੀਦਾ ਹੈ ਤੇ ਇਸ ਸੂਚੀ ਵਿਚ ਦਰਬਾਰ ਸਾਹਿਬ ਦਾ ਨਾਂ ਵੀ ਸ਼ਾਮਲ ਹੈ ਪਰ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸ੍ਰੀ ਦਰਬਾਰ ਸਾਹਿਬ ਨੂੰ ਵਿਰਾਸਤੀ ਦਰਜਾ ਦਿਵਾਉਣ ਵਾਸਤੇ ਯੂਨੈਸਕੋ ਕੋਲ ਭੇਜਣ ਦਾ ਕੋਈ ਇਰਾਦਾ ਨਹੀਂ ਹੈ। ਇਕ ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਸ. ਤਰਲੋਚਨ ਸਿੰਘ ਨੇ ਦੱਸਿਆ ਕਿ ਪਿਛੋਕੜ ਵਿਚ ਇਕ ਵਾਰੀ ਸ਼੍ਰੋਮਣੀ ਕਮੇਟੀ ਮੈਂਬਰ ਕਿਰਨਜੋਤ ਕੌਰ ਦੇ ਕਹਿਣ ਉਤੇ ਵਿਰਾਸਤੀ ਦਰਜਾ ਦਿਵਾਉਣ ਬਾਰੇ ਤਜਵੀਜ਼ ਰੱਖੀ ਗਈ ਸੀ ਤਦ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਸ ਨੂੰ ਰੱਦ ਕਰਵਾ ਦਿੱਤਾ ਸੀ ਪਰ ਉਸ ਵੇਲੇ ਦਾ ਸਰਕਾਰ ਦੀ ਸੂਚੀ ਵਿਚ ਨਾਂ ਪਿਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ ਉਤੇ ਸਿੱਖਾਂ ਦੇ ਇਸ ਪਵਿੱਤਰ ਅਸਥਾਨ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਵਿਰੁੱਧ ਇਕ ਮੁਹਿੰਮ ਚੱਲ ਰਹੀ ਹੈ ਤੇ ਇਕ ਸਿੱਖ ਜਥੇਬੰਦੀ ਵੱਲੋਂ ਇਸ ਦੇ ਵਿਰੋਧ ਵਿਚ ਆਨ ਲਾਈਨ ਪਟੀਸ਼ਨ ਵੀ ਦਰਜ ਕਰਵਾਈ ਗਈ ਹੈ। ਸਿੱਖਾਂ ਦੀ ਚਿੰਤਾ ਹੈ ਕਿ ਸ੍ਰੀ ਦਰਬਾਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਮਿਲਣ ਨਾਲ ਇਸ ਦੇ ਪ੍ਰਬੰਧ ਵਿਚ ਸਰਕਾਰੀ ਦਖਲਅੰਦਾਜ਼ੀ ਦਾ ਰਾਹ ਖੁੱਲ ਜਾਵੇਗਾ।

# ਪੰਜਾਬ ਵਿਚ ਐਚ.ਆਈ.ਵੀ. ਦੇ 46 ਹਜ਼ਾਰ ਕੇਸ

**ਬਠਿੰਡਾ:** ਪੰਜਾਬ ਵਿਚ 46 ਹਜ਼ਾਰ ਲੋਕ ਐਚ.ਆਈ.ਵੀ. ਦੇ ਸ਼ਿਕਾਰ ਹਨ। ਇਹ ਤਾਜ਼ਾ ਸਰਕਾਰੀ ਅੰਕੜਾ ਹੈ, ਜੋ 28 ਲੱਖ 16 ਹਜ਼ਾਰ 731 ਲੋਕਾਂ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ। ਜਦੋਂ ਕਿ ਮੌਜੂਦਾ ਸਮੇਂ ਪੰਜਾਬ ਦੀ ਕੁੱਲ ਆਬਾਦੀ ਇਸ ਤੋਂ 10 ਗੁਣਾ ਭਾਵ ਪੌਣੇ ਤਿੰਨ




ਕਰੋੜ ਦੇ ਕਰੀਬ ਹੈ। ਇਸ ਲਈ ਵਿਆਪਕ ਜਾਂਚ ਦਾ ਅੰਕੜਾ ਇਸ ਤੋਂ ਵੀ ਭਿਆਨਕ ਹੋ ਸਕਦਾ ਹੈ। ਸੂਚਨਾ ਅਧਿਕਾਰ ਐਕਟ 2005 ਤਹਿਤ ਮੰਗੀ ਗਈ ਜਾਣਕਾਰੀ ਅਨੁਸਾਰ ਅਪਰੈਲ 2015 ਤੱਕ ਪੰਜਾਬ ਵਿਚ ਜਾਂਚ ਕੀਤੇ ਗਏ 2816731 ਵਿਅਕਤੀਆਂ ਵਿਚੋਂ 45948 ਵਿਅਕਤੀ ਐਚ.ਆਈ.ਵੀ. ਪਾਜ਼ਿਟਿਵ ਸਨ।

ਇਸ ਤਰ੍ਹਾਂ ਏਡਜ਼ ਵਰਗੀ ਲਾਇਲਾਜ਼ ਬਿਮਾਰੀ ਦੀ ਮਾਰ ਹੇਠ ਆਏ ਲੋਕਾਂ ਦੀ ਇਹ ਦਰ 1.63 ਫੀਸਦੀ ਬਣਦੀ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਐਚ.ਆਈ.ਵੀ. ਪੀੜਤਾਂ ਦੀ ਗਿਣਤੀ ਪੂਰੇ ਪੰਜਾਬ ਵਿਚੋਂ ਵੱਧ ਭਾਵ 3.19 ਫੀਸਦੀ ਹੈ। ਇਸ ਜ਼ਿਲ੍ਹੇ ਵਿਚ ਜਾਂਚੇ ਗਏ ਕੁੱਲ 387437 ਵਿਅਕਤੀਆਂ ਵਿਚੋਂ 12372 ਨੂੰ ਐਚ.ਆਈ.ਵੀ. ਪਾਜ਼ਿਟਿਵ ਹੋਣ ਦੀ ਪੁਸ਼ਟੀ ਹੋਈ ਹੈ। ਦੂਜਾ ਨੰਬਰ ਜਲੰਧਰ 2.84 ਫੀਸਦੀ (170378 'ਚੋਂ 4847) ਤੇ ਤੀਜਾ ਨੰਬਰ ਪਟਿਆਲਾ 2.10 ਫੀਸਦੀ (283188 'ਚੋਂ 5955) ਦਾ ਆਉਂਦਾ ਹੈ। ਜਦੋਂ ਕਿ ਮੁਹਾਲੀ, ਸ੍ਰੀ ਮੁਕਤਸਰ ਸਾਹਿਬ ਤੇ ਫਾਜ਼ਿਲਕਾ ਵਿਚ ਏਡਜ਼ ਰੋਗੀਆਂ ਦੀ ਦਰ ਸਭ ਤੋਂ ਘੱਟ ਕ੍ਰਮਵਾਰ 0.49, 0.50 ਅਤੇ 0.52 ਫੀਸਦੀ ਹੈ। ਮਾਲਵੇ ਦੇ ਕੇਂਦਰੀ ਜ਼ਿਲ੍ਹੇ ਬਠਿੰਡਾ ਵਿਚ ਏਡਜ਼ ਰੋਗੀਆਂ ਦੀ ਦਰ 1.26 ਫੀਸਦੀ (134691 'ਚੋਂ 1699 ) ਹੈ। ਜਦੋਂ ਕਿ ਬਠਿੰਡਾ ਦੇ ਗੁਆਂਢੀ ਜ਼ਿਲ੍ਹੇ ਮਾਨਸਾ ਵਿਚ ਇਹ ਦਰ 0.66 ਫੀਸਦੀ (71706 'ਚੋਂ 470) ਤੇ ਬਰਨਾਲਾ ਵਿਚ 0.62 ਫੀਸਦੀ (60128 'ਚੋਂ 372 ) ਹੈ। ਜ਼ਿਲ੍ਹਾ ਤਰਨਤਾਰਨ ਵਿਚ 1.97 ਫੀਸਦੀ ਤੇ ਫਰੀਦਕੋਟ ਵਿਚ 1.96 ਫੀਸਦੀ ਲੋਕ ਐਚ.ਆਈ.ਵੀ. ਦੀ ਜਕੜ ਵਿਚ ਹਨ।

ਨਸ਼ਿਆਂ (ਚਿੱਟੇ) ਕਾਰਨ ਪਿਛਲੇ ਦਿਨੀਂ ਚਰਚਾ ਵਿਚ ਰਹੇ ਮੋਗਾ ਜ਼ਿਲ੍ਹੇ ਵਿਚ ਵੀ ਏਡਜ਼ ਰੋਗੀਆਂ ਦੀ ਗਿਣਤੀ 1.61 ਫੀਸਦੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਚ 0.81, ਫਿਰੋਜ਼ਪੁਰ ਵਿਚ 1.27, ਗੁਰਦਾਸਪੁਰ ਵਿਚ 1.46, ਹੁਸ਼ਿਆਰਪੁਰ ਵਿਚ 1.03, ਕਪੂਰਥਲਾ ਵਿਚ 1.10, ਲੁਧਿਆਣਾ ਵਿਚ 1.32, ਨਵਾਂਸ਼ਹਿਰ ਵਿਚ 1.31, ਪਠਾਨਕੋਟ ਵਿਚ 1.09, ਰੋਪੜ ਵਿਚ 0.96 ਅਤੇ ਸੰਗਰੂਰ ਵਿਚ 0.92 ਫੀਸਦੀ ਲੋਕ ਐਚ.ਆਈ.ਵੀ. ਦੇ ਸ਼ਿਕਾਰ ਹਨ। ਡਾਕਟਰੀ ਮਾਹਿਰਾਂ ਅਨੁਸਾਰ ਐਚ.ਆਈ.ਵੀ. ਇਕ ਹਿਊਮਨ ਇਮੀਊਨੋ ਡੈਫੀਸ਼ੈਂਸੀ ਨਾਂ ਦਾ ਵਾਇਰਸ ਹੈ, ਜੋ ਮਨੁੱਖੀ ਸਰੀਰ ਦੇ ਅੰਦਰ ਦਾਖ਼ਲ ਹੋ ਕੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਖ਼ਤਮ ਕਰ ਦਿੰਦਾ ਹੈ, ਜੋ ਅੱਗੇ ਚੱਲ ਕੇ ਏਡਜ਼ ਦਾ ਕਾਰਨ ਬਣਦਾ ਹੈ। ਮੁੱਖ ਤੌਰ ਉਤੇ ਐਚ. ਆਈ.ਵੀ. ਅਣ-ਸੁਰੱਖਿਅਤ ਸਰੀਰਕ ਸਬੰਧਾਂ, ਐਚ.ਆਈ.ਵੀ ਪ੍ਰਭਾਵਿਤ ਖੂਨ ਜਾਂ ਖੂਨ ਵਾਲੇ ਪਦਾਰਥ ਸਰੀਰ ਵਿਚ ਚੜ੍ਹਾਉਣ ਤੇ ਪ੍ਰਭਾਵਿਤ ਗਰਭਵਤੀ ਮਾਂ ਰਾਹੀਂ ਬੱਚੇ ਨੂੰ ਹੁੰਦੀ ਹੈ।

# ਬੁੱਤ-ਤਰਾਸ਼ ਸ਼ਿਵ ਸਿੰਘ ਦਾ ਦੇਹਾਂਤ

**ਚੰਡੀਗੜ੍ਹ:** ਉੱਘੇ ਬੁੱਤਸਾਜ਼ ਸ਼ਿਵ ਸਿੰਘ ਦਾ ਪੰਚਕੂਲਾ ਸਥਿਤ ਆਪਣੇ ਘਰ ਵਿਚ ਸੰਖੇਪ ਜਿਹੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। ਸਾਲ 1938 ਵਿਚ ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਵਿਚ ਜਨਮੇ ਇਸ ਬੁੱਤਸਾਜ਼ ਨੇ 1958 ਤੋਂ ਲੈ ਕੇ 1963 ਤੱਕ ਪੰਜਾਬ ਕਾਲਜ ਆਫ਼ ਆਰਟਸ ਵਿੱਚ ਪੜ੍ਹਾਈ ਕੀਤੀ ਤੇ 1968 ਤੱਕ ਪਹਿਲਾਂ ਕਪੂਰਥਲਾ ਦੇ ਸੈਨਿਕ ਸਕੂਲ ਵਿਚ ਪੜ੍ਹਾਇਆ ਤੇ ਮਗਰੋਂ ਚੰਡੀਗੜ੍ਹ ਦੇ ਸਰਕਾਰੀ ਹੋਮ ਸਾਇੰਸ ਕਾਲਜ ਵਿਚ ਪ੍ਰੋਫੈਸਰ ਲੱਗ ਗਏ। ਇਥੋਂ ਉਹ 1996 ਵਿਚ ਸੇਵਾਮੁਕਤ ਹੋ ਗਏ। ਸ਼ਿਵ ਸਿੰਘ ਬੁੱਤਤਰਾਸ਼ੀ ਨੂੰ ਸੰਪੂਰਨ ਤੌਰ ਉਤੇ ਸਮਰਪਿਤ ਸੀ। ਉਸ ਦੇ ਕੰਮ ਵਿਚ ਸਪੱਸ਼ਟਤਾ ਸੀ। ਇਸੇ ਕਰਕੇ ਉਸ ਦੇ ਬੁੱਤ ਦਿਲਾਂ ਨੂੰ ਛੂਹ ਜਾਂਦੇ ਸਨ। ਸ਼ਿਵ ਸਿੰਘ ਸਾਰੀ ਉਮਰ ਵੱਖਰੇ ਆਕਾਰਾਂ ਨਾਲ ਜੁੜਿਆ ਰਿਹਾ। ਉਹ ਖਿਆਲਾਂ ਦੀ ਤਰਜ਼ ਵਿਚ ਯਕੀਨ ਨਹੀਂ ਰੱਖਦਾ ਸੀ। ਉਹ ਆਪਣੇ ਕੰਮ ਰਾਹੀਂ ਸ਼ਖ਼ਸੀਅਤਾਂ ਦੇ ਠੋਸ ਤੱਤ ਪੇਸ਼ ਕਰਦਾ ਸੀ। ਪੰਜਾਬ ਵਿਚ ਕਲਾ ਦੀ ਦ੍ਰਿਸ਼ਾਵਲੀ ਨੂੰ ਸਾਹਮਣੇ ਰੱਖ ਕੇ ਦੇਖਿਆ ਜਾਵੇ ਤਾਂ ਸ਼ਿਵ ਸਿੰਘ ਪੰਜਾਬ ਵਿਚ ਮਾਡਰਨ ਆਰਟ ਸ਼ੁਰੂ ਕਰਨ ਵਾਲੀ ਦੂਜੀ ਪੀੜ੍ਹੀ ਨਾਲ ਸਬੰਧਤ ਸੀ। ਪਹਿਲੀ ਪੀੜ੍ਹੀ ਵਿਚ ਅਜੈਬ ਸਿੰਘ ਚਿੱਤਰਕਾਰ ਤੇ ਸੋਹਨ ਕਾਦਰੀ ਆਉਂਦੇ ਸਨ। ਉਂਜ ਅਜੈਬ ਸਿੰਘ, ਕਾਦਰ ਤੇ ਸ਼ਿਵ ਸਿੰਘ-ਤਿੰਨਾਂ ਨੇ ਹੀ ਆਪਣੀ ਕਲਾ-ਸੂਹਜ ਨੂੰ ਵਿਦੇਸ਼ ਜਾ ਕੇ ਨਿਖਾਰਿਆ।

# ਔਰਬਿਟ ਕੇਸ: ਜਾਂਚ ਤੇ ਕਾਰਵਾਈ ਦੇ ਪਹੀਏ ਜਾਮ...

**ਮੋਗਾ:** ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀ ਬੱਸ ਵਿਚ ਦੋ ਮਹੀਨੇ ਪਹਿਲਾਂ ਇਕ 14 ਸਾਲਾ ਲੜਕੀ ਨੂੰ ਛੇੜਛਾੜ ਪਿੱਛੋਂ ਹੇਠਾਂ ਸੁੱਟਣ ਦੇ ਮਾਮਲੇ ਵਿਚ ਪੰਜਾਬ ਟਰਾਂਸਪੋਰਟ ਵਿਭਾਗ ਨੇ ਇਸ ਕੰਪਨੀ ਖਿਲਾਫ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ। ਜਦੋਂ ਕਿ ਖੇਤਰੀ ਟਰਾਂਸਪੋਰਟ ਅਥਾਰਟੀ ਪਟਿਆਲਾ ਨੇ ਕੁਝ ਦਿਨ ਪਹਿਲਾਂ ਰਾਜਦੀਪ ਬੱਸ ਕੰਪਨੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ ਜਿਸ 'ਤੇ ਤਿੰਨ ਮਈ ਨੂੰ ਖੰਨਾ ਪੁਲਿਸ ਥਾਣੇ ਵਿਚ ਛੇੜਛਾੜ ਦਾ ਮਾਮਲਾ ਦਰਜ ਕੀਤਾ ਗਿਆ ਸੀ।




ਅਥਾਰਟੀ ਨੇ ਬੱਸ ਕੰਪਨੀ ਦਾ ਪਰਮਿਟ ਰੱਦ ਕਰਨ ਦੀ ਧਮਕੀ ਵੀ ਦਿੱਤੀ ਗਈ ਹੈ ਜਦੋਂ ਕਿ ਇਸ ਤੋਂ ਵੀ ਗੰਭੀਰ ਔਰਬਿਟ ਬੱਸ ਵਾਲੇ ਮਾਮਲੇ ਵਿਚ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਗਈ। ਟਰਾਂਸਪੋਰਟ ਵਿਭਾਗ ਦੀ ਇਸ ਕਾਰਵਾਈ ਤੋਂ ਇਹ ਸਵਾਲ ਉਠੇ ਹਨ ਕਿ ਹਾਕਮ ਧਿਰ ਦੀ ਬੱਸ ਕੰਪਨੀ ਉਤੇ ਇਹ ਕਾਨੂੰਨੀ ਕਿਉਂ ਲਾਗੂ ਨਹੀਂ ਹੋ ਰਿਹਾ?

ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ 19 ਮਈ ਨੂੰ ਸੁਣਵਾਈ ਦੌਰਾਨ ਪੰਜਾਬ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੂੰ ਬੱਸ ਅਪਰੇਟਰਾਂ 'ਤੇ ਕਾਰਵਾਈ ਬਾਰੇ ਪੁੱਛਿਆ ਸੀ। ਅਦਾਲਤ ਨੇ ਸੁਣਵਾਈ ਦੌਰਾਨ ਇਹ ਪਾਇਆ ਕਿ ਇਸ ਮਾਮਲੇ ਵਿਚ ਦੋਸ਼ੀਆਂ ਖਿਲਾਫ ਢਿੱਲ ਵਰਤੀ ਗਈ ਹੈ ਤੇ ਬੱਸ ਅਪਰੇਟਰ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।

ਟਰਾਂਸਪੋਰਟ ਅਥਾਰਟੀ ਬਠਿੰਡਾ ਦਾ ਕਹਿਣਾ ਹੈ ਕਿ ਸਰਕਾਰ ਔਰਬਿਟ ਵਿਰੁੱਧ ਫਿਲਹਾਲ ਕੋਈ ਕਾਰਵਾਈ ਨਹੀਂ ਕਰ ਸਕਦੀ। ਇਹ ਮਾਮਲਾ ਅਦਾਲਤ ਵਿਚ ਹੈ ਤੇ ਹਾਈਕੋਰਟ ਇਸ ਦੀ ਸੁਣਵਾਈ ਕਰ ਰਿਹਾ ਹੈ। ਹਾਈਕੋਰਟ ਦੇ ਵਕੀਲ ਐਚ.ਸੀ. ਅਰੋੜਾ ਦਾ ਕਹਿਣਾ ਹੈ ਕਿ ਇਹ ਮਾਮਲਾ ਸਿਰਫ ਅਦਾਲਤੀ ਹੀ ਨਹੀਂ ਹੈ। ਜੇਕਰ ਸਰਕਾਰ ਰਾਜਦੀਪ ਬੱਸ ਕੰਪਨੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦੀ ਹੈ ਤਾਂ ਇਹੀ ਕਾਨੂੰਨ ਦੂਜਿਆਂ 'ਤੇ ਵੀ ਲਾਗੂ ਹੋਣੇ ਚਾਹੀਦੇ ਹਨ। ਮੋਗਾ ਘਟਨਾ ਤੋਂ ਬਾਅਦ ਅਰੋੜਾ ਨੇ ਪੰਜਾਬ ਚੀਫ ਸੈਕਟਰੀ ਤੇ ਟਰਾਂਸਪੋਰਟ ਅਥਾਰਟੀ ਨੂੰ ਕਾਨੂੰਨੀ ਨੋਟਿਸ ਭੇਜਿਆ ਜਿਸ ਵਿਚ ਛੇੜਛਾੜ ਮਾਮਲੇ ਵਿਚ ਸ਼ਾਮਲ ਬੱਸਾਂ ਦਾ ਪਰਮਿਟ ਰੱਦ ਕਰਨ ਲਈ ਕਿਹਾ ਗਿਆ ਸੀ। ਅਰੋੜਾ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜੇਕਰ ਕਿਤੇ ਵਹਿਕਲ ਵਿਚ ਕਿਸੇ ਯਾਤਰੀ ਜਾਂ ਹੋਰ ਵਿਅਕਤੀ ਵੱਲੋਂ ਛੇੜਛਾੜ ਕੀਤੀ ਜਾਂਦੀ ਹੈ ਤਾਂ ਅਜਿਹੇ ਵਹਿਕਲ ਨੂੰ ਨੇੜੇ ਦੇ ਪੁਲਿਸ ਸਟੇਸ਼ਨ ਲਿਜਾਇਆ ਜਾਵੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਬੱਸ ਦਾ ਪਰਮਿਟ ਰੱਦ ਕਰ ਦਿੱਤਾ ਜਾਵੇਗਾ।

ਦੱਸਣਯੋਗ ਹੈ ਕਿ ਮੋਗਾ ਵਿਚ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀ ਚੱਲਦੀ ਬੱਸ ਵਿਚ 13 ਸਾਲਾ ਲੜਕੀ ਨਾਲ ਛੇੜਛਾੜ ਪਿੱਛੋਂ ਬੱਸ ਤੋਂ ਥੱਲੇ ਸੁੱਟ ਦਿੱਤਾ ਗਿਆ ਸੀ ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਘਟਨਾ ਦੀ ਜ਼ਿੰਮੇਵਾਰੀ ਲੈਣ ਦੀ ਥਾਂ ਬਾਦਲ ਪਰਿਵਾਰ ਬੱਸ ਦੀ ਮਾਲਕੀ ਨੂੰ ਲੈ ਕੇ ਅੜਿਆ ਰਿਹਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਬਿਨਾਂ ਪਰਿਵਾਰ ਦਾ ਕੋਈ ਵੀ ਜੀਅ ਇਹ ਮੰਨਣ ਨੂੰ ਤਿਆਰ ਨਾ ਹੋਇਆ ਕਿ ਬੱਸ ਉਨ੍ਹਾਂ ਦੀ ਕੰਪਨੀ ਦੀ ਹੈ।

ਮੋਗਾ ਬੱਸ ਕਾਂਡ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਵਿਚ ਪੁਲਿਸ ਸਮੇਤ ਸਮੁੱਚੇ ਸਰਕਾਰੀ ਤੰਤਰ ਦਾ ਜ਼ੋਰ ਲੱਗਾ ਹੋਇਆ ਹੈ। ਔਰਬਿਟ ਬੱਸ ਕੰਪਨੀ ਦੇ ਮਾਲਕ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਉਤੇ ਅੜੇ ਅਰਸ਼ਦੀਪ ਦੇ ਪਰਿਵਾਰ ਵੱਲੋਂ ਅਚਾਨਕ ਸਮਝੌਤੇ ਲਈ ਰਾਜ਼ੀ ਹੋਣ 'ਤੇ ਵੀ ਸਵਾਲ ਉਠੇ ਸਨ।


# ਸਿੱਖ ਗੁਰਦੁਆਰਾ, ਸੈਨ ਹੋਜ਼ੇ

ਸਤਿਕਾਰਯੋਗ ਸਾਧ ਸੰਗਤ ਜੀ
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਤਾਰੀਖ ਅਦਾਲਤੀ ਹੁਕਮਾਂ ਅਧੀਨ 30 ਅਗਸਤ ਮਿਥ ਦਿੱਤੀ ਗਈ ਹੈ। ਇਹ ਚੋਣਾਂ ਅਦਾਲਤ ਵਲੋਂ ਨਿਯੁਕਤ ਕੀਤੀ ਗਈ ਇਲੈਕਸ਼ਨ ਕਮੇਟੀ ਦੀ ਨਿਗਰਾਨੀ ਹੇਠ ਹੋਣਗੀਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਉਮੀਦਵਾਰਾਂ ਵਲੋਂ ਨਾਮਜ਼ਦਗੀਆਂ 15 ਜੁਲਾਈ 2015 ਤੱਕ ਭਰੀਆਂ ਜਾ ਸਕਦੀਆਂ ਹਨ। ਇਲੈਕਸ਼ਨ ਕਮੇਟੀ ਵਲੋਂ ਨਾਮਜ਼ਦਗੀਆਂ ਲੈਣ ਲਈ ਨਿਰਧਾਰਤ ਦਿਨ ਅਤੇ ਸਮੇਂ ਦਾ ਵੇਰਵਾ ਇਸ ਤਰ੍ਹਾਂ ਹੈ:

8 ਜੁਲਾਈ ਬੁੱਧਵਾਰ ਸ਼ਾਮ 6 ਤੋਂ 8 ਵਜੇ ਤੱਕ
12 ਜੁਲਾਈ ਐਤਵਾਰ ਦੁਪਹਿਰ 12 ਤੋਂ 2 ਵਜੇ ਤੱਕ
15 ਜੁਲਾਈ ਬੁੱਧਵਾਰ ਸ਼ਾਮ 6 ਤੋਂ 8 ਵਜੇ ਤੱਕ

ਉਮੀਦਵਾਰਾਂ ਵਲੋਂ ਅਰਜੀਆਂ ਇਲੈਕਸ਼ਨ ਕਮੇਟੀ ਨੂੰ ਖ਼ਾਲਸਾ ਸਕੂਲ ਦੇ ਕਮਰਾ ਨੰਬਰ 166 ਵਿਚ ਖੁਦ ਹਾਜਰ ਹੋ ਕੇ ਦਿੱਤੀਆਂ ਜਾ ਸਕਦੀਆਂ ਹਨ।

ਨਾਮਜ਼ਦਗੀ ਫਾਰਮ ਗੁਰਦੁਆਰਾ ਸਾਹਿਬ ਦੀ ਵੈਬਸਾਈਟ ਤੋਂ ਜਾਂ ਇਲੈਕਸ਼ਨ ਕਮੇਟੀ ਨਾਲ ਸੰਪਰਕ ਕਰਕੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਹੋਰ ਜਾਣਕਾਰੀ ਲਈ ਇਲੈਕਸ਼ਨ ਕਮੇਟੀ ਨਾਲ ਸੰਪਰਕ ਫੋਨ ਨੰਬਰ 408-320-8265 ਰਾਹੀਂ ਜਾਂ ਈ ਮੇਲ electioncommittee@gmail.com ਰਾਹੀਂ ਕੀਤਾ ਜਾ ਸਕਦਾ ਹੈ।



Respected Sadh Sangat Ji,
Waheguru Ji Ka Khalsa
Waheguru Ji Ki Fateh

Under directions of the court order, Sunday August 30, 2015 has been declared as the election day for Prabandhak Committee of Sikh Gurdwara San Jose, CA.

These elections will be held under the supervision of the election committee appointed by the court. Election Committee is to inform the Sangat that nominations of the candidates for Prabandhak Committee will be accepted until July 15, 2015 Prospective candidates can obtain the nomination forms from the Website of the Gurdwara, information desk or by contacting the Election Committee. Completed nomination forms must be submitted in person to Election Committee at Sikh Gurdwara San Jose at Room 166 of Khalsa School as follows:

July 8th 6 to 8 pm, July 12th 12 to 2 pm
and July 15th, 2015 from 6 to 8 pm

For additional information or questions please contact Election Committee at electioncommittee@gmail.com or phone 408-320-8265

**THIS AD IS APPROVED BY ELECTION COMMITTEE**

Advt.

# ਹੁਣ ਸਮਾਰਟ ਸ਼ਹਿਰਾਂ ਦੀ ਕਾਣੀ ਵੰਡ ਦਾ ਮਸਲਾ ਭਖਣ ਲੱਗਾ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਮੁਲਕ ਦੇ ਵੱਖ-ਵੱਖ ਸੂਬਿਆਂ ਨੂੰ ਦਿੱਤਾ ਗਿਆ 100 ਸਮਾਰਟ ਸ਼ਹਿਰਾਂ ਦਾ ਤੋਹਫ਼ਾ ਵਿਵਾਦਾਂ ਵਿਚ ਘਿਰਦਾ ਨਜ਼ਰ ਆ ਰਿਹਾ ਹੈ। ਇਸ ਸਕੀਮ ਤਹਿਤ ਸਮਾਰਟ ਸ਼ਹਿਰਾਂ ਦੀ ਵੰਡ ਕਰਨ ਵਿਚ ਭਾਜਪਾ ਦੀ ਅਗਵਾਈ ਵਾਲੇ ਸੂਬਿਆਂ ਨੂੰ ਵੱਧ ਤੇ ਕਾਂਗਰਸ ਦੀਆਂ ਸਰਕਾਰਾਂ ਵਾਲੇ ਸੂਬਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਜਿਨ੍ਹਾਂ ਸੂਬਿਆਂ ਵਿਚ ਆਉਣ ਵਾਲੇ ਦੋ ਸਾਲਾਂ ਦੌਰਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉਨ੍ਹਾਂ ਵੱਲ ਵੀ ਖ਼ਾਸ ਖ਼ਿਆਲ ਰੱਖਿਆ ਗਿਆ ਹੈ ਤਾਂ ਜੋ ਚੋਣਾਂ ਸਮੇਂ ਇਸ ਗੱਲ ਦਾ ਸਿਆਸੀ ਲਾਹਾ ਲਿਆ ਜਾ ਸਕੇ। ਸਕੀਮ ਦੀ ਸ਼ੁਰੂਆਤ ਕਰਦਿਆਂ 100 ਸਮਾਰਟ ਸ਼ਹਿਰਾਂ ਦੀ ਸੂਬਾ ਵਾਰ ਸੂਚੀ ਅਨੁਸਾਰ ਸਭ ਤੋਂ ਵੱਧ ਸਮਾਰਟ ਸ਼ਹਿਰਾਂ ਦਾ ਤੋਹਫ਼ਾ ਜਿਹੜੇ 11 ਸੂਬਿਆਂ ਨੂੰ ਦਿੱਤਾ ਗਿਆ ਹੈ, ਉਨ੍ਹਾਂ ਵਿਚੋਂ ਛੇ ਵਿਚ ਭਾਜਪਾ ਜਾਂ ਉਸ ਦੇ ਸਹਿਯੋਗੀਆਂ ਦੀ ਸਰਕਾਰ ਹੈ ਜਦੋਂਕਿ ਬਾਕੀ ਪੰਜ ਸੂਬਿਆਂ ਵਿਚੋਂ ਚਾਰ ਵਿਚ ਅਗਲੇ ਦੋ ਸਾਲਾਂ ਦੌਰਾਨ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ।




ਮੁਲਕ ਦੇ ਸਿਆਸੀ ਮਹੱਤਵ ਵਾਲੇ ਸੂਬੇ ਉੱਤਰ ਪ੍ਰਦੇਸ਼ ਨੂੰ ਸਭ ਤੋਂ ਵੱਧ 13 ਸਮਾਰਟ ਸ਼ਹਿਰਾਂ ਦਾ ਤੋਹਫ਼ਾ ਮਿਲਿਆ ਹੈ ਜਦੋਂਕਿ ਤਾਮਿਲ ਨਾਡੂ ਨੂੰ 12 ਤੇ ਮਹਾਂਰਾਸ਼ਟਰ ਨੂੰ 13 ਸਮਰਾਟ ਸ਼ਹਿਰ ਅਲਾਟ ਹੋਏ ਹਨ। ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਸਮਾਰਟ ਸ਼ਹਿਰਾਂ ਦੀ ਵੰਡ ਕਰਨ ਲਈ ਉਨ੍ਹਾਂ ਦੀ ਸ਼ਹਿਰੀ ਵਸੋਂ ਨੂੰ ਧਿਆਨ ਵਿਚ ਰੱਖਣ ਦੇ ਮਾਪਦੰਡ ਤੈਅ ਕੀਤੇ ਗਏ ਸਨ ਪਰ ਕੀਤੀ ਗਈ ਵੰਡ ਇਨ੍ਹਾਂ ਮਾਪਦੰਡਾਂ ਅਨੁਸਾਰ ਹੋਣ ਦੀ ਥਾਂ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਹੋਈ ਜਾਪਦੀ ਹੈ।

ਸਮਾਰਟ ਸ਼ਹਿਰ ਯੋਜਨਾ ਨੂੰ ਮੋਦੀ ਸਰਕਾਰ ਦੇ ਇਕ ਮਹੱਤਵਪੂਰਨ ਪ੍ਰੋਗਰਾਮ ਵਜੋਂ ਵੇਖਿਆ ਜਾ ਰਿਹਾ ਹੈ। ਲੋਕ ਸਭਾ ਚੋਣਾਂ ਸਮੇਂ ਭਾਜਪਾ ਵੱਲੋਂ ਜਾਰੀ ਕੀਤੇ ਗਏ ਚੋਣ ਮੈਨੀਫੈਸਟੋ ਵਿਚ ਇਹ ਸਕੀਮ ਪ੍ਰਮੁੱਖਤਾ ਨਾਲ ਦਰਜ ਕੀਤੀ ਤੇ ਪ੍ਰਚਾਰੀ ਗਈ ਸੀ। ਇਸ ਸਕੀਮ ਦੇ ਪਹਿਲੇ ਸਾਲ 2015-16 ਦੌਰਾਨ 20 ਸ਼ਹਿਰਾਂ ਨੂੰ ਸਮਾਰਟ ਬਣਾਉਣ ਲਈ ਫੰਡ ਜਾਰੀ ਕੀਤੇ ਜਾਣਗੇ ਜਦੋਂਕਿ 40 ਨੂੰ 2016-17 ਵਿਚ ਤੇ ਬਾਕੀ 40 ਨੂੰ ਉਸ ਤੋਂ ਅਗਲੇ ਸਾਲ ਇਸ ਸਕੀਮ ਤਹਿਤ ਵਿਕਸਿਤ ਕੀਤਾ ਜਾਵੇਗਾ।

ਇਸ ਪ੍ਰਾਜੈਕਟ ਤਹਿਤ ਹਰ ਸਮਾਰਟ ਸ਼ਹਿਰ ਨੂੰ ਵਪਾਰ, ਸਨਅਤ ਤੇ ਰੁਜ਼ਗਾਰ ਵਧਾਉਣ ਲਈ 500 ਕਰੋੜ ਰੁਪਏ ਦਿੱਤੇ ਜਾਣਗੇ ਪਰ ਇਹ ਰਕਮ ਕੇਂਦਰ ਸਰਕਾਰ ਤੋਂ ਲੈਣ ਲਈ ਤਜਵੀਜ਼ਤ ਸ਼ਹਿਰਾਂ ਨੂੰ ਮੁਕਾਬਲੇਬਾਜ਼ੀ ਰਾਹੀਂ ਵਿਕਾਸ ਦੇ ਮੈਦਾਨ ਵਿਚ ਨਿੱਤਰਨਾ ਹੋਵੇਗਾ। ਇਨ੍ਹਾਂ ਸ਼ਹਿਰਾਂ 'ਚ ਲੋਕਾਂ ਨੂੰ ਸਿਹਤ, ਸਿੱਖਿਆ ਤੇ ਸੜਕਾਂ ਆਦਿ ਜਿਹੇ ਵਧੀਆ ਬੁਨਿਆਦੀ ਢਾਂਚੇ ਦੇ ਨਾਲ ਨਾਲ 24 ਘੰਟੇ ਬਿਜਲੀ, ਪਾਣੀ, ਤੇਜ਼ ਰਫ਼ਤਾਰ ਗੱਡੀਆਂ ਤੇ ਸੁਰੱਖਿਆ ਪ੍ਰਬੰਧ ਮੁਹੱਈਆ ਕਰਵਾਏ ਜਾਣਗੇ।

ਸਮਾਰਟ ਸ਼ਹਿਰ ਯੋਜਨਾ ਤਹਿਤ ਆਉਣ ਨਾਲ ਜਿਥੇ ਇਨ੍ਹਾਂ ਸ਼ਹਿਰਾਂ ਦਾ ਸਰਬਪੱਖੀ ਵਿਕਾਸ ਹੋਵੇਗਾ, ਉਥੇ ਸੂਬੇ ਵਿਚ ਪੂੰਜੀ ਨਿਵੇਸ਼ ਦੀਆਂ ਸੰਭਾਵਨਾਵਾਂ ਵੀ ਵਧ ਜਾਣਗੀਆਂ। ਇਸ ਨਾਲ ਰੁਜ਼ਗਾਰ ਦੇ ਮੌਕੇ ਵਧਣਗੇ। ਇਸ ਤੋਂ ਇਲਾਵਾ ਰਾਜ ਦੀ ਆਮਦਨ ਵਿਚ ਵਾਧਾ ਹੋਵੇਗਾ ਜਿਸ ਨਾਲ ਬਾਕੀ ਸ਼ਹਿਰਾਂ ਤੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਧਨ ਜੁਟਾਇਆ ਜਾ ਸਕੇਗਾ। 100 ਸਮਾਰਟ ਸ਼ਹਿਰਾਂ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਕੁਝ ਹੋਰ ਸ਼ਹਿਰਾਂ ਦੀ ਕਾਇਆ ਕਲਪ ਲਈ 'ਅਟੱਲ ਮਿਸ਼ਨ ਯੋਜਨਾ' ਤੇ 'ਸਭ ਲਈ ਮਕਾਨ' ਯੋਜਨਾਵਾਂ ਦਾ ਵੀ ਆਗਾਜ਼ ਕੀਤਾ ਹੈ। ਅਟੱਲ ਮਿਸ਼ਨ ਯੋਜਨਾ ਤਹਿਤ ਮੁਲਕ ਦੇ 476 ਸ਼ਹਿਰਾਂ ਦੀ ਪਛਾਣ ਕੀਤੀ ਗਈ ਹੈ ਪਰ ਇਨ੍ਹਾਂ ਦੀ ਸੂਬਿਆਂ ਅਨੁਸਾਰ ਗਿਣਤੀ ਵੰਡ ਸਮਾਰਟ ਸ਼ਹਿਰਾਂ ਦੀ ਵੰਡ ਵਾਂਗ ਹੀ ਸਿਆਸੀ ਨੁਕਤਾ-ਨਜ਼ਰ ਨਾਲ ਹੀ ਕੀਤੀ ਗਈ ਜਾਪਦੀ ਹੈ।

## ਪੰਜਾਬ ਨੂੰ ਵੀ ਮਿਲਿਆ ਮੋਟਾ ਗੱਫਾ

ਮੋਦੀ ਸਰਕਾਰ ਵੱਲੋਂ ਐਲਾਨੇ ਗਏ ਸਮਾਰਟ ਸ਼ਹਿਰਾਂ ਦੇ ਤੋਹਫ਼ਿਆਂ ਵਿਚੋਂ ਪੰਜਾਬ ਨੂੰ ਚੰਗਾ ਗੱਫਾ ਮਿਲਿਆ ਹੈ। ਕੇਂਦਰ ਸਰਕਾਰ ਨੇ ਪੰਜਾਬ ਦੇ ਤਿੰਨ ਸ਼ਹਿਰਾਂ ਨੂੰ ਇਸ ਯੋਜਨਾ ਤਹਿਤ ਚੁਣਿਆ ਹੈ। ਪੰਜਾਬ ਸਰਕਾਰ ਨੇ ਸੂਬੇ ਦੇ ਛੇ ਸ਼ਹਿਰਾਂ-ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਬਠਿੰਡਾ ਤੇ ਮੁਹਾਲੀ ਦੇ ਨਾਂ ਤਜਵੀਜ਼ ਕੀਤੇ ਸਨ ਪਰ ਕੇਂਦਰ ਸਰਕਾਰ ਨੇ ਅੰਮ੍ਰਿਤਸਰ ਤੇ ਲੁਧਿਆਣਾ ਦੇ ਨਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਦੋਂਕਿ ਮੁਹਾਲੀ ਤੇ ਜਲੰਧਰ ਵਿਚੋਂ ਇਕ ਦੀ ਚੋਣ ਕੀਤੀ ਜਾਣੀ ਹੈ। ਸਮਾਰਟ ਸ਼ਹਿਰ ਯੋਜਨਾ ਤਹਿਤ ਤਿੰਨ ਸ਼ਹਿਰਾਂ ਦੀ ਚੋਣ ਤੋਂ ਇਲਾਵਾ ਕੇਂਦਰ ਸਰਕਾਰ ਨੇ ਸੂਬੇ ਦੇ 17 ਹੋਰ ਸ਼ਹਿਰਾਂ ਨੂੰ ਵੀ 'ਅਟੱਲ ਮਿਸ਼ਨ ਯੋਜਨਾ' ਤਹਿਤ ਸਰਬ-ਪੱਖੀ ਵਿਕਾਸ ਲਈ ਚੁਣਿਆ ਹੈ। ਹਾਲ ਹੀ ਵਿਚ ਕੇਂਦਰੀ ਕੈਬਨਿਟ ਨੇ ਅੰਮ੍ਰਿਤਸਰ ਵਿਚ ਇਸੇ ਸੈਸ਼ਨ ਤੋਂ ਆਈ.ਆਈ.ਐੱਮ. ਸਥਾਪਤ ਕਰਨ ਦੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਇਨ੍ਹਾਂ ਲਾਭਾਂ ਤੋਂ ਜਾਪਦਾ ਹੈ ਕਿ ਪੰਜਾਬ ਦੀ ਵੀ ਹੁਣ ਕੁਝ ਸੁਣੀ ਜਾ ਰਹੀ ਹੈ।

# ਦੋ ਹਜ਼ਾਰ ਤੋਂ ਵੱਧ ਸਕੂਲ ਅੰਗਰੇਜ਼ੀ ਅਧਿਆਪਕਾਂ ਤੋਂ ਸੱਖਣੇ

**ਫ਼ਾਜ਼ਿਲਕਾ:** ਅੰਗਰੇਜ਼ੀ ਵਿਸ਼ੇ ਦੇ ਮਾੜੇ ਨਤੀਜਿਆਂ ਨੂੰ ਲੈ ਕੇ ਸਿੱਖਿਆ ਮੰਤਰੀ ਸਮੇਤ ਉੱਚ ਸਿੱਖਿਆ ਅਧਿਕਾਰੀ ਪੂਰੀ ਤਰ੍ਹਾਂ ਚਿੰਤਤ ਹਨ ਤੇ ਇਸ ਦੇ ਹੱਲ ਲਈ ਅਧਿਆਪਕਾਂ ਦੀ ਸਿਖਲਾਈ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦਾ ਵੱਡਾ ਅਧਿਆਪਕ ਵਰਗ ਵੀ ਜਿਥੇ ਆਪਣੀ ਸਵੈ ਪੜਚੋਲ ਕਰ ਰਿਹਾ ਹੈ, ਉਥੇ ਹੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੀ ਸਵਾਲੀਆ ਨਿਸ਼ਾਨ ਖੜ੍ਹੇ ਕਰ ਰਿਹਾ ਹੈ।

ਸੂਤਰਾਂ ਅਨੁਸਾਰ ਪੰਜਾਬ ਵਿਚ 2594 ਮਿਡਲ, 1742 ਹਾਈ ਤੇ 1398 ਸੈਕੰਡਰੀ ਸਕੂਲ ਹਨ ਪਰ 3400 ਸਕੂਲਾਂ ਨੂੰ ਛੱਡ ਕੇ ਕਿਸੇ ਵੀ ਸਕੂਲ ਕੋਲ ਅੰਗਰੇਜ਼ੀ ਵਿਸ਼ੇ ਦਾ ਅਧਿਆਪਕ ਨਹੀਂ ਹੈ। ਅੰਗਰੇਜ਼ੀ ਵਿਸ਼ਾ ਪੜ੍ਹਾਉਣ ਦੀ ਸਮੁੱਚੀ ਜ਼ਿੰਮੇਵਾਰੀ ਸਮਾਜਿਕ ਸਿੱਖਿਆ ਮਾਸਟਰਾਂ ਉਤੇ ਪਾਈ ਗਈ ਹੈ। ਇਨ੍ਹਾਂ ਵਿਚੋਂ 90 ਪ੍ਰਤੀਸ਼ਤ ਅਧਿਆਪਕ ਉਹ ਹਨ ਜਿਨ੍ਹਾਂ ਨੇ ਬੀ.ਐਡ. ਦੌਰਾਨ ਅੰਗਰੇਜ਼ੀ ਵਿਸ਼ਾ ਪੜ੍ਹਾਉਣ ਦੀ ਟਰੇਨਿੰਗ ਨਹੀਂ ਲਈ। ਸਰਕਾਰ ਨੇ ਪਿਛਲੇ 30 ਸਾਲਾਂ ਤੋਂ ਅੰਗਰੇਜ਼ੀ ਅਧਿਆਪਕਾਂ ਦੀ ਰੈਗੂਲਰ ਭਰਤੀ ਨਹੀਂ ਕੀਤੀ। ਸਾਲ 2009-10 ਦੌਰਾਨ 900 ਅੰਗਰੇਜ਼ੀ ਅਧਿਆਪਕ ਦੀ ਭਰਤੀ ਇਸ਼ਤਿਹਾਰ ਦਿੱਤਾ ਗਿਆ ਸੀ ਜਿਸ ਵਿਚ 500 ਦੇ ਕਰੀਬ ਅਧਿਆਪਕ ਭਰਤੀ ਕੀਤੇ ਗਏ। ਇਨ੍ਹਾਂ ਵਿਚੋਂ 80 ਪ੍ਰਤੀਸ਼ਤ ਤੋਂ ਵੱਧ ਅਧਿਆਪਕਾਂ ਦੀ ਤਾਇਨਾਤੀ ਮਿਡਲ ਸਕੂਲਾਂ ਵਿਚ ਕੀਤੀ ਗਈ। ਪਿਛਲੇ ਦਿਨਾਂ ਵਿਚ ਸਿੱਖਿਆ ਮੰਤਰੀ ਪੰਜਾਬ ਨੇ 10 ਪ੍ਰਤੀਸ਼ਤ ਤੋਂ ਘੱਟ ਨਤੀਜਿਆਂ ਵਾਲੇ ਜਿਹੜੇ ਅਧਿਆਪਕਾਂ ਦੀ ਕਲਾਸ ਲਗਾਈ, ਉਨ੍ਹਾਂ ਵਿਚ ਹਿੰਦੀ, ਪੰਜਾਬੀ ਤੇ ਡਰਾਇੰਗ ਮਾਸਟਰ ਵੀ ਸਨ।

## ਜ਼ਿਮਨੀ ਚੋਣ ਵਿਚ ਜੈਲਲਿਤਾ ਦੀ ਵੱਡੀ ਜਿੱਤ

**ਚੇਨੱਈ:** ਅੱਨਾ ਡੀ.ਐਮ.ਕੇ. ਦੀ ਮੁਖੀ ਅਤੇ ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਨੇ ਜ਼ਿਮਨੀ ਚੋਣਾਂ ਦੇ ਨਤੀਜਿਆਂ ਵਿਚ 1.5 ਲੱਖ ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਦਰਜ ਕੀਤੀ ਹੈ। ਕੇਰਲ ਅਤੇ ਮੱਧ ਪ੍ਰਦੇਸ਼ ਸਮੇਤ ਪੰਜ ਸੂਬਿਆਂ ਦੀਆਂ ਛੇ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਵਿਚ ਹਾਕਮ ਦਲਾਂ ਨੇ ਸਾਰੀਆਂ ਸੀਟਾਂ 'ਤੇ ਕਬਜ਼ਾ ਕੀਤਾ ਹੈ।

ਜੈਲਲਿਤਾ ਨੇ ਚੇਨੱਈ ਦੀ ਆਰ.ਕੇ. ਨਗਰ ਸੀਟ ਤੋਂ ਇੱਕ ਲੱਖ 50 ਹਜ਼ਾਰ 722 ਵੋਟਾਂ ਦੇ ਫਰਕ ਨਾਲ ਆਪਣੇ ਸਭ ਤੋਂ ਨੇੜਲੇ ਵਿਰੋਧੀ ਸੀ.ਪੀ.ਆਈ. ਦੇ ਸੀ. ਮਹੇਂਦਰਨ ਨੂੰ ਹਰਾਇਆ ਹੈ। ਮਹੇਂਦਰਨ ਦੀ ਵੀ ਹੋਰ ਉਮੀਦਵਾਰਾਂ ਵਾਂਗ ਜ਼ਮਾਨਤ ਜ਼ਬਤ ਹੋ ਗਈ। ਮਹੇਂਦਰਨ ਨੂੰ ਇੱਕ ਲੱਖ 81 ਹਜ਼ਾਰ 420 ਵਿਚੋਂ ਸਿਰਫ 9710 ਵੋਟਾਂ ਹੀ ਪਈਆਂ। ਸਮਾਜ ਸੇਵੀ ਰਾਮਾਸਵਾਮੀ 4,590 ਵੋਟਾਂ ਹਾਸਲ ਕਰਨ ਵਿਚ ਕਾਮਯਾਬ ਰਹੇ।

Golden State Realty
9912 Kapalua Ln., Elk Grove, CA 95624
Please Contact For
Commercial
or
Residential
Needs
ਅਸੀਂ ਲੋਨ ਲੈਣ ਵਿਚ
ਤੁਹਾਡੀ ਮਦਦ ਕਰਦੇ ਹਾਂ
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



Reliable and Experienced
Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse
ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ
ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®
Gurbans Gill
Office 209-835-4545
Direct 209-815-1869
Gurbans Singh Gill
Realtor
DRE#01227109
17 Years Experiance in Real Estate
e-mail: gurbans@gotracy.com
Fax: 209-836-0706
www.gotracy.com
1486 W 11th Street, Tracy, CA 95376



# ਭੁੱਲਰ ਤੋਂ ਬਾਅਦ ਗੁਰਦੀਪ ਸਿੰਘ ਖਹਿਰਾ ਵੀ ਅੰਮ੍ਰਿਤਸਰ ਜੇਲ੍ਹ ਤਬਦੀਲ

**ਅੰਮ੍ਰਿਤਸਰ:** ਦਵਿੰਦਰਪਾਲ ਸਿੰਘ ਭੁੱਲਰ ਤੋਂ ਬਾਅਦ ਇਕ ਹੋਰ ਸਿੱਖ ਕੈਦੀ ਗੁਰਦੀਪ ਸਿੰਘ ਖਹਿਰਾ ਨੂੰ ਵੀ ਕਰਨਾਟਕ ਦੀ ਜੇਲ੍ਹ ਤੋਂ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਖਹਿਰਾ ਨੂੰ ਕਰਨਾਟਕ ਦੀ ਜੇਲ੍ਹ ਤੋਂ ਸੱਚਖੰਡ ਐਕਸਪ੍ਰੈਸ ਰਾਹੀਂ ਅੰਮ੍ਰਿਤਸਰ ਲਿਆਂਦਾ ਗਿਆ। ਇਹ ਰੇਲ



ਗੱਡੀ ਤਕਰੀਬਨ ਰਾਤ ਦੋ ਵਜੇ ਤੋਂ ਬਾਅਦ ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਪੁੱਜੀ। ਜਿਵੇਂ ਹੀ ਖਹਿਰਾ ਕਰਨਾਟਕ ਪੁਲਿਸ ਨਾਲ ਰੇਲ ਗੱਡੀ ਦੇ ਡੱਬੇ ਵਿਚੋਂ ਬਾਹਰ ਆਇਆ ਤਾਂ ਸਟੇਸ਼ਨ ਉਤੇ ਮੌਜੂਦ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਉਸਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ ਗਈ। ਇਸ ਤੋਂ ਇਲਾਵਾ ਸੰਤ ਭਿੰਡਰਾਂਵਾਲਾ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ ਗਏ।

ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਸਿੱਖ ਕੈਦੀ ਨੂੰ ਸਿਰੋਪਾਓ ਦੇਣ ਦਾ ਵੀ ਯਤਨ ਕੀਤਾ ਪਰ ਪੁਲਿਸ ਨੇ ਅਜਿਹਾ ਨਾ ਹੋਣ ਦਿੱਤਾ, ਜਿਸ ਕਾਰਨ ਸਿੱਖ ਕਾਰਕੁਨਾਂ ਤੇ ਪੁਲਿਸ ਜਵਾਨਾਂ ਵਿਚਾਲੇ ਹਲਕੀ ਧੱਕਾ ਮੁੱਕੀ ਵੀ ਹੋਈ। ਖਹਿਰਾ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਤੁਰੰਤ ਕੇਂਦਰੀ ਜੇਲ੍ਹ ਲੈ ਜਾਇਆ ਗਿਆ, ਜਿਥੇ ਉਸ ਨੂੰ ਆਮ ਬੈਰਕ ਵਿਚ ਬੰਦ ਕੀਤਾ ਗਿਆ ਹੈ। ਰੇਲਵੇ ਸਟੇਸ਼ਨ ਉਤੇ ਉਸ ਦੇ ਹੱਕ ਵਿਚ ਨਾਅਰੇ ਲਾਉਣ ਵਾਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਜਰਨੈਲ ਸਿੰਘ ਸਖੀਰਾ, ਹਰਬੀਰ ਸਿੰਘ ਸੰਧੂ, ਯੂਨਾਈਟਿਡ ਅਕਾਲੀ ਦਲ ਦੇ ਮੋਹਕਮ ਸਿੰਘ ਤੇ ਫੈਡਰੇਸ਼ਨ ਭਿੰਡਰਾਂਵਾਲਾ ਦੇ ਬਲਵੰਤ ਸਿੰਘ ਗੋਪਾਲਾ ਹਾਜ਼ਰ ਸਨ।

ਖਹਿਰਾ ਉਤੇ ਦਿੱਲੀ ਤੇ ਬਿਦਰ ਵਿਚ ਬੰਬ ਧਮਾਕੇ ਕਰਨ ਦਾ ਦੋਸ਼ ਹੈ। ਉਸ ਨੂੰ 1990 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ 1991 ਵਿਚ ਬਿਦਰ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਅੰਮ੍ਰਿਤਸਰ ਜਿਲ੍ਹੇ ਦੇ ਜੱਲੂਪੁਰ ਖੇੜਾ ਪਿੰਡ ਦਾ ਵਾਸੀ ਇਸ ਸਾਬਕਾ ਖਾੜਕੂ ਨੂੰ ਕਰਨਾਟਕ ਪੁਲਿਸ ਟੀਮ ਨੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਦੇ ਹਵਾਲੇ ਕੀਤਾ ਹੈ।

## ਅੱਠ ਵਰ੍ਹਿਆਂ ਤੋਂ ਬਾਅਦ ਮਿਲੇ ਮਾਪੇ

**ਅੰਮ੍ਰਿਤਸਰ:** ਕਰਨਾਟਕ ਤੋਂ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕੀਤੇ ਗਏ ਗੁਰਦੀਪ ਸਿੰਘ ਖਹਿਰਾ ਨਾਲ ਉਸ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੇ ਤਕਰੀਬਨ ਅੱਠ ਵਰ੍ਹਿਆਂ ਬਾਅਦ ਮੁਲਾਕਾਤ ਕੀਤੀ ਹੈ। ਪਰਿਵਾਰਕ ਮੈਂਬਰਾਂ ਨੇ ਸਰਕਾਰ ਕੋਲੋਂ ਉਸਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਸਿੱਖ ਬੰਦੀਆਂ ਦੀ ਰਿਹਾਈ ਲਈ ਯਤਨਸ਼ੀਲ ਸੰਘਰਸ਼ ਕਮੇਟੀ ਵੱਲੋਂ ਖਹਿਰਾ ਦੀ ਪੈਰੋਲ ਉਤੇ ਰਿਹਾਈ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਇਸ ਮੁਲਾਕਾਤ ਵੇਲੇ ਭਾਵੁਕਤਾ ਵਾਲਾ ਮਾਹੌਲ ਸੀ। ਗੁਰਦੀਪ ਸਿੰਘ ਦੀ ਮਾਤਾ ਜਗੀਰ ਕੌਰ, ਪਿਤਾ ਬੰਤਾ ਸਿੰਘ ਨੇ ਉਸਦੀ ਸੁਖ-ਸਾਂਦ ਪੁੱਛੀ। ਸ. ਖਹਿਰਾ ਦੇ ਭਾਣਜੇ ਹੁਸਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਅੱਠ ਵਰ੍ਹੇ ਪਹਿਲਾਂ ਉਸ ਵੇਲੇ ਮਿਲੇ ਸਨ, ਜਦੋਂ ਇਕ ਵਿਆਹ ਸਮਾਗਮ ਲਈ ਉਹ ਪੈਰੋਲ ਉਤੇ ਰਿਹਾਅ ਹੋ ਕੇ ਆਏ ਸਨ। ਅੱਠ ਵਰ੍ਹਿਆਂ ਦੌਰਾਨ ਕਰਨਾਟਕ ਜੇਲ੍ਹ ਵਿਚ ਕੋਈ ਵੀ ਮਿਲਣ ਨਹੀਂ ਗਿਆ ਸੀ।

## ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣ ਰਹੀ ਇਮਾਰਤ ਬਾਰੇ ਕਮੇਟੀ ਕਾਇਮ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਗੁਰਦੁਆਰਾ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ ਬਣ ਰਹੀ ਇਮਾਰਤ ਦੇ ਨਿਰੀਖਣ ਲਈ ਪੰਜ ਮੈਂਬਰੀ ਉਪ ਕਮੇਟੀ ਕਾਇਮ ਕੀਤੀ ਗਈ ਹੈ। ਇਸ ਕਮੇਟੀ ਵਿਚ ਜੂਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਾਦਲ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਮੈਂਬਰ ਕਰਨੈਲ ਸਿੰਘ ਪੰਜੋਲੀ, ਰਜਿੰਦਰ ਸਿੰਘ ਮਹਿਤਾ ਅਤੇ ਮੋਹਨ ਸਿੰਘ ਬੰਗੀ ਨੂੰ ਸ਼ਾਮਲ ਕੀਤਾ ਗਿਆ ਹੈ।

ਜਥੇਦਾਰ ਮੱਕੜ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਹੋਰ ਕਿਸੇ ਵੀ ਗੁਰੂ ਘਰ ਦੀ ਇਮਾਰਤ ਉਸਾਰੀ ਨਹੀਂ ਜਾ ਸਕਦੀ। ਗੁਰਦੁਆਰਾ ਮਸਤੂਆਣਾ ਸਾਹਿਬ (ਸੰਗਰੂਰ) ਦੀ ਬਣ ਰਹੀ ਇਮਾਰਤ ਪਹਿਲਾਂ ਵੀ ਵਿਵਾਦਾਂ ਵਿਚ ਰਹੀ ਹੈ ਤੇ ਹੁਣ ਵੀ ਇਸ ਬਾਰੇ ਚਰਚਾ ਹੋ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਕਿਸੇ ਵੀ ਹੋਰ ਗੁਰੂ ਘਰ ਦੀ ਇਮਾਰਤ ਬਣਾਉਣਾ ਸਰਾਸਰ ਗ਼ਲਤ ਹੈ। ਉਨ੍ਹਾਂ ਗੁਰਦੁਆਰਾ ਮਸਤੂਆਣਾ ਸਾਹਿਬ (ਸੰਗਰੂਰ) ਦੀ ਬਣ ਰਹੀ ਇਮਾਰਤ ਦਾ ਨਿਰਮਾਣ ਕਾਰਜ ਤੁਰੰਤ ਰੋਕਣ ਦੀ ਮੰਗ ਕੀਤੀ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***




**Flat Rate Funding Group**

Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
*Call Goldy Dhillon* 734-444-9625
sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

ਪੰਜਾਬ ਟਾਈਮਜ਼

*ਸਨਿਚਰਵਾਰ, 4 ਜੁਲਾਈ 2015*

## 2017 ਲਈ ਪੰਜਾਬ ਦਾ ਪਿੜ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਿਆਨ ਵਿਚੋਂ ਤਲਵਾਰ ਆਖਰਕਾਰ ਕੱਢ ਕੇ ਸੂਤ ਲਈ ਹੈ। ਆਪਣੇ ਧੜੇ ਦੀਆਂ ਵੱਖਰੀਆਂ ਸਿਆਸੀ ਸਰਗਰਮੀਆਂ ਦੀ ਸ਼ੁਰੂਆਤ ਕਰ ਕੇ ਉਨ੍ਹਾਂ ਪੰਜਾਬ ਕਾਂਗਰਸ ਵਿਚ ਚਿਰਾਂ ਤੋਂ ਚੱਲ ਰਹੀ ਧੜੇਬੰਦਕ ਖਿੱਚ-ਧੂਹ ਨੂੰ ਇਕ ਮੁਕਾਮ ਉਤੇ ਪਹੁੰਚਾ ਦਿੱਤਾ ਹੈ। ਇਨ੍ਹਾਂ ਸਰਗਰਮੀਆਂ ਦੀ ਸ਼ੁਰੂਆਤ ਉਨ੍ਹਾਂ ਇਹ ਆਖ ਕੇ ਕੀਤੀ ਹੈ ਕਿ ਬਾਦਲਾਂ ਨੂੰ ਹੋਰ 5 ਸਾਲਾਂ ਲਈ ਸੂਬੇ ਦੀ ਸੱਤਾ ਉਤੇ ਕਾਬਜ਼ ਹੋਣ ਲਈ ਇਕ ਹੋਰ ਮੌਕਾ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਦੇ ਇਸ ਬਿਆਨ ਦਾ ਸਿੱਧਾ ਤੇ ਸਪਸ਼ਟ ਮਤਲਬ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ 2017 ਵਾਲੀਆਂ ਵਿਧਾਨ ਸਭਾ ਚੋਣਾਂ ਜਿੱਤੀਆਂ ਨਹੀਂ ਜਾ ਸਕਦੀਆਂ। ਕੁਝ ਸਿਆਸੀ ਵਿਸ਼ਲੇਸ਼ਕਾਂ ਵੱਲੋਂ ਉਨ੍ਹਾਂ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਪਾਰਟੀ ਹਾਈ ਕਮਾਨ ਖਿਲਾਫ ਸਿੱਧੀ ਬਗਾਵਤ ਵੀ ਕਰਾਰ ਦਿੱਤਾ ਜਾ ਰਿਹਾ ਹੈ। ਉਂਜ ਉਨ੍ਹਾਂ ਦੇ ਇਸ ਬਿਆਨ ਵਿਚ ਕੁਝ ਨਾ ਕੁਝ ਵਜ਼ਨ ਵੀ ਜ਼ਰੂਰ ਜਾਪਦਾ ਹੈ। ਅਸਲ ਵਿਚ ਸ. ਬਾਜਵਾ ਪੰਜਾਬ ਕਾਂਗਰਸ ਦਾ ਧੜੇਬੰਦਕ ਵਿਵਾਦ ਸੁਲਝਾਉਣ ਵਿਚ ਨਾਕਾਮ ਰਹੇ ਹਨ। ਉਨ੍ਹਾਂ ਦਾ ਪੰਜਾਬ ਕਾਂਗਰਸ ਦੇ ਪ੍ਰਧਾਨ ਵਾਲਾ ਜਲੌਅ ਇਕ ਦਿਨ ਵੀ ਲੋਕਾਂ ਦੇ ਸਾਹਮਣੇ ਨਹੀਂ ਆ ਸਕਿਆ। ਲੰਘੀਆਂ ਲੋਕ ਸਭਾ ਚੋਣਾਂ ਵਿਚ ਵੀ ਪਾਰਟੀ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਸਭ ਨੂੰ ਅਜੇ ਕੱਲ੍ਹ ਵਾਂਗ ਚੇਤੇ ਹੈ ਕਿ ਉਸ ਚੋਣ ਪਿੜ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਆਮਦ ਤੋਂ ਬਾਅਦ ਹੀ ਕਾਂਗਰਸ ਦੇ ਪੈਰ ਲੱਗੇ ਸਨ ਅਤੇ ਰਾਤੋ-ਰਾਤ ਪਾਰਟੀ ਦੇ ਹੱਕ ਵਿਚ ਹਵਾ ਬਣੀ ਸੀ। ਹੁਣ ਪਿਛਲੇ ਕੁਝ ਸਮੇਂ ਤੋਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੱਖਰੀ ਪਾਰਟੀ ਬਣਾਉਣ ਜਾਂ ਭਾਜਪਾ ਨਾਲ ਰਲ ਕੇ ਕੋਈ ਮੋਰਚਾ ਖੜ੍ਹਾ ਕਰਨ ਬਾਰੇ ਵੀ ਚੂੰਝ ਚਰਚਾ ਚੱਲਦੀ ਰਹੀ ਹੈ। ਅਜਿਹੀ ਕਿਸੇ ਵੀ ਸੂਰਤ ਵਿਚ ਪੰਜਾਬ ਦੇ ਚੋਣ ਪਿੜ ਵਿਚ ਹੀ ਨਹੀਂ, ਪੰਜਾਬ ਦੀ ਸਮੁੱਚੀ ਸਿਆਸਤ ਵਿਚ ਵੀ ਨਵੀਆਂ ਸਿਆਸੀ ਸਫਬੰਦੀਆਂ ਲਈ ਰਾਹ ਖੁੱਲ੍ਹੇਗਾ।

ਭਾਜਪਾ ਵਾਲੇ ਫਰੰਟ ਉਤੇ ਤਾਂ ਇਨ੍ਹਾਂ ਨਵੀਆਂ ਸਫਬੰਦੀਆਂ ਬਾਰੇ ਤਿੱਖੀ ਸਰਗਰਮੀ ਕਾਫੀ ਸਮੇਂ ਤੋਂ ਚੱਲ ਰਹੀ ਹੈ। ਇਸ ਪਾਰਟੀ ਦੀ ਲੋਕ ਸਭਾ ਚੋਣਾਂ ਦੌਰਾਨ ਹੋਈ ਚੜ੍ਹਤ ਅਤੇ ਫਿਰ ਕੇਂਦਰ ਵਿਚ ਸਰਕਾਰ ਦੀ ਕਾਇਮੀ ਤੋਂ ਬਾਅਦ ਹਰਿਆਣਾ, ਮਹਾਂਰਾਸ਼ਟਰ ਤੇ ਜੰਮੂ ਕਸ਼ਮੀਰ ਵਰਗੇ ਸੂਬਿਆਂ ਵਿਚ ਜਿੱਤ ਮਗਰੋਂ ਪਾਰਟੀ ਦੀ ਪੰਜਾਬ ਇਕਾਈ ਦੇ ਆਗੂਆਂ ਨੇ ਵੀ ਸੂਬੇ ਵਿਚ ਵੱਡੀ ਭੂਮਿਕਾ ਲਈ ਪਰ ਤੋਲਣੇ ਸ਼ੁਰੂ ਕਰ ਦਿੱਤੇ। ਇਹ ਪਾਰਟੀ ਪੰਜਾਬ ਹੀ ਨਹੀਂ, ਬਿਹਾਰ ਅਤੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਉਤੇ ਵੀ ਨਜ਼ਰਾਂ ਗੱਡੀ ਬੈਠੀ ਹੈ। ਪੰਜਾਬ ਵਿਚ ਜਿਸ ਤਰ੍ਹਾਂ ਦੀਆਂ ਸਰਗਰਮੀਆਂ ਭਾਜਪਾ ਦੀ ਮਾਂ ਜਥੇਬੰਦੀ- ਆਰ.ਐਸ.ਐਸ. ਵੱਲੋਂ ਕੀਤੀਆਂ ਜਾ ਰਹੀਆਂ ਹਨ ਅਤੇ ਨਾਲ ਹੀ ਕੇਂਦਰ ਸਰਕਾਰ ਤੇ ਭਾਜਪਾ ਦੀ ਕੌਮੀ ਲੀਡਰਸ਼ਿਪ ਦਾ ਜੋ ਵਿਹਾਰ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਸਾਹਮਣੇ ਆ ਰਿਹਾ ਹੈ, ਉਸ ਤੋਂ ਸੰਕੇਤ ਇਹੀ ਮਿਲਦੇ ਹਨ ਕਿ ਭਾਜਪਾ ਪੰਜਾਬ ਵਿਚ ਇਕੱਲਿਆਂ ਜਾਂ ਘੱਟੋ-ਘੱਟ ਅਕਾਲੀ ਦਲ ਤੋਂ ਬਗੈਰ ਚੋਣ ਪਿੜ ਵਿਚ ਨਿਤਰਨ ਲਈ ਇਕ ਕਦਮ ਹੋਰ ਅੱਗੇ ਵਧ ਗਈ ਹੈ। ਪਾਰਟੀ ਦੇ ਪੰਜਾਬ ਦੇ ਆਗੂ ਤਾਂ ਨਿੱਤ ਬਿਆਨ ਦੇ ਰਹੇ ਹਨ ਕਿ ਪਾਰਟੀ ਦੀ ਜਿੱਤ ਲਈ ਹਰਿਆਣਾ ਵਾਲੇ ਮਾਡਲ ਉਤੇ ਗੰਭੀਰਤਾ ਨਾਲ ਵਿਚਾਰਾਂ ਚੱਲ ਰਹੀਆਂ ਹਨ। ਇਹ ਗੱਲ ਪੱਕੀ ਹੈ ਕਿ ਇਸ ਪਾਰਟੀ ਕੋਲ ਚੋਣਾਂ ਜਿੱਤਣ ਲਈ ਲੋੜੀਂਦਾ ਹਰ ਸਾਮਾਨ ਮੌਜੂਦ ਹੈ। ਪੈਸੇ ਅਤੇ ਬਾਹੂਬਲ ਤੋਂ ਲੈ ਕੇ ਨੀਤੀਆਂ-ਰਣਨੀਤੀਆਂ ਤੱਕ ਘੜਨ ਵਿਚ ਇਸ ਪਾਰਟੀ ਦੇ ਆਗੂਆਂ ਕੋਲ ਮੁਹਾਰਤ ਹੈ। ਉਂਜ ਵੀ ਪਿਛਲੇ ਸਮੇਂ ਦੌਰਾਨ ਸਿਆਸੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀਆਂ ਕਮਜ਼ੋਰੀਆਂ ਨੇ ਭਾਜਪਾ ਦੇ ਇਨ੍ਹਾਂ ਆਗੂਆਂ ਦਾ ਕੰਮ ਰਤਾ ਕੁ ਸੁਖਾਲਾ ਵੀ ਕਰ ਦਿੱਤਾ ਹੈ।

ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਕੁਝ ਆਗੂ ਵੀ ਖੁਦ ਨੂੰ ਹਾਸ਼ੀਏ 'ਤੇ ਧੱਕਿਆ ਮਹਿਸੂਸ ਕਰ ਰਹੇ ਹਨ। ਬਾਦਲ ਪਿਉ-ਪੁੱਤਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਨਿੱਜੀ ਸਾਂਝ ਦੀਆਂ ਫੜ੍ਹਾਂ ਅਕਸਰ ਮਾਰਦੇ ਸਨ, ਪਰ ਹੁਣ ਇਕੱਲੇ ਮੋਦੀ ਦਾ ਹੀ ਨਹੀਂ, ਭਾਜਪਾ ਦੀ ਸਮੁੱਚੀ ਕੇਂਦਰੀ ਲੀਡਰਸ਼ਿਪ ਦਾ ਵਿਹਾਰ ਅਕਾਲੀਆਂ ਪ੍ਰਤੀ ਬਦਲਿਆ ਹੋਇਆ ਹੈ। ਉਂਜ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਿਆਸੀ ਭਾਈਵਾਲੀ ਦਾ ਸਮੁੱਚਾ ਸਿਹਰਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਜਾਂਦਾ ਹੈ। ਉਨ੍ਹਾਂ ਦੇ ਫਰਜ਼ੰਦ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪ੍ਰਤੀ ਭਾਜਪਾ ਆਗੂਆਂ ਦਾ ਰਵੱਈਆ ਮੁੱਢ ਤੋਂ ਹੀ ਤਣਾਅ-ਭਰਪੂਰ ਰਿਹਾ ਹੈ। ਦੋਹਾਂ ਭਾਈਵਾਲਾਂ ਵਿਚਕਾਰ ਸੁਖਬੀਰ ਕਾਰਨ ਪਏ ਹਰ ਰੱਫੜ ਨੂੰ ਪ੍ਰਕਾਸ਼ ਸਿੰਘ ਬਾਦਲ ਹੀ ਸੁਲਝਾਉਂਦੇ ਰਹੇ ਹਨ, ਪਰ ਹੁਣ ਉਮਰ ਕਾਰਨ ਕਈ ਮਾਮਲਿਆਂ ਵਿਚ ਉਨ੍ਹਾਂ ਦੀ ਪਕੜ ਢਿੱਲੀ ਪੈ ਰਹੀ ਹੈ। ਹਰ ਸਿਆਸੀ ਵਿਸ਼ਲੇਸ਼ਕ ਇਹ ਸਵੀਕਾਰ ਕਰਦਾ ਹੈ ਕਿ ਉਹ ਔਖੇ ਤੋਂ ਔਖੇ ਸਮਿਆਂ ਵਿਚ ਵੀ ਆਪਣੀ ਸਿਆਸਤ ਲਈ ਕੋਈ ਨਾ ਕੋਈ ਰਾਹ ਕੱਢ ਲੈਂਦੇ ਰਹੇ ਹਨ ਅਤੇ ਬਹੁਤੀ ਵਾਰ ਸਿਆਸੀ ਵਿਸ਼ਲੇਸ਼ਕਾਂ ਦੀਆਂ ਗਿਣਤੀਆਂ-ਮਿਣਤੀਆਂ ਵੀ ਉਲਟਾ ਦਿੰਦੇ ਰਹੇ ਹਨ, ਪਰ ਹੁਣ ਬਹੁਤ ਸਾਰੇ ਮਾਮਲਿਆਂ ਵਿਚ ਉਹ ਬਹੁਤ ਬੇਵੱਸ ਹੋਏ ਪਏ ਹਨ। ਇਸ ਬੇਵਸੀ ਦਾ ਸਭ ਤੋਂ ਵੱਡਾ ਕਾਰਨ ਬਿਨਾਂ ਸ਼ੱਕ ਭਾਜਪਾ ਲੀਡਰਸ਼ਿਪ ਦਾ ਰਵੱਈਆ ਹੀ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਹੁਣ ਤੱਕ ਪੰਜਾਬ ਜਾਂ ਸਿੱਖਾਂ ਨਾਲ ਸਬੰਧਤ ਕਿਸੇ ਵੀ ਮੁੱਦੇ ਦਾ ਸਿਆਸੀ ਲਾਹਾ ਅਕਾਲੀ ਦਲ ਨੂੰ ਲੈਣ ਨਹੀਂ ਦਿੱਤਾ। ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਸਾਢੇ ਤਿੰਨ ਸੌ ਸਾਲਾ ਸਮਾਗਮਾਂ ਵਿਚ ਜਿਸ ਤਰ੍ਹਾਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੂਬੇ ਵਿਚ ਨਸ਼ਿਆਂ ਦਾ ਮੁੱਦਾ ਉਠਾਇਆ ਅਤੇ ਜਿਸ ਢੰਗ ਨਾਲ ਪਾਰਟੀ ਦੇ ਹੋਰ ਆਗੂਆਂ ਨੇ ਮਗਰੋਂ ਹੋਰ ਥਾਈਂ ਇਸੇ ਮੁੱਦੇ ਨੂੰ ਰਿੜਕਿਆ, ਉਸ ਤੋਂ ਸੰਕੇਤ ਮਿਲ ਰਹੇ ਹਨ ਕਿ ਆਉਂਦੇ ਦਿਨਾਂ ਵਿਚ ਪੰਜਾਬ ਦੀ ਸਿਆਸਤ ਵਿਚ ਵਾਹਵਾ ਉਥਲ-ਪੁਥਲ ਲਈ ਪਿੜ ਬੱਝ ਗਿਆ ਹੈ। ਇਸ ਉਥਲ-ਪੁਥਲ ਵਿਚ ਕਿਹੜੀ ਧਿਰ ਦੀ ਕੀ ਭੂਮਿਕਾ ਹੋਵੇਗੀ, ਇਸ ਬਾਰੇ ਆਉਣ ਵਾਲਾ ਸਮਾਂ ਹੀ ਦੱਸੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚੁਫੇਰਗੜ੍ਹੀਏ!*

ਕਾਰੇ ਸਾਧਾਂ ਦੇ ਪੜ੍ਹਦੇ ਤੇ ਸੁਣੀ ਜਾਂਦੇ, ਆਵੇ ਅਕਲ ਨਾ ਫੇਰ ਵੀ ਅੰਨਿਆਂ ਨੂੰ।
ਭੇਡਾਂ ਵਾਂਗ ਸਿਰ ਸੁੱਟ ਕੇ ਤੁਰੇ ਜਾਂਦੇ, ਨੂਰ ਮਹਿਲ ਸਮਰਾਲਿਆਂ-ਖੰਨਿਆਂ ਨੂੰ।
ਪੁਲ ਟੁੱਟਦੇ ਭਗਦੜਾਂ ਮਚਦੀਆਂ ਨੇ, ਆਉਂਦੀ ਹੋਸ਼ ਨਾ ਆਫਤਾਂ ਭੰਨਿਆਂ ਨੂੰ।
ਪੂਜਾ ਲਿਖੀ ਨਾ ਕਿਤੇ ਵੀ ਵਿਹਲੜਾਂ ਦੀ, ਪੜ੍ਹ ਕੇ ਦੇਖ ਲਓ ਗ੍ਰੰਥਾਂ ਦੇ ਪੰਨਿਆਂ ਨੂੰ।
ਮੂਜ਼ੀ ਆਦਮੀ ਡੇਰਿਆਂ ਵਿਚ ਜਾਣੋ, ਸਕਦੇ ਬੀਬੀਆਂ ਤਾਈਂ ਨਾ ਡੱਕ ਜਿਹੜੇ।
ਨਹੀਂਓਂ 'ਇਕ ਦੇ' ਹੈਣ ਚੁਫੇਰਗੜ੍ਹੀਏ, ਫਿਰਦੇ ਥਾਂ ਥਾਂ 'ਤੇ ਰਗੜਦੇ ਨੱਕ ਜਿਹੜੇ!

# ਇਸ਼ਤਿਹਾਰ, ਜਮਹੂਰੀਅਤ ਅਤੇ ਹਕੀਕਤ

ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦਾ ਹਕੀਕੀ ਰੁਤਬਾ ਭਾਵੇਂ ਨੀਮ-ਸੂਬਾ ਸਰਕਾਰ ਵਰਗਾ ਹੋਵੇ, ਪਰ ਇਸ ਦੇ ਹਵਾਲੇ ਨਾਲ ਚਰਚਾ ਠੋਸ ਮੁੱਦਿਆਂ ਉਤੇ ਹੋ ਰਹੀ ਹੈ। ਪਿਛਲੇ ਦਿਨਾਂ ਵਿਚ ਦਿੱਲੀ ਸਰਕਾਰ ਦੇ ਇਸ਼ਤਿਹਾਰ ਨਸ਼ਰ ਹੋਏ ਤਾਂ ਬਹਿਸ ਸ਼ੁਰੂ ਹੋ ਗਈ ਕਿ ਕਿਸ ਤਰ੍ਹਾਂ ਦਾ ਅਕਸ ਪੇਸ਼ ਕੀਤਾ ਜਾ ਰਿਹਾ ਹੈ, ਤੇ ਕੀ ਸੁਨੇਹਾ ਦਿੱਤਾ ਜਾ ਰਿਹਾ ਹੈ। ਨਿਖੇਧੀ ਕਰਨ ਵਾਲਿਆਂ ਵਿਚ ਵਿਚਾਰਾਂ ਦੀ ਵੰਨ-ਸਵੰਨਤਾ ਦੇ ਨਾਲ-ਨਾਲ ਪਿਛਲੇ ਦਿਨੀਂ ਆਮ ਆਦਮੀ ਪਾਰਟੀ (ਆਪ) ਤੋਂ ਤੋੜ-ਵਿਛੋੜਾ ਕਰਨ ਵਾਲਿਆਂ ਤੋਂ ਲੈ ਕੇ ਹਰ ਵੰਨਗੀ ਦੇ ਸਿਆਸੀ ਸ਼ਰੀਕ ਅਤੇ ਆਲੋਚਕ ਸ਼ਾਮਿਲ ਸਨ। ਇਨ੍ਹਾਂ ਸਭ ਨੂੰ ਬਹਿਸ ਵਿਚ ਸ਼ਾਮਿਲ ਹੋਣਾ ਹੀ ਚਾਹੀਦਾ ਹੈ, ਪਰ ਇਨ੍ਹਾਂ ਦੀਆਂ ਦਲੀਲਾਂ ਵਿਚੋਂ ਸੱਜਰੀਆਂ ਸੱਟਾਂ ਦਾ ਸੇਕ ਅਤੇ ਮੌਕਾਪ੍ਰਸਤੀ ਨੂੰ ਜ਼ਰੂਰ ਪੜ੍ਹਿਆ ਜਾਵੇਗਾ। ਦਲੀਲਾਂ ਕੁਝ ਨੁਕਤਿਆਂ ਦੁਆਲੇ



**ਦਲਜੀਤ ਅਮੀ**
**ਫੋਨ: +91-97811-21873**

ਘੁੰਮਦੀਆਂ ਹਨ: ਜਦੋਂ ਖ਼ਜ਼ਾਨੇ ਦੀ ਹਾਲਤ ਖਸਤਾ ਹੈ ਤਾਂ ਇਸ਼ਤਿਹਾਰਾਂ ਉਤੇ ਕਿਉਂ ਲੁਟਾਇਆ ਜਾ ਰਿਹਾ ਹੈ? ਜਮਹੂਰੀਅਤ ਦੇ ਦੂਜੇ ਇਨਕਲਾਬ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਇਕ ਵਿਅਕਤੀ ਤੱਕ ਕਿਉਂ ਸਿਮਟ ਰਹੀ ਹੈ? ਹੁਣ ਆਮ ਆਦਮੀ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਨੂੰ ਕਿਵੇਂ ਸਮਝਿਆ ਜਾਵੇ? ਇਸ਼ਤਿਹਾਰਾਂ ਵਿਚ ਲੋਕ ਹਿੱਤ ਦੀ ਜਾਣਕਾਰੀ ਦੀ ਥਾਂ ਕੇਜਰੀਵਾਲ ਦੀਆਂ ਤਸਵੀਰਾਂ ਜਾਂ ਕੇਜਰੀਵਾਲ ਮੁਖੀ ਵਿਚਾਰਾਂ ਨੂੰ ਕਿਉਂ ਤਰਜੀਹ ਮਿਲੀ ਹੈ?

ਇਹ ਸੁਆਲ ਪੁਰਾਣੇ ਅਤੇ ਅਹਿਮ ਹਨ। ਸਰਕਾਰਾਂ ਦੀਆਂ ਇਸ਼ਤਿਹਾਰੀ ਮੁਹਿੰਮਾਂ ਦਾ ਇਤਿਹਾਸ ਪ੍ਰਚਾਰ (ਪ੍ਰਾਪੇਗੰਡਾ) ਤੋਂ ਲੋਕ ਸੰਪਰਕ ਮਹਿਕਮਿਆਂ ਤੱਕ ਪਹੁੰਚਿਆ ਹੈ। ਪ੍ਰਚਾਰ ਨੂੰ ਲੋਕ ਸੰਪਰਕ ਦਾ ਨਾਮ ਹਿਟਲਰ ਦੀ ਆਦਮਖ਼ੋਰ ਕਾਰਗੁਜ਼ਾਰੀ ਤੋਂ ਬਾਅਦ ਬਦਨਾਮੀ ਦੇ ਦਾਗ਼ ਤੋਂ ਬਚਣ ਲਈ ਦਿੱਤਾ ਗਿਆ ਸੀ। ਇਸ ਮਸ਼ਕ ਤਹਿਤ ਮਹਿਕਮੇ ਦੇ ਖ਼ਾਸੇ ਨੂੰ ਤਬਦੀਲ ਕਰਨ ਦਾ ਕੋਈ ਉਪਰਾਲਾ ਵਿਉਂਤਿਆ ਤੱਕ ਨਹੀਂ ਗਿਆ ਸੀ। 'ਇਕ ਝੂਠ ਨੂੰ ਸੌ ਵਾਰ ਬੋਲੋ ਤਾਂ ਲੋਕ ਸੱਚ ਮੰਨ ਲੈਂਦੇ ਹਨ' ਵਾਲੀ ਧਾਰਨਾ ਸਰਕਾਰਾਂ ਦੇ ਲੋਕ ਸੰਪਰਕ ਮਹਿਕਮਿਆਂ ਦਾ ਮੂਲਮੰਤਰ ਹੈ। ਇਸੇ ਮੂਲਮੰਤਰ ਨੂੰ 'ਭਰੋਸਾਯੋਗਤਾ' ਦਾ ਜਾਮਾ ਪਹਿਨਾਉਣ ਲਈ ਨਿੱਜੀ ਇਸ਼ਤਿਹਾਰਬਾਜ਼ੀ ਉਦਮ 'ਸਿਰਜਣਾਤਮਕਤਾ' ਦਾ ਤੜਕਾ ਲਗਾਉਂਦਾ ਹੈ। ਨਤੀਜੇ ਵਜੋਂ ਹਰ ਸਰਕਾਰੀ ਪਹਿਲਕਦਮੀ ਨੂੰ ਲੋਕਾਂ ਦੀਆਂ ਦੁਸ਼ਵਾਰੀਆਂ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਇਸੇ ਦੌਰਾਨ ਆਗੂਆਂ ਦਾ ਅਕਸ ਉਭਾਰਨ ਲਈ ਹਰ ਠੋਸ, ਵਿਉਂਤੀ ਜਾਂ ਖ਼ਿਆਲੀ ਪਹਿਲਕਦਮੀ ਦਾ ਸਿਹਰਾ ਉਨ੍ਹਾਂ ਸਿਰ ਬੰਨ੍ਹਿਆ ਜਾਂਦਾ ਹੈ। ਸਿਆਸੀ ਆਗੂ ਨੂੰ ਜਮਹੂਰੀਅਤ ਦੀ ਬੋਲੀ ਵਿਚ ਪੈਗੰਬਰੀ ਰੁਤਬਾ ਦੇਣਾ ਇਨ੍ਹਾਂ ਇਸ਼ਤਿਹਾਰਾਂ ਦਾ ਅਣ-ਐਲਾਨਿਆ ਮਕਸਦ ਹੋ ਨਿਬੜਦਾ ਹੈ। ਮੌਕੇ ਮੁਤਾਬਕ ਚੋਣਵੇਂ ਤੱਥਾਂ ਦਾ ਚੇਤਾ ਕਰਵਾ ਕੇ ਲੋਕ ਰਾਏ ਉਸਾਰਨਾ ਇਸ਼ਤਿਹਾਰਾਂ ਦੀ ਮੰਡੀ ਨੂੰ ਕਾਇਮ ਰੱਖਦਾ ਹੈ।

ਦਿੱਲੀ ਸਰਕਾਰ ਦੇ ਇਸ਼ਤਿਹਾਰਾਂ ਦੇ ਹਵਾਲੇ ਨਾਲ ਸਾਹਮਣੇ ਆਏ ਸੁਆਲ ਜਮਹੂਰੀਅਤ ਲਈ ਸਦਾ ਅਹਿਮ ਰਹੇ ਹਨ। ਜਦੋਂ ਆਈਨਸਟਾਈਨ 'ਜਾਣਕਾਰ ਆਵਾਮ ਨੂੰ ਸੁਰੱਖਿਆ ਦੀ ਕੁੰਜੀ' ਵਜੋਂ ਪੇਸ਼ ਕਰਦਾ ਹੈ ਤਾਂ ਸਰਕਾਰੀ ਇਸ਼ਤਿਹਾਰ ਮੁਹਿੰਮਾਂ ਦੀ ਪੜਚੋਲ ਜ਼ਰੂਰੀ ਹੋ ਜਾਂਦੀ ਹੈ। ਪਿਛਲੇ ਸਾਲਾਂ ਵਿਚ ਸਰਕਾਰੀ ਅਤੇ ਸਿਆਸੀ ਇਸ਼ਤਿਹਾਰਾਂ ਵਿਚ ਆਗੂਆਂ ਦੀ ਤਸਵੀਰਾਂ ਵੱਡੀਆਂ ਹੁੰਦੀਆਂ ਗਈਆਂ ਹਨ ਅਤੇ ਜਾਣਕਾਰੀ ਕੰਨੀਆਂ ਤੱਕ ਮਹਿਦੂਦ ਹੁੰਦੀ ਹੋਈ ਸੰਖੇਪ ਤੋਂ ਸੰਖੇਪ ਹੋ ਗਈ ਹੈ। ਗੱਠਜੋੜ ਵਾਲੀਆਂ ਸਿਆਸੀ ਪਾਰਟੀਆਂ ਵਿਚ ਇਹ ਤਕਰਾਰ ਦਾ ਮੁੱਦਾ ਬਣਦਾ ਹੈ ਕਿ ਇਸ਼ਤਿਹਾਰਾਂ ਵਿਚ ਆਗੂਆਂ ਦੀਆਂ ਤਸਵੀਰਾਂ ਵਿਚ ਨੁਮਾਇੰਦਗੀ ਕਿਵੇਂ ਤੈਅ ਕੀਤੀ ਜਾਵੇਗੀ। ਪੰਜਾਬ ਦੇ ਬਾਦਲਾਂ, ਕਸ਼ਮੀਰ ਦੇ ਅਬਦੁੱਲਿਆਂ, ਹਰਿਆਣੇ ਦੇ ਚੌਟਾਲਿਆਂ ਜਾਂ ਹੁੱਡਿਆਂ ਅਤੇ ਕਾਂਗਰਸੀ ਦੇ ਗਾਂਧੀ ਪਰਿਵਾਰ, ਭਾਜਪਾ ਦੇ ਸਾਬਕਾ ਆਗੂਆਂ ਜਾਂ ਸਿਧਾਂਤਕਾਰਾਂ ਦੀਆਂ ਇਸ਼ਤਿਹਾਰੀ ਤਸਵੀਰਾਂ ਇਸੇ ਮਸ਼ਕ ਦੀ ਵੰਨ-ਸਵੰਨਤਾ ਨੂੰ ਪੇਸ਼ ਕਰਦੀਆਂ ਹਨ। ਇਸੇ ਕੜੀ ਵਿਚ ਹੋਰ ਖੇਤਰੀ ਅਤੇ ਕੇਂਦਰੀ ਪਾਰਟੀਆਂ ਦੇ ਨਾਲ ਸੂਬਾ ਸਰਕਾਰਾਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਭਾਖੜਾ ਬੰਨ੍ਹ ਦੇ ਪੰਜਾਹ ਸਾਲਾ ਮੌਕੇ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਆਪਣੇ ਪਿਤਾ ਦੀਆਂ ਤਸਵੀਰਾਂ ਇਸ਼ਤਿਹਾਰਾਂ ਵਿਚ ਛਪਵਾ ਕੇ ਆਪਣੇ ਪਰਿਵਾਰਕ ਪਿਛੋਕੜ ਦੀ ਦਾਅਵੇਦਾਰੀ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਦੁਸ਼ਯੰਤ ਚੌਟਾਲਾ ਦੇ ਚੋਣ ਪ੍ਰਚਾਰ ਵਿਚ ਉਸ ਦੇ ਪਿਉ, ਦਾਦੇ ਅਤੇ ਪੜਦਾਦੇ ਦੀਆਂ ਤਸਵੀਰਾਂ ਛਪਦੀਆਂ ਹਨ। ਪੰਜਾਬ ਵਿਚ ਹਾਲੇ ਸਿਆਸਤਦਾਨਾਂ ਦੀ ਤੀਜੀ ਪੀੜ੍ਹੀ ਮੂਹਰਲੀ ਸਫ਼ ਵਿਚ ਨਹੀਂ ਆਈ, ਪਰ ਇਸ ਦੀਆਂ ਕਨਸੋਆਂ ਪੈ ਰਹੀਆਂ ਹਨ। ਸਰਕਾਰੀ ਇਸ਼ਤਿਹਾਰਾਂ ਵਿਚ ਸਿਆਸੀ ਆਗੂਆਂ ਦੀਆਂ ਤਸਵੀਰਾਂ ਹਰ ਯੋਜਨਾ ਤਹਿਤ ਵੰਡੇ ਗਏ ਸਮਾਨ ਉਤੇ ਹੁੰਦੀਆਂ ਹਨ। ਜਦੋਂ ਕਿਸੇ ਮਹਿਕਮੇ ਦਾ ਮੰਤਰੀ ਬਦਲ ਜਾਂਦਾ ਹੈ ਤਾਂ ਸਭ ਤੋਂ ਪਹਿਲਾ ਸੁਆਲ ਚਾਲੂ ਯੋਜਨਾਵਾਂ ਦੀ ਪੇਸ਼ਕਾਰੀ ਵਿਚ ਤਸਵੀਰਾਂ ਬਦਲਣ ਦਾ ਆਉਂਦਾ ਹੈ। ਪੰਜਾਬ ਵਿਚ ਸਿਹਤ ਮੰਤਰੀ ਬਦਲਣ ਨਾਲ ਹੋਈ 'ਬੇਸੁਆਦੀ' ਤਾਂ ਸਭ ਕਿਸੇ ਨੂੰ ਯਾਦ ਹੋਵੇਗੀ।

ਸਰਕਾਰੀ ਮੁਹਿੰਮਾਂ ਦਾ ਨਿੱਜੀ ਰੂਪ ਪੰਜਾਬ ਦੇ ਹਰ ਸ਼ਹਿਰ-ਕਸਬੇ ਵਿਚ ਲੱਗੀਆਂ ਇਸ਼ਤਿਹਾਰੀ ਤਸਵੀਰਾਂ ਵਿਚ ਦਿਖਾਈ ਦਿੰਦੀ ਹੈ। ਹਰ ਤਰੱਕੀ, ਨਿਯੁਕਤੀ, ਜਿੱਤ, ਸਮਾਗਮ ਅਤੇ ਸੁਆਗਤੀ ਸਮਾਗਮ ਲਈ ਵਧਾਈਆਂ ਦਿੰਦੀਆਂ ਅਤੇ ਸੁਆਗਤ ਕਰਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਸੂਬਾਈ ਆਗੂਆਂ ਤੋਂ ਮੁਕਾਮੀ ਆਗੂਆਂ ਤੱਕ ਦੀ ਨੁਮਾਇੰਦਗੀ ਕਰਨ ਲਈ ਵੱਡੀਆਂ ਤੋਂ ਛੋਟੀਆਂ ਡੱਬੀਆਂ ਛਪਦੀਆਂ ਹਨ। ਕਈ ਵਾਰ ਤਸਵੀਰ ਦੀਆਂ ਖਾਲੀ ਡੱਬੀਆਂ ਛਪਦੀਆਂ ਹਨ ਅਤੇ ਹੇਠਾਂ ਨਾਮ ਛਪੇ ਹੁੰਦੇ ਹਨ। ਇਨ੍ਹਾਂ ਖਾਲੀ ਡੱਬੀਆਂ ਦੇ ਕੀ ਮਾਅਨੇ ਬਣਦੇ ਹਨ? ਹੋ ਸਕਦਾ ਹੈ ਕਿ ਤਸਵੀਰ ਛਾਪ ਕੇ ਸਨਮਾਨ ਕਰਨਾ ਤੈਅ ਹੋ ਗਿਆ, ਪਰ ਤਸਵੀਰ ਦਾ ਬੰਦੋਬਸਤ ਨਹੀਂ ਹੋਇਆ। ਇਹ ਵੀ ਹੋ ਸਕਦਾ ਹੈ ਕਿ ਵਾਅਦੇ ਜਾਂ ਤਵੱਕੋ ਮੁਤਾਬਕ ਇਸ਼ਤਿਹਾਰ ਦੇ ਖ਼ਰਚੇ ਦਾ ਹਿੱਸਾ ਨਾ ਪਾਇਆ ਹੋਵੇ, ਤੇ ਐਨ ਆਖ਼ਰੀ ਮੌਕੇ ਤਸਵੀਰ ਕੱਢ ਲਈ ਹੋਵੇ। ਨਾਟਕਕਾਰ ਗੁਰਸ਼ਰਨ ਸਿੰਘ ਸੜਕਾਂ, ਚੌਕਾਂ ਅਤੇ ਗਲੀਆਂ-ਬਾਜ਼ਾਰਾਂ ਵਿਚ ਲੱਗੀਆਂ ਇਸ਼ਤਿਹਾਰੀ ਤਸਵੀਰਾਂ ਨੂੰ ਬਦਸੂਰਤੀ ਕਰਾਰ ਦਿੰਦੇ ਹਨ। ਉਨ੍ਹਾਂ ਨੇ ਨਾਟਕ ਲਿਖਿਆ ਸੀ: ਬੂਥੀਆਂ, ਬੂਥੀਆਂ, ਬੂਥੀਆਂ। ਇਸ ਨਾਮ ਨਾਲ ਇਸ਼ਤਿਹਾਰੀ ਬੂਥੀਆਂ ਦੇ ਮਾਅਨੇ ਸਿਆਸੀ ਆਗੂਆਂ ਤੋਂ ਧਾਰਮਿਕ ਸਮਾਗਮਾਂ ਅਤੇ ਮਨੋਰੰਜਨ ਸਨਅਤ ਰਾਹੀਂ ਨਹਾਉਣ-ਧੋਣ, ਖਾਣ-ਪੀਣ ਅਤੇ ਵਰਤੋਂ ਦੀਆਂ ਹੋਰ ਚੀਜ਼ਾਂ ਦੇ ਇਸ਼ਤਿਹਾਰਾਂ ਨਾਲ ਜੁੜ ਜਾਂਦੇ ਹਨ।

ਮੀਡੀਆ ਇਸ ਚਰਚਾ ਦਾ ਮੰਚ ਬਣਿਆ ਹੋਇਆ ਹੈ ਜੋ ਆਪ ਇਸ਼ਤਿਹਾਰੀ ਖ਼ਬਰਾਂ ਅਤੇ ਸੰਪਾਦਕੀਆਂ ਦੇ ਇਲਜ਼ਾਮਾਂ ਵਿਚ ਘਿਰਿਆ ਹੋਇਆ ਹੈ। ਮੀਡੀਆ ਵਿਚ ਇਹ ਚਰਚਾ ਆਮ ਰਹਿੰਦੀ ਹੈ ਕਿ ਕੋਈ ਸਰਕਾਰ ਆਪਣੀਆਂ ਪ੍ਰਾਪਤੀਆਂ ਨੂੰ ਪੇਸ਼ ਕਰਨ ਵਿਚ ਨਾਕਾਮਯਾਬ ਰਹੀ ਹੈ ਜਾਂ ਕੋਈ ਸਿਆਸੀ ਪਾਰਟੀ ਆਪਣੇ ਵਾਅਦੇ ਲੋਕਾਂ ਨੂੰ ਜਚਾਉਣ ਵਿਚ ਕਾਮਯਾਬ ਹੋਈ ਹੈ। ਇਸ ਚਰਚਾ ਦਾ ਸਿੱਧਾ ਰਿਸ਼ਤਾ ਇਸ਼ਤਿਹਾਰ ਸਨਅਤ ਅਤੇ ਮੀਡੀਆ ਦੀ ਆਮਦਨ ਨਾਲ ਜੁੜਦਾ ਹੈ। ਇਹ ਮੀਡੀਆ ਬਹੁਤ ਮਹੀਨ ਢੰਗ ਨਾਲ ਇਸ਼ਤਿਹਾਰ ਲਈ ਸਰਕਾਰ ਦੀ ਬਾਂਹ ਮਰੋੜਦਾ ਹੈ। ਮੀਡੀਆ ਲਈ ਵਿਚਾਰ ਮੁਖੀ ਪੇਸ਼ਕਾਰੀ ਮੁਸ਼ਕਿਲ ਹੁੰਦੀ ਹੈ, ਕਿਉਂਕਿ ਇਹ ਜ਼ਿਆਦਾ ਤਰੱਦਦ ਦੀ ਮੰਗ ਕਰਦੀ ਹੈ। ਵਿਅਕਤੀ ਮੁਖੀ ਸਿਆਸਤ, ਮੀਡੀਆ ਦੀ ਅਣਸਰਦੀ ਲੋੜ ਹੈ। ਇਸ ਰੁਝਾਨ ਦੇ ਦੌਰ ਵਿਚ ਆਮ ਆਦਮੀ ਪਾਰਟੀ ਦੇ ਇਸ਼ਤਿਹਾਰ ਚਰਚਾ ਦਾ ਵਿਸ਼ਾ ਬਣੇ ਹਨ। ਆਮ ਆਦਮੀ ਪਾਰਟੀ ਦਾ ਨਾਮ ਇਸੇ ਇਸ਼ਤਿਹਾਰੀ ਮਸ਼ਕ ਦਾ ਹਿੱਸਾ ਹੈ। ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਵਿਚ 'ਮੈਂ ਵੀ ਅੰਨਾ', 'ਤੂੰ ਵੀ ਅੰਨਾ' ਅਤੇ 'ਸਾਰੇ ਅੰਨਾ' ਵਰਗੇ ਬੋਲੇ ਆਮ ਰਹੇ ਹਨ। ਇਨ੍ਹਾਂ ਬੋਲਿਆਂ ਦੀ ਘਾੜਤ ਅਤੇ ਪ੍ਰਚਾਰ ਕਰਨ ਵਿਚ ਮੀਡੀਆ ਦੀ ਭੂਮਿਕਾ ਅਹਿਮ ਰਹੀ ਸੀ ਜੋ ਉਸ ਵੇਲੇ ਰਾਡੀਆ ਟੇਪਾਂ ਵਾਲੇ ਵਿਵਾਦ ਵਿਚ ਫਸਿਆ ਹੋਇਆ ਸੀ। ਜਦੋਂ ਨਵੀਂ ਸਿਆਸੀ ਪਾਰਟੀ ਦਾ ਨਾਮ 'ਆਮ ਆਦਮੀ ਪਾਰਟੀ' ਰੱਖਿਆ ਗਿਆ ਤਾਂ ਇਹ ਸਚੇਤ ਚੋਣ ਸੀ ਜਿਵੇਂ ਕੋਕਾ ਕੋਲਾ 'ਠੰਢਾ ਮਤਲਬ ਕੋਕਾ ਕੋਲਾ।' ਉਸ ਵੇਲੇ ਤੱਕ ਸਿਆਸੀ ਪਾਰਟੀਆਂ ਆਮ ਆਦਮੀ ਦੇ ਨਾਮ ਉਤੇ ਸਿਆਸਤ ਕਰਦੀਆਂ ਸਨ, ਪਰ ਹੁਣ ਪਾਰਟੀ ਦਾ ਨਾਮ 'ਆਮ ਆਦਮੀ ਪਾਰਟੀ' ਹੋ ਗਿਆ। ਇਸ ਨਾਲ ਬਾਕੀ ਪਾਰਟੀਆਂ ਦਾ ਸਿਆਸੀ ਮੁਹਾਵਰਾ ਖੁੱਸ ਗਿਆ ਅਤੇ ਨਵੀਂ ਪਾਰਟੀ ਦੇ ਨਾਮ ਨਾਲ 'ਆਮ ਆਦਮੀ ਦੀ ਪਾਰਟੀ' ਹੋਣ ਦਾ ਭੁਲੇਖਾ ਪੈਂਦਾ ਸੀ। ਤ੍ਰਿਹਾਇਆ ਜੀਅ ਗਰਮੀਆਂ ਵਿਚ ਪੀਣ ਲਈ ਠੰਢਾ ਮੰਗਦਾ ਹੈ ਅਤੇ ਕੋਕਾ ਕੋਲਾ ਇਸ਼ਤਿਹਾਰ ਰਾਹੀਂ ਇਸ ਮੰਗ ਵਿਚ ਆਪਣਾ ਨਾਮ ਭਰਦਾ ਹੈ। ਇਸੇ ਤਰਜ਼ ਉਤੇ ਨਜ਼ਰਅੰਦਾਜ਼ ਆਮ ਆਦਮੀ, ਸਿਆਸਤ ਵਿਚ ਆਪਣੀ ਭਾਲ ਕਰਦਾ ਹੈ ਅਤੇ 'ਆਮ ਆਦਮੀ ਪਾਰਟੀ' ਆਪਣਾ ਪਤਾ ਪੇਸ਼ ਕਰਦੀ ਹੈ।

ਜਦੋਂ ਗਾਂਧੀ ਟੋਪੀ ਉਤੇ 'ਮੈਂ ਹਾਂ ਆਮ ਆਦਮੀ' ਲਿਖਿਆ ਜਾਂਦਾ ਹੈ ਤਾਂ ਕਾਂਗਰਸ ਆਪਣੇ ਇਤਿਹਾਸ ਵਿਚ ਆਪਣੀ ਰਵਾਇਤੀ ਟੋਪੀ ਤੋਂ ਡਰਦੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਇਸ ਟੋਪੀ ਨੂੰ ਚੋਣ ਪ੍ਰਚਾਰ ਉਤੇ ਪਾਬੰਦੀ ਲੱਗਣ ਤੋਂ ਬਾਅਦ ਪਾਬੰਦੀ ਦੇ ਘੇਰੇ ਵਿਚ ਲਿਆਉਣ ਦੀ ਮੰਗ ਹੁੰਦੀ ਹੈ। ਜਦੋਂ 'ਆਮ ਆਦਮੀ ਪਾਰਟੀ' ਦੇ ਆਗੂ ਤੇ ਕਾਰਕੁਨ 'ਮੈਂ ਹਾਂ ਆਮ ਆਦਮੀ' ਦੀ ਲਿਖਤ ਤੋਂ ਬਿਨਾਂ ਗਾਂਧੀ ਟੋਪੀਆਂ ਪਾ ਕੇ ਚੋਣ ਬੂਥਾਂ ਦਾ ਦੌਰਾ ਕਰਦੇ ਹਨ ਤਾਂ ਲੋਕ ਅਣ-ਲਿਖਿਆ ਪੜ੍ਹਦੇ ਹਨ। ਜਦੋਂ ਅਣ-ਲਿਖਿਆ ਪੜ੍ਹਿਆ ਜਾਣ ਲੱਗਦਾ ਹੈ ਤਾਂ ਇਸ ਉਤੇ ਨਵੀਂ ਲਿਖਤ ਉਭਰ ਆਉਂਦੀ ਹੈ: "ਮੈਂ ਹਾਂ ਅਰਵਿੰਦ ਕੇਜਰੀਵਾਲ।" ਇਕ ਪਾਸੇ ਆਮ ਆਦਮੀ ਦੀ ਪਛਾਣ ਵਿਚ ਕੇਜਰੀਵਾਲ ਦੇ ਨਕਸ਼ ਉਘੜਦੇ ਹਨ ਅਤੇ ਦੂਜੇ ਪਾਸੇ "ਮੈਂ ਹਾਂ ਅੰਨਾ" ਵਾਲੀ ਪੈੜ ਵਿਚ ਨਵਾਂ ਪੈਰ ਪੈ ਜਾਂਦਾ ਹੈ। ਜਦੋਂ ਲੋਕ ਸਭਾ ਚੋਣਾਂ ਵਿਚ 'ਅਬ ਕੀ ਵਾਰ ਮੋਦੀ ਸਰਕਾਰ' ਦਾ ਮੰਤਰ ਗੂੰਜਦਾ ਹੈ ਤਾਂ ਦਿੱਲੀ ਦੀਆਂ ਲੋਕ ਸਭਾ ਚੋਣਾਂ ਵਿਚ 'ਪਾਂਚ ਸਾਲ ਕੇਜਰੀਵਾਲ' ਦਾ ਅਰਵਿੰਦ-ਨਾਦ ਸੁਣਾਈ ਦਿੰਦਾ ਹੈ। ਆਪਣੇ ਸਹੁੰ ਚੁੱਕ ਸਮਾਗਮ ਉਤੇ ਹਉਮੈ ਤੋਂ ਬਚੇ ਰਹਿਣ ਦਾ ਅਹਿਮ ਐਲਾਨ ਕਰਨ ਵਾਲਾ ਕੇਜਰੀਵਾਲ ਦਿਨਾਂ ਵਿਚ ਹੀ ਸੁਆਲ ਕਰਨ ਵਾਲੇ 'ਵਿਦਵਾਨ' ਸਾਥੀਆਂ ਨੂੰ 'ਬੇਆਬਰੂ ਕਰ ਕੇ ਕੂਚੇ ਤੋਂ ਬਾਹਰ' ਕੱਢ ਦੇਣ ਦੀ ਮਸ਼ਕ ਸ਼ੁਰੂ ਕਰ ਦਿੰਦਾ ਹੈ। ਮੌਜੂਦਾ ਇਸ਼ਤਿਹਾਰ ਰਾਹੀਂ ਇਹ ਰੁਝਾਨ ਆਪਣੇ ਸੁਭਾਵਿਕ ਸਿਖ਼ਰ ਤੱਕ ਪਹੁੰਚਦਾ ਹੈ। ਆਮ ਆਦਮੀ ਦੀਆਂ ਦੁਸ਼ਵਾਰੀਆਂ ਨਾਲ ਜੋੜ ਕੇ ਉਭਰਿਆ ਰੁਝਾਨ ਆਪਣੇ ਖ਼ਾਸੇ ਦੇ ਨਕਸ਼ ਨਿਖਾਰ ਰਿਹਾ ਹੈ।

'ਆਮ ਆਦਮੀ ਪਾਰਟੀ' ਦੇ ਇਸ਼ਤਿਹਾਰ ਵਿਚਲੇ ਸੁਭਾਵਿਕ ਸ਼ਿਖਰ ਨਾਲ ਮੌਜੂਦਾ ਚਰਚਾ ਦਾ ਕੋਈ ਸੁਆਲ ਬੇਮਾਅਨਾ ਨਹੀਂ ਹੋ ਜਾਂਦਾ। ਇਹ ਦਰਅਸਲ ਇਸ਼ਤਿਹਾਰਬਾਜ਼ੀ ਦੇ ਛਲੇਡਾ ਖ਼ਾਸੇ ਨੂੰ ਬੇਪਰਦ ਕਰਦਾ ਹੈ। ਬੀਤੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਕਾਮਯਾਬੀ ਨੂੰ ਇਸ ਦੇ ਮੀਡੀਆ ਪ੍ਰਬੰਧ ਅਤੇ ਨੁਮਾਇਸ਼ੀ ਹੁਨਰ ਨਾਲ ਜੋੜ ਕੇ ਸਮਝਿਆ ਜਾਂਦਾ ਹੈ। ਜਿਵੇਂ 'ਆਮ ਆਦਮੀ ਪਾਰਟੀ' ਆਮ ਆਦਮੀ ਦੀ ਪਾਰਟੀ ਹੋਣ ਦਾ ਦਾਅਵਾ ਕਰ ਕੇ ਹਾ-ਲਾ-ਲਾ-ਲਾ ਸਿਆਸਤ ਕਰਦੀ ਹੈ, ਉਸੇ ਤਰ੍ਹਾਂ ਨਰੇਂਦਰ ਮੋਦੀ ਕਾਲੇ ਧਨ ਦੀ ਵਾਪਸੀ ਨਾਲ ਹਰ ਜੀਅ ਨੂੰ ਤਿੰਨ ਲੱਖ ਰੁਪਏ ਮਿਲਣ ਦਾ ਸੁਫ਼ਨਾ ਬੀਜਦਾ ਹੈ। ਪੰਜਾਬ ਵਿਚ 'ਰਾਜ ਨਹੀਂ ਸੇਵਾ' ਦੇ ਵਾਅਦੇ ਨਾਲ ਰਣਜੀਤ ਸਿੰਘ ਵਰਗਾ ਰਾਜ ਕਾਇਮ ਕਰਨ ਦਾ ਸੁਫ਼ਨਾ ਬੀਜਿਆ ਜਾਂਦਾ ਹੈ। ਪੰਜਾਬ ਨੂੰ ਕੈਲੀਫੋਰਨੀਆ ਬਣਾਉਣ

***(ਬਾਕੀ ਅਗਲੇ ਸਫੇ 'ਤੇ)***

# ਨਸਲੀ ਨਫ਼ਰਤ, ਅਮਰੀਕਾ ਤੇ ਪਰਵਾਸੀ



**ਹਰਜਿੰਦਰ ਦੁਸਾਂਝ**
ਫੋਨ: 530-301-1753

18 ਜੂਨ 2015 ਦੀ ਸ਼ਾਮ ਨੂੰ ਨਸਲੀ ਨਫ਼ਰਤ ਦੀ ਅੱਗ ਵਿਚ ਝੁਲਸੀ ਬੁੱਧੀ ਵਾਲੇ ਗੋਰੇ ਨੇ ਕਾਲ਼ੇ ਮੂਲ ਦੇ ਤਵਾਰੀਖ਼ੀ ਚਰਚ ਵਿਚ ਵੜ ਕੇ ਨੌਂ ਇਨਸਾਨਾਂ ਨੂੰ ਗੋਲੀਆਂ ਮਾਰ ਕੇ ਸਿਰਫ਼ ਇਸ ਲਈ ਮਾਰ ਦਿੱਤਾ ਕਿ ਉਹ ਅਫ਼ਰੀਕੀ ਮੂਲ ਦੇ ਅਮਰੀਕੀ ਸਨ। ਅਮਰੀਕਾ ਵਿਚ ਗ਼ੁਲਾਮ ਪ੍ਰਥਾ ਖਿਲਾਫ਼ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਲਈ ਲੜੇ ਲੰਮੇ ਕਾਨੂੰਨੀ ਸੰਘਰਸ਼ ਨਾਲ ਜੁੜੇ ਰਹੇ ਇਸ ਚਰਚ ਵਿਚ ਮਰਨ ਵਾਲੇ ਦਾਨਸ਼ਮੰਦਾਂ 'ਚ ਸਟੇਟ ਸੈਨੇਟਰ ਜੋ ਇਸੇ ਚਰਚ ਦੇ ਪਾਦਰੀ ਵੀ ਸਨ, ਮਿਸਟਰ ਕਰੀਅੰਤਾਂ ਪਿੰਕਨੀ ਵੀ ਸ਼ਾਮਲ ਹੈ। ਭਾਣਾ ਵਾਪਰਿਆ 'ਸਾਊਥ ਕੈਰੋਲਾਈਨਾ' ਸਟੇਟ ਵਿਚ ਜਿਥੋਂ ਦੀ ਗਵਰਨਰ ਪੰਜਾਬੀ ਸਿੱਖ ਮਾਪਿਆਂ ਦੀ ਧੀ ਨਿੱਕੀ ਰੰਧਾਵਾ ਹੇਲੀ ਹੈ। ਕਾਲ਼ੀ ਨਸਲ ਦੇ ਲੋਕਾਂ ਦੇ ਧਾਰਮਿਕ ਸਥਾਨ ਉਪਰ ਇਹ ਕੋਈ ਪਹਿਲਾ ਹਮਲਾ ਨਹੀਂ। ਇਸ ਤੋਂ ਵੀ ਘਿਨਾਉਣੇ ਤੇ ਦਰਦਨਾਕ ਵੱਡੇ ਹਮਲੇ ਹੁੰਦੇ ਰਹੇ ਹਨ। ਬੋਧੀਆਂ, ਯਹੂਦੀਆਂ ਤੇ ਇਸਾਈਆਂ ਦੇ ਕਈ ਵੱਖਰੇ ਧੜਿਆਂ ਵਿਚ ਵੀ ਭਾਵੇਂ ਸਮੂਹਿਕ ਮੌਤਾਂ ਹੋਈਆਂ ਹਨ, ਪਰ ਹੁਣ ਕਾਲ਼ੇ ਮੂਲ ਦੇ ਲੋਕਾਂ ਦੇ ਧਾਰਮਿਕ ਸਥਾਨ ਉਤੇ ਇਹ ਹਮਲਾ ਲੰਮੇ ਅਰਸੇ ਬਾਅਦ ਹੋਇਆ ਹੈ। ਹੋਇਆ ਵੀ ਉਦੋਂ ਜਦੋਂ ਅਮਰੀਕਾ ਦਾ ਰਾਸ਼ਟਰਪਤੀ ਖ਼ੁਦ ਅਫ਼ਰੀਕੀ ਮੂਲ ਦੇ ਪਿਤਾ ਤੇ ਗੋਰੀ ਮਾਂ ਦਾ ਜਨਮਿਆ ਪੁੱਤਰ ਹੈ।

ਇਸ ਤੋਂ ਪਹਿਲਾਂ ਅਮਰੀਕਾ ਦੀ ਧਰਤੀ ਉਪਰ ਨਸਲੀ ਤੇ ਮਜ਼ਹਬੀ ਹਮਲਾ ਵਿਸਕਾਨਸਿਨ ਸਟੇਟ ਦੇ ਓਕ ਕਰੀਕ ਦੇ ਗੁਰਦੁਆਰੇ ਵਿਚ 5 ਅਗਸਤ 2012 ਨੂੰ ਹੋਇਆ ਸੀ। ਚਰਚ ਵਿਚ ਹੋਏ ਹਮਲੇ ਨੇ ਗੁਰਦੁਆਰੇ ਅੰਦਰ ਵਾਪਰੀ ਦਰਦਨਾਕ ਘਟਨਾ ਨੂੰ ਇਕ ਵਾਰ ਫਿਰ ਅਮਰੀਕੀ ਸਿਆਸਤ ਅਤੇ ਮੀਡੀਆ ਵਿਚ ਉਘਾੜਿਆ ਹੈ। ਮਾਰੇ ਗਏ ਨਿਰਦੋਸ਼ ਕਾਲ਼ੇ ਲੋਕਾਂ ਵਾਂਗ ਨਿਰਦੋਸ਼ ਮਰੇ ਸਿੱਖਾਂ ਨੂੰ ਚੇਤੇ ਕਰਦਿਆਂ ਉਸ ਕਾਰੇ ਦੀ ਮੁੜ ਨਿਖੇਧੀ ਹੋ ਰਹੀ ਹੈ। ਰਾਸ਼ਟਰਪਤੀ ਬਰਾਕ ਓਬਾਮਾ ਚਰਚ 'ਤੇ ਹੋਏ ਹਮਲੇ ਸਬੰਧੀ ਗੱਲਬਾਤ ਜਾਂ ਤਕਰੀਰ ਕਰਦਿਆਂ ਅਕਸਰ ਨਿਰਦੋਸ਼ ਸਿੱਖਾਂ ਦੇ ਕਤਲਾਂ ਦੀ ਮੁੜ ਨਿਖੇਧੀ ਕਰਦੇ ਹਨ। ਵ੍ਹਾਈਟ ਹਾਊਸ ਤੇ ਕੈਪੀਟਲ ਹਿੱਲ ਤੋਂ ਲੈ ਕੇ ਸਥਾਨਕ ਸੋਗ ਸਭਾਵਾਂ ਵਿਚ ਓਕ ਕਰੀਕ ਦੇ ਗੁਰਦੁਆਰੇ ਅੰਦਰ ਮਾਰੇ ਗਏ ਸਿੱਖਾਂ ਨੂੰ ਯਾਦ ਕਰਦਿਆਂ ਨਿਖੇਧੀ ਹੋ ਰਹੀ ਹੈ, ਪਰ ਦੁੱਖਦਾਈ ਗੱਲ ਹੈ ਕਿ ਅਮਰੀਕਾ ਵਿਚ ਨਾਮ-ਨਿਹਾਦ ਬਣੀਆਂ ਵੱਡੀਆਂ ਵੱਡੀਆਂ ਸਿੱਖ ਜਥੇਬੰਦੀਆਂ ਵਿਚੋਂ ਕਿਸੇ ਨੇ ਵੀ ਅਫ਼ਰੀਕੀ ਮੂਲ ਦੇ ਚਰਚ 'ਤੇ ਹੋਏ ਹਮਲੇ ਦੀ ਨਿਖੇਧੀ ਨਹੀਂ ਕੀਤੀ। ਇਥੋਂ ਤੱਕ ਕਿ ਵੱਡੇ ਵੱਡੇ ਦਾਅਵੇ ਕਰਨ ਵਾਲੇ ਅਤੇ ਆਪਣੇ ਆਪ ਨੂੰ ਵੱਡੇ ਸਿੱਖ ਆਗੂ ਅਖਵਾਉਣ ਵਾਲੇ ਕਿਸੇ ਸੱਜਣ ਨੇ ਅਜੇ ਤੱਕ ਹਾਅ ਦਾ ਨਾਹਰਾ ਵੀ ਨਹੀਂ ਮਾਰਿਆ। ਯਾਦ ਰਹੇ ਕਿ ਜਦ ਓਕ ਕਰੀਕ ਦੇ ਗੁਰਦੁਆਰੇ ਵਿਚ ਹਮਲਾ ਹੋਇਆ ਸੀ ਤਾਂ ਮੁਲਕ ਭਰ ਦੀਆਂ ਤਮਾਮ ਕੌਮੀ ਅਤੇ ਸਥਾਨਕ ਸਮਾਜਕ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਸਿੱਖ ਦਰਦ ਨੂੰ ਮੱਠਾ ਕਰਨ ਲਈ ਨਾਲ ਆ ਖੜੋਤੀਆਂ ਸਨ। ਹੈਰਾਨੀ ਹੈ ਕਿ ਬਹੁਤ ਸਾਰੀਆਂ ਜਥੇਬੰਦੀਆਂ ਅਮਰੀਕਾ 'ਚ ਸਿੱਖਾਂ ਖਿਲਾਫ਼ ਹੁੰਦੇ ਨਸਲੀ ਵਿਤਕਰੇ ਨੂੰ ਤਾਂ ਵਧਾ ਚੜ੍ਹਾ ਕੇ ਪੇਸ਼ ਕਰਦੀਆਂ ਹਨ, ਇੱਥੋਂ ਤੱਕ ਕਿ ਕਈ ਵਾਰ ਸਿੱਖਾਂ ਦੇ ਦੂਜੇ ਲੋਕਾਂ ਨਾਲ ਹੁੰਦੇ ਨਿੱਜੀ ਝਗੜਿਆਂ ਨੂੰ ਵੀ ਨਸਲੀ ਤੇ ਮਜ਼ਹਬੀ ਨਫ਼ਰਤ ਦੀ ਪੁੱਠ ਚਾੜ੍ਹ ਦਿੱਤੀ ਜਾਂਦੀ ਹੈ, ਪਰ ਜਦ ਅਜਿਹਾ ਵਿਤਕਰਾ ਦੂਜੇ ਲੋਕਾਂ ਜਾਂ ਭਾਈਚਾਰਿਆਂ ਨਾ਼ਲ ਹੁੰਦਾ ਹੈ, ਤਾਂ ਇਹ ਖਾਮੋਸ਼ ਰਹਿੰਦੇ ਹਨ।

ਹੈਰਾਨੀ ਇਹ ਵੀ ਹੈ ਕਿ ਬਹੁਤ ਸਾਰੇ ਸਿੱਖ ਆਗੂ ਤੇ ਜਥੇਬੰਦੀਆਂ ਆਪਣੇ ਬਾਰੇ ਇਹੋ ਪ੍ਰਚਾਰ ਕਰ ਰਹੀਆਂ ਹਨ ਕਿ ਉਹ ਮੁਸਲਮਾਨ ਨਹੀਂ ਹਨ, ਉਨ੍ਹਾਂ ਉਤੇ ਮੁਸਲਮਾਨਾਂ ਦੇ ਭੁਲੇਖੇ ਹਮਲਾ ਕਰਨਾ ਗ਼ਲਤ ਹੈ। ਕੀ ਮੁਸਲਮਾਨਾਂ ਨਾਲ ਹੁੰਦਾ ਧੱਕਾ ਜਾਂ ਵਿਤਕਰਾ ਫਿਰ ਜਾਇਜ਼ ਹੈ? ਸਿੱਖਾਂ ਨੂੰ ਸਿੱਖ ਸਿਧਾਂਤਾਂ ਮੁਤਾਬਿਕ ਹਰ ਕਿਸੇ ਨਾਲ ਹੁੰਦੇ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਖਿਲਾਫ਼ ਡਟਣਾ ਚਾਹੀਦਾ ਹੈ। ਹੈਰਾਨੀ ਹੋ ਰਹੀ ਹੈ ਕਿ ਜਦ ਇੰਗਲੈਂਡ ਦੀ ਰਾਜ ਕੁਮਾਰੀ ਡਾਇਨਾ ਕਾਰ ਹਾਦਸੇ ਵਿਚ ਮਰੀ ਤਾਂ ਕਈ ਗੁਰਦੁਆਰਿਆਂ 'ਚ ਉਸ ਦੀ ਆਤਮਿਕ ਸ਼ਾਂਤੀ ਲਈ ਅਖੰਡ ਪਾਠ ਰੱਖੇ ਗਏ। ਇਨ੍ਹਾਂ 'ਚ ਮੇਰੇ ਆਪਣੇ ਪਿੱਤਰੀ ਸ਼ਹਿਰ ਯੂਬਾ ਸਿਟੀ ਦਾ ਇੱਕ ਗੁਰਦੁਆਰਾ ਵੀ ਸ਼ਾਮਲ ਹੈ। ਅਖੰਡ ਪਾਠ ਕਰਵਾਉਣਾ ਕੋਈ ਮਾੜੀ ਗੱਲ ਨਹੀਂ, ਪਰ ਸਵਾਲ ਹੈ ਕਿ ਹੁਣ ਅਸੀਂ ਕਾਲ਼ਿਆਂ ਦੇ ਚਰਚ ਉਤੇ ਹੋਏ ਹਮਲੇ ਵੇਲੇ ਕਿਉਂ ਚੁੱਪ ਹਾਂ? ਕੀ ਸਿੱਖ ਹੁਣ ਦੋਹਰੇ ਕਿਰਦਾਰ ਵਾ਼ਲੇ ਹੋ ਗਏ ਹਨ? ਜਿਸ ਸਟੇਟ ਵਿਚ ਭਾਣਾ ਵਾਪਰਿਆ, ਉਥੋਂ ਦੀ ਗਵਰਨਰ ਵੀ ਸਿੱਖ ਧੀ ਹੈ, ਫਿਰ ਵੀ ਸਿੱਖ ਚੁੱਪ ਹਨ।

ਖੈਰ! ਗੱਲ ਅਮਰੀਕਾ 'ਚ ਨਸਲੀ ਵਿਤਕਰੇ ਅਤੇ ਚਰਚ ਉਤੇ ਹੋਏ ਹਮਲੇ 'ਤੇ ਕੇਂਦਰਿਤ ਕਰਦਿਆਂ ਇਥੇ ਇਹ ਜ਼ਿਕਰ ਕਰਨਾ ਲਾਜ਼ਮੀ ਹੈ ਕਿ ਹਮਲਾਵਰ ਨੇ ਜਿਸ ਚਰਚ ਨੂੰ ਨਿਸ਼ਾਨਾ ਬਣਾਇਆ, ਉਹ ਕੋਈ ਸਾਧਾਰਨ ਚਰਚ ਨਹੀਂ, ਸਗੋਂ ਇਸ ਦਾ ਅਮਰੀਕੀ ਸਮਾਜ ਵਿਚੋਂ ਵਿਤਕਰਿਆਂ ਭਰੀ ਸੋਚ ਖ਼ਤਮ ਕਰ ਕੇ 'ਅਮਰੀਕਾ ਸਭ ਲਈ' ਦੇ ਸੁਪਨਿਆਂ ਦੀ ਧਰਤੀ ਸਿਰਜਣ ਦੇ ਸੰਘਰਸ਼ ਵਿਚ ਵੱਡਾ ਯੋਗਦਾਨ ਹੈ।

ਇਹ ਚਰਚ 1816 ਵਿਚ 35 ਕਾ਼ਲੇ ਗ਼ੁਲਾਮਾਂ ਨੇ, ਗ਼ੁਲਾਮਾਂ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਡੈਨਮਾਰਕ ਵੀਜ਼ੀ ਦੀ ਅਗਵਾਈ 'ਚ ਬਣਾਇਆ ਸੀ। ਯਾਦ ਰਹੇ ਕਿ ਡੈਨਮਾਰਕ ਵੀਜ਼ੀ ਨੂੰ 14 ਸਾਲ ਦੀ ਉਮਰ 'ਚ ਨੇਵੀ ਕੈਪਟਨ ਅਤੇ ਗ਼ੁਲਾਮਾਂ ਦਾ ਵਪਾਰੀ ਜੋਸਫ਼ ਵੀਜ਼ੀ ਅੱਜ ਦੇ ਦੱਖਣੀ ਅਫ਼ਰੀਕਾ ਇਲਾਕੇ ਵਿਚੋਂ ਲਿਆਇਆ ਸੀ। ਵੀਜ਼ੀ ਨਾਂ ਉਸ ਨੂੰ ਆਪਣੇ ਵਪਾਰੀ ਤੋਂ ਹੀ ਮਿਲਿਆ। ਇਥੇ ਉਸ ਨੇ ਡੈਨਮਾਰਕ ਨੂੰ ਇੱਕ ਫਰਾਂਸੀਸੀ ਸ਼ਾਹੂਕਾਰ ਕੋਲ ਵੇਚ ਦਿੱਤਾ। ਆਪਣੇ ਮਾਲਕ ਕੋਲ ਗ਼ੁਲਾਮ ਵਜੋਂ ਕੰਮ ਕਰਦਿਆਂ ਉਹ ਲੱਕੜ ਦਾ ਕਾਰੀਗਰ ਬਣ ਗਿਆ, ਪਰ ਆਜ਼ਾਦ ਹੋਣਾ ਚਾਹੁੰਦਾ ਸੀ। ਇਸ ਲਈ ਉਹ ਆਪਣੇ ਮਾਲਕ ਤੋਂ ਬਿਨਾਂ ਕੁੱਝ ਹੋਰ ਲੋਕਾਂ ਲਈ ਕੰਮ ਕਰ ਕੇ ਕੁੱਝ ਪੈਸੇ ਬਚਾ ਕੇ ਲਾਟਰੀ ਖਰੀਦਣ ਲੱਗਾ। ਉਸ ਦਾ ਸੁਪਨਾ ਸੀ ਕਿ ਜੇ ਉਹ ਲਾਟਰੀ ਜਿੱਤ ਜਾਂਦਾ ਹੈ ਤਾਂ ਉਸ ਪੈਸੇ ਨਾਲ ਉਹ ਆਪਣਾ ਮੁੱਲ ਤਾਰ ਕੇ ਆਜ਼ਾਦੀ ਹਾਸਲ ਕਰ ਸਕਦਾ ਹੈ। ਉਸ ਦਾ ਸੁਪਨਾ ਸਾਕਾਰ ਹੋ ਗਿਆ। ਉਸ ਨੂੰ 1500 ਡਾਲਰ ਦੀ ਲਾਟਰੀ ਨਿਕਲ ਆਈ। ਇਸ ਵਿਚੋਂ 600 ਡਾਲਰ ਆਪਣੀ ਕੀਮਤ ਦੇ ਕੇ ਬੱਤੀ ਸਾਲ ਦੀ ਉਮਰ 'ਚ ਉਹ 9 ਨਵੰਬਰ 1799 ਨੂੰ ਆਜ਼ਾਦ ਹੋ ਗਿਆ, ਪਰ ਉਹ ਕਦੇ ਵੀ ਆਪਣੇ ਬੱਚਿਆਂ ਤੇ ਪਤਨੀ ਨੂੰ ਆਜ਼ਾਦ ਨਾ ਕਰਵਾ ਸਕਿਆ, ਕਿਉਂਕਿ ਉਸ ਦੇ ਮਾਲਕ ਨੇ ਉਨ੍ਹਾਂ ਦੀ ਕੀਮਤ ਲੈ ਕੇ ਆਜ਼ਾਦੀ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ 35 ਹੋਰ ਹਮਖ਼ਿਆਲ ਗ਼ੁਲਾਮਾਂ ਨਾਲ ਰਲ ਕੇ 1816 ਵਿਚ ਚਰਚ ਸਥਾਪਤ ਕਰ ਕੇ ਗ਼ੁਲਾਮੀ ਤੋੜਨ ਲਈ ਮਾਲਕਾਂ ਦੇ ਖਿਲਾਫ਼ ਬਗ਼ਾਵਤ ਕਰਨ ਲਈ ਗ਼ੁਲਾਮਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਜੂਨ 1822 ਵਿਚ ਸਿਟੀ ਕੋਰਟ ਨੇ 131 ਲੋਕਾਂ ਨੂੰ ਬਗ਼ਾਵਤ ਕਰਨ ਦੇ ਦੋਸ਼ ਤਹਿਤ ਗ੍ਰਿਫਤਾਰ ਕਰ ਲਿਆ ਜਿਨ੍ਹਾਂ ਵਿਚੋਂ 67 ਲੋਕਾਂ ਨੂੰ ਦੋਸ਼ੀ ਗਰਦਾਨਿਆ ਗਿਆ ਅਤੇ ਡੈਨਮਾਰਕ ਵੀਜ਼ੀ ਸਮੇਤ 35 ਲੋਕਾਂ ਨੂੰ ਦੋ ਜੁਲਾਈ 1822 ਨੂੰ ਫਾਂਸੀ ਲਾ ਦਿੱਤਾ ਗਿਆ। ਨਸਲੀ ਗੋਰਿਆਂ ਨੇ ਇਸ ਚਰਚ ਨੂੰ ਭੰਨ-ਤੋੜ ਕੇ ਅੱਗ ਲਾ ਦਿੱਤੀ। 1834 ਵਿਚ ਲੋਕ ਇਸ ਚਰਚ ਦੇ ਨਾਂ 'ਤੇ ਇਕੱਠੇ ਹੋ ਕੇ ਗੁਪਤ ਮੀਟਿੰਗਾਂ ਕਰਨ ਲੱਗੇ ਅਤੇ 1865 'ਚ ਚਰਚ ਦੀ ਇਮਾਰਤ ਫਿਰ ਉਸਾਰ ਲਈ, ਪਰ 1886 ਵਿਚ ਆਏ ਭੂਚਾਲ ਨੇ ਇਕ ਵਾਰ ਫਿਰ ਇਹ ਚਰਚ ਤਬਾਹ ਕਰ ਦਿੱਤਾ। ਚਰਚ ਦੀ ਮੌਜੂਦਾ ਇਮਾਰਤ 1891 ਨੂੰ ਉਸਾਰੀ ਗਈ ਅਤੇ 1995 ਵਿਚ ਇਸ ਚਰਚ ਨੂੰ ਅਮਰੀਕਾ ਦੀ ਇਤਿਹਾਸਕ ਯਾਦਗਰ ਐਲਾਨਿਆ ਗਿਆ।

ਸਾਊਥ ਕੈਰੋਲਾਈਨਾ ਦੀ ਗਵਰਨਰ ਭਾਵੇਂ ਭਾਰਤੀ ਮੂਲ ਦੀ ਹੈ, ਪਰ ਇਸ ਸੂਬੇ ਨੂੰ ਅੱਜ ਵੀ ਵੱਧ ਨਸਲੀ ਵਿਤਕਰੇ ਵਾਲੇ ਸਟੇਟਾਂ 'ਚ ਸ਼ੁਮਾਰ ਕੀਤਾ ਜਾਂਦਾ ਹੈ। ਕਾਲ਼ਿਆਂ ਦੀ ਗ਼ੁਲਾਮੀ ਖ਼ਤਮ ਕਰਨ ਜਾਂ ਨਾ ਕਰਨ ਦੇ ਮੁੱਦੇ ਉਪਰ ਜਦ ਅਮਰੀਕਾ ਅੰਦਰ ਖਾਨਾਜੰਗੀ ਲੱਗੀ ਤਾਂ ਇਹ ਰਾਜ ਗ਼ੁਲਾਮੀ ਚਾਲੂ ਰੱਖਣ ਦੇ ਹੱਕ ਵਿਚ ਸੀ। ਅੱਜ ਵੀ ਇਸ ਸਟੇਟ ਦੀ ਰਾਜਧਾਨੀ ਦੀ ਇਮਾਰਤ ਉਤੇ ਦੋ ਝੰਡੇ ਝੂਲ ਰਹੇ ਹਨ; ਇੱਕ ਸਟੇਟ ਦਾ ਝੰਡਾ ਤੇ ਦੂਜਾ ਖਾਨਾਜੰਗੀ ਵੇਲੇ ਦਾ ਕਨਫੈਡਰੇਸ਼ਨ ਫਲੈਗ ਜਿਸ ਨੂੰ ਅਫ਼ਰੀਕੀ ਮੂਲ ਦੇ ਅਮਰੀਕੀ ਤੇ ਹੋਰ ਅਗਾਂਹਵਧੂ ਲੋਕ ਗ਼ੁਲਾਮੀ ਦਾ ਪ੍ਰਤੀਕ ਸਮਝਦੇ ਹੋਏ ਉਤਾਰਨ ਦੀ ਮੰਗ ਕਰਦੇ ਆ ਰਹੇ ਹਨ, ਪਰ ਸੱਜੇ-ਪੱਖੀ ਇਸ ਨੂੰ ਇਤਿਹਾਸ ਦਾ ਹਿੱਸਾ ਦੱਸਦੇ ਹੋਏ ਝੁਲਾ ਰਹੇ ਹਨ। ਨਿੱਕੀ ਰੰਧਾਵਾ ਹੇਲੀ ਦੇ ਇਸ ਸਟੇਟ ਦੀ ਗਵਰਨਰ ਬਣਨ 'ਤੇ ਭਾਰਤੀ ਮੂਲ ਦੇ ਲੋਕ ਭਾਵੇਂ ਜ਼ਰੂਰ ਮਾਣ ਮਹਿਸੂਸ ਕਰਦੇ ਹਨ, ਪਰ ਉਸ ਨੇ ਗਵਰਨਰ ਬਣਨ ਲਈ ਜਿਵੇਂ ਸਿਰੇ ਦੇ ਸੱਜੇ-ਪੱਖੀਆਂ ਦਾ ਸਹਾਰਾ ਲਿਆ, ਅਮਰੀਕਾ ਦੇ ਤਮਾਮ ਅਗਾਂਹਵਧੂ ਹਲਕਿਆਂ ਨੇ ਉਸ ਨੂੰ ਕਦੇ ਸਲਾਹਿਆ ਨਹੀਂ। ਗੋਲੀ ਕਾਂਡ ਤੋਂ ਬਾਅਦ ਗਵਰਨਰ ਨਿੱਕੀ ਨੇ ਆਖਿਆ ਕਿ ਇਸ ਘਟਨਾ ਨਾ਼ਲ ਸਾਊਥ ਕੈਰੋਲਾਈਨਾ ਰਾਜ ਮਾਨਸਿਕ, ਬੌਧਿਕ ਤੇ ਇਖ਼ਲਾਕੀ ਪੱਖੋਂ ਟੁੱਟ ਗਿਆ ਹੈ ਤੇ ਉਹ 21 ਸਾਲਾ ਕਾਤਲ ਡੈਨਿਲ ਰੂਫ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕਰੇਗੀ।

ਠੀਕ ਹੈ ਕਿ ਅਜਿਹੀਆਂ ਵਾਰਦਾਤਾਂ ਕਰਨ ਵਾਲਿਆਂ ਨੂੰ ਕਾਨੂੰਨ ਮੁਤਾਬਕ ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਨਾਲ ਹੀ ਸਵਾਲ ਉਠ ਰਿਹਾ ਹੈ ਕਿ ਕਿਸੇ ਇਕ ਨੂੰ ਮੌਤ ਦੀ ਸਜ਼ਾ ਦੇ ਕੇ ਨਸਲੀ ਵਿਤਕਰਾ ਖ਼ਤਮ ਹੋ ਸਕਦਾ ਹੈ? ਸਾਡੀ ਸਮਝ ਮੁਤਾਬਕ, ਨਿੱਕੀ ਰੰਧਾਵਾ ਸਮੇਤ ਸਭ ਧਿਰਾਂ ਦੇ ਰਾਜਸੀ ਲੋਕਾਂ, ਧਾਰਮਿਕ ਤੇ ਸਮਾਜਕ ਕਾਰਕੁਨਾਂ ਨੂੰ ਨਿੱਜੀ ਤੌਰ 'ਤੇ ਵੀ, ਤੇ ਜਥੇਬੰਦਕ ਤੌਰ 'ਤੇ ਵੀ ਸੰਜੀਦਗੀ ਨਾਲ ਉਨ੍ਹਾਂ ਮੁੱਦਿਆਂ ਉਪਰ ਵਿਚਾਰ ਕਰਨਾ ਪਵੇਗਾ ਜਿਹੜੇ ਅਜਿਹੀਆਂ ਵਾਰਦਾਤਾਂ ਤੋਂ ਬਾਅਦ ਅਕਸਰ ਉਭਰਦੇ ਹਨ।


ਇਹ ਗੱਲ ਇਕ ਵਾਰ ਫਿਰ ਸੱਚੀ ਸਾਬਤ ਹੋਈ ਹੈ ਕਿ ਅਜਿਹੀਆਂ ਵਾਰਦਾਤਾਂ ਗ਼ੈਰ-ਕਾਨੂੰਨੀ ਗੰਨਾਂ ਨਾਲ ਨਹੀਂ ਸਗੋਂ ਲਾਇਸੈਂਸੀ ਗੰਨਾਂ ਨਾਲ ਹੁੰਦੀਆਂ ਹਨ। ਤੱਤਕਾਲੀ ਵਾਰਦਾਤ ਦਾ ਮੁਜਰਮ ਡੈਨਿਲ ਰੂਫ ਲੰਘੀ 3 ਅਪਰੈਲ ਨੂੰ 21 ਸਾਲ ਦਾ ਹੋਇਆ ਹੈ ਤੇ ਉਸ ਦੇ ਪਿਉ ਨੇ ਉਸ ਨੂੰ ਜਨਮ ਦਿਨ ਦੇ ਤੋਹਫ਼ੇ ਵਜੋਂ 45 ਕੈਲੀਬਰ ਦੀ ਗੰਨ ਲੈ ਕੇ ਦਿੱਤੀ। ਇਸ ਗੰਨ ਨਾਲ ਉਸ ਨੇ 18 ਜੂਨ ਦੀ ਰਾਤ ਨੂੰ ਪੀੜਤ ਪਰਿਵਾਰਾਂ ਲਈ ਕਦੇ ਨਾ ਮੁੱਕਣ ਵਾਲੀ ਰਾਤ ਲਿਆ ਦਿੱਤੀ। ਖੇਡ ਵਜੋਂ ਗੰਨ ਖਰੀਦਣਾ ਵੱਖਰਾ ਵਿਸ਼ਾ ਹੈ ਪਰ ਫੌਜ ਦੇ ਬਰਾਬਰ ਦੀਆਂ ਗੰਨਾਂ ਆਮ ਲੋਕਾਂ ਵੱਲੋਂ ਰੱਖਣ ਪਿਛੇ ਆਖਰਕਾਰ ਤਰਕ ਕੀ ਹੈ? ਪਿਛਲੀਆਂ ਚੋਣਾਂ ਦੌਰਾਨ ਪੰਜ ਮਿਲੀਅਨ ਮੈਂਬਰਾਂ ਵਾਲੀ ਅਮਰੀਕਨ ਰਾਈਫ਼ਲ ਐਸੋਸੀਏਸ਼ਨ ਨੇ 18 ਮਿਲੀਅਨ ਤੋਂ ਵੱਧ ਡਾਲਰ ਗੰਨ ਕਲਚਰ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਖ਼ਰਚੇ ਸਨ।

ਦੂਜਾ ਮੁੱਦਾ ਇਹ ਉਭਰਿਆ ਹੈ ਕਿ ਨਸਲੀ ਹਿੰਸਾ ਕਰਨ ਵਾਲਿਆਂ ਵਿਚੋਂ ਜ਼ਿਆਦਾ 25 ਸਾਲ ਦੇ ਆਸ-ਪਾਸ ਦੇ ਉਹ ਲੋਕ ਹਨ ਜਿਹੜੇ ਮੰਦਬੁੱਧੀ ਵਾਲੇ ਨਿਰਾਸ਼ ਤੇ ਜ਼ਿੰਦਗੀ 'ਚ ਫੇਲ੍ਹ ਹੋਏ ਲੋਕ ਹੁੰਦੇ ਹਨ। ਅਜਿਹੇ ਲੋਕ ਵਾਰਦਾਤ ਕਰਨ ਤੋਂ ਪਹਿਲਾਂ ਆਸ-ਪਾਸ ਦੇ ਲੋਕਾਂ ਨੂੰ ਦੱਸਦੇ ਵੀ ਹਨ। ਉਹ ਆਪਣੇ ਫੇਲ੍ਹ ਹੋਣ ਦਾ ਦੋਸ਼ ਦੂਜੇ ਲੋਕਾਂ ਨੂੰ ਦਿੰਦੇ ਹਨ। ਮੌਜੂਦਾ ਘਟਨਾ ਨੂੰ ਇਲਜ਼ਾਮ ਦੇਣ ਵਾਲਾ ਡੈਨਿਲ ਰੂਫ ਦਸਵੀਂ ਤੋਂ ਬਾਅਦ ਸਕੂਲ ਨਹੀਂ ਗਿਆ। ਪਿਛਲੇ ਸਾਲ ਦੋ ਵਾਰ ਡਰੱਗ ਲਈ ਚਾਰਜ ਹੋਇਆ। ਕੋਈ ਕੰਮ ਨਹੀਂ ਸੀ ਕਰਦਾ, ਫਿਰ ਵੀ ਮਾਪਿਆਂ ਵੱਲੋਂ ਉਸ ਨੂੰ ਜਨਮ ਦਿਨ ਸੌਗਾਤ ਗੰਨ ਲੈ ਕੇ ਦੇਣ ਦੀ ਕੀ ਤੁੱਕ ਬਣਦੀ ਸੀ? ਗੰਨ ਮਿਲਣ ਤੋਂ ਬਾਅਦ ਉਸ ਨੇ ਆਪਣੇ ਦੋਸਤਾਂ ਨੂੰ ਕਹਿਣਾ ਚਾਲੂ ਕਰ ਦਿੱਤਾ ਕਿ ਕਾ਼ਲੇ ਲੋਕ ਉਨ੍ਹਾਂ ਦੀਆਂ (ਗੋਰੀਆਂ) ਕੁੜੀਆਂ ਨਾਲ ਬਦਸਲੂਕੀ ਕਰਦੇ ਹਨ, ਇਸ ਲਈ ਉਹ ਕੁਝ ਕਰਨਾ ਚਾਹੁੰਦਾ ਹੈ। ਇਸ ਦੇ ਨਾ਼ਲ ਹੀ ਉਸ ਨੇ ਸੋਸ਼ਲ ਮੀਡੀਆ ਉਪਰ ਨਸਲਪ੍ਰਸਤੀ ਵਾਲਾ ਮੈਟਰ ਤੇ ਫ਼ੋਟੋਆਂ ਪੋਸਟ ਕਰਨੀਆਂ ਸ਼ੁਰੂ ਕਰ ਦਿੱਤੀਆਂ, ਪਰ ਸਭ ਨੇ ਇਸ ਨੂੰ ਮਖ਼ੌਲ ਵਜੋਂ ਹੀ ਲਿਆ। ਨਸਲੀ ਨਫ਼ਰਤ ਤੋਂ ਵੱਧ ਇਹ ਮਾਨਸਿਕ ਮਸਲਾ ਹੈ। ਜਿਨ੍ਹਾਂ ਦਿਨਾਂ 'ਚ ਇਹ ਘਟਨਾ ਵਾਪਰੀ, ਉਨ੍ਹਾਂ ਦਿਨਾਂ ਵਿਚ ਹੀ ਸਾਬਕਾ ਰਾਸ਼ਟਰਪਤੀਆਂ ਦਾ ਪੁੱਤ ਤੇ ਭਰਾ ਜੈਬ ਬੁਸ਼ ਅਗਲੇ ਰਾਸ਼ਟਰਪਤੀ ਦੀ ਚੋਣ ਲਈ ਰਿਪਬਲਿਕਨ ਉਮੀਦਵਾਰੀ ਜਿੱਤਣ ਲਈ ਇਸ ਸ਼ਹਿਰ ਆਉਣ ਵਾਲਾ ਸੀ।

ਅਮਰੀਕੀ ਸਮਾਜ 'ਚ ਇਹ ਮਸਲਾ ਵੀ ਜ਼ੋਰ ਫੜਦਾ ਜਾ ਰਿਹਾ ਹੈ ਕਿ ਰਾਜਸੀ ਲੀਡਰਾਂ ਨੂੰ ਦੋਹਰੇ ਅਰਥਾਂ ਵਾਲੀ ਭਾਸ਼ਾ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ, ਖ਼ਾਸ ਕਰ ਕੇ ਨਸਲੀ ਵਖਰੇਵਿਆਂ ਦੇ ਮਾਮਲੇ ਵਿਚ ਮੁਲਕ ਭਰ 'ਚ ਮੰਗ ਉਠ ਰਹੀ ਹੈ ਕਿ ਦੱਖਣੀ ਕੈਰੋਲਾਈਨਾ ਦੀ ਰਾਜਧਾਨੀ ਦੀ ਇਮਾਰਤ ਤੋਂ ਗ਼ੁਲਾਮੀ ਦਾ ਪ੍ਰਤੀਕ ਸਮਝਿਆ ਜਾਂਦਾ 'ਕਨਫੈਡਰੇਸ਼ਨ ਝੰਡਾ' ਉਤਾਰਿਆ ਜਾਵੇ। ਇਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਸਿਰਫਿਰੇ ਗੋਰੇ ਨੇ ਅਫ਼ਰੀਕੀ ਮੂਲ ਦੇ 9 ਅਮਰੀਕੀ ਮਾਰ ਦਿੱਤੇ, ਪਰ ਉਹ ਫਿਰ ਵੀ ਸ਼ਾਂਤ ਹਨ, ਪੀੜਤ ਪਰਿਵਾਰ ਬਿਆਨ ਦੇ ਰਹੇ ਹਨ ਕਿ ਉਹ ਕਾਤਲ ਦਾ ਜੁਰਮ ਮੁਆਫ਼ ਕਰਦੇ ਹਨ, ਪਰ ਇਸੇ ਸ਼ਹਿਰ ਵਿਚ ਦੋ ਕੁ ਹਫ਼ਤੇ ਪਹਿਲਾਂ ਗੋਰੇ ਪੁਲੀਸ ਅਫ਼ਸਰ ਨੇ ਨਿਹੱਥੇ ਕਾ਼ਲੇ ਨੂੰ ਮਾਰ ਦਿੱਤਾ ਸੀ। ਲੋਕਾਂ ਦਾ ਹਜ਼ੂਮ ਸਾੜ ਫੂਕ 'ਤੇ ਉਤਰ ਆਇਆ ਸੀ। ਸਪਸ਼ਟ ਹੈ ਕਿ ਲੋਕ ਲੋਕਾਂ ਖਿਲਾਫ਼ ਨਹੀਂ, ਜਦ ਪੁਲੀਸ ਕੋਈ ਗ਼ਲਤ ਕੰਮ ਕਰਦੀ ਹੈ ਤਾਂ ਲੋਕਾਂ ਦਾ ਗੁੱਸਾ ਸਰਕਾਰੀ ਅਫ਼ਸਰਾਂ ਤੇ ਰਾਜਸੀ ਨੇਤਾਵਾਂ ਦੇ ਖਿਲਾਫ਼ ਨਿਕਲਦਾ ਹੈ। ਇਹ ਤਲਖ਼ ਹਕੀਕਤ ਹੈ ਕਿ ਸਖ਼ਤ ਕਾਨੂੰਨਾਂ ਦੇ ਬਾਵਜੂਦ ਅੱਜ ਵੀ ਨਸਲੀ ਵਿਤਕਰੇ ਦਾ ਸਭ ਤੋਂ ਵੱਧ ਸ਼ਿਕਾਰ ਕਾ਼ਲੇ ਲੋਕ ਹੀ ਹੁੰਦੇ ਹਨ। ਅਜੇ ਵੀ ਇਨ੍ਹਾਂ ਨੂੰ ਬਹੁਤ ਲੋਕ ਜਾਹਲ ਹੀ ਸਮਝ ਰਹੇ ਹਨ। ਕਈ ਹੋਰ ਦੂਜੇ ਭਾਈਚਾਰਿਆਂ ਵਿਚ ਗਿਣਤੀ ਪੱਖੋਂ ਜੁਰਮ ਦਰ ਕਾਫ਼ੀ ਉਤੇ ਹੈ, ਪਰ ਸਭ ਦੀਆਂ ਨਜ਼ਰਾਂ ਕਾਲ਼ਿਆਂ 'ਤੇ ਹੁੰਦੀਆਂ ਹਨ, ਇਨ੍ਹਾਂ ਖਿਲਾਫ਼ ਹੁੰਦੀ ਹਿੰਸਾ ਖਿਲਾਫ਼ ਦੂਜੇ ਲੋਕ ਅਕਸਰ ਚੁੱਪ ਜਾਂ ਵੱਖ ਹੀ ਰਹਿੰਦੇ ਹਨ।

ਐਫ.ਬੀ.ਆਈ. ਦੇ 2013 ਵਾਲੇ ਅੰਕੜਿਆਂ ਮੁਤਾਬਕ ਨਫ਼ਰਤ ਨਾਲ ਸਬੰਧਤ ਕੁੱਲ ਜੁਰਮਾਂ ਵਿਚੋਂ 48.5 ਫ਼ੀਸਦੀ ਨਸਲੀ, 20.8 ਲਿੰਗ ਨਾਲ ਸਬੰਧਤ, 17.4 ਧਾਰਮਿਕ ਨਫ਼ਰਤ, 11.1 ਸਭਿਆਚਾਰਕ ਤੇ ਦਿੱਖ ਵਗੈਰਾ ਦੇ ਵਖਰੇਵੇਂ, 1.4 ਫ਼ੀਸਦੀ ਸਰੀਰਕ ਪੱਖੋਂ ਅੰਗਹੀਣ ਅਤੇ 8 ਫੀਸਦੀ ਸਮਲਿੰਗੀ ਤੇ ਹੋਰ ਨਫ਼ਰਤ ਨਾਲ ਸਬੰਧਤ ਹੁੰਦੇ ਹਨ। ਇਨ੍ਹਾਂ 'ਚੋਂ ਸਭ ਤੋਂ ਵੱਧ 32.7 ਫ਼ੀਸਦੀ ਅਪਰਾਧ ਕਾਲ਼ਿਆਂ ਖਿਲਾਫ਼, 19.8 ਫ਼ੀਸਦੀ ਖੁਸਰਿਆਂ ਜਾਂ ਸਮਲਿੰਗੀਆਂ ਖਿਲਾਫ਼, 10.4 ਫ਼ੀਸਦੀ ਗੋਰਿਆਂ, 10.2 ਯਹੂਦੀਆਂ, 6 ਫ਼ੀਸਦੀ ਮੈਕਸੀਕਨ ਤੇ ਹੋਰ ਦੱਖਣੀ ਅਮਰੀਕਾ ਦੇ ਲੋਕਾਂ ਖਿਲਾਫ਼, 2.3 ਮੁਸਲਮਾਨਾਂ ਦੇ ਖਿਲਾਫ਼ ਤੇ 18 ਫ਼ੀਸਦੀ ਬਾਕੀ ਸਭ ਲੋਕਾਂ ਦੇ ਵਿਰੁੱਧ।

ਦਿਲਚਸਪ ਗੱਲ ਹੈ ਕਿ ਜਿਨ੍ਹਾਂ ਲੋਕਾਂ ਨੂੰ ਘੱਟ ਨਫ਼ਰਤ ਦਾ ਸ਼ਿਕਾਰ ਹੋਣਾ ਪਿਆ, ਉਹੀ ਸਭ ਤੋਂ ਵੱਧ ਰੌਲਾ ਪਾਉਂਦੇ ਹਨ। ਵਿਤਕਰੇ ਖ਼ਤਮ ਕਰਨ ਲਈ ਸਖ਼ਤ ਕਾਨੂੰਨਾਂ ਦੇ ਨਾਲ ਨਾਲ ਲੋਕਾਂ ਦੇ ਦਿਮਾਗ਼ਾਂ ਨੂੰ ਲੱਗੇ ਜਾ਼ਲੇ ਅਤੇ ਮਨਾਂ ਦੀ ਧੁੰਦ ਵੀ ਸਾਫ਼ ਕਰਨੀ ਪੈਣੀ ਹੈ। ਇਸ ਲਈ ਧਾਰਮਿਕ, ਸਮਾਜਕ, ਸਭਿਆਚਾਰਕ ਤੇ ਹੋਰ ਮਨੁੱਖੀ ਅਦਾਰਿਆਂ ਨੂੰ ਰਲ ਕੇ ਮਨੁੱਖੀ ਚੇਤਨਾ ਲਈ ਹੰਭਲੇ ਮਾਰਨ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ, ਜੇ ਗੁਆਂਢੀ ਦੇ ਘਰ ਲੱਗੀ ਅੱਗ ਬੁਝਾਉਣ ਲਈ ਅਸੀਂ ਖ਼ੁਦ ਪਾਣੀ ਦੀ ਬਾਲਟੀ ਲੈ ਕੇ ਜਾਈਏ; ਨਹੀਂ ਤਾਂ ਅੱਗ ਕਦੇ ਵੀ ਸਾਡੇ ਘਰ ਆ ਸਕਦੀ ਹੈ। ਪੰਜਾਬੀ ਅਖਾਣ ਹੈ- ਬਿਗਾਨੀ ਅੱਗ ਨੂੰ ਬਸੰਤਰ ਨਹੀਂ ਸਮਝਣਾ ਚਾਹੀਦਾ।



*ਚਾਰਲਸਟਨ ਦੀ ਹੈਂਪਟਨ ਪਾਰਕ ਵਿਚ 14 ਫਰਵਰੀ 2014 ਨੂੰ ਲਾਇਆ ਡੈਨਮਾਰਕ ਵੀਜ਼ੀ ਦਾ ਬੁੱਤ।*

***ਜਿਸ ਤਵਾਰੀਖ਼ੀ ਚਰਚ ਉਤੇ ਹਮਲਾ ਹੋਇਆ, ਉਹ 1816 ਵਿਚ 35 ਕਾ਼ਲੇ ਗ਼ੁਲਾਮਾਂ ਨੇ, ਗ਼ੁਲਾਮਾਂ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਡੈਨਮਾਰਕ ਵੀਜ਼ੀ ਦੀ ਅਗਵਾਈ 'ਚ ਬਣਾਇਆ ਸੀ। ਡੈਨਮਾਰਕ ਵੀਜ਼ੀ ਨੂੰ 14 ਸਾਲ ਦੀ ਉਮਰ 'ਚ ਨੇਵੀ ਕੈਪਟਨ ਅਤੇ ਗ਼ੁਲਾਮਾਂ ਦਾ ਵਪਾਰੀ ਜੋਸਫ਼ ਵੀਜ਼ੀ ਅੱਜ ਦੇ ਦੱਖਣੀ ਅਫ਼ਰੀਕਾ ਇਲਾਕੇ ਵਿਚੋਂ ਲਿਆਇਆ ਸੀ। ਇਥੇ ਉਸ ਨੇ ਡੈਨਮਾਰਕ ਨੂੰ ਫਰਾਂਸੀਸੀ ਸ਼ਾਹੂਕਾਰ ਕੋਲ ਵੇਚ ਦਿੱਤਾ। ਆਪਣੇ ਮਾਲਕ ਕੋਲ ਗ਼ੁਲਾਮ ਵਜੋਂ ਕੰਮ ਕਰਦਿਆਂ ਉਹ ਲੱਕੜ ਦਾ ਕਾਰੀਗਰ ਬਣ ਗਿਆ, ਪਰ ਆਜ਼ਾਦ ਹੋਣਾ ਚਾਹੁੰਦਾ ਸੀ। ਉਹ ਆਪਣੇ ਮਾਲਕ ਤੋਂ ਬਿਨਾਂ ਕੁੱਝ ਹੋਰ ਲੋਕਾਂ ਲਈ ਕੰਮ ਕਰ ਕੇ ਕੁਝ ਪੈਸੇ ਬਚਾ ਕੇ ਲਾਟਰੀ ਖਰੀਦਣ ਲੱਗਾ। ਉਸ ਦਾ ਸੁਪਨਾ ਸੀ ਕਿ ਜੇ ਉਹ ਲਾਟਰੀ ਜਿੱਤ ਜਾਂਦਾ ਹੈ ਤਾਂ ਉਸ ਪੈਸੇ ਨਾਲ ਉਹ ਆਪਣਾ ਮੁੱਲ ਤਾਰ ਕੇ ਆਜ਼ਾਦੀ ਹਾਸਲ ਕਰ ਸਕਦਾ ਹੈ। ਉਸ ਦਾ ਸੁਪਨਾ ਸਾਕਾਰ ਹੋ ਗਿਆ। ਉਸ ਨੂੰ 1500 ਡਾਲਰ ਦੀ ਲਾਟਰੀ ਨਿਕਲ ਆਈ। ਇਸ ਵਿਚੋਂ 600 ਡਾਲਰ ਆਪਣੀ ਕੀਮਤ ਦੇ ਕੇ ਬੱਤੀ ਸਾਲ ਦੀ ਉਮਰ 'ਚ ਉਹ 9 ਨਵੰਬਰ 1799 ਨੂੰ ਆਜ਼ਾਦ ਹੋ ਗਿਆ, ਪਰ ਉਹ ਆਪਣੇ ਬੱਚਿਆਂ ਤੇ ਪਤਨੀ ਨੂੰ ਆਜ਼ਾਦ ਨਾ ਕਰਵਾ ਸਕਿਆ, ਉਸ ਦੇ ਮਾਲਕ ਨੇ ਉਨ੍ਹਾਂ ਦੀ ਕੀਮਤ ਲੈ ਕੇ ਆਜ਼ਾਦੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ 35 ਹੋਰ ਹਮਖ਼ਿਆਲ ਗ਼ੁਲਾਮਾਂ ਨਾਲ ਰਲ ਕੇ 1816 ਵਿਚ ਚਰਚ ਬਣਾ ਕੇ ਗ਼ੁਲਾਮੀ ਤੋੜਨ ਲਈ ਮਾਲਕਾਂ ਖਿਲਾਫ਼ ਬਗ਼ਾਵਤ ਕਰਨ ਲਈ ਗ਼ੁਲਾਮਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ।***

---

## ਇਸ਼ਤਿਹਾਰ, ਜਮਹੂਰੀਅਤ ਅਤੇ ਹਕੀਕਤ

**(ਪਿਛਲੇ ਸਫੇ ਦੀ ਬਾਕੀ)**

ਦੇ ਦਾਅਵੇ ਨਾਲ ਪੰਜਾਬੀਆਂ ਨੂੰ ਕੈਲੀਫੋਰਨੀਆ ਦੇ ਰਾਹ ਪਾਇਆ ਜਾਂਦਾ ਹੈ। ਹੁਣ ਪੰਜਾਬ ਦੀਆਂ ਖੇਤਾਂ ਨੂੰ ਸਿੰਜਣ ਵਿਚ ਨਾਕਾਮਯਾਬ ਰਹੀਆਂ ਨਹਿਰਾਂ-ਨਦੀਆਂ ਵਿਚ ਬੱਸਾਂ ਚਲਾਉਣ ਦੀਆਂ ਗੱਲਾਂ ਹੋ ਰਹੀਆਂ ਹਨ।

ਹਿਟਲਰ ਦੇ ਦੌਰ ਵਿਚ ਰਵਾਂ ਕੀਤਾ 'ਇਕ ਝੂਠ ਨੂੰ ਸੌ ਵਾਰ ਬੋਲਣ' ਦਾ ਦਾਅ ਮੌਜੂਦਾ ਸਿਆਸਤ ਦਾ ਖ਼ਾਸਾ ਬਣ ਗਿਆ ਹੈ। ਅਰਵਿੰਦ ਕੇਜਰੀਵਾਲ ਦੇ ਰਵਾਇਤੀ ਧਿਰਾਂ ਦੇ ਹਮਾਮ ਵਿਚ ਆ ਜਾਣ ਨਾਲ ਪੁਰਾਣੇ ਦਾਅਵੇਦਾਰਾਂ ਨੂੰ ਤਕਲੀਫ਼ ਹੋਈ ਹੈ ਅਤੇ ਉਸ ਨੂੰ ਮੌਕਾਪ੍ਰਸਤ ਕਰਾਰ ਦੇਣ ਵਾਲੇ ਸੱਜਰੇ ਸ਼ਰੀਕਾਂ ਨੂੰ ਮੌਕਾ ਮਿਲ ਗਿਆ ਹੈ। ਇਹ ਸਭ ਜਾਣਦੇ ਹਨ ਕਿ ਇਸ਼ਤਿਹਾਰ ਦੁਸ਼ਵਾਰੀਆਂ ਵਿਚ ਘਿਰੇ ਆਵਾਮ ਅੰਦਰ 'ਖ਼ਿਆਲੀ ਉਡਾਨ' ਦਾ ਅਹਿਸਾਸ ਜਗਾਉਂਦਾ ਹੈ ਅਤੇ ਉਸ ਨੂੰ ਜਾਣਕਾਰ ਸ਼ਹਿਰੀ ਦੀ ਥਾਂ ਸ਼ਰਧਾਲੂ ਵਜੋਂ ਪ੍ਰਵਾਨ ਕਰਦਾ ਹੈ। ਮੋਦੀ ਦਾ ਤਿੰਨ ਲੱਖ ਰੁਪਏ ਦਾ ਸੁਫ਼ਨਾ ਵੋਟ ਮਸ਼ੀਨਾਂ ਦਾ ਬਟਨ ਦੱਬਣ ਵੇਲੇ ਫ਼ੈਸਲਾਕੁਨ ਸਾਬਤ ਹੁੰਦਾ ਹੈ। ਜਦੋਂ ਮੋਦੀ ਸਰਕਾਰ ਡਾ. ਮਨਮੋਹਨ ਸਿੰਘ ਦੀਆਂ ਨੀਤੀਆਂ ਦੀ ਮੂੰਹ-ਜ਼ੋਰ ਅਲੰਬਰਦਾਰੀ ਕਰਦੀ ਹੈ ਤਾਂ ਆਵਾਮ ਨੂੰ ਕੁਝ ਸਮੇਂ ਲਈ ਆਪਣੇ ਖ਼ੂਨ ਦਾ ਸਲੂਣਾ ਸੁਆਦ ਚੰਗਾ ਲੱਗਦਾ ਹੈ। ਇਹ ਉਸੇ ਸਿਆਸਤ ਦੀ ਮਹੀਨ ਕੜੀ ਹੈ ਜੋ ਮਨੁੱਖ ਦਾ ਜ਼ਿੰਦਗੀ ਨਾਲੋਂ ਰਿਸ਼ਤਾ ਤੋੜ ਕੇ ਉਸ ਨੂੰ ਫਿਦਾਇਨ ਬਣਾਉਂਦੀ ਹੈ ਅਤੇ ਸ਼ਹਾਦਤ ਤੋਂ ਬਾਅਦ ਹੂਰਾਂ, ਤਹੂਰ ਅਤੇ ਜੰਨਤ ਦਾ ਵਾਅਦਾ ਕਰਦੀ ਹੈ। ਇਸ਼ਤਿਹਾਰ ਦੁਸ਼ਵਾਰੀਆਂ ਦੇ ਝੰਬੇ ਮਨੁੱਖ ਨੂੰ 'ਮਸਨੂਈ ਪ੍ਰਾਪਤੀਆਂ' ਦੀ ਵਕਤੀ ਲੋਰ ਵਿਚ ਆਪਣੀਆਂ ਹਾਰਾਂ ਦੇ ਜਸ਼ਨ ਵਿਚ ਸ਼ਾਮਿਲ ਕਰ ਲੈਣ ਦੀ ਮਸ਼ਕ ਸ਼ੁਰੂ ਹੋ ਜਾਂਦੀ ਹੈ। ਜੇ ਕਦੇ ਅੰਗਰੇਜ਼ ਗ਼ੁਲਾਮ ਮੁਲਕਾਂ ਨੂੰ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਸਮਝਾਉਂਦੇ ਸਨ ਤਾਂ ਹੁਣ 'ਯੋਗ' ਕਰਦਾ ਮੁਲਕ 'ਆਮ ਆਦਮੀ' ਦੀ ਸਿਆਸਤ ਵਿਚੋਂ ਆਪਣੀ ਪਛਾਣ ਲੱਭ ਰਿਹਾ ਹੈ। 'ਬੂਥੀਆਂ, ਬੂਥੀਆਂ, ਬੂਥੀਆਂ' ਨਾਮ ਦਾ ਨਾਟਕ ਲਿਖਣ ਵਾਲਾ ਗੁਰਸ਼ਰਨ ਸਿੰਘ ਸੋਚ ਰਿਹਾ ਹੋਵੇਗਾ, "ਭਾਈ ਮੰਨਾ ਸਿੰਘ! ਇਨ੍ਹਾਂ ਆਗੂਆਂ ਨੂੰ ਕਹਿ ਦੇ, ਇਸ਼ਤਿਹਾਰ ਜਮਹੂਰੀਅਤ ਦਾ ਉਲਟਾ ਪਾਸਾ ਹੈ। ਜ਼ਿੰਦਗੀ ਦੀਆਂ ਹਕੀਕੀ ਦੁਸ਼ਵਾਰੀਆਂ ਤੋਂ ਛੁਟਕਾਰੇ ਲਈ ਆਪਣੀ ਤਕਦੀਰ ਆਪ ਲਿਖਣੀ ਪੈਂਦੀ ਹੈ।"

# ਜਨਮਾਂ ਦਾ ਲੇਖਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353


ਕਹਿੰਦੇ ਹਨ, ਅਨੇਕਾਂ ਜੂਨਾਂ ਲੰਘਾ ਕੇ ਅਨਮੋਲ ਮਨੁੱਖਾ ਜਨਮ ਮਿਲਦਾ ਹੈ। ਮਨੁੱਖੀ ਜਾਮੇ ਵਾਲੇ ਜੀਵ ਨੂੰ ਚੰਗੇ ਮੰਦੇ ਦੀ ਸੋਝੀ ਹੈ। ਜੇ ਉਸ ਨੇ ਇਸ ਸੋਝੀ ਅਨੁਸਾਰ ਨੇਕ ਕਰਮ ਨਾ ਕੀਤੇ ਤਾਂ ਧਰਮਰਾਜ ਅੱਗੇ ਲੇਖਾ ਹੋਣ ਸਮੇਂ ਉਸ ਨੂੰ ਮੁੜ ਚੌਰਾਸੀ ਲੱਖ ਜੂਨਾਂ ਦੇ ਗੇੜ ਵਿਚ ਪਾ ਦਿੱਤਾ ਜਾਵੇਗਾ। "ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰ ਬਹੁਰ ਦੁਖ ਪਾਇਆ", "ਕਈ ਜਨਮ ਭਏ ਕੀਟ ਪਤੰਗਾ" (ਗੁਰੂ ਅਰਜਨ ਦੇਵ)। ਕਿਉਂ ਨਾ ਅੱਜ ਜਨਮ ਸ਼ਬਦ ਦਾ ਹੀ ਲੇਖਾ-ਜੋਖਾ ਕੀਤਾ ਜਾਵੇ? ਅਸੀਂ ਪਿਛੇ 'ਜਨ' ਧਾਤੂ ਦਾ ਜ਼ਿਕਰ ਕਰ ਆਏ ਹਾਂ। ਇਸ ਵਿਚ ਪੈਦਾ ਕਰਨ ਜਾਂ ਹੋਣ ਦੇ ਭਾਵ ਹਨ।

ਇਸ ਧਾਤੂ ਤੋਂ ਸੰਸਕ੍ਰਿਤ ਸ਼ਬਦ 'ਜਨਮਨ' ਬਣਿਆ ਜਿਸ ਦਾ ਅਰਥ ਹੈ ਜਨਮ, ਪੈਦਾਇਸ਼। ਪੰਜਾਬੀ ਜਨਮ ਇਸੇ ਦਾ ਬਦਲਿਆ ਰੂਪ ਹੈ। ਇਸ ਦਾ ਮੁਖ ਅਰਥ ਕਿਸੇ ਜੀਵ-ਜੰਤੂ ਦਾ ਪੈਦਾ ਹੋਣਾ ਹੀ ਹੈ, "ਬਾਹੁੜ ਜਨਮੁ ਨ ਹੋਇ ਹੈ ਮਰਨਾ" (ਗੁਰੂ ਨਾਨਕ ਦੇਵ)। ਪਰ ਗੁਰਬਾਣੀ ਵਿਚ ਇਸ ਦਾ ਵਿਆਪਕ ਅਰਥ ਮਨੁੱਖ ਦਾ ਵਰਤਮਾਨ ਜੀਵਨ ਹੀ ਹੈ, "ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ" (ਗੁਰੂ ਨਾਨਕ ਦੇਵ)। ਉਂਜ ਜਨਮ ਦਾ ਅਰਥ ਜੂਨ ਵੀ ਹੋ ਜਾਂਦਾ ਹੈ ਜੋ 'ਜਨਮ ਜਨਮ' ਜਾਂ 'ਜਨਮ ਜਨਮਾਂਤਰ' ਸ਼ਬਦ-ਜੁੱਟਾਂ ਵਿਚ ਵਧੇਰੇ ਉਘੜ ਕੇ ਚੌਰਾਸੀ ਦੇ ਗੇੜ ਵਿਚ ਪਏ ਹੋਏ ਮਨੁੱਖ ਦਾ ਜਨਮ ਦਰ ਜਨਮ, ਆਵਾਗਮਨ ਵਾਲੇ ਅਰਥ ਗ੍ਰਹਿਣ ਕਰ ਲੈਂਦਾ ਹਾਂ, "ਉਨ ਜਨਮ ਜਨਮ ਕੀ ਮੈਲ ਉਤਰੈ ਨਿਰਮਲ ਨਾਮੁ ਦ੍ਰਿੜਾਇ" (ਗੁਰੂ ਨਾਨਕ ਦੇਵ)।

ਇਸ ਗੱਲ ਵਿਚ ਤਾਂ ਕੋਈ ਸੰਦੇਹ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਜੀਵਾਂ ਦੇ ਪੁਨਰ ਜਨਮ ਅਰਥਾਤ ਕਰਮਾਂ ਅਨੁਸਾਰ ਨਵੇਂ ਜਨਮ ਵਿਚ ਵਿਸ਼ਵਾਸ ਦੀ ਪ੍ਰੋੜ੍ਹਤਾ ਕਰਦਾ ਹੈ ਪਰ ਇਹ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਇਸ ਪ੍ਰਸੰਗ ਵਿਚ ਜੜ ਵਸਤਾਂ ਨੂੰ ਵੀ ਜਾਨਦਾਰ ਮੰਨਿਆ ਗਿਆ ਹੈ, "ਕਈ ਜਨਮ ਸਾਖ ਕਰਿ ਉਪਾਇਆ ਕਈ ਜਨਮ ਸੈਲ ਗਿਰਿ ਕਰਿਆ" (ਗੁਰੂ ਅਰਜਨ ਦੇਵ)। ਸਾਖ (ਬਨਸਪਤੀ) ਤਾਂ ਜੀਵਾਂ ਦੀ ਕੋਟੀ ਵਿਚ ਹੀ ਆਉਂਦੀ ਹੈ ਪਰ ਸੈਲ (ਪੱਥਰ) ਤੇ ਗਿਰਿ (ਪਹਾੜ) ਕਿਵੇਂ ਜੀਵਨਮਈ ਹਨ? ਜਨਮ ਸ਼ਬਦ ਕਿਰਿਆ ਰੂਪ ਵਿਚ ਵੀ ਵਰਤਿਆ ਜਾਂਦਾ ਹੈ ਭਾਵੇਂ ਬਹੁਤ ਘਟ, "ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ" (ਗੁਰੂ ਨਾਨਕ ਦੇਵ)। ਇਸ ਦਾ ਹੋਰ ਕਿਰਿਆ ਰੂਪ ਹੈ, ਜਨਮਣਾ। ਗੁਰੂ ਰਾਮ ਦਾਸ ਨੇ ਜਮਤ ਸ਼ਬਦ ਵੀ ਵਰਤਿਆ ਹੈ, "ਬੇਸੁਆ ਕੇ ਘਰਿ ਪੂਤਿ ਜਮਤੁ ਹੈ।" ਜਨਮ ਸ਼ਬਦ ਤੋਂ ਬਣੇ ਕੁਝ ਹੋਰ ਜੁੱਟ ਹਨ, ਜਨਮ ਦਿਨ, ਜਨਮ ਸਥਾਨ, ਜਨਮ ਕੁੰਡਲੀ, ਜਨਮ ਪੱਤਰੀ, ਜਨਮ ਮਰਨ, ਜਨਮ ਅਸ਼ਟਮੀ, ਜਨਮ ਸਾਖੀ, ਜਨਮ ਦਾਤਾ, ਜਨਮ ਭੂਮੀ ਆਦਿ।

ਜਨਮ ਸ਼ਬਦ ਦਾ ਬਹੁ-ਵਰਤੀਂਦਾ ਕਿਰਿਆ ਰੂਪ ਹੈ ਜੰਮ, "ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹ" (ਗੁਰੂ ਨਾਨਕ ਦੇਵ); "ਮਾ ਜੰਮੀ ਨਹੀਂ, ਪੁੱਤ ਕੋਠੇ ਤੇ"; ਨਕਲੀਏ ਤਾਂ ਇਸ ਤਰ੍ਹਾਂ ਜੰਮਦੇ ਹਨ ਕਿ ਹੋਰਨਾਂ ਦਾ ਜੰਮਣਾ ਹੀ ਬੰਦ ਕਰ ਦਿੰਦੇ ਹਨ। ਜੰਮਣਾ ਸ਼ਬਦ ਬਨਸਪਤੀ ਦੇ ਉਗਣ ਲਈ ਵੀ ਆਮ ਹੀ ਵਰਤਿਆ ਜਾਂਦਾ ਹੈ, ਜਨਮਣਾ ਨਹੀਂ, "ਖੇਤਿ ਮੇਰੇ ਜੰਮਿਆ ਨਿਖੁਟਿ ਨ ਕਬਹੂ ਜਾਇ" (ਗੁਰੂ ਅਰਜਨ ਦੇਵ)। ਜੰਮ ਤੋਂ ਬਣੇ ਹੋਰ ਸ਼ਬਦ ਹਨ-ਜੰਮਪਲ, ਜੰਮ ਜੰਮ, "ਪੁੱਤਰ ਹੋਵਣ ਮਿੱਠੜੇ ਮੇਵੇ, ਜੰਮ ਜੰਮ ਗਾਓ ਘੋੜੀਆ।" ਪਹਿਲਾਂ ਇਹ ਦੱਸਿਆ ਜਾ ਚੁੱਕਾ ਹੈ ਕਿ ਤਰਲ ਤੋਂ ਠੋਸ ਰੂਪ ਧਾਰਨ ਵਾਲੀ ਪ੍ਰਕਿਰਿਆ ਜਿਵੇਂ ਦੁੱਧ ਦਾ ਜੰਮ ਕੇ ਦਹੀਂ ਬਣਨਾ ਵਿਚਲੇ ਜੰਮ ਸ਼ਬਦ ਦਾ ਸਬੰਧ ਯਮ ਨਾਲ ਹੈ, ਜਨ ਨਾਲ ਨਹੀਂ।

ਸੰਸਕ੍ਰਿਤ ਵਿਚ 'ਜਾਤ' ਸ਼ਬਦ ਜਨ ਦਾ ਭੂਤਕਾਲੀ ਰੂਪ ਹੈ ਤੇ ਇਸ ਦਾ ਮੁਖ ਅਰਥ ਹੈ, ਪੈਦਾ ਹੋਇਆ, ਉਤਪਤ, ਜਨਮਿਆ, ਜਮਾਇਆ, ਉਗਿਆ; ਉਘੜਵਾਂ, ਪ੍ਰਤੱਖ, ਦਿਸਦਾ ਆਦਿ। ਸੰਸਕ੍ਰਿਤ ਵਿਚ ਇਹ ਆਮ ਤੌਰ 'ਤੇ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਮਿਸਾਲ ਵਜੋਂ ਸੰਸਕ੍ਰਿਤ 'ਜਾਤ ਦੰਤ' ਦਾ ਅਰਥ ਹੈ ਦੰਦ ਕਢਦਾ ਅਤੇ ਜਾਤ ਅਸ਼ਰੂ ਦਾ ਅਥਰੂ ਵਹਾਉਂਦਾ। ਪੰਜਾਬੀ ਵਿਚ ਜਾਤ ਦੀ ਅਜਿਹੀ ਵਰਤੋਂ ਅਸੀਂ 'ਨਵਜਾਤ ਬੱਚਾ' ਵਿਚ ਦੇਖ ਸਕਦੇ ਹਾਂ ਜਿਸ ਦਾ ਅਰਥ ਹੈ, ਨਵਾਂ ਜੰਮਿਆ ਬੱਚਾ। ਜਨਮਜਾਤ ਦਾ ਮਤਲਬ ਜਮਾਂਦਰੂ ਹੁੰਦਾ ਹੈ। ਇਸ ਤੋਂ ਅੱਗੇ ਜਾਤਕ ਸ਼ਬਦ ਬਣਿਆ ਜਿਸ ਦਾ ਅਰਥ ਪੈਦਾ ਹੋਇਆ, ਨਵਾਂ ਜੰਮਿਆ ਬੱਚਾ ਹੁੰਦਾ ਹੈ। ਪੰਜਾਬੀ ਵਿਚ ਇਸ ਤੋਂ ਜੁਆਕ ਸ਼ਬਦ ਬਣਿਆ। ਮਹਾਤਮਾ ਬੁਧ ਦੇ ਪੂਰਵ ਜਨਮਾਂ ਦੀਆਂ ਕਥਾਵਾਂ ਨੂੰ ਵੀ ਜਾਤਕ ਕਿਹਾ ਜਾਂਦਾ ਹੈ।



ਭਾਰਤ ਦੇ ਸਮਾਜਕ ਜੀਵਨ ਵਿਚ ਕ੍ਰਿਤ ਅਨੁਸਾਰ ਜਮਾਂਦਰੂ ਵੰਡੀਆਂ ਪਾਉਣ ਵਾਲੀ ਸਭ ਤੋਂ ਬਲਵਾਨ ਤੇ ਕਰੂਰ ਪ੍ਰਥਾ ਹੈ ਜਾਤ-ਪਾਤ। ਜਾਤ-ਪਾਤ ਵਿਚਲੇ ਘਟਕ ਜਾਤ ਦਾ ਸੰਸਕ੍ਰਿਤ ਰੂਪ ਜਾਤਿ ਜਾਂ ਜਾਤੀ ਹੈ ਤੇ ਇਹ ਵੀ ਜਨ ਧਾਤੂ ਤੋਂ ਹੀ ਨਿਕਲਿਆ ਹੋਇਆ ਹੈ। ਸੋ ਜਾਤ/ਜਾਤਿ/ਜਾਤੀ ਸ਼ਬਦਾਂ ਵਿਚ 'ਜਨਮ ਤੋਂ ਹੀ ਮਿਲਿਆ ਹੋਇਆ' ਦਾ ਭਾਵ ਨਿਹਿਤ ਹੈ। ਹਿੰਦੂ ਧਰਮ ਵਿਚ ਮੁਢਲੀਆਂ ਚਾਰ ਜਾਤਾਂ ਹੀ ਹਨ: ਬ੍ਰਾਹਮਣ, ਖੱਤਰੀ, ਵੈਸ਼ ਤੇ ਸੂਦਰ। ਭਾਵੇਂ ਪਹਿਲੇ ਪਹਿਲ ਸਮਾਜ ਦੀ ਵੰਡ ਕਰਮ ਅਨੁਸਾਰ ਹੀ ਹੋਵੇਗੀ ਪਰ ਬਾਅਦ ਵਿਚ ਇਹ ਜ਼ਰੂਰ ਜਨਮ ਅਨੁਸਾਰ ਹੋ ਗਈ, ਇਸ ਲਈ ਜਾਤ/ਜਾਤੀ ਸ਼ਬਦ ਵਰਤਿਆ ਜਾਣ ਲੱਗਾ। ਗੁਰੂਆਂ ਅਤੇ ਭਗਤਾਂ ਨੇ ਜਾਤ ਪਾਤ ਦੀ ਰੱਜ ਕੇ ਨਿਖੇਧੀ ਕੀਤੀ ਹੈ, "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ।" (ਗੁਰੂ ਨਾਨਕ ਦੇਵ); "ਆਗੈ ਜਾਤਿ ਰੂਪੁ ਨ ਜਾਇ। ਤੇਹਾ ਹੋਵੈ ਜੇਹੇ ਕਰਮ ਕਮਾਇ॥" (ਗੁਰੂ ਅਮਰ ਦਾਸ); ਮਾਨਸ ਕੀ ਜਾਤਿ ਸਭ ਏਕੈ ਪਹਿਚਾਨਬੋ॥; ਜਾਤਿ ਜਨਮੁ ਨਹ ਪੂਛੀਐ ਸਚੁਘਰੁ ਲੇਹੁ ਬਤਾਇ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ (ਗੁਰੂ ਨਾਨਕ ਦੇਵ)। "ਗਰਭ ਵਾਸ ਮਹਿ ਕੁਲੁ ਨਹੀ ਜਾਤੀ॥" (ਭਗਤ ਕਬੀਰ); "ਕਹਾ ਕਰਉ ਜਾਤੀ ਕਹ ਕਰਉ ਪਾਤੀ॥" (ਭਗਤ ਨਾਮਦੇਵ)। ਕੁਝ ਵੀ ਹੋਵੇ, ਇਹ ਕਿਹਾ ਜਾ ਸਕਦਾ ਹੈ ਕਿ ਜਾਤ ਪ੍ਰਥਾ ਦੀ ਅਤਿਤਾਈ ਦੀ ਨਿਖੇਧੀ ਤਾਂ ਬਹੁਤ ਹੋਈ ਹੈ ਪਰ ਇਸ ਨੂੰ ਜੜ੍ਹੋਂ ਖਤਮ ਕਰਨ ਲਈ ਹੋਕਾ ਨਹੀਂ ਦਿੱਤਾ ਗਿਆ ਕਿਉਂਕਿ ਸ਼ਾਇਦ ਇਸ ਨੂੰ ਕੁਦਰਤੀ ਵਰਤਾਰਾ ਹੀ ਸਮਝਿਆ ਗਿਆ ਹੈ।

ਜਾਤ ਸ਼ਬਦ ਦੇ ਹੋਰ ਵੀ ਕਈ ਅਰਥ ਹਨ। ਸ੍ਰਿਸ਼ਟੀ ਜਾਂ ਉਤਪਤੀ ਦੇ ਅਰਥਾਂ ਵਿਚ ਦੇਖੋ, ਜੋਤਿ ਕੀ ਜਾਤਿ ਜਾਤਿ ਕੀ ਜੋਤੀ॥ (ਭਗਤ ਕਬੀਰ); ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ॥ (ਗੁਰੂ ਨਾਨਕ ਦੇਵ)। ਮੋਟੇ ਤੌਰ 'ਤੇ ਦੇਸ਼, ਕੌਮ ਜਾਂ ਧਰਮ ਆਦਿ ਕਾਰਨ ਕਿਸੇ ਸਮੂਦਾਇ ਵਿਸ਼ੇਸ਼ ਨੂੰ ਵੀ ਜਾਤ ਕਹਿ ਦਿੱਤਾ ਜਾਂਦਾ ਹੈ ਜਿਵੇਂ ਅੰਗਰੇਜ਼ ਜਾਤੀ, ਮੁਗਲ ਜਾਤੀ, ਪਾਰਸੀ ਜਾਤ, ਆਰਿਆ ਜਾਤ, "ਸ਼ਾਹ ਮੁਹੰਮਦਾ, ਵਿਚ ਪੰਜਾਬ ਦੇ ਜੀ, ਕਦੇ ਨਹੀ ਸੀ ਤੀਸਰੀ ਜਾਤ ਆਈ।" ਕਈ ਪ੍ਰਕਾਰ ਦੀ ਵੰਡ ਲਈ ਵੀ ਇਸ ਨੂੰ ਇਸਤੇਮਾਲ ਕੀਤਾ ਜਾਂਦਾ ਹੈ ਜਿਵੇਂ ਮਨੁਖ ਜਾਤ, ਪਸ਼ੂ ਜਾਤ। ਜੀਵ-ਵਿਗਿਆਨਕ ਵਰਗੀਕਰਣ ਅਨੁਸਾਰ ਪ੍ਰਜਾਤੀ ਪਦ Genus ਲਈ ਵਰਤਿਆ ਜਾਂਦਾ ਹੈ, Species ਲਈ ਜਾਤੀ ਪਦ ਹੈ। ਮਿਸਾਲ ਵਜੋਂ ਪਿੱਪਲ ਦੀ ਪ੍ਰਜਾਤੀ Ficus ਹੈ ਤੇ ਜਾਤੀ Ficus religiosa. ਇਸ ਦਾ ਅਰਥ ਸੁਭਾਅ ਵੀ ਹੋ ਜਾਂਦਾ ਹੈ ਕਿਉਂਕਿ ਇਹ ਜਨਮਸਿੱਧ ਹੈ, "ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥" ਮਾਨਵ ਦੀ ਪ੍ਰਜਾਤੀ Homo ਹੈ ਅਤੇ ਜਾਤੀ Homo sapien. ਇਕ ਸਵਭਾਵੋਕਤੀ ਨਾਮਕ ਸ਼ਬਦ-ਅਲੰਕਾਰ ਹੈ ਜਿਸ ਨੂੰ ਜਾਤਿ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਕਿਸੇ ਵਸਤ ਦੇ ਜਾਤੀ ਸੁਭਾਅ ਦਾ ਵਰਣਨ ਹੁੰਦਾ ਹੈ, "ਲਉਕੀ ਅਠਸਠਿ ਤੀਰਥਿ ਨਾਈ॥ ਕਉਰਾਪਨੁ ਤਊ ਨ ਜਾਈ॥ (ਭਗਤ ਕਬੀਰ) ਭਾਵ ਤੂੰਬੀ ਭਾਵੇਂ ਅਠਾਹਠ ਤੀਰਥ ਨਹਾ ਲਵੇ, ਉਸ ਦਾ ਕੌੜਾਪਣ ਨਹੀਂ ਜਾ ਸਕਦਾ।

ਦਰਅਸਲ 'ਜਨ' ਦੀਆਂ ਭਾਰੋਪੀ ਅੰਗਲੀਆਂ ਸੰਗਲੀਆਂ ਵੀ ਘਟ ਨਹੀਂ। ਇਕ ਭਾਰੋਪੀ ਮੂਲ ਹੈ 'Gene' ਜਿਸ ਦਾ ਅਰਥ ਪੈਦਾ ਕਰਨਾ, ਜਨਮ ਦੇਣਾ ਆਦਿ ਹੁੰਦਾ ਹੈ। ਇਸ ਤੋਂ ਅਨੇਕਾਂ ਹਿੰਦ-ਯੂਰਪੀ ਭਾਸ਼ਾਵਾਂ ਦੇ ਸ਼ਬਦ ਬਣੇ ਹਨ। ਉਪਰ ਵਰਣਿਤ ਪ੍ਰਜਾਤੀ ਦੇ ਅਰਥਾਂ ਵਾਲਾ Genus ਸ਼ਬਦ ਇਸੇ ਮੂਲ ਤੋਂ ਆਇਆ ਹੈ। ਇਹ ਲਾਤੀਨੀ ਤੋਂ ਅੰਗਰੇਜ਼ੀ ਵਿਚ ਗਿਆ। ਇਸ ਤੋਂ ਹੋਰ ਅੰਗਰੇਜ਼ੀ ਸ਼ਬਦ ਬਣੇ ਹਨ, Genertae (ਪੈਦਾ ਕਰਨਾ), Generation (ਪੈਦਾ ਕਰਨ, ਜਣਨ, ਪੀੜ੍ਹੀ), Genre (ਵਿਧਾ), Generic (ਜਾਤੀਗਤ, ਪ੍ਰਜਾਤੀਗਤ), General (ਆਮ), Gender (ਕਿਸਮ, ਪ੍ਰਕਾਰ, ਵਰਗ; ਲਿੰਗ)। ਜਦ ਸੈਕਸ ਸ਼ਬਦ ਬਹੁਤਾ ਕਾਮ ਦੇ ਅਰਥਾਂ ਵੱਲ ਚਲੇ ਗਿਆ ਤਾਂ ਵਿਆਕਾਰਣ ਵਿਚ Gender ਸ਼ਬਦ ਦੀ ਵਰਤੋਂ ਹੋਣ ਲੱਗੀ, Genius (ਬੌਧਿਕ ਗੁਣ, ਪ੍ਰਤਿਭਾਸ਼ਾਲੀ ਵਿਅਕਤੀ), Germ (ਜਰਾਸੀਮ) Germinate (ਪੈਦਾ ਕਰਨਾ), Genuine (ਅਸਲੀ, ਮੂਲਭਾਵ ਜਮਾਂਦਰੂ ਗੁਣ ਵਾਲਾ), Gentle ਸ਼ਬਦ ਦਾ ਭਾਵ ਵੀ ਇਸੇ ਨਾਲ ਮਿਲਦਾ-ਜੁਲਦਾ ਹੈ। Genie (ਜਿੰਨ) ਅਰਬੀ ਜਿੰਨ ਨਾਲ ਇਸ ਦੀ ਸਮਾਨਤਾ ਸੰਜੋਗੀ ਹੈ। ਹੋਰ ਸ਼ਬਦ ਹਨ: Gene, Geneology, Engine, Genesus, Genetics.

ਪੁਰਾਣੀ ਜਰਮੈਨਿਕ ਭਾਸ਼ਾ ਵਿਚ ਜਨ ਸ਼ਬਦ ਵਿਚਲੀ 'ਜ' ਧੁਨੀ 'ਕ' ਵਿਚ ਬਦਲ ਜਾਂਦੀ ਹੈ ਤੇ ਇਧਰੋਂ ਅੰਗਰੇਜ਼ੀ ਵਿਚ ਆਏ ਸ਼ਬਦਾਂ ਦੀ ਇਕ ਹੋਰ ਲੜੀ ਤੁਰਦੀ ਹੈ। ਕੁਝ ਸ਼ਬਦ ਗਿਣਦੇ ਹਾਂ: Kin (ਰਿਸ਼ਤੇਦਾਰ, ਨਾਤਾ, ਜਾਤੀ, ਕੁਲ, ਵੰਸ਼ ਆਦਿ); King (ਰਾਜਾ) ਮੂਲ ਭਾਵ ਜੋ ਉਚ ਕੁਲ 'ਚ ਜਨਮਿਆ; Kind (ਕਿਸਮ, ਵੰਨਗੀ) ਪੁਰਾਣੀ ਜਰਮੈਨਿਕ ਵਿਚ ਇਸ ਦੇ ਪੂਰਬਲੇ ਰੂਪ ਦਾ ਅਰਥ ਪਰਿਵਾਰ, ਕੁਲ, ਨਸਲ ਆਦਿ ਹੁੰਦਾ ਸੀ। ਇਸ ਦੇ ਅੱਗੇ Man ਸ਼ਬਦ ਲਾ ਕੇ ਬਣੇ Mankind ਲਈ ਸਾਡਾ ਸ਼ਬਦ ਹੈ, ਮਨੁੱਖ ਜਾਤੀ। ਇਸ ਨਾਲ ਮਿਲਦਾ-ਜੁਲਦਾ ਸ਼ਬਦ ਹੈ, Kindred. ਵਿਸ਼ੇਸ਼ਣ ਵਜੋਂ ਇਸ ਦਾ ਅਰਥ ਹੁੰਦਾ ਹੈ, ਕਿਰਪਾਲੂ, ਮਿਹਰਬਾਨ। ਇਸ ਵਿਚ ਮੁਢਲਾ ਅਰਥ ਰਿਸ਼ਤੇਦਾਰਾਨਾ ਭਾਵ ਹੈ। Akin ਸ਼ਬਦ ਦੀ ਵੀ ਇਥੋਂ ਸਮਝ ਪੈ ਸਕਦੀ ਹੈ। ਇਸ ਧਾਤੂ ਨਾਲ ਜੁੜਦਾ ਪੁਰਾਣੀ ਫਾਰਸੀ ਦਾ ਸ਼ਬਦ ਹੈ, ਜ਼ਾਤ। ਇਸ ਤੋਂ ਅਜੋਕੀ ਫਾਰਸੀ ਦਾ ਸ਼ਬਦ ਬਣਿਆ ਜ਼ਾਦਾ ਜਿਸ ਦਾ ਅਰਥ ਪੈਦਾ ਹੋਇਆ, ਉਤਪੰਨ, ਜਨਮਿਆ ਹੁੰਦਾ ਹੈ। ਨਾਂਵ ਰੂਪ ਇਸ ਦਾ ਅਰਥ ਹੈ, ਪੁੱਤਰ, ਸੰਤਾਨ, ਔਲਾਦ। ਇਹ ਸ਼ਬਦ ਬਹੁਤ ਸਾਰੇ ਸਮਾਸਾਂ ਵਿਚ ਆਉਂਦਾ ਹੈ ਜਿਨ੍ਹਾਂ ਵਿਚੋਂ ਕਈ ਭਾਰਤੀ ਭਾਸ਼ਾਵਾਂ ਵਿਚ ਰਚ-ਮਿਚ ਗਏ ਹਨ। ਮਿਸਾਲ ਵਜੋਂ ਸਾਹਿਬਜ਼ਾਦਾ, ਸ਼ਰੀਫਜ਼ਾਦਾ, ਨਵਾਬਜ਼ਾਦਾ ਸ਼ਹਿਜ਼ਾਦਾ, ਹਰਾਮਜ਼ਾਦਾ, ਰਾਏਜ਼ਾਦਾ, ਪਰੀਜ਼ਾਦਾ, ਅਫਾਤਜ਼ਾਦਾ, ਪੀਰਜ਼ਾਦਾ, ਇਸ ਦਾ ਇਸਤਰੀ ਲਿੰਗ ਰੂਪ ਹੈ, 'ਜ਼ਾਦੀ' ਜਿਸ ਤੋਂ ਇਨ੍ਹਾਂ ਵਿਚੋਂ ਬਹੁਤ ਸਾਰੇ ਸ਼ਬਦਾਂ ਦੇ ਇਸਤਰੀ ਲਿੰਗ ਬਣੇ ਹਨ। ਆਜ਼ਾਦ ਸ਼ਬਦ ਵਿਚ ਵੀ ਜ਼ਾਦ ਝਲਕ ਰਿਹਾ ਹੈ। ਫਾਰਸੀ ਆਜ਼ਾਦ ਸ਼ਬਦ ਬਣਿਆ ਹੈ: ਜ਼ਾਤ> (ਆ)ਜ਼ਾਤ > ਆਜ਼ਾਤ > ਆਜ਼ਾਦ। ਮੂਲ ਭਾਵ ਹੈ ਜਨਮ ਸਮੇਂ ਦੀ ਕੁਦਰਤੀ ਅਵਸਥਾ ਨਾਲ ਓਤ-ਪੋਤ। ਮਨੁੱਖ ਸੰਸਾਰੀ ਬੰਧਨਾਂ ਵਿਚ ਜਨਮ ਤੋਂ ਬਾਅਦ ਵਿਚ ਹੀ ਜਕੜਿਆ ਜਾਂਦਾ ਹੈ। ਹਾਸ਼ਿਮ ਸ਼ਾਹ ਨੇ ਜ਼ਾਦਾ ਸ਼ਬਦ ਵਰਤਿਆ ਹੈ,

ਸ਼ਹਿਰ ਭੰਬੌਰ ਸੌਦਾਗਰ ਜ਼ਾਦਾ
ਗ਼ਜ਼ਨੀ ਨਾਮ ਸਦਾਵੇ।
ਸਾਹਿਬ ਸ਼ੌਕ ਇਮਾਰਤ ਤਾਜ਼ੀ
ਬਾਗ਼ ਹਮੇਸ਼ ਬਣਾਵੇ।
ਤਿਸ ਵਿਚ ਹਰ ਬਾਦਸ਼ਾਹ ਮੁਲਕ ਦੀ
ਕਰ ਤਸਵੀਰ ਉਤਾਰੇ।
ਹਾਸ਼ਿਮ ਹਰ ਇਕ ਆਪ ਮੁਸੱਵਰ
ਜਬਰਾਈਲ ਕਹਾਵੈ।

# ਬਹੁਤ ਕੁਝ ਹੈ 'ਭੌਰੇ ਦੀਆਂ ਗੁੱਝੀਆਂ ਰਮਜ਼ਾਂ' ਵਿਚ

ਪੁਸਤਕ ਦੀ ਗੱਲ

ਐਸ. ਅਸ਼ੋਕ ਭੌਰਾ ਪੰਜਾਬੀ ਸੱਭਿਆਚਾਰ ਦੇ ਖੇਤਰ ਦਾ ਅਜਿਹਾ ਨਾਂ ਹੈ, ਜਿਸ ਨੇ ਸਾਹਿਤ ਅਤੇ ਕਲਾ ਨੂੰ ਸਹਾਰਾ ਬਣਾ ਕੇ ਦੇਸ਼-ਵਿਦੇਸ਼ ਵਿਚ ਆਪਣੀਆਂ ਸਰਗਰਮੀਆਂ ਅਤੇ ਦੋਸਤੀਆਂ ਦਾ ਇਕ ਵਿਆਪਕ ਤਾਣਾ-ਬਾਣਾ ਏਨੇ ਸੁਚੱਜ ਨਾਲ ਬੁਣਿਆ ਹੈ ਕਿ ਸਾਹਿਤ ਤੇ ਸੱਭਿਆਚਾਰ ਨਾਲ ਜੁੜੇ ਪੰਜਾਬੀਆਂ ਦੀ ਹਰ ਮਹਿਫਿਲ ਵਿਚ ਉਸ ਦਾ ਚਰਚਾ ਸਹਿਜ ਹੋ ਗਿਆ ਹੈ।

ਵਾਰਤਕ ਲਿਖਣ ਵਿਚ ਤਾਂ ਭੌਰੇ ਦਾ ਪਹਿਲੇ ਦਿਨ ਤੋਂ ਹੀ ਜਵਾਬ ਨਹੀਂ ਸੀ, ਫਿਰ ਸੁਣਿਆ ਸੀ ਕਿ ਉਹ ਗੀਤ ਤਾਂ ਲਿਖ ਲੈਂਦਾ ਹੈ ਪਰ ਸ਼ਾਇਰੀ ਦਾ ਇਹ ਰੰਗ ਵੀ ਦਿਖਾਵੇਗਾ, ਇਹ ਖਿਆਲ ਨਹੀਂ ਸੀ।

ਜਿਲ੍ਹਾ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ) ਤੋਂ ਆਪਣਾ ਸਫਰ ਸ਼ੁਰੂ ਕਰਨ ਵਾਲਾ ਇਹ ਸ਼ਖਸ ਜਦੋਂ ਅਮਰ ਸਿੰਘ ਸ਼ੌਕੀ ਦੀ ਯਾਦ ਵਿਚ ਸੱਭਿਆਚਾਰਕ ਮੇਲਾ ਕਰਵਾਉਣ ਲੱਗਾ ਅਤੇ ਦੂਰਦਰਸ਼ਨ ਦੇ ਲੋਕ ਸਾਹਿਤ ਨਾਲ ਜੁੜੇ ਪ੍ਰੋਗਰਾਮਾਂ ਦੇ ਸੰਚਾਲਨ ਵਿਚ ਰੁਚੀ ਲੈਣ ਲੱਗਾ ਤਾਂ ਆਸਾਰ ਦਿਸਣ ਲੱਗ ਪਏ ਸਨ ਕਿ ਉਸ ਵਿਚ ਕੁਝ ਨਿਵੇਕਲਾ ਲਿਖਤ ਤੇ ਕਰਨ ਦੀ ਸਮਰੱਥਾ ਹੈ। ਅਮਰੀਕਾ ਪਹੁੰਚ ਕੇ ਉਸ ਨੇ ਨਾ ਸਿਰਫ ਆਪਣੀਆਂ ਦੋਸਤੀਆਂ ਅਤੇ ਸਰਗਰਮੀਆਂ ਦਾ ਘੇਰਾ ਹੋਰ ਮੋਕਲਾ ਕਰ ਲਿਆ, ਸਗੋਂ ਸਾਹਿਤ ਉਤੇ ਆਪਣੀ ਕਲਮ ਹੋਰ ਵੀ ਸ਼ਿੱਦਤ ਨਾਲ ਅਜਮਾਉਣੀ ਸ਼ੁਰੂ ਕਰ ਦਿੱਤੀ। ਲੋਕ ਕਲਾਕਾਰਾਂ ਬਾਰੇ ਲਿਖਣ ਦੀ ਖਬਤ ਤਾਂ ਉਸ ਨੂੰ ਪਹਿਲਾਂ ਤੋਂ




ਹੀ ਸੀ ਪਰ ਵੱਖ ਵੱਖ ਵਿਸ਼ਿਆਂ ਉਤੇ ਛੋਟੇ ਛੋਟੇ ਨਿਬੰਧ ਲਿਖਣ ਦੀ ਕਲਾ ਨੇ ਉਸ ਨੂੰ ਸਾਹਿਤਕਾਰਾਂ ਦੇ ਕਾਫਲੇ ਵਿਚ ਵੀ ਸ਼ਾਮਿਲ ਕਰ ਦਿੱਤਾ।

ਪੰਜ ਸੌ ਤੋਂ ਵੀ ਵਧ ਸਫਿਆਂ ਉਤੇ ਫੈਲੇ ਹੋਏ ਵਿਭਿੰਨ ਵਿਸ਼ਿਆਂ ਵਾਲੇ ਲੇਖਾਂ ਦੀ ਪੁਸਤਕ 'ਜ਼ਿੰਦਗੀ ਦਾ ਸਾਂਝਾ ਰੰਗ ਮੰਚ: ਗੱਲੀਂ ਬਾਤੀਂ' ਲਿਖ ਕੇ ਉਸ ਨੇ ਆਪਣੀ ਪੁਖਤਗੀ ਦਾ ਲੋਹਾ ਸਾਰੇ ਪਾਸੇ ਮੰਨਵਾ ਲਿਆ। ਪਰ ਲੋਕ ਸਰੋਕਾਰਾਂ ਨਾਲ ਜੁੜੇ ਵਿਸ਼ਿਆਂ ਉਤੇ ਲਿਖੀ ਜਾਣ ਵਾਲੀ ਤਿੱਖੀ ਕਵਿਤਾ ਦੇ ਨਸ਼ਤਰ ਹਾਲੇ ਉਸ ਕੋਲ ਸੰਭਾਲੇ ਪਏ ਸਨ। ਹਥਲਾ ਯਤਨ ਇਨ੍ਹਾਂ ਨਸ਼ਤਰਾਂ ਦੀ ਚੋਭ ਨਾਲ ਸਮਾਜ ਦੀਆਂ ਕੁਰੀਤੀਆਂ ਕੁਰੇਦਣ ਵੱਲ ਤੁਰਨ ਵਾਲਾ ਹੈ। ਇਹ ਤਿੱਖੇ ਨਸ਼ਤਰ ਕਦੇ ਕਬਿੱਤ ਬਣਦੇ ਹਨ, ਕਦੇ ਦੋਹੇ, ਕਦੇ ਕੋਰੜੇ, ਕਦੇ ਰੁਬਾਈਆਂ ਅਤੇ ਕਦੇ ਬੈਂਤ। ਇਨ੍ਹਾਂ ਵਿਚ ਪੇਸ਼ ਹੋਣ ਵਾਲੇ ਲੋਕ ਮਸਲੇ ਸੱਤ ਸਮੁੰਦਰ ਪਾਰ ਵੀ ਭਾਰਤੀ ਅਤੇ ਖਾਸ ਕਰਕੇ ਪੰਜਾਬੀ ਜਨ ਜੀਵਨ ਦੀਆਂ ਰਹਿਤਲਾਂ ਨਾਲ ਜੁੜੇ ਹੋਏ ਹਨ:

ਬੇੜੀ ਉਦੋਂ ਇਤਫਾਕ ਦੀ ਡੁਬਦੀ ਏ
ਜਦੋਂ ਭਾਈਆਂ 'ਚ ਪੈਂਦੀ ਏ ਫੁੱਟ ਲੋਕੋ।
ਬੀਵੀ ਮਾਰ ਦੁਹੱਥੜਾ ਫੇਰ ਪਿੱਟੇ
ਪਤੀ ਆਉਂਦਾ ਜਦ ਹੋ ਕੇ ਗੁੱਟ ਲੋਕੋ।

ਉਜੜ ਗਿਆ ਏ ਵਕਤ ਦੇ ਨਾਲ ਸਾਰਾ
ਜਿਹੜਾ ਅਸਾਂ ਦਾ ਹੁੰਦਾ ਸੀ ਝੰਗ ਹੀਰੇ,
ਜਿਥੇ ਪਾ ਗਲਵਕੜੀਆਂ ਰਹੇ ਮਿਲਦੇ
ਉਹਨੂੰ ਵੇਖ ਕੇ ਆਉਂਦੀ ਏ ਸੰਗ ਲੋਕੋ।

ਲੋਕ ਮੁਹਾਵਰੇ ਵਿਚ ਰੂਪਮਾਨ ਹੋ ਰਹੇ ਮਸਲੇ ਜਦੋਂ ਲੋਕ ਤੱਤਾਂ ਵਾਂਗ ਪੇਸ਼ ਹੋ ਕੇ ਕਵਿਤਾ ਦੀਆਂ ਨਵੀਆਂ ਲੀਹਾਂ ਪਾਉਣ ਦੇ ਰਾਹ ਪੈਂਦੇ ਹਨ ਤਾਂ ਪਾਠਕ ਨੂੰ ਇਕ ਅਜਿਹਾ ਸਕੂਨ ਦਿੰਦੇ ਹਨ ਜਿਸ ਦੀ ਮਿਸਾਲ ਰਵਾਇਤੀ ਸ਼ਾਇਰੀ ਦੀ ਪਰੰਪਰਾ ਵਿਚੋਂ ਲੱਭਣੀ ਮੁਸ਼ਕਿਲ ਹੋ ਜਾਂਦੀ ਹੈ। ਇਹ ਲੋਕ ਤੱਤ ਉਨ੍ਹਾਂ ਅਟੱਲ ਸੱਚਾਈਆਂ ਵਰਗੇ ਹਨ ਜੋ ਪੰਜਾਬੀ ਜਨ ਮਾਣਸ ਦੇ ਮਨਾਂ ਵਿਚ ਗਹਿਰੀ ਤਰ੍ਹਾਂ ਵਸੀਆਂ ਹੋਈਆਂ ਹਨ:

ਪੈੜ ਰੇਤ ਦੀ ਬਹੁਤ ਨਹੀਂ ਟਿਕੀ ਰਹਿੰਦੀ
ਟਿਕਿਆ ਰਹਿੰਦਾ ਨਹੀਂ ਅੰਬਰੀਂ ਚੰਦ ਸਾਈਆਂ।
ਤੁਕਬੰਦੀਆਂ ਕਰਦੇ ਬੜੇ ਵੇਖੇ
ਲਿਖਣਾ ਔਖਾ ਏ ਕੋਰੜਾ ਛੰਦ ਸਾਈਆਂ।
ਜਦੋਂ ਖਿਲਰਦੀ, ਰਹਿੰਦਾ ਨਹੀਂ ਕੱਖ ਪੱਲੇ
ਜ਼ਿੰਦਗੀ ਪਰਦੇ 'ਚ ਚੰਗੀ ਏ ਬੰਦ ਸਾਈਆਂ।
'ਭੌਰੇ' ਫੁੱਲਾਂ ਦੀ ਮਹਿਕ 'ਤੇ ਮੇਲਦੇ ਨੇ
ਹੁੰਦਾ ਕਈਆਂ ਲਈ ਦਾਰੂ ਗੁਲਕੰਦ ਸਾਈਆਂ।

ਸ਼ਬਦਾਂ ਦੀ ਜੁੜਤ ਰਾਹੀਂ ਸਠਾਈਆਂ ਨੂੰ ਪੇਸ਼ ਕਰਨਾ ਅਤੇ ਛੰਦ ਦੀ ਗਿਣਤੀ ਮਿਣਤੀ ਨੂੰ ਵੀ ਬਰਕਰਾਰ ਰੱਖਦਿਆਂ ਆਪਣੇ 'ਤਖੱਲਸ' ਨੂੰ ਦੋਹਰੇ ਅਰਥਾਂ ਵਿਚ ਸੰਜੋ ਲੈਣਾ, ਇਹ ਹੁਨਰ ਜੋ ਐਸ ਅਸ਼ੋਕ ਭੌਰਾ ਦੀ ਲੋਕ ਕਾਵਿ ਪ੍ਰਤੀਬੱਧਤਾ ਨੂੰ ਉਜਾਗਰ ਕਰਦਾ ਉਸ ਨੂੰ ਇਕ ਪ੍ਰਮਾਣਿਕ ਲੋਕ ਕਵੀ ਸਥਾਪਤ ਕਰਦਾ ਹੈ। ਵਿਆਪਕ ਰਾਜਨੀਤਕ ਚੇਤਨਾ, ਪ੍ਰਕਿਰਤੀ ਪਿਆਰ, ਕੁਦਰਤ ਦੀਆਂ ਕਰੋਪੀਆਂ, ਔਰਤਾਂ ਉਤੇ ਹੋ ਰਹੇ ਜ਼ੁਲਮ, ਪੰਜਾਬ ਵਿਚ ਵਗਦੇ ਨਸ਼ਿਆਂ ਦੇ ਦਰਿਆਵਾਂ ਤੋਂ ਪੈਦਾ ਹੋ ਰਹੀ ਉਦਾਸੀਨਤਾ, ਤਬਾਹੀ ਵੱਲ ਵਹੀਰਾਂ ਘੱਤ ਰਹੀ ਜਵਾਨੀ ਅਤੇ ਪਿੱਛੇ ਰੁਲ ਰਹੇ ਬਜ਼ੁਰਗ ਮਾਪਿਆਂ ਦਾ ਸੰਤਾਪ- ਅਜਿਹੇ ਵਿਸ਼ੇ ਹਨ ਜਿਹੜੇ ਉਸ ਦੀ ਕਵਿਤਾ ਵਿਚੋਂ ਵਿਸ਼ੇਸ਼ ਰੂਪ ਵਿਚ ਉਜਾਗਰ ਹੁੰਦੇ ਹਨ। ਰਵਾਇਤੀ ਕਾਵਿ ਤੰਦ ਦੋਹੇ ਦੀ ਬਹੁਲਤਾ ਵਾਲੀ ਇਹ ਕਵਿਤਾ ਜਿਥੇ ਸਮਕਾਲੀ ਭਾਰਤੀ, ਪੰਜਾਬੀ ਸਮਾਜ ਦੇ ਯਥਾਰਥ ਦੀ ਗਹਿਰੀ ਪੇਸ਼ਕਾਰੀ ਕਰ ਰਹੀ ਹੈ, ਉਥੇ ਆਪਣੇ ਦਾਰਸ਼ਨਿਕ/ਉਪਦੇਸ਼ੀ ਸੁਭਾਅ ਕਰਕੇ ਪੰਜਾਬੀ ਰਵਾਇਤੀ ਸ਼ਾਇਰੀ ਨਾਲ ਬਰ ਮੇਚ ਕੇ ਚੱਲਣ ਦੇ ਸਮਰੱਥ ਹੈ।

ਆਪਣੀਆਂ ਤਮਾਮ ਸਰਗਰਮੀਆਂ ਵਿਚੋਂ ਸਮਾਂ ਕੱਢ ਕੇ ਅਜਿਹੀ ਕਵਿਤਾ ਦੇ ਮੁਕਾਮ ਤੱਕ ਪਹੁੰਚਣਾ ਨਿਸਚੈ ਹੀ ਐਸ. ਅਸ਼ੋਕ ਭੌਰਾ ਦਾ ਹਾਸਲ ਹੈ। ਉਸ ਦੀ ਇਸ ਸ਼ਾਇਰੀ ਨੂੰ ਸਲਾਮ। ਸ਼ਾਲਾ! ਇਹ ਕਲਮ ਆਪਣੀ ਮਜਬੂਤੀ ਬਣਾਈ ਰੱਖੇ ਅਤੇ ਭਵਿੱਖ ਦੀਆਂ ਵੰਗਾਰਾਂ ਨੂੰ ਲਤਾੜਦੀ ਹੋਈ ਅੱਗੇ ਵਧਦੀ ਰਹੇ। ਉਮੀਦ ਹੈ ਪੰਜਾਬੀ ਪਾਠਕਾਂ ਨੂੰ ਅਜਿਹਾ ਯਤਨ ਪਸੰਦ ਆਏਗਾ।

-ਡਾ. ਲਖਵਿੰਦਰ ਜੌਹਲ
ਦੂਰਦਰਸ਼ਨ ਕੇਂਦਰ ਜਲੰਧਰ
ਫੋਨ: 91-94171-94812

# ਠੱਗੀ ਕਰੀ ਜਾਂਦੇ ਨੇ ਲੀਡਰ ਸੰਵਿਧਾਨ ਦੀ ਸਹੁੰ ਖਾ ਕੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ.ਬੀ.ਆਈ. ਸਿਰਫ ਇੱਕ ਤੋਤਾ ਹੈ, ਸਿਆਸੀ ਆਗੂਆਂ ਦੇ ਪਿੰਜਰੇ ਵਿਚ ਤੜਿਆ ਹੋਇਆ ਤੋਤਾ। ਇਹ ਗੱਲ ਇਸ ਦੇਸ਼ ਦੀ ਸਭ ਤੋਂ ਉਚੀ ਅਦਾਲਤ ਦੇ ਜੱਜ ਸਾਹਿਬਾਨ ਨੇ ਜਦੋਂ ਕਹੀ ਸੀ, ਉਦੋਂ ਇਸ ਏਜੰਸੀ ਦੇ ਮੁਖੀ ਰਣਜੀਤ ਸਿਨਹਾ ਨੂੰ ਥੋੜ੍ਹੀ ਜਿਹੀ ਸ਼ਰਮ ਦਾ ਅਹਿਸਾਸ ਵੀ ਹੁੰਦਾ ਤਾਂ ਸੂਰਜ ਡੁੱਬਣ ਤੋਂ ਪਹਿਲਾਂ ਅਸਤੀਫਾ ਦੇ ਕੇ ਘਰ ਜਾ ਬੈਠਦਾ। ਰਣਜੀਤ ਸਿਨਹਾ ਨੇ ਇਸ ਤਰ੍ਹਾਂ ਕਰਨ ਦੀ ਥਾਂ ਲੀਡਰਾਂ ਦੇ ਤੋਤੇ ਵਾਲੀ ਆਪਣੀ ਪੇਸ਼ਕਾਰੀ ਜਾਰੀ ਰੱਖੀ ਸੀ। ਹੁਣ ਉਹ ਆਪ ਕਈ ਕੇਸਾਂ ਵਿਚ ਉਲਝਿਆ ਪਿਆ ਹੈ। ਚਿੰਤਾ ਵਾਲੀ ਕੋਈ ਗੱਲ ਫੇਰ ਵੀ ਨਹੀਂ, ਕੇਸ ਬਣਨ ਤੇ ਕੇਸ ਵਿਚੋਂ ਨਿਕਲ ਜਾਣ ਦੇ ਢੰਗ ਉਹ ਜਾਣਦਾ ਹੈ।

ਅਸਲ ਵਿਚ ਇਕੱਲੀ ਸੀ.ਬੀ.ਆਈ. ਨਹੀਂ, ਇਸ ਦੇਸ਼ ਦੀ ਲਗਭਗ ਹਰ ਜਾਂਚ ਏਜੰਸੀ ਵਿਚ ਲੀਡਰਾਂ ਦੀ ਪੜ੍ਹਾਈ ਹੋਈ ਪੱਟੀ ਰਟਣ ਵਾਲੇ ਤੋਤੇ ਭਰੇ ਪਏ ਹਨ। ਗੈਰਤ ਨਾਂ ਦੀ ਕੋਈ ਚੀਜ਼ ਆਪਣੇ ਕੋਲ ਉਹ ਨਹੀਂ ਰੱਖ ਸਕਦੇ। ਸਰਕਾਰ ਬਦਲਣ ਤੋਂ ਰੁਖ ਬਦਲਣ ਦੀ ਥਾਂ ਉਹ ਕਿਸੇ ਸਰਕਾਰ ਜਾਂ ਸ਼ਖਸੀਅਤ ਦੇ ਵਲ ਰਹੇ ਪ੍ਰਛਾਵੇਂ ਵੇਖ ਕੇ ਹੀ ਮੌਕੇ ਦੇ ਮਾਹੌਲ ਵਿਚੋਂ ਨਵੇਂ ਹਾਕਮਾਂ ਦੇ ਨਕਸ਼ ਪਛਾਨਣੇ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਉਸੇ ਕਿਸਮ ਦਾ 'ਸਾਹਿਬ ਚਾਲੀਸਾਂ' ਰਟਣਾ ਸ਼ੁਰੂ ਹੋ ਜਾਂਦਾ ਹੈ।

ਕ੍ਰਿਕਟ ਦੀ ਖੇਡ ਵਿਚ ਲਲਿਤ ਮੋਦੀ ਵਾਲੀ ਕਚਿਆਣ ਦਾ ਕਿੱਸਾ ਵੀ ਅੰਤ ਨੂੰ ਇਨ੍ਹਾਂ ਤੋਤਿਆਂ ਦੇ ਹਵਾਲੇ ਹੋਣਾ ਹੈ ਤੇ ਜਿੰਨੇ ਆਗੂ ਇਸ ਵਿਚ ਫਸਦੇ ਜਾਪਦੇ ਹਨ, ਉਹ ਅਸਤੀਫੇ ਦੇਣ ਦੀ ਥਾਂ ਬੇਸ਼ਰਮੀ ਨਾਲ ਇਸ ਲਈ ਡਟੇ ਖੜ੍ਹੇ ਹਨ ਕਿ ਉਨ੍ਹਾਂ ਨੂੰ ਇਹ ਯਕੀਨ ਹੈ ਕਿ ਅੰਤਲੇ ਨਤੀਜੇ ਵਿਚ ਕੁਝ ਨਹੀਂ ਹੋਣਾ। ਉਨ੍ਹਾਂ ਦਾ ਇਹ ਯਕੀਨ ਹਵਾਈ ਨਹੀਂ, ਹਕੀਕਤ ਦੀ ਬੁਨਿਆਦ ਉਤੇ ਹੈ,




ਵਸੁੰਧਰਾ ਰਾਜੇ

ਜਿਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਭਾਰਤ ਵਿਚ ਮੌਜੂਦ ਹਨ।

ਰਾਜੀਵ ਗਾਂਧੀ ਦੇ ਵਕਤ ਹੋਏ ਉਸ ਸੌਦੇ ਲਈ ਹੁਣ ਹੋਰ ਮਗਜ਼-ਪੱਚੀ ਕਰਨ ਦੀ ਲੋੜ ਨਹੀਂ, ਜਿਸ ਵਿਚ ਸਵੀਡਨ ਦੀ ਬੋਫੋਰਜ਼ ਤੋਪ ਕੰਪਨੀ ਤੋਂ ਹਾਵਿਟਜ਼ਰ ਤੋਪਾਂ ਖਰੀਦੀਆਂ ਗਈਆਂ ਸਨ। ਜਿਨ੍ਹਾਂ ਨੇ ਉਸ ਤੋਪ ਸੌਦੇ ਵਿਚ ਭ੍ਰਿਸ਼ਟਾਚਾਰ ਦਾ ਰੌਲਾ ਪਾ ਕੇ ਸਰਕਾਰਾਂ ਹਿਲਾ ਦਿੱਤੀਆਂ ਸਨ, ਬਾਅਦ ਵਿਚ ਉਹੋ ਉਸ ਸੌਦੇ ਦੇ ਦਲਾਲਾਂ ਨਾਲ ਸੈਨਤ ਮਿਲਾ ਕੇ ਆਪਣਾ ਹਿੱਸਾ ਖਰਾ ਕਰਨ ਪਿੱਛੋਂ ਉਨ੍ਹਾਂ ਦਾ ਬਚਾਅ ਕਰਦੇ ਵੇਖੇ ਗਏ ਸਨ। 'ਸੋਨੀਆ ਗਾਂਧੀ ਦੇ ਪੇਕਿਆਂ ਦੇ ਦੇਸ਼ ਦਾ' ਆਖ ਕੇ ਕੁਆਤਰੋਚੀ ਦਾ ਗੁੱਡਾ ਬੰਨ੍ਹਣ ਵਾਲੇ ਇਸ ਗੱਲ ਉਤੇ ਜ਼ਬਾਨ ਦੱਬਦੇ ਰਹੇ ਕਿ ਬੋਫੋਰਜ਼ ਦੇ ਕੇਸ ਵਿਚ ਜਿਹੜੇ ਹਿੰਦੂਜਾ ਭਰਾ ਚਰਚਿਤ ਸਨ, ਉਨ੍ਹਾਂ ਦਾ ਵੀ ਕੋਈ ਸਬੰਧ ਅਟਲ ਬਿਹਾਰੀ ਵਾਜਪਾਈ ਨਾਲ ਹੈ ਸੀ। ਉਸ ਕੇਸ ਵਿਚੋਂ ਉਨ੍ਹਾਂ ਦੀ ਜਾਨ ਛੁੱਟਣ ਦਾ ਰਾਹ ਵੀ ਵਾਜਪਾਈ ਸਰਕਾਰ ਨੇ ਹੀ ਦਿੱਤਾ ਸੀ। ਹੁਣ ਲਲਿਤ ਮੋਦੀ ਦਾ ਰੌਲਾ ਪਿਆ ਹੈ ਤਾਂ ਲਲਿਤ ਦੀ ਸਾਂਝ ਵੀ ਹਿੰਦੂਜਿਆਂ ਦੇ ਵਿਆਹ-ਸ਼ਾਦੀਆਂ ਵਿਚ ਦਿੱਸਣ ਤੱਕ ਦੀ ਨਿਕਲ ਆਈ ਹੈ।

ਐਨਰਾਨ ਦੇ ਡਾਭੋਲ ਬਿਜਲੀ ਪ੍ਰਾਜੈਕਟ ਦਾ ਕੇਸ ਵੀ ਹੁਣ ਲੋਕਾਂ ਨੂੰ ਭੁੱਲ ਗਿਆ ਹੈ। ਮਹਾਰਾਸ਼ਟਰ ਵਿਚ ਉਹ ਕੰਪਨੀ ਜਦੋਂ ਪ੍ਰਾਜੈਕਟ ਲਾਉਣ ਲੱਗੀ, ਉਦੋਂ ਕਾਂਗਰਸ ਦੇ ਨਰਸਿਮਹਾ ਰਾਓ ਦੀ ਸਰਕਾਰ ਸੀ। ਭਾਜਪਾ ਤੇ ਸ਼ਿਵ ਸੈਨਾ ਦੇ ਗੱਠਜੋੜ ਨੇ ਦੋਸ਼ ਲਾਇਆ ਕਿ ਇਹ ਪ੍ਰਾਜੈਕਟ ਪਾਸ ਕਰਨ ਲਈ ਨਰਸਿਮਹਾ ਰਾਓ ਦੇ ਬੰਦਿਆਂ ਨਾਲ ਐਨੇ ਹਜ਼ਾਰ ਕਰੋੜ ਦੀ ਰਿਸ਼ਵਤ ਦਾ ਸੌਦਾ ਵੱਜਾ ਹੈ। ਨਰਸਿਮਹਾ ਰਾਓ ਤ੍ਰਹਿਕ ਗਿਆ ਤਾਂ ਫਾਈਲ ਰੁਕ ਗਈ। ਚੋਣਾਂ ਪਿੱਛੋਂ ਸਿਰਫ ਤੇਰਾਂ ਦਿਨਾਂ ਦਾ ਮੌਕਾ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੂੰ ਮਿਲਿਆ ਸੀ ਤੇ ਭਰੋਸੇ ਦਾ ਵੋਟ ਲੈਣ ਤੱਕ ਉਸ ਨੂੰ ਨੀਤੀਗਤ ਫੈਸਲੇ ਲੈਣ ਦਾ ਅਧਿਕਾਰ ਨਹੀਂ ਸੀ। ਇਸ ਦੇ ਬਾਵਜੂਦ ਉਨ੍ਹਾਂ ਤੇਰਾਂ ਦਿਨਾਂ ਵਿਚ ਐਨਰਾਨ ਦੇ ਪ੍ਰਾਜੈਕਟ ਨੂੰ ਵਾਜਪਾਈ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ। ਜਿਹੜੀ ਕੰਪਨੀ ਨਰਸਿਮਹਾ ਰਾਓ ਨੂੰ ਕਈ ਹਜ਼ਾਰ ਕਰੋੜ ਦੇਣ ਵਾਸਤੇ ਤਿਆਰ ਸੀ, ਉਸ ਨੇ ਇਸ ਕੱਚੀ ਸਰਕਾਰ ਦੇ ਕਿਸ ਲੀਡਰ ਦਾ ਕਿੰਨਾ ਗੁੱਗਾ ਪੂਜਿਆ, ਅੱਜ ਤੱਕ ਭਾਰਤ ਦੇ ਲੋਕਾਂ ਨੂੰ ਪਤਾ ਨਹੀਂ। ਇਸ ਪ੍ਰਾਜੈਕਟ ਵਾਲੀ ਉਸੇ ਐਨਰਾਨ ਕੰਪਨੀ ਦੇ ਮਾਲਕ ਆਪਣੇ ਦੇਸ਼ ਅਮਰੀਕਾ ਵਿਚ ਕੁਝ ਚਿਰ ਪਿੱਛੋਂ ਫਰਾਡੀਏ ਸਾਬਤ ਹੋ ਕੇ ਜੇਲ੍ਹ ਵਿਚ ਪਹੁੰਚ ਗਏ ਸਨ। ਇਸ ਬਾਰੇ ਹੁਣ ਕੋਈ ਗੱਲ ਹੀ ਨਹੀਂ ਕਰਦਾ।

ਇੱਕ ਅਹਿਮ ਮਾਮਲਾ ਹੋਰ ਹੈ। ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਨਟਵਰ ਸਿੰਘ ਵਿਦੇਸ਼ ਮੰਤਰੀ ਹੁੰਦਾ ਸੀ। ਉਦੋਂ ਇੱਕ ਸੰਸਾਰ ਪੱਧਰ ਦਾ ਭ੍ਰਿਸ਼ਟਾਚਾਰੀ ਸਕੈਂਡਲ ਚਰਚਾ ਵਿਚ ਆ ਗਿਆ। ਇਰਾਕ ਵਿਰੁੱਧ ਅਮਰੀਕਾ ਦੀ ਪਹਿਲੀ ਜੰਗ ਦੇ ਬਾਅਦ ਜਦੋਂ ਜੰਗਬੰਦੀ ਹੋ ਗਈ ਅਤੇ ਇਰਾਕ ਦੇ ਖਿਲਾਫ ਪਾਬੰਦੀਆਂ ਲੱਗ ਗਈਆਂ ਤਾਂ ਲੰਮਾ ਸਮਾਂ ਖੁਸ਼ਹਾਲੀ ਹੰਢਾ ਚੁੱਕੇ ਉਸ ਦੇਸ਼ ਦੇ ਲੋਕਾਂ ਲਈ ਭੁੱਖ ਨਾਲ ਮਰਨ ਦੀ ਨੌਬਤ ਆ ਗਈ। ਉਦੋਂ ਇਸ ਬਾਰੇ ਖਾਸ ਚਰਚਾ ਦੇ ਬਾਅਦ ਸੰਸਾਰ ਦੀ ਸੱਥ ਯੂ ਐਨ ਓ ਦੀ ਸੁਰੱਖਿਆ ਕੌਂਸਲ ਨੇ ਦੋ ਵੱਖ-ਵੱਖ ਮਤੇ ਪਾਸ ਕਰ ਕੇ ਇਰਾਕ ਨੂੰ ਤੇਲ ਦੇ ਬਦਲੇ ਅਨਾਜ ਲੈਣ ਦੀ ਸੀਮਤ ਆਗਿਆ ਦੇ ਦਿੱਤੀ। ਇਰਾਕ ਦੇ ਲੋਕ ਫਸੇ ਹੋਏ ਸਨ। ਇਹੋ ਜਿਹੇ ਮੌਕੇ ਫਸੇ ਨੇ ਫਟਕਣਾ ਨਹੀਂ ਸੀ ਤੇ ਲੁਟੇਰੀ ਧਾੜ ਨੇ ਇਸ ਤੋਂ ਦਾਅ ਲਾਉਣ ਲਈ ਰਾਹ ਕੱਢ ਲਏ। ਕਰੀਬ ਸੋਲਾਂ ਸਾਲ ਬਾਅਦ ਟਰਾਂਸਪੇਰੈਂਸੀ ਇੰਟਰਨੈਸ਼ਨਲ ਦੀ ਜਰਮਨ ਬਰਾਂਚ ਨੇ ਇੱਕ ਕੇਸ ਦਰਜ ਕਰਵਾ ਦਿੱਤਾ ਕਿ ਕੁਝ ਜਰਮਨ ਕੰਪਨੀਆਂ ਨੇ ਇਰਾਕ ਨੂੰ ਤੇਲ ਬਦਲੇ ਅਨਾਜ ਦੇ ਸੌਦੇ ਵਿਚ ਕਰੋੜਾਂ ਦਾ ਲੈਣ-ਦੇਣ ਕੀਤਾ ਅਤੇ ਮੋਟੀ ਕਮਾਈ ਕੀਤੀ ਹੈ। ਇਸ ਤੋਂ ਬਾਕੀ ਦੇਸ਼ਾਂ ਦੀ ਚਰਚਾ ਵੀ ਚੱਲ ਪਈ ਤੇ ਗੱਲ ਚੱਲਦੀ ਚੱਲਦੀ ਭਾਰਤ ਤੱਕ ਆ ਗਈ। ਏਥੇ ਮਨਮੋਹਨ ਸਿੰਘ ਵਾਲੀ ਸਰਕਾਰ ਸੀ, ਜਿਹੜਾ ਨਰਿੰਦਰ ਮੋਦੀ ਵਾਂਗ ਇਹ ਭਾਵੇਂ



ਨਟਵਰ ਸਿੰਘ

ਨਹੀਂ ਸੀ ਕਹਿੰਦਾ ਕਿ ਮੈਂ ਕਿਸੇ ਨੂੰ ਖਾਣ ਵੀ ਨਹੀਂ ਦੇਵਾਂਗਾ, ਪਰ ਇਹ ਗੱਲ ਸਾਰੇ ਮੰਨਦੇ ਸਨ ਕਿ ਘੱਟੋ-ਘੱਟ ਉਹ ਆਪ ਕੁਝ ਨਹੀਂ ਖਾਂਦਾ।

ਸੰਸਾਰ ਪੱਧਰ ਦੀ ਪੜਤਾਲ ਵਿਚ ਇਹ ਜ਼ਿਕਰ ਆ ਗਿਆ ਕਿ ਕਰੀਬ ਦਸ ਲੱਖ ਬੈਰਲ ਤੇਲ ਦੇ ਕੂਪਨਾਂ ਰਾਹੀਂ ਕਾਂਗਰਸ ਪਾਰਟੀ ਨੂੰ ਇਸ ਸੌਦੇ ਦਾ ਨਾਜਾਇਜ਼ ਲਾਭ ਮਿਲਿਆ ਹੈ। ਕਾਂਗਰਸ ਪਾਰਟੀ ਕਹਿੰਦੀ ਸੀ ਕਿ ਉਸ ਕੋਲ ਕਦੇ ਕੋਈ ਪੈਸੇ ਪਹੁੰਚੇ ਹੀ ਨਹੀਂ।

ਪੜਤਾਲ ਵਿਚੋਂ ਸਾਰੀ ਗੱਲ ਇਹ ਨਿਕਲੀ ਕਿ ਵਿਦੇਸ਼ ਮੰਤਰੀ ਨਟਵਰ ਸਿੰਘ ਦਾ ਮੁੰਡਾ ਜਗਤ ਸਿੰਘ ਕਾਂਗਰਸ ਦੇ ਯੂਥ ਲੀਡਰ ਵਜੋਂ ਇਰਾਕ ਜਾਂਦਾ ਤੇ ਸੱਦਾਮ ਹੁਸੈਨ ਤੱਕ ਸਿੱਧੀ ਪਹੁੰਚ ਰਾਹੀਂ ਕੂਪਨ ਲੈਂਦਾ ਰਿਹਾ ਹੈ। ਪਾਰਲੀਮੈਂਟ ਵਿਚ ਨਟਵਰ ਸਿੰਘ ਦੇ ਅਸਤੀਫੇ ਦੀ ਮੰਗ ਉਠੀ ਤਾਂ ਕਿਸੇ ਵੀ ਹੋਰ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਉਸ ਨੂੰ ਬਰਖਾਸਤ ਕਰਨ ਦੀ ਮੰਗ ਲਈ ਹੰਗਾਮਾ ਕੀਤਾ। ਕਾਂਗਰਸ ਪਾਰਟੀ ਕਈ ਦਿਨ ਨਟਵਰ ਸਿੰਘ ਦਾ ਬਚਾਅ ਕਰਦੀ ਰਹੀ, ਪਰ ਨਟਵਰ ਸਿੰਘ ਦੇ ਇੱਕ ਪੁਰਾਣੇ ਜੋਟੀਦਾਰ ਨੇ ਫਸਾ ਦਿੱਤਾ। ਕਰੋਏਸ਼ੀਆ ਵਿਚ ਭਾਰਤੀ ਰਾਜਦੂਤ ਅਨਿਲ ਮਥਰਾਨੀ ਬੋਲ ਪਿਆ ਕਿ ਨਟਵਰ ਸਿੰਘ ਇਰਾਕ ਵਿਚ ਸਰਕਾਰੀ ਦੌਰੇ ਦੌਰਾਨ ਵੀ ਆਪਣੇ ਪੁੱਤਰ ਲਈ ਤੇਲ ਦੇ ਕੂਪਨ ਲੈਂਦਾ ਰਿਹਾ ਹੈ ਤੇ ਇਹ ਤੇਲ ਬਾਹਰ ਵੇਚ ਕੇ ਕਮਾਈ ਵੀ ਇਨ੍ਹਾਂ ਨੇ ਕੀਤੀ ਹੈ। ਥੋੜ੍ਹੇ ਦਿਨਾਂ ਵਿਚ ਇੱਕ ਜਾਂਚ ਏਜੰਸੀ, ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇਹ ਗੱਲ ਲੱਭ ਲਈ ਕਿ ਇੰਗਲੈਂਡ ਵਿਚ ਬੈਠੇ ਹੋਏ ਇੱਕ ਐਨ ਆਰ ਆਈ ਦੇ ਖਾਤੇ ਰਾਹੀਂ ਅੱਠ ਕਰੋੜ ਰੁਪਏ ਇੱਕ ਭਾਰਤੀ ਬੈਂਕ ਦੇ ਖਾਤੇ ਵਿਚ ਆਏ ਅਤੇ ਕੱਢ ਕੇ ਵੰਡੇ-ਵੰਡਾਏ ਗਏ ਹਨ।

ਇਸ ਵਿਚ ਦੋ ਪ੍ਰਵਾਸੀ ਭਾਰਤੀਆਂ ਦਾ ਨਾਂ ਆਇਆ। ਇੱਕ ਜਣਾ ਨਟਵਰ ਸਿੰਘ ਦਾ ਰਿਸ਼ਤੇਦਾਰ ਤੇ ਦੂਸਰਾ ਉਸ ਦੇ ਪੁੱਤਰ ਜਗਤ ਦਾ ਯਾਰ-ਬੇਲੀ ਸੀ। ਇਹ ਖੁਲਾਸੇ ਹੋਣ ਪਿੱਛੋਂ ਪਾਰਲੀਮੈਂਟ ਵਿਚ ਕਾਂਗਰਸ ਪਾਰਟੀ ਨੇ ਨਟਵਰ ਸਿੰਘ ਦਾ ਬਚਾਅ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਨਟਵਰ ਸਿੰਘ ਨੂੰ ਅਸਤੀਫਾ ਦੇਣਾ ਪੈ ਗਿਆ।

ਹੈਰਾਨ ਕਰਨ ਵਾਲੀ ਕਹਾਣੀ ਏਥੋਂ ਅੱਗੇ ਤੁਰਦੀ ਹੈ। ਪਾਰਲੀਮੈਂਟ ਵਿਚ ਨਟਵਰ ਸਿੰਘ ਨੂੰ ਵਿਦੇਸ਼ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਲਈ ਭਾਜਪਾ ਆਗੂਆਂ ਨੇ ਮਜਬੂਰ ਕੀਤਾ, ਦੁਨੀਆਂ ਭਰ ਦਾ ਹਰ ਦੋਸ਼ ਭਾਜਪਾ ਆਗੂ ਉਸ ਉਤੇ ਲਾਈ ਗਏ, ਪਰ ਜਦੋਂ ਉਸ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ, ਫਿਰ ਕਾਂਗਰਸ ਪਾਰਟੀ ਤੋਂ ਅਸਤੀਫਾ ਦੇਣ ਦਾ ਐਲਾਨ ਉਸ ਨੇ ਜੈਪੁਰ ਜਾ ਕੇ ਭਾਜਪਾ ਦੀ ਉਸ ਰੈਲੀ ਵਿਚ ਕੀਤਾ, ਜਿੱਥੇ ਵਸੁੰਧਰਾ ਰਾਜੇ ਹਾਜ਼ਰ ਸੀ। ਨਹਿਰੂ-ਗਾਂਧੀ ਪਰਿਵਾਰ ਦਾ ਕੱਲ੍ਹ ਤੱਕ ਨੇੜੂ ਹੋਣ ਕਾਰਨ ਨਟਵਰ ਸਿੰਘ ਨੂੰ ਛੱਜ ਵਿਚ ਪਾ ਕੇ ਛੱਟਣ ਵਾਲੀ ਭਾਜਪਾ ਨੇ ਆਪਣੇ ਨਾਲ ਲਾ ਲਿਆ ਤੇ ਪਿਛਲੇ ਸਾਲ ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਜਸਥਾਨ ਵਿਧਾਨ ਸਭਾ ਚੋਣਾਂ ਦੌਰਾਨ ਨਟਵਰ ਸਿੰਘ ਦੇ ਉਸੇ ਬਦਨਾਮੀ ਖੱਟ ਚੁੱਕੇ ਪੁੱਤਰ ਜਗਤ ਸਿੰਘ ਨੂੰ ਟਿਕਟ ਦੇ ਦਿੱਤੀ। ਇਰਾਕ ਨਾਲ ਤੇਲ ਬਦਲੇ ਅਨਾਜ ਦੀ ਭੰਡੀ ਵਾਲਾ ਨਟਵਰ ਸਿੰਘ ਦਾ ਉਹੋ ਪੁੱਤਰ ਜਗਤ ਸਿੰਘ ਹੁਣ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦੇ ਕਮਾਨ ਹਲਕੇ ਤੋਂ ਵਿਧਾਨ ਸਭਾ ਵਿਚ ਭਾਜਪਾ ਦਾ 'ਮਾਣਯੋਗ' ਮੈਂਬਰ ਹੈ। ਨਾ ਉਸ ਨੂੰ ਇਸ ਗੱਲ ਦੀ ਸ਼ਰਮ ਹੈ ਕਿ ਭਾਜਪਾ ਉਸ ਦੇ ਪਰਿਵਾਰ ਬਾਰੇ ਕੱਲ੍ਹ ਤੱਕ ਕੀ ਕਹਿੰਦੀ ਸੀ ਤੇ ਨਾ ਭਾਜਪਾ ਨੂੰ ਆਪਣੇ ਕਹੇ ਉਨ੍ਹਾਂ ਸ਼ਬਦਾਂ ਦੀ ਕੋਈ ਸ਼ਰਮ ਰਹੀ ਹੈ।



ਜਗਤ ਸਿੰਘ

ਇਸ ਤੋਂ ਵੀ ਵੱਡੀ ਅਗਲੀ ਗੱਲ ਇਹ ਹੈ ਕਿ ਤੇਲ ਬਦਲੇ ਅਨਾਜ ਦੇ ਜਿਸ ਸਕੈਂਡਲ ਨੇ ਉਸ ਵਕਤ ਦੇਸ਼ ਦੀ ਸਰਕਾਰ ਹਿਲਾ ਦਿੱਤੀ ਸੀ, ਕਈ ਦਿਨ ਪਾਰਲੀਮੈਂਟ ਠੱਪ ਹੋਈ ਰਹੀ ਅਤੇ ਕੋਈ ਕੰਮ ਵੀ ਨਹੀਂ ਸੀ ਹੋ ਸਕਿਆ, ਉਸ ਸਕੈਂਡਲ ਦਾ ਬਾਅਦ ਵਿਚ ਕੀ ਬਣਿਆ, ਕਦੇ ਕਿਸੇ ਨੇ ਪੁੱਛਿਆ ਹੀ ਨਹੀਂ। ਭਾਜਪਾ ਨੇ ਇਸ ਕਰ ਕੇ ਨਹੀਂ ਪੁੱਛਿਆ, ਤੇ ਨਾ ਪੁੱਛਣਾ ਹੈ ਕਿ ਪਿਤਾ-ਪੁੱਤਰ ਚੋਰ ਵੀ ਹੋਣ ਤਾਂ ਸਾਡੇ ਨਾਲ ਮਿਲ ਜਾਣ ਪਿੱਛੋਂ ਪੁੱਛਣ ਦੀ ਨਹੀਂ, ਪਰਦੇ ਢਕਣ ਦੀ ਲੋੜ ਹੈ। ਕਾਂਗਰਸ ਵਾਲੇ ਇਸ ਲਈ ਚੁੱਪ ਹਨ ਕਿ ਚਾਰ ਔਖੇ ਦਿਨ ਕੱਟਣ ਲਈ ਇਹ ਪਿਓ-ਪੁੱਤਰ ਭਾਜਪਾ ਵਿਚ ਚਲੇ ਵੀ ਗਏ ਤਾਂ ਕੋਈ ਖਾਸ ਗੱਲ ਨਹੀਂ, ਕਿਸੇ ਦਿਨ ਮੌਕਾ ਵੇਖ ਕੇ ਆਪਣੇ ਨਾਲ ਵੀ ਆ ਸਕਦੇ ਹਨ।

ਇਹ ਤਾਂ ਹੋਈਆਂ ਸਿਆਸੀ ਪਾਰਟੀਆਂ, ਜਿਹੜੀਆਂ ਜਦੋਂ ਰਾਜ ਕਰਨ ਤਾਂ ਭਾਰਤ ਨੂੰ ਸਿਆਸੀ ਸੇਧ ਦੇਂਦੀਆਂ ਹਨ, ਪਰ ਸਰਕਾਰੀ ਤੰਤਰ ਪਾਰਟੀਆਂ ਦੀ ਸਿਆਸਤ ਤੋਂ ਉਤੇ ਹੋਣਾ ਚਾਹੀਦਾ ਹੈ। ਕਿਹੜੀ ਪਾਰਟੀ ਰਾਜ ਕਰਦੀ ਤੇ ਕਿਹੜੀ ਮਹਿਲ ਵਿਚ ਵੜਨ ਦਾ ਮੌਕਾ ਲੱਭਦੀ ਹੈ, ਇਸ ਨਾਲ ਸਰਕਾਰੀ ਏਜੰਸੀਆਂ ਨੂੰ ਮਤਲਬ ਨਹੀਂ ਹੋਣਾ ਚਾਹੀਦਾ, ਪਰ ਇਹ ਆਦਰਸ਼ਕ ਵਿਚਾਰ ਹਨ, ਉਵੇਂ ਹੀ ਆਦਰਸ਼ਕ ਵਿਚਾਰ, ਜਿਵੇਂ ਦੇਸ਼ ਦਾ ਆਦਰਸ਼ ਚੋਣ ਜ਼ਾਬਤਾ ਹੁੰਦਾ ਹੈ, ਜਿਸ ਨੂੰ ਹਰ ਪਾਰਟੀ ਤੋੜਨ ਦਾ ਮੌਕਾ ਲੱਭਦੀ ਹੈ। ਚੋਣਾਂ ਵਿਚ ਜਿਵੇਂ ਚੋਣ ਕਮਿਸ਼ਨ ਨੂੰ ਤਕੜੀ ਧਿਰ ਦੇ ਨੁਕਸਾਂ ਵੱਲੋਂ ਅੱਖਾਂ ਮੀਟਣ ਵਿਚ ਹਰਜ ਨਹੀਂ ਹੁੰਦਾ, ਅੱਗੋਂ ਪਿੱਛੋਂ ਇਨ੍ਹਾਂ ਜਾਂਚ ਏਜੰਸੀਆਂ ਨੂੰ ਇਸ ਤਰ੍ਹਾਂ ਦੇ ਕੇਸਾਂ ਦੀਆਂ ਫਾਈਲਾਂ ਠੱਪੀ ਰੱਖਣ ਤੋਂ ਪਰਹੇਜ਼ ਨਹੀਂ ਹੁੰਦਾ। ਜਦੋਂ ਅਸੀਂ ਬੀਤੇ ਸਾਲਾਂ ਦੇ ਇਸ ਵਰਤਾਰੇ ਨੂੰ ਸਮਝ ਲਈਏ ਤਾਂ ਫਿਰ ਲਲਿਤ ਮੋਦੀ ਤੋਂ ਸੁਸ਼ਮਾ ਸਵਰਾਜ ਤੇ ਵਸੁੰਧਰਾ ਰਾਜੇ ਤੱਕ ਦੇ ਜ਼ਮੀਰਾਂ ਵੇਚਣ ਦੇ ਅਜੋਕੇ ਕਿੱਸੇ ਦਾ ਅੰਤਲਾ ਸਿਰਾ ਵੀ ਹੁਣੇ ਸਮਝ ਆ ਸਕਦਾ ਹੈ। ਚੋਰਾਂ ਦੀ ਆਪੋ ਵਿਚ ਬੀਤੇ ਸਮਿਆਂ ਵਿਚ ਵੀ ਨਾਨੀ-ਦੋਹਤੀ ਰਲ ਜਾਂਦੀ ਸੀ, ਇਸ ਨਵੇਂ ਕੇਸ ਵਿਚ ਵੀ ਏਦਾਂ ਹੀ ਬੁੱਤਾ ਸਰ ਜਾਵੇਗਾ, ਕਿਉਂਕਿ ਜਾਂਚ ਏਜੰਸੀਆਂ ਹੁਣ ਜਾਂਚ ਕਰਨ ਵਾਲੀਆਂ ਏਜੰਸੀਆਂ ਨਹੀਂ ਰਹਿ ਗਈਆਂ, ਲੀਡਰਾਂ ਦੇ ਪਿੰਜਰੇ ਵਿਚ ਪਏ ਤੋਤੇ ਬਣ ਗਈਆਂ ਹਨ।

ਏਡੀ ਹਨੇਰਗਰਦੀ ਵਾਲੇ ਦੇਸ਼ ਵਿਚ ਏਨਾ ਕੁ ਮਾਣ ਹੀ ਬਹੁਤ ਹੈ ਕਿ ਲੋਕਾਂ ਵੱਲੋਂ ਚੁਣੇ ਹੋਏ ਪ੍ਰਤੀਨਿਧ ਸੰਵਿਧਾਨ ਦੀ ਸਹੁੰ ਚੁੱਕ ਕੇ ਰਾਜ ਕਰਦੇ, ਜਾਂ ਰਾਜ ਕਰਨ ਦੇ ਨਾਂ ਉਤੇ ਉਹ ਸਾਰਾ ਕੁਝ ਕਰਦੇ ਹਨ, ਜਿਹੜਾ 'ਸੱਚੇ ਪਾਤਸ਼ਾਹ' ਦੀ ਦਸ ਵਾਰੀ ਝੂਠੀ ਸਹੁੰ ਖਾ ਕੇ ਕੋਈ ਪੱਕਾ ਠੱਗ ਕਰ ਸਕਦਾ ਹੈ। ਏਨਾ ਕੁ ਮਾਣ ਕੀਤਾ ਵੀ ਥੋੜ੍ਹਾ ਨਹੀਂ ਭਾਰਤ ਦੇ ਨਾਗਰਿਕਾਂ ਲਈ।

#

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ... ਬਈ ਛਾ ਗਿਆ ਬੱਲੋ ਕਿਆਂ ਦਾ ਛੋਟੂ ਸਤਨਾਮ ਸਿੰਘ ਭਮਰਾ

**ਚੰਡੀਗੜ੍ਹ:** ਪੰਜਾਬ ਦੇ 19 ਸਾਲਾ ਸਤਨਾਮ ਸਿੰਘ ਭਮਰਾ ਦੀ ਅਮਰੀਕੀ ਪੇਸ਼ੇਵਾਰਾਨਾ ਬਾਸਕਟਬਾਲ ਲੀਗ (ਐਨ.ਬੀ.ਈ.) ਵਿਚ ਖੇਡਣ ਲਈ ਚੋਣ ਹੋ ਗਈ ਹੈ। ਉਸ ਦੀ ਚੋਣ ਡੈਲਸ ਮੈਵਰਿਕਸ ਕਲੱਬ ਨੇ ਕੀਤੀ ਹੈ। ਪੰਜ ਵਰ੍ਹਿਆਂ ਤੋਂ ਫਲੋਰਿਡਾ ਦੀ ਆਈ.ਐਮ.ਜੀ. ਅਕੈਡਮੀ ਵਿਚ ਇਸ ਭਾਰਤੀ ਖਿਡਾਰੀ ਤੇ ਸਾਲਾਨਾ ਇਕ ਲੱਖ ਡਾਲਰ ਖਰਚਾ ਕੀਤਾ ਜਾ ਰਿਹਾ ਸੀ। ਉਹ ਭਾਰਤ ਦਾ ਜੰਮਪਲ ਪਹਿਲਾ ਖਿਡਾਰੀ ਹੈ ਜੋ ਕਿ ਐਨ.ਬੀ.ਈ. ਲੀਗ ਵਿਚ ਖੇਡੇਗਾ। ਇਸ ਭਾਰਤੀ ਖਿਡਾਰੀ ਦੇ ਪਿੰਡ ਦੇ ਲੋਕ ਸਿਰਫ ਇੰਨਾ ਜਾਣਦੇ ਹਨ ਕਿ ਉਨ੍ਹਾਂ ਦੇ ਜਾਏ ਨੇ ਅਮਰੀਕਾ ਵਿਚ ਕੋਈ ਵੱਡੀ ਮੱਲ ਮਾਰੀ ਹੈ। ਬੱਲੋ ਕੇ ਪਿੰਡ ਦੇ ਕਿਸਾਨ ਬਲਵੀਰ ਸਿੰਘ ਦੇ ਘਰ ਦੀ ਕੰਧ ਉਤੇ ਅੱਜ ਵੀ ਉਹ ਰਿੰਗ ਲੱਗਾ ਹੋਇਆ ਹੈ ਜਿਥੇ ਘੰਟਿਆਂ ਬੱਧੀ ਸਤਨਾਮ ਛੋਟੀ ਉਮਰੇ ਪ੍ਰੈਕਟਿਸ ਕਰਦਾ ਹੁੰਦਾ ਸੀ। ਤਪਾ ਦੇ ਰਜਿੰਦਰ ਤੋਂ ਚਾਅ ਨਹੀਂ ਚੁੱਕਿਆ ਜਾ ਰਿਹਾ ਸੀ ਜੋ ਉਂਗਲ ਫੜ ਕੇ ਸਤਨਾਮ ਸਿੰਘ ਨੂੰ ਬਾਸਕਟਬਾਲ ਦੇ ਗਰਾਊਂਡ ਵਿਚ ਪਹਿਲੀ ਦਫਾ ਛੱਡ ਕੇ ਆਇਆ ਸੀ।

ਐਨ.ਬੀ.ਈ. ਦੁਨੀਆਂ ਦੀਆਂ ਸਭ ਤੋਂ ਵੱਧ ਮਾਲਦਾਰ ਖੇਡ ਲੀਗਾਂ ਵਿਚੋਂ ਇਕ ਹੈ। ਸਤਨਾਮ ਭਮਰਾ ਨੂੰ ਡੈਲਸ ਮੈਵਰਿਕਸ ਕਲੱਬ ਵਿਚ ਸ਼ਾਮਲ

## ਐਨ.ਬੀ.ਈ. ਵਿਚ ਖੇਡਣ ਵਾਲਾ ਪਹਿਲਾ ਭਾਰਤੀ ਬਣਿਆ




ਕੀਤਾ ਗਿਆ ਹੈ। ਉਸ ਨੂੰ ਮੁੱਖ ਲੀਗ ਖੇਡਣ ਤੱਕ ਪੁੱਜਦਿਆਂ ਦੋ-ਤਿੰਨ ਸਾਲ ਲੱਗ ਜਾਣਗੇ, ਪਰ ਅਮਰੀਕਾ ਦੇ ਸਿਖਰਲੇ ਕਲੱਬ ਦੇ ਖਿਡਾਰੀਆਂ ਦੀ ਫਹਿਰਿਸਤ ਵਿਚ ਸ਼ਾਮਲ ਹੋਣਾ ਹੀ ਆਪਣੇ ਆਪ ਵਿਚ ਵੱਡਾ ਮਾਣ ਹੈ। ਸਤਨਾਮ ਦਾ ਕੱਦ ਸੱਤ ਫੁੱਟ ਦੋ ਇੰਚ ਹੈ, ਪਰ ਘਰ ਵਿਚ ਉਸ ਨੂੰ ਛੋਟੂ ਕਹਿ ਕੇ ਬੁਲਾਇਆ ਜਾਂਦਾ ਹੈ। ਬਰਨਾਲਾ ਜ਼ਿਲ੍ਹੇ ਦੇ ਪਿੰਡ ਬੱਲੋਕੇ ਦੇ ਜੰਮਪਲ ਇਸ ਮੁੰਡੇ ਦਾ ਪਰਿਵਾਰ ਨਿਮਨ ਮੱਧਵਰਗੀ ਹੈ। ਕੁਦਰਤ ਨੇ ਇਸ ਪਰਿਵਾਰ ਨੂੰ ਅਨੋਖੇਪਣ ਨਾਲ ਨਿਵਾਜਿਆ ਹੋਇਆ ਹੈ। ਪਿਤਾ ਬਲਬੀਰ ਸਿੰਘ ਆਪ ਸੱਤ ਫੁੱਟ ਇਕ ਇੰਚ ਦਾ ਹੈ। ਉਸ ਦੀ ਮਾਤਾ 6 ਫੁੱਟ 9 ਇੰਚ ਲੰਮੀ ਸੀ, ਪਰ ਪਰਿਵਾਰ ਦੇ ਬਾਕੀ ਜੀਆਂ ਦਾ ਕੱਦ ਤੇ ਕਾਠੀ ਆਮ ਲੋਕਾਂ ਵਰਗੀ ਹੈ। ਬਲਬੀਰ ਸਿੰਘ ਜਵਾਨੀ ਦੇ ਦਿਨਾਂ ਵਿਚ ਆਪ ਬਾਸਕਟਬਾਲ ਖੇਡਣਾ ਚਾਹੁੰਦਾ ਸੀ। ਉਸ ਦਾ ਸੁਪਨਾ ਤਾਂ ਪੂਰਾ ਨਾ ਹੋਇਆ, ਪਰ ਪੁੱਤਰ ਬਾਸਕਟਬਾਲ ਖਿਡਾਰੀ ਬਣ ਗਿਆ। ਅਜਿਹਾ ਬਾਸਕਟਬਾਲ ਖਿਡਾਰੀ ਜਿਸ ਨੂੰ ਐਨ.ਬੀ.ਈ. ਵਿਚ ਦਾਖਲਾ ਪਾਉਣ ਵਾਲੇ ਪਹਿਲੇ ਭਾਰਤੀ ਹੋਣ ਦਾ ਮਾਣ ਹਾਸਲ ਹੈ।

ਇਸ ਪ੍ਰਾਪਤੀ ਦਾ ਇਕ ਅਹਿਮ ਪੱਖ ਇਹ ਵੀ ਹੈ ਕਿ ਅਮਰੀਕਾ ਵਿਚ ਕਾਲਜ ਪੱਧਰ ਜਾਂ ਮੁੱਢਲੀ ਲੀਗ ਦਾ ਕੋਈ ਮੁਕਾਬਲਾ ਖੇਡੇ ਬਿਨਾਂ ਹੀ ਉਹ ਸਿੱਧਾ ਐਨ.ਬੀ.ਈ. ਲੀਗ ਖੇਡਣ ਦੇ ਕਾਬਲ ਮੰਨਿਆ ਗਿਆ। ਪਿਛਲੇ ਇਕ ਦਹਾਕੇ ਦੌਰਾਨ ਉਹ ਇਕੋ ਇਕ ਅਜਿਹਾ ਖਿਡਾਰੀ ਹੈ ਜਿਸ ਨੂੰ ਸਿੱਧਾ ਦਾਖ਼ਲਾ ਬਿਨਾ ਹੀਲ-ਹੁੱਜਤ ਦੇ ਮਿਲਿਆ। ਇਹ ਸਾਰਾ ਸਫ਼ਰ ਤੇ ਇਸ ਰਾਹੀਂ ਮਿਲੀ ਮੰਜ਼ਿਲ ਲੁਧਿਆਣਾ ਬਾਸਕਟਬਾਲ ਅਕੈਡਮੀ (ਐਲ.ਬੀ.ਏ.) ਦੀ ਹੀ ਦੇਣ ਹੈ। ਇਸੇ ਅਕੈਡਮੀ ਨੇ ਉਸ ਨੂੰ 9 ਸਾਲਾਂ ਦੀ ਉਮਰ ਵਿਚ ਆਪਣੇ ਟ੍ਰੇਨੀ ਵਜੋਂ ਅਪਨਾਇਆ, ਉਸ ਅੰਦਰ ਬਾਸਕਟਬਾਲ ਖਿਡਾਰੀਆਂ ਵਾਲੀ ਹੁਨਰਮੰਦੀ ਵਿਕਸਿਤ ਕੀਤੀ, ਉਸ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਤੇ ਉਸ ਨੂੰ ਕੌਮਾਂਤਰੀ ਪੱਧਰ ਉਤੇ ਵਿਚਰਨ ਦੇ ਕਾਬਲ ਬਣਾਇਆ। ਇਹੀ ਕਾਰਨ ਹੈ ਕਿ ਜਦੋਂ ਆਈ.ਐਮ.ਜੀ. ਰਿਲਾਇੰਸ ਦੀ ਟੀਮ ਭਾਰਤ ਵਿਚ ਖੇਡ ਪ੍ਰਤਿਭਾਵਾਂ ਦੀ ਖੋਜ ਤੇ ਸ਼ਨਾਖਤ ਕਰਨ ਆਈ ਤਾਂ ਸਤਨਾਮ ਨੂੰ ਉਨ੍ਹਾਂ 29 ਉਭਰਦੇ ਖਿਡਾਰੀਆਂ ਵਿਚ ਸ਼ੁਮਾਰ ਕਰ ਲਿਆ ਜਿਨ੍ਹਾਂ ਨੂੰ ਫਲੋਰਿਡਾ ਸਥਿਤ ਆਈ.ਐਮ.ਜੀ. ਅਕੈਡਮੀ 'ਚ ਸਿਖਲਾਈ ਦਿੱਤੀ ਜਾਣੀ ਸੀ। ਉਹ 2010 ਤੋਂ ਉਥੇ ਰਹਿ ਰਿਹਾ ਹੈ ਤੇ ਇਨ੍ਹਾਂ ਉਨੱਤੀਆਂ ਵਿਚੋਂ ਉਹ ਇਕੱਲਾ ਹੀ ਐਨ.ਬੀ.ਈ. ਲਈ ਚੁਣਿਆ ਗਿਆ।

## 3 ਘੰਟੇ ਉਡੀਕ ਕੇ ਵੀ ਬਾਦਲ ਨਾਲ ਮਿਲਣੀ ਨਾ ਹੋਈ

**ਚੰਡੀਗੜ੍ਹ:** ਬਰਨਾਲਾ ਨੇੜਲੇ ਪਿੰਡ ਬੱਲੋ ਕੇ ਦੇ ਬਾਸਕਟਬਾਲ ਖਿਡਾਰੀ ਸਤਨਾਮ ਸਿੰਘ ਭਮਰਾ ਦਾ ਨਾਂ ਅੱਜ ਭਾਵੇਂ ਪੰਜਾਬ ਦੇ ਘਰ-ਘਰ ਪੁੱਜ ਗਿਆ ਹੈ ਤੇ ਉਹਨੂੰ ਮਿਲਣ ਵਾਲਿਆਂ ਦੀਆਂ ਹੁਣ ਲਾਈਨਾਂ ਲੱਗੀਆਂ ਪਈਆਂ ਹਨ, ਪਰ ਇਸ ਨੌਜਵਾਨ ਨੂੰ ਲੁਧਿਆਣੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣ ਲਈ ਤਕਰੀਬਨ ਤਿੰਨ ਘੰਟੇ ਉਡੀਕ ਕਰਨੀ ਪਈ ਸੀ ਤੇ ਮੁਲਾਕਾਤ ਫਿਰ ਵੀ ਨਹੀਂ ਸੀ ਹੋ ਸਕੀ। ਮੁੱਖ ਮੰਤਰੀ ਦੇ ਸੁਰੱਖਿਆ ਮੁਲਾਜ਼ਮਾਂ ਨੇ ਉਸ ਨੂੰ ਮਿਲਣ ਦੀ ਆਗਿਆ ਹੀ ਨਹੀਂ ਸੀ ਦਿੱਤੀ।

# ਦਹਿਸ਼ਤਵਾਦ ਦੇ ਰਾਹ ਉਤੇ ਪੈ ਰਹੇ ਨੇ ਕਸ਼ਮੀਰ ਦੇ ਨੌਜਵਾਨ

**ਸ੍ਰੀਨਗਰ:** ਕਸ਼ਮੀਰ ਘਾਟੀ ਵਿਚ ਸੁਰੱਖਿਆ ਬਲਾਂ ਦੇ ਸਾਹਮਣੇ ਨਵੀਂ ਚੁਣੌਤੀ ਪੈਦਾ ਹੋ ਗਈ ਹੈ ਕਿਉਂਕਿ ਘਾਟੀ ਵਿਚ ਖਾੜੀ ਦੇਸ਼ਾਂ ਤੋਂ ਵੱਡੇ ਪੱਧਰ ਉਤੇ ਹਵਾਲਾ ਦੀ ਰਕਮ ਆ ਰਹੀ ਹੈ ਤੇ ਜ਼ਿਆਦਾ ਗਿਣਤੀ ਵਿਚ ਨੌਜਵਾਨ ਅਤਿਵਾਦ ਦੀ ਰਾਹ ਫੜ ਰਹੇ ਹਨ। ਸੁਰੱਖਿਆ ਮਾਹਿਰਾਂ ਵੱਲੋਂ ਇਹ ਅਨੁਮਾਨ ਲਾਇਆ ਗਿਆ ਹੈ। ਇਸ ਹਾਲਾਤ ਨੂੰ ਲੈ ਕੇ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਸਾਬਕਾ ਮੁਖੀ ਐਸ.ਐਸ. ਦੁਲਟ ਦਾ ਕਹਿਣਾ ਹੈ ਕਿ ਭਵਿੱਖ ਵਿਚ ਸਮੱਸਿਆ ਪੈਦਾ ਕਰਨ ਵਾਲੀ ਸਥਿਤੀ ਹੈ ਤੇ ਕੁਝ ਚੀਜ਼ਾਂ ਬਿਲਕੁਲ ਵੀ ਸਹੀ ਨਹੀਂ ਲੱਗਦੀਆਂ ਹਨ। ਉਹ 1990 ਦੇ ਦਹਾਕੇ ਤੋਂ ਕਈ ਭੂਮਿਕਾਵਾਂ ਵਿਚ ਕਸ਼ਮੀਰ ਦੇ ਮਾਮਲੇ ਨਾਲ ਜੁੜੇ ਰਹੇ ਹਨ।

ਜੰਮੂ ਕਸ਼ਮੀਰ ਦੇ ਅਧਿਕਾਰੀ ਇਨ੍ਹਾਂ ਨਵੇਂ ਹਾਲਾਤਾਂ ਨੂੰ ਲੈ ਕੇ ਕੁਝ ਬੋਲਣ ਦੀ ਸਥਿਤੀ ਵਿਚ ਨਹੀਂ ਹਨ ਤੇ ਰਾਜ ਪੁਲਿਸ ਨਵੀਆਂ ਚੁਣੌਤੀਆਂ ਨੂੰ ਲੈ ਕੇ ਪਰੇਸ਼ਾਨ ਹੈ। ਅਜਿਹੇ ਵਿਚ ਸੁਰੱਖਿਆ ਸੂਤਰਾਂ ਦਾ ਕਹਿਣਾ ਹੈ ਕਿ ਅਤਿਵਾਦੀ ਦੋ ਹਿੱਸਿਆਂ, ਦੱਖਣੀ ਤੇ ਉਤਰੀ ਕਸ਼ਮੀਰ ਵਿਚ ਧਿਆਨ ਕੇਂਦਰਿਤ ਕਰ ਰਹੇ ਹਨ। ਅਤਿਵਾਦ ਨਾਲ ਲੋਹਾ ਲੈ ਰਹੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੱਖਣੀ ਕਸ਼ਮੀਰ ਵਿਚ ਤਰਾਲ, ਬਾਟਾਪੋਰਾ, ਪੰਜਗਾਉਂ ਤੇ ਯਾਰੀਪੋਰਾ ਵਿਚ ਹਿਜ਼ਬੁਲ ਮੁਜ਼ਾਹਦੀਨ ਦੀ ਪੈਠ ਦਾ ਗਵਾਹ ਬਣ ਰਹੇ ਹਨ ਜਦਕਿ ਪਾਲਹਾਲਨ ਤੋਂ ਲੈ ਕੇ ਸੋਪੋਰ ਤੱਕ ਇਹ ਅਤਿਵਾਦੀ ਸੰਗਠਨ ਤੇ ਜੈਸ਼-ਏ-ਮੁਹੰਮਦ ਦੇ ਕੁਝ ਅਤਿਵਾਦੀ ਸਰਗਰਮ ਹਨ। ਸੂਤਰਾਂ ਦਾ ਕਹਿਣਾ ਹੈ ਕਿ ਕਸ਼ਮੀਰ ਦੇ ਇਨ੍ਹਾਂ ਦੋ ਹਿੱਸਿਆਂ ਵਿਚ ਚਿੰਤਾਜਨਤ ਪਹਿਲੂ ਇਹ ਹੈ ਕਿ ਅਤਿਵਾਦ ਦੀ ਅਗਵਾਈ ਉਨ੍ਹਾਂ ਕਸ਼ਮੀਰੀ ਨੌਜਵਾਨਾਂ ਦੇ ਹੱਥ ਵਿਚ ਹੈ ਜੋ ਹਾਲ ਹੀ ਵਿਚ ਅਤਿਵਾਦ ਨਾਲ ਜੁੜੇ ਹਨ।

ਅਤਿਵਾਦੀਆਂ ਨੇ ਉੱਤਰੀ ਤੇ ਦੱਖਣੀ ਕਸ਼ਮੀਰ ਦੇ ਕੰਢਿਆਂ ਉਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ। ਕਸ਼ਮੀਰ ਵਿਆਪਕ ਇਸਲਾਮੀਕਰਨ ਦਾ ਗਵਾਹ ਬਣ ਰਿਹਾ ਹੈ। ਜਿਥੇ ਨੌਜਵਾਨ ਇਹ ਜਾਣ ਕੇ ਵੀ ਅਤਿਵਾਦ ਦਾ ਰਾਹ ਫੜ ਰਹੇ ਹਨ ਕਿ ਉਨ੍ਹਾਂ ਦੇ ਮਾਰੇ ਜਾਣ ਦਾ ਖ਼ਤਰਾ ਹੈ। ਅਧਿਕਾਰੀਆਂ ਤੇ ਮਾਹਰਾਂ ਦਾ ਕਹਿਣਾ ਹੈ ਕਿ ਸੱਤਾਧਾਰੀ ਪੀ.ਡੀ.ਪੀ. ਨੂੰ ਅਤਿਵਾਦ ਵਿਰੋਧੀ ਮੁਹਿੰਮਾਂ ਲਈ ਸਪੱਸ਼ਟ ਰਣਨੀਤੀ ਬਣਾਉਣ ਵਿਚ ਮੁਸ਼ਕਲ ਹੋ ਰਹੀ ਹੈ। ਦੂਜੇ ਪਾਸੇ ਵਾਦੀ ਵਿਚ ਫਿਰ ਹਵਾਲਾ ਰਕਮ ਦੀ ਆਮਦ ਸ਼ੁਰੂ ਹੋ ਗਈ ਹੈ ਜਿਸ ਦਾ ਵੱਡਾ ਸਰੋਤ ਖਾੜੀ ਦੇ ਦੇਸ਼ ਹਨ। ਸੂਤਰਾਂ ਦਾ ਕਹਿਣਾ ਹੈ ਕਿ ਕਸ਼ਮੀਰ ਦੇ ਇਨ੍ਹਾਂ ਦੋ ਹਿੱਸਿਆਂ ਵਿਚ ਚਿੰਤਾਜਨਕ ਪਹਿਲੂ ਇਹ ਹੈ ਕਿ ਅਤਿਵਾਦ ਦੀ ਅਗਵਾਈ ਉਨ੍ਹਾਂ ਕਸ਼ਮੀਰੀ ਨੌਜਵਾਨਾਂ ਦੇ ਹੱਥ ਵਿਚ ਹੈ ਜੋ ਪਿਛੇ ਜਿਹੇ ਹੀ ਅਤਿਵਾਦ ਨਾਲ ਜੁੜੇ ਹਨ। ਸੁਰੱਖਿਆ ਮਾਹਰਾਂ ਨੇ ਕਿਹਾ ਕਿ ਸਥਾਨਕ ਪੱਧਰ ਉਤੇ ਅਤਿਵਾਦੀ ਸੰਗਠਨਾਂ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਘਟੀ ਸੀ ਪਰ ਇਸ ਸਾਲ ਜਨਵਰੀ ਤੋਂ ਇਸ ਵਿਚ ਅਚਾਨਕ ਤੇਜ਼ੀ ਵੇਖੀ ਗਈ। ਇਸ ਸਾਲ ਮਾਰਚ ਤੋਂ ਵਾਦੀ ਵਿਚੋਂ ਲਗਭਗ 50 ਮੁੰਡੇ ਗਾਇਬ ਹੋਏ ਹਨ। ਇਨ੍ਹਾਂ ਵਿਚ ਅਵੰਤੀਪੁਰਾ ਤੋਂ 15, ਕੁਲਗਾਮ ਤੋਂ 9, ਸ਼ੋਪੀਆਂ ਤੋਂ ਸੱਤ, ਅਨੰਤਨਾਗ ਤੋਂ ਅੱਠ ਤੇ ਉੱਤਰੀ ਕਸ਼ਮੀਰ ਤੋਂ 11 ਸ਼ਾਮਲ ਹਨ। ਲਾਪਤਾ ਮੁੰਡਿਆਂ ਦਾ ਸਬੰਧ ਆਮ ਮੱਧ ਵਰਗੀ ਪਰਿਵਾਰਾਂ ਨਾਲ ਹੈ ਤੇ ਉਨ੍ਹਾਂ ਨੂੰ ਕਸ਼ਮੀਰ ਵਿਚ ਅਤਿਵਾਦ ਦਾ ਨਵਾਂ ਚਿਹਰਾ ਕਿਹਾ ਜਾ ਰਿਹਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਹ ਹਥਿਆਰਾਂ ਦੀ ਸਪਲਾਈ ਦੀ ਉਡੀਕ ਕਰ ਰਹੇ ਹਨ।

## ਭਾਰਤ ਵਿਚ ਇਸਲਾਮਿਕ ਸਟੇਟ ਦੀ ਦਸਤਕ!

**ਸ੍ਰੀਨਗਰ:** ਸ੍ਰੀਨਗਰ ਦੇ ਲਾਲ ਚੌਕ ਵੱਖਵਾਦੀ ਸਮਰਥਕ ਆਈ.ਐਸ. ਦੇ ਝੰਡੇ ਲਹਿਰਾਉਂਦੇ ਨਜ਼ਰ ਆਏ ਹਨ। ਆਈ.ਐਸ. ਦੇ ਝੰਡੇ ਫੜੀ ਪ੍ਰਦਰਸ਼ਨ ਕਰ ਰਹੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਸੁਰੱਖਿਆ ਬਲਾਂ ਉਤੇ ਪੱਥਰਬਾਜ਼ੀ ਕੀਤੀ। ਸ੍ਰੀਨਗਰ ਵਿਚ ਵੱਖਵਾਦੀਆਂ ਨੇ ਹੜਤਾਲ ਦੌਰਾਨ ਪ੍ਰਦਰਸ਼ਨ ਤੇ ਖੂਬ ਹੰਗਾਮਾ ਕੀਤਾ। ਬਜ਼ਾਰ ਪੂਰੀ ਤਰ੍ਹਾਂ ਬੰਦ ਰਹੇ। ਪ੍ਰਦਰਸ਼ਨਕਾਰੀਆਂ ਨੇ ਸੁਰੱਖਿਆ ਬਲਾਂ ਤੇ ਪੱਥਰਬਾਜ਼ੀ ਵੀ ਕੀਤੀ। ਸਥਿਤੀ ਉਤੇ ਕਾਬੂ ਪਾਉਣ ਲਈ ਸੁਰੱਖਿਆ ਬਲਾਂ ਨੇ ਵੀ ਅੱਥਰੂ ਗੈਸ ਦੇ ਗੋਲੇ ਚਲਾਏ। ਪ੍ਰਦਰਸ਼ਨਕਾਰੀਆਂ ਤੇ ਸੁਰੱਖਿਆ ਦਸਤਿਆਂ ਵਿਚ ਹੋਈ ਇਸ ਝੜਪ ਦੌਰਾਨ ਨੌਹਟਾ ਇਲਾਕੇ ਵਿਚ ਖਤਰਨਾਕ ਅਤਿਵਾਦੀ ਸੰਗਠਨ ਆਈ.ਐਸ. ਤੇ ਪਾਕਿਸਤਾਨ ਦੇ ਝੰਡੇ ਲਹਿਰਾਏ ਗਏ।

# ਸਤਿੰਦਰ ਸੱਤੀ ਬਾਰੇ ਭਖੇ ਮਸਲੇ ਦਾ ਸੱਚ?

**ਹਰਜਿੰਦਰ ਦੁਸਾਂਝ**

ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਕੁਝ ਪੰਜਾਬੀ ਗਾਇਕਾਂ ਦਾ ਸਟੇਜ ਸ਼ੋਅ ਕਰਵਾਇਆ ਗਿਆ ਸੀ। ਇਸ ਸ਼ੋਅ ਦਾ ਸਟੇਜ ਸੰਚਾਲਨ ਨਾਮਵਰ ਗਾਇਕਾ ਅਤੇ ਸਟੇਜ ਸੰਚਾਲਕਾ ਸਤਿੰਦਰ ਸੱਤੀ ਕਰ ਰਹੀ ਸੀ। ਪ੍ਰੋਗਰਾਮ ਦੌਰਾਨ ਉਥੋਂ ਦੇ ਇਕ ਹਫ਼ਤਾਵਾਰੀ ਪੰਜਾਬੀ ਅਖ਼ਬਾਰ ਦੇ ਮਾਲਿਕ ਨੇ ਇੰਟਰਨੈਟ ਉਤੇ ਇਸ ਪ੍ਰੋਗਰਾਮ ਸਬੰਧੀ ਖ਼ਬਰ ਪਾ ਦਿੱਤੀ ਕਿ ਸਤਿੰਦਰ ਸੱਤੀ ਨੇ ਅਮਰੀਕਾ-ਕੈਨੇਡਾ ਦੇ ਟਰੱਕ ਚਾਲਕਾਂ ਬਾਰੇ ਬੇਹੂਦਾ ਟਿੱਪਣੀਆਂ ਕੀਤੀਆਂ ਹਨ।

ਇੰਟਰਨੈਟ 'ਤੇ ਇਹ ਖ਼ਬਰ ਆਉਂਦਿਆਂ ਸਾਰ ਸੋਸ਼ਲ ਮੀਡੀਆ ਉਤੇ ਖਲਬਲੀ ਮੱਚ ਗਈ। ਜਿਥੇ ਇਸ ਖਬਰ ਨੂੰ ਵੱਡੀ ਗਿਣਤੀ ਵਿਚ ਸਾਂਝਾ ਕੀਤਾ ਗਿਆ, ਉਥੇ ਸਤਿੰਦਰ ਸੱਤੀ ਦੀ ਕਲਾਕਾਰੀ ਅਤੇ ਉਸ ਦੀ ਨਿੱਜੀ ਜ਼ਿੰਦਗੀ ਬਾਰੇ ਬਹੁਤ ਸਾਰੇ ਲੋਕਾਂ ਨੇ ਇਖ਼ਲਾਕੀ ਤੇ ਕਾਨੂੰਨੀ ਹੱਦਾਂ ਤੋੜ ਕੇ ਘਟੀਆ ਤੇ ਭੱਦੀ ਸ਼ਬਦਾਵਲੀ ਵਰਤੀ।

ਦੂਜੇ ਦਿਨ ਸਤਿੰਦਰ ਸੱਤੀ ਨੇ ਆਪਣਾ ਪੱਖ ਪੇਸ਼ ਕਰਦਿਆਂ ਇੰਟਰਨੈਟ 'ਤੇ ਆਪਣੀ ਇਕ ਵੀਡੀਓ ਪਾਈ ਜਿਸ ਵਿਚ ਉਸ ਨੇ ਆਖਿਆ ਕਿ ਜੋ ਕੁਝ ਹੋਇਆ, ਮੰਦਭਾਗਾ ਹੈ ਅਤੇ ਸਪਸ਼ਟ ਕੀਤਾ ਕਿ ਉਸ ਨੇ ਸਟੇਜ ਤੋਂ ਅਜਿਹਾ ਕੁਝ ਵੀ ਨਹੀਂ ਕਿਹਾ ਜਿਸ ਨਾਲ ਕਿਸੇ ਦਾ ਨਿੱਜੀ ਜਾਂ ਭਾਈਚਾਰਕ ਤੌਰ 'ਤੇ, ਜਾਂ ਕਿਸੇ ਕੰਮ-ਕਾਰ ਨਾਲ ਜੁੜੇ ਲੋਕਾਂ ਦਾ ਦਿਲ ਦੁਖੇ। ਫਿਰ ਵੀ ਜੇ ਕਿਸੇ ਦਾ ਦਿਲ ਉਸ ਕਰ ਕੇ ਦੁਖਿਆ ਹੈ, ਉਹ ਖ਼ਿਮਾ ਦੀ ਜਾਚਕ ਹੈ। ਉਸ ਨੇ ਸਪਸ਼ਟ ਕੀਤਾ ਕਿ ਜਿਹੜੇ ਦੋਸ਼ ਉਸ ਉਤੇ ਲਾਏ ਗਏ ਹਨ, ਬੇਬੁਨਿਆਦ ਹਨ। ਜੇ ਦੋਸ਼ ਲਾਉਣ ਵਾਲੇ ਲੋਕ ਇਹ ਸਾਬਤ ਕਰ ਦੇਣ ਕਿ ਇਹ ਸੱਚੇ ਹਨ ਤੇ ਉਸ ਖਿਲਾਫ ਕੋਈ ਸਬੂਤ ਹੈ ਤਾਂ ਪੇਸ਼ ਕਰਨ। ਸਹੀ ਸਾਬਤ ਹੋਣ ਦੀ ਸੂਰਤ ਵਿਚ ਉਹ ਲੋਕਾਂ ਤੇ ਕਾਨੂੰਨ ਦੀ ਕਚਹਿਰੀ ਵਿਚ ਹਰ ਸਜ਼ਾ ਭੁਗਤਣ ਨੂੰ ਤਿਆਰ ਹੈ। ਜੇ ਦੋਸ਼ ਲਾਉਣ ਵਾਲੇ ਝੂਠੇ ਸਾਬਤ ਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ ਸਜ਼ਾ ਮਿਲੇ।

ਉਸ ਨੇ ਟੈਲੀਫੋਨ 'ਤੇ ਹੋਈ ਗੱਲਬਾਤ ਦੌਰਾਨ ਦੱਸਿਆ ਕਿ ਅਸਲ ਵਿਚ ਕੋਈ ਮਸਲਾ ਨਹੀਂ ਸੀ। ਗੱਲ ਸਿਰਫ ਕੈਲੀਫੋਰਨੀਆ ਦੀ ਇਕ ਪੰਜਾਬੀ ਅਖ਼ਬਾਰ ਦੇ ਮਾਲਕ ਦੀ ਹਉਮੈ ਅਤੇ



ਝੂਠੀ ਸ਼ਾਨ ਦੀ ਸੀ। ਇਸ ਅਖ਼ਬਾਰ ਦਾ ਮਾਲਕ ਉਨ੍ਹਾਂ ਦੇ ਪ੍ਰੋਮੋਟਰ ਦਾ ਰਿਸ਼ਤੇਦਾਰ ਹੈ। ਅਖ਼ਬਾਰ ਦਾ ਮਾਲਕ ਸਿਰਫ ਇਸ ਗੱਲ ਨੂੰ ਲੈ ਕੇ ਚਿੜ ਗਿਆ ਕਿ ਸਟੇਜ ਤੋਂ ਉਸ ਦਾ ਨਾਂ ਨਹੀਂ ਬੋਲਿਆ ਗਿਆ। ਹੋ ਸਕਦਾ ਹੈ, ਅਖ਼ਬਾਰ-ਨਵੀਸ ਇਸ ਗੱਲ ਤੋਂ ਵੀ ਖਫ਼ਾ ਹੋਵੇ ਕਿ ਪ੍ਰੋਮੋਟਰ ਨੇ ਉਸ ਨੂੰ ਸ਼ੋਅ ਬਾਰੇ ਉਸ ਦੀ ਮੰਗ ਅਨੁਸਾਰ ਇਸ਼ਤਿਹਾਰ ਨਾ ਦਿੱਤਾ ਹੋਵੇ। ਇਸੇ ਗੁੱਸੇ ਕਾਰਨ ਹੀ ਉਸ ਨੇ ਪੱਤਰਕਾਰੀ ਦੀਆਂ ਹੱਦਾਂ ਅਤੇ ਮਰਿਆਦਾ ਤੋੜ ਕੇ ਝੂਠੀ ਰਿਪੋਰਟਿੰਗ ਕੀਤੀ।

ਸੱਤੀ ਨੇ ਆਖਿਆ ਕਿ ਪੰਜਾਬੀ ਵਿਚ ਅਜਿਹੀ ਪੱਤਰਕਾਰੀ ਕਰਦੇ ਲੋਕਾਂ ਨਾਲੋਂ ਵੱਧ ਦੁੱਖ ਉਸ ਨੂੰ ਉਨ੍ਹਾਂ ਲੋਕਾਂ ਨਾਲ ਹੈ ਜਿਨ੍ਹਾਂ ਨੇ ਇੰਟਰਨੈਟ ਦੇ ਜ਼ਮਾਨੇ ਵਿਚ ਵੀ ਅਫ਼ਵਾਹਾਂ 'ਤੇ ਯਕੀਨ ਕਰਦਿਆਂ ਉਸ ਬਾਰੇ ਮੰਦਾ ਬੋਲਿਆ, ਉਸ ਦੇ ਫੋਨ ਤੇ ਸੋਸ਼ਲ ਮੀਡੀਆ ਉਤੇ ਮਾੜੇ ਸੁਨੇਹੇ ਭੇਜੇ। ਜੇ ਕਿਸੇ ਨੂੰ ਵੀ ਉਸ ਨਾਲ ਕੋਈ ਰੰਜਿਸ਼ ਸੀ, ਤਾਂ ਉਹ ਉਸ ਖ਼ਿਲਾਫ਼ ਕੂੜ ਪ੍ਰਚਾਰ ਕਰਨ ਤੋਂ ਪਹਿਲਾਂ ਉਸ ਦਾ ਪੱਖ ਤਾਂ ਸੁਣ-ਜਾਣ ਲੈਂਦੇ। ਜਿਸ ਤਰ੍ਹਾਂ ਦੀ ਭਾਸ਼ਾ ਉਸ ਖਿਲਾਫ਼ ਵਰਤੀ ਗਈ, ਇਹ ਸਿਰਫ਼ ਉਸ ਦੀ ਹੀ ਨਹੀਂ, ਸਗੋਂ ਸਮੁੱਚੀ ਔਰਤ ਜਾਤ ਦੀ ਤੌਹੀਨ ਹੈ।

ਸੱਤੀ ਨੇ ਦੱਸਿਆ ਕਿ ਸੈਕਰਾਮੈਂਟੋ ਦੇ ਅਖ਼ਬਾਰ-ਨਵੀਸ ਅਤੇ ਟੋਰਾਂਟੋ ਦੇ ਪੰਜਾਬੀ ਰੇਡੀਓ ਦੇ ਨਾਮਾਨਿਗਾਰ ਖਿਲਾਫ਼ ਹੱਤਕ, ਪੱਤਰਕਾਰੀ ਰਾਹੀਂ ਗੁੰਮਰਾਹ ਕਰਨ ਅਤੇ ਲੋਕਾਂ ਨੂੰ ਭੜਕਾਉਣ ਵਿਰੁਧ ਕਾਨੂੰਨੀ ਨੋਟਿਸ ਭੇਜ ਦਿੱਤੇ ਹਨ।

ਸੱਤੀ ਦਾ ਕਹਿਣਾ ਹੈ ਕਿ ਮਾਮਲਾ ਸੁਲਝ ਗਿਆ ਸੀ ਪਰ ਕੈਨੇਡਾ ਵਾਲੇ ਨਾਮਾਨਿਗਾਰ ਨੇ ਨਵੇਂ ਸਿਰੇ ਤੋਂ ਲੋਕਾਂ ਨੂੰ ਭੜਕਾਇਆ ਅਤੇ ਹੁਣ ਬਹੁਤ ਛੇਤੀ ਸੱਚ ਸਾਹਮਣੇ ਆ ਜਾਵੇਗਾ। ਉਧਰ, ਇਸ ਮਸਲੇ ਨਾਲ ਜੁੜੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਸਤਿੰਦਰ ਸੱਤੀ ਬਾਰੇ ਸਮਝਿਆ ਜਾਂਦਾ ਹੈ ਕਿ ਉਹ ਬਾਦਲ ਪਰਿਵਾਰ ਦੇ ਨੇੜੇ ਹੈ। ਦੂਜੇ ਪਾਸੇ ਦੋਵੇਂ ਪੱਤਰਕਾਰ ਆਪਣੇ ਆਪ ਨੂੰ 'ਆਪ' ਸਮਰਥਕ ਤੇ ਭਗਵੰਤ ਮਾਨ ਦੇ ਨੇੜਲੇ ਦੱਸਦੇ ਹਨ। ਇਸ ਮੁੱਦੇ ਨੂੰ ਰਾਜਸੀ ਰੰਗਤ ਦੇਣ ਦੇ ਸੰਕੇਤ ਵੀ ਮਿਲ ਰਹੇ ਹਨ।

# ਹੇਮਕੁੰਟ ਸਾਹਿਬ ਦੇ ਸਾਰੇ ਯਾਤਰੀ ਸੁਰੱਖਿਅਤ ਥਾਂਵਾਂ ਉਤੇ ਪਹੁੰਚਾਏ

**ਦੇਹਰਾਦੂਨ:** ਉਤਰਾਖੰਡ ਵਿਚ ਮੌਸਮ ਦੀ ਖਰਾਬੀ ਕਾਰਨ ਸਾਰੇ ਸਿੱਖ ਸ਼ਰਧਾਲੂ ਜੋ ਗੁਰਦੁਆਰਾ ਗੋਬਿੰਦ ਧਾਮ ਵਿਚ ਫਸੇ ਸਨ, ਨੂੰ ਸੁਰੱਖਿਅਤ ਥਾਂਵਾਂ ਉਤੇ ਪਹੁੰਚਾ ਦਿੱਤਾ ਗਿਆ ਹੈ ਤੇ ਬਹੁਤੇ ਆਪੋ ਆਪਣੇ ਘਰਾਂ ਨੂੰ ਪਰਤ ਗਏ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਇਸ ਲਈ ਰੋਕਣੀ ਪਈ ਹੈ ਕਿਉਂਕਿ ਰਾਹ ਵਿਚਲੇ ਭਯੂੰਦਰ ਪਿੰਡ ਕੋਲ ਇਕ ਪੁਲ ਰੁੜ੍ਹ ਗਿਆ ਹੈ। ਸਿੱਖ ਸ਼ਰਧਾਲੂ ਤੇ ਬਦਰੀਨਾਥ ਜਾ ਰਹੇ ਯਾਤਰੀ ਘਨਘਨੀਆਂ ਵਿਚ ਫਸੇ ਸਨ ਤੇ ਉਨ੍ਹਾਂ ਨੂੰ ਚਮੋਲੀ ਦੇ ਜ਼ਿਲ੍ਹਾ ਅਧਿਕਾਰੀ ਅਸ਼ੋਕ ਕੁਮਾਰ ਦੀ ਨਿਗਰਾਨੀ ਹੇਠ ਉਥੋਂ ਕੱਢਿਆ ਗਿਆ ਹੈ।

ਇਸ ਅਧਿਕਾਰੀ ਨੇ ਤਿੰਨ ਦਿਨਾਂ ਤੋਂ ਗੋਬਿੰਦ ਘਾਟ ਵਿਚ ਡੇਰੇ ਲਾਏ ਹੋਏ ਹਨ। ਚਮੋਲੀ ਦੇ ਆਫ਼ਤ ਪ੍ਰਬੰਧਨ ਅਧਿਕਾਰੀ ਨੰਦ ਕਿਸ਼ੋਰ ਜੋਸ਼ੀ ਨੇ ਕਿਹਾ ਹੈ ਕਿ ਸ਼ਰਧਾਲੂਆਂ ਨੂੰ ਬਦਰੀਨਾਥ ਤੋਂ ਵਾਹਨਾਂ ਰਾਹੀਂ ਬੇਨਾਕੁਲੀ ਤੇ ਲਾਮਬਾਗਦ ਤੋਂ ਜੋਸ਼ੀਮੱਠ ਲਿਆਂਦਾ ਜਾ ਰਿਹਾ ਹੈ। ਸ਼ਰਧਾਲੂਆਂ ਨੂੰ ਦੋ ਹੈਲੀਕਾਪਟਰਾਂ ਰਾਹੀਂ ਸੁਰੱਖਿਅਤ ਸਥਾਨਾਂ ਉਤੇ ਭੇਜਿਆ ਜਾ ਰਿਹਾ ਹੈ। ਤਕਰੀਬਨ 350 ਸ਼ਰਧਾਲੂਆਂ ਨੂੰ ਸ੍ਰੀ ਹੇਮਕੁੰਟ ਸਾਹਿਬ ਤੋਂ ਜੋਸ਼ੀਮੱਠ ਲਿਆਂਦਾ ਗਿਆ ਹੈ। ਸ੍ਰੀ ਹੇਮਕੁੰਟ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀ ਸੇਵਾ ਸਿੰਘ ਨੇ ਕਿਹਾ ਹੈ ਕਿ ਘਨਘਨੀਆਂ ਵਿਚ ਫਸੇ ਸਿੱਖ ਸ਼ਰਧਾਲੂ ਸੁਰੱਖਿਅਤ ਥਾਂਵਾਂ ਉਤੇ ਪੁੱਜ ਗਏ ਹਨ।

ਥਲ ਸੈਨਾ ਤੇ ਆਈ.ਟੀ.ਬੀ.ਪੀ. ਦੇ ਜਵਾਨ ਸ਼ਰਧਾਲੂਆਂ ਨੂੰ ਪੁਸ਼ਪਾਵਤੀ ਦਰਿਆ ਤੋਂ ਪਾਰ ਲੰਘਾ ਰਹੇ ਹਨ। ਸ. ਸੇਵਾ ਸਿੰਘ ਮੁਤਾਬਕ ਹੇਮਕੁੰਟ ਦੀ ਯਾਤਰਾ ਸ਼ੁਰੂ ਹੋਣ ਵਿਚ ਹਾਲੇ ਕੁਝ ਦਿਨ ਲੱਗਣਗੇ। ਪ੍ਰਸ਼ਾਸਨ ਨੇ ਕੇਦਾਰਨਾਥ ਲਈ ਆਪਣੀ ਹੈਲੀਕਾਪਟਰ ਸੇਵਾ ਬਰਕਰਾਰ ਰੱਖੀ ਹੋਈ ਹੈ। ਢਿੱਗਾਂ ਡਿੱਗਣ ਦੀਆਂ ਮਾੜੀਆਂ ਮੋਟੀਆਂ ਘਟਨਾਵਾਂ ਦੇ ਬਾਵਜੂਦ ਗੰਗੋਤਰੀ ਤੇ ਯਮਨੋਤਰੀ ਦੀ ਯਾਤਰਾ ਜਾਰੀ ਹੈ। ਇਸ ਦੌਰਾਨ ਉਤਰਾਖੰਡ ਦੇ ਮੁੱਖ ਮੰਤਰੀ ਹਰੀਸ਼ ਰਾਵਤ ਨੇ ਦਾਅਵਾ ਕੀਤਾ ਹੈ ਕਿ ਚਾਰ ਧਾਮ ਯਾਤਰਾ ਠੀਕ ਠਾਕ ਚੱਲ ਰਹੀ ਹੈ। ਸਰਕਾਰ ਨੇ ਯਾਤਰਾਵਾਂ ਬਾਰੇ ਸਾਰੇ ਇੰਤਜ਼ਾਮ ਕੀਤੇ ਹੋਏ ਹਨ। ਇਸ ਦੌਰਾਨ ਰਾਜ ਆਫਤ ਪ੍ਰਬੰਧਨ ਬੋਰਡ ਦੇ ਜਵਾਨਾਂ ਨੇ ਚਾਰ ਧਾਮ ਯਾਤਰੀਆਂ ਨੂੰ ਸੁਰੱਖਿਅਤ ਥਾਂਵਾਂ ਉਤੇ ਪਹੁੰਚਾਇਆ ਜਾ ਰਿਹਾ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਉਪ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਅਨੁਸਾਰ ਰਾਜ ਸਰਕਾਰ ਵੱਲੋਂ ਯਾਤਰਾ ਨੂੰ ਉਤਸ਼ਾਹਿਤ ਕਰਨ ਤੇ ਪੁੱਲ ਟੁੱਟ ਜਾਣ ਕਾਰਨ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਉਦੇਸ਼ ਨਾਲ ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ ਚੱਲਣ ਵਾਲੀ ਹੈਲੀਕਾਪਟਰ ਸੇਵਾ ਦਾ ਕਿਰਾਇਆ 1400 ਰੁਪਏ ਘੱਟ ਕਰਨ ਦਾ ਐਲਾਨ ਕੀਤਾ ਹੈ। ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ ਜੋ ਹੈਲੀਕਾਪਟਰ ਸੇਵਾ ਦਾ ਕਿਰਾਇਆ 6400 ਰੁਪਏ ਸੀ ਹੁਣ ਉਸ ਨੂੰ 5000 ਰੁਪਏ ਕਰ ਦਿੱਤਾ ਗਿਆ ਹੈ।

# ਕਮੇਟੀ ਮੈਂਬਰ ਕਿਰਪਾਲ ਸਿੰਘ ਅਟਵਾਲ ਵਿਰੁਧ ਭੰਡੀ ਪ੍ਰਚਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਅਖੌਤੀ 'ਸੁਧਾਰ ਕਮੇਟੀ' ਦੇ ਇਕ ਆਗੂ ਤਰਲੋਚਨ ਸਿੰਘ ਨਾਹਲ ਨੇ ਸਾਡੀ ਪ੍ਰਬੰਧਕ ਕਮੇਟੀ ਦੇ ਇਕ ਅਣਥੱਕ ਅਤੇ ਸੁਜਗ ਮੈਂਬਰ ਕਿਰਪਾਲ ਸਿੰਘ ਅਟਵਾਲ ਵਿਰੁਧ ਭੰਡੀ ਪ੍ਰਚਾਰ ਨਿਰੰਤਰ ਜਾਰੀ ਰੱਖਿਆ ਹੋਇਆ ਹੈ। ਆਪਣੀ ਇਸ ਲਿਖਤ ਵਿਚ ਮੈਂ ਕਿਰਪਾਲ ਸਿੰਘ ਅਟਵਾਲ ਵਲੋਂ ਨਿਭਾਈਆਂ ਜਾ ਰਹੀਆਂ ਲਾਮਿਸਾਲ ਸੇਵਾਵਾਂ ਬਾਰੇ ਦੱਸਣ ਦੀ ਕੋਸ਼ਿਸ਼ ਕਰਾਂਗਾ ਜੋ ਉਸ ਵਲੋਂ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਨੂੰ ਯਕੀਨੀ ਤੌਰ 'ਤੇ ਨਿਰਪੱਖ ਬਣਾਉਣ ਲਈ ਨਿਭਾਈਆਂ ਜਾ ਰਹੀਆਂ ਹਨ, ਅਤੇ ਇਹ ਵੀ ਦੱਸਣਾ ਚਾਹਾਂਗਾ ਕਿ ਕਿਵੇਂ ਨਵੀਂ ਬਣਾਈ ਗਈ ਮੈਂਬਰਸ਼ਿਪ ਕਮੇਟੀ ਵਿਚਲੇ ਸੁਧਾਰ ਕਮੇਟੀ ਦੇ ਮੈਂਬਰ ਇਨ੍ਹਾਂ ਯਤਨਾਂ ਨੂੰ ਅਸਫਲ ਕਰਨ ਉਤੇ ਤੁਲੇ ਹੋਏ ਹਨ।



ਸੰਗਤ ਜਾਣਦੀ ਹੀ ਹੈ ਕਿ 31 ਅਗਸਤ 2008 ਤੱਕ, ਉਨ੍ਹਾਂ 13 ਸਾਲਾਂ ਸਮੇਤ ਜਦੋਂ ਸ. ਨਾਹਲ ਵੀ ਪ੍ਰਬੰਧਕ ਕਮੇਟੀ ਦਾ ਮੈਂਬਰ ਰਿਹਾ, ਅਤੇ ਇਸ ਤੋਂ ਬਾਅਦ ਵੀ ਜਦੋਂ ਕਮੇਟੀ ਬਲਬੀਰ ਸਿੰਘ ਢਿੱਲੋਂ ਅਤੇ ਜਸਵੰਤ ਸਿੰਘ ਹੋਠੀ ਵਰਗਿਆਂ ਦੇ ਕੰਟਰੋਲ ਹੇਠ ਰਹੀ, ਕਿਸੇ ਨੇ ਵੀ ਮੈਂਬਰਸ਼ਿਪ ਦਾ ਅਜਿਹਾ ਡੈਟਾ ਬੇਸ ਤਿਆਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਨੂੰ ਗੁਰਦੁਆਰਾ ਚੋਣਾਂ ਅਤੇ ਹੋਰ ਗੁਰਦੁਆਰਾ ਸਾਹਿਬ ਦੇ ਹੋਰ ਕੰਮਾਂ ਵਾਸਤੇ ਇਸਤੇਮਾਲ ਕੀਤਾ ਜਾ ਸਕੇ। ਪ੍ਰਧਾਨ, ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਲੋੜੀਂਦੀ ਸਖਤ ਮਿਹਨਤ ਕਰਨ ਦੀ ਥਾਂ ਸਿਰਫ ਕੰਨ ਵਲੇਟ ਕੇ ਤੁਰਦੇ ਬਣੇ। 31 ਅਗਸਤ 2008 ਨੂੰ ਪ੍ਰਬੰਧਕ ਕਮੇਟੀ ਨੇ ਕੰਮ ਸੰਭਾਲਣ ਪਿਛੋਂ ਜਨਵਰੀ 2009 ਵਿਚ ਲੋੜੀਂਦਾ ਡੈਟਾ ਬੇਸ ਤਿਆਰ ਕਰਨ ਦਾ ਕੰਮ ਅਰੰਭਿਆ। ਇਕ ਮਕਸਦ ਤਾਂ ਇਹ ਸੀ ਕਿ ਅਸੀਂ ਬੈਂਕਾਂ ਨੂੰ ਇਹ ਦੱਸ ਸਕੀਏ ਕਿ ਸਾਡੇ ਪਾਸ ਮੈਂਬਰਾਂ ਦੀ ਇਕ ਦਸਤਾਵੇਜ਼ੀ ਸੂਚੀ ਹੈ, ਜਿਸ ਦੇ ਆਧਾਰ ਉਤੇ ਕਰਜ਼ਾ ਅਤੇ ਉਹ ਵੀ ਘੱਟ ਵਿਆਜ਼ ਦਰਾਂ ਉਤੇ ਮਿਲ ਸਕੇ। ਦੂਜਾ ਮਕਸਦ ਇਹ ਸੀ ਕਿ ਕੋਈ ਵੀ ਸ਼ਖਸ ਜਾਅਲੀ ਵੋਟ ਨਾ ਭੁਗਤਾ ਸਕੇ।

ਇਸੇ ਕਾਰਨ ਅਸੀਂ ਮੈਂਬਰਾਂ ਦੇ ਪਛਾਣ ਪੱਤਰਾਂ ਦਾ ਫੋਟੋ ਰਿਕਾਰਡ ਰੱਖਣ ਉਪਰ ਜ਼ੋਰ ਦਿੱਤਾ। ਇਸ ਤੋਂ ਇਲਾਵਾ, ਅਸੀਂ ਹੱਥ ਦੀ ਪਹਿਲੀ (ਅੰਗੂਠੇ ਤੋਂ ਅਗਲੀ) ਉਂਗਲ ਦੀ ਛਾਪ ਦੀ ਸਕੈਨਿੰਗ ਰਾਹੀਂ ਰਸਾਇਣਿਕ ਪਛਾਣ ਦਾ ਅਤਿ ਆਧੁਨਿਕ ਤਰੀਕਾ ਅਪਨਾਇਆ। ਚੋਣਾਂ ਸਮੇਂ ਕਿਸੇ ਵੀ ਤਰ੍ਹਾਂ ਦੇ ਘਪਲੇ ਤੋਂ ਬਚਣ ਲਈ ਪਛਾਣ (ਆਈਡੈਂਟਿਟੀ) ਦਾ ਰਿਕਾਰਡ ਤਿਆਰ ਕੀਤਾ ਗਿਆ।

ਇਹ ਅਫਵਾਹਾਂ ਹਨ ਕਿ ਹੋਰਨਾਂ ਗੁਰਦੁਆਰਿਆਂ ਵਿਚ ਬਹੁਤ ਸਾਰੇ ਲੋਕ ਝੂਠੀ ਪਛਾਣ ਰਾਹੀਂ ਵੋਟਾਂ ਭੁਗਤਾ ਜਾਂਦੇ ਹਨ। ਜੇ ਲੋਕਾਂ ਦੇ ਪਛਾਣ ਪੱਤਰਾਂ ਦੀ ਪੁਣ-ਛਾਣ ਕਰਨ ਲਈ ਕਮੇਟੀ ਪਾਸ ਪਛਾਣ ਪੱਤਰਾਂ ਦਾ ਕੋਈ ਰਿਕਾਰਡ ਹੀ ਨਹੀਂ ਤਾਂ ਜਾਅਲੀ ਵੋਟਾਂ ਭੁਗਤਾਏ ਜਾਣ ਨੂੰ ਕੋਈ ਵੀ ਰੋਕ ਨਹੀਂ ਸਕਦਾ। ਇਸ ਨਾਲ ਗੁਰਦੁਆਰਾ ਮੈਂਬਰਾਂ ਦੀ ਨਿਜੀ ਪਛਾਣ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਵੱਡੀ ਜ਼ਿੰਮੇਵਾਰੀ ਵੀ ਸਿਰ ਆ ਪੈਂਦੀ ਹੈ। ਇਹ ਜ਼ਿੰਮੇਵਾਰੀ ਕਿਰਪਾਲ ਸਿੰਘ ਅਟਵਾਲ ਨੇ ਬੜੀ ਇਕਾਗਰਤਾ ਅਤੇ ਇਮਾਨਦਾਰੀ ਨਾਲ ਨਿਭਾਈ ਹੈ।

ਮੈਂਬਰਾਂ ਦੀ ਆਈਡੈਂਟਿਟੀ ਦੀ ਸੁਰੱਖਿਆ ਲਈ ਮੈਂ ਆਪਣੀ ਨਿਜੀ ਗਾਰੰਟੀ ਦਿੱਤੀ ਹੈ। ਜੱਜ ਵੁਡਹਾਊਸ ਨੇ ਵੀ ਇਹ ਹੁਕਮ ਕੀਤਾ ਸੀ ਕਿ ਚੋਣਾਂ ਦੇ ਮਕਸਦ ਨਾਲ ਨਾਹਲ ਵਗੈਰਾ ਅਤੇ ਉਮੀਦਵਾਰਾਂ ਨੂੰ ਮੈਂਬਰਾਂ ਨਾਲ ਸੰਪਰਕ ਦੀ ਜਾਣਕਾਰੀ ਮੁਹੱਈਆ ਕੀਤੀ ਜਾਵੇ। ਸੰਪਰਕ ਜਾਣਕਾਰੀ ਦਾ ਮਤਲਬ ਹੈ: ਮੈਂਬਰ ਦਾ ਨਾਂ, ਪਤਾ, ਫੋਨ ਨੰਬਰ ਅਤੇ ਈ-ਮੇਲ ਅਡਰੈਸ। ਕਿਸੇ ਵੀ ਤਰ੍ਹਾਂ ਨਾਲ ਇਸ ਵਿਚ ਮੈਂਬਰਾਂ ਦੀ ਨਿਜੀ ਜਾਣਕਾਰੀ ਸ਼ਾਮਲ ਨਾ ਕੀਤੀ ਜਾਵੇ। ਦਖਲ ਦੇਣ ਵਾਲੀ ਧਿਰ (Interveners) ਤਾਂ ਉਮੀਦਵਾਰਾਂ ਨੂੰ ਇਹ ਜਾਣਕਾਰੀ ਦੇਣ ਤੋਂ ਵੀ ਝਿਜਕ ਰਹੀ ਸੀ। ਉਹ ਸੁਧਾਰ ਕਮੇਟੀ ਅਤੇ ਗੁਰਦੁਆਰਾ ਕਮੇਟੀ-ਦੋਹਾਂ ਦੇ ਹੀ ਖਿਲਾਫ ਅਦਾਲਤ ਵਿਚ ਚਲੀ ਗਈ।

ਗੁਰਦੁਆਰਾ ਕਮੇਟੀ ਵਲੋਂ ਇਕ ਬਦਲਵੀਂ ਤਜਵੀਜ਼ ਇਹ ਦਿੱਤੀ ਗਈ ਕਿ ਸੰਪਰਕ ਜਾਣਕਾਰੀ ਇਕ ਤੀਜੀ ਧਿਰ ਨੂੰ ਦਿੱਤੀ ਜਾਵੇ ਅਤੇ ਦੋਹੇਂ ਧਿਰਾਂ ਉਸ ਧਿਰ ਰਾਹੀਂ ਮੈਂਬਰਾਂ ਨਾਲ ਸੰਪਰਕ ਕਰ ਸਕਣ। ਇਸ ਤਰ੍ਹਾਂ ਸੰਪਰਕ ਜਾਣਕਾਰੀ ਵੀ ਸੁਰੱਖਿਅਤ ਰਹਿ ਸਕੇਗੀ ਅਤੇ ਇਸ ਦਾ ਕੰਟਰੋਲ ਵੀ ਨਿਰਪੱਖ ਹੱਥਾਂ ਵਿਚ ਰਹੇਗਾ। ਪ੍ਰੰਤੂ, ਜੱਜ ਨੇ ਫੈਸਲਾ ਦਖਲ ਦੇਣ ਵਾਲੀ ਧਿਰ (Interveners) ਦੇ ਵਿਰੁਧ ਦਿੱਤਾ।

ਅਦਾਲਤ ਦੇ ਹੁਕਮਾਂ ਦੀ ਪੈਰਵੀ ਕਰਦਿਆਂ ਅਸੀਂ ਡੈਟਾ ਬੇਸ ਦੀ ਐਕਸੈਸ ਮੈਂਬਰਸ਼ਿਪ ਕਮੇਟੀ ਨੂੰ ਦੇ ਦਿੱਤੀ ਹੈ ਅਤੇ ਕਿਰਪਾਲ ਸਿੰਘ ਅਟਵਾਲ ਨੇ ਇਸ ਦੇ ਮੈਂਬਰਾਂ ਨੂੰ ਨਵੇਂ ਮੈਂਬਰ ਬਣਾਉਣ ਸਮੇਂ ਡੈਟਾ ਬੇਸ ਦੀ ਵਰਤੋਂ ਕਰਨ ਦੀ ਟਰੇਨਿੰਗ ਵੀ ਦੇ ਦਿੱਤੀ ਹੈ। ਪ੍ਰੰਤੂ, ਉਹ ਇਹ ਵੀ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਉਹ ਪੇਪਰ ਫਾਰਮ ਵੀ ਦਿੱਤੇ ਜਾਣ ਜਿਨ੍ਹਾਂ ਉਪਰ ਮੈਂਬਰਾਂ ਦੀ ਪਛਾਣ (ਆਈ ਡੀ) ਜਾਣਕਾਰੀ ਦਰਜ ਹੈ।

ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਜੱਜ ਨੇ ਸਿਰਫ ਸੰਪਰਕ ਜਾਣਕਾਰੀ ਮੁਹੱਈਆ ਕਰਨ ਦਾ ਹੀ ਅਖਤਿਆਰ ਦਿੱਤਾ ਹੈ ਜੋ ਕਿ ਅਸੀਂ ਨਾਹਲ ਵਗੈਰਾ, ਨਵੀਂ ਮੈਂਬਰਸ਼ਿਪ ਕਮੇਟੀ ਅਤੇ ਚੋਣ ਕਮੇਟੀ ਨੂੰ ਪਹਿਲਾਂ ਹੀ ਮੁਹੱਈਆ ਕਰ ਦਿੱਤਾ ਹੈ। ਨਿਜੀ ਆਈ ਡੀ ਦੀ ਮੰਗ ਕਰਨਾ ਉਸ ਤੋਂ ਇਕ ਕਦਮ ਅੱਗੇ ਦੀ ਗੱਲ ਹੈ। ਮੈਂਬਰਸ਼ਿਪ ਕਮੇਟੀ ਜਾਂ ਅਦਾਲਤ ਵਲੋਂ ਨਿਯੁਕਤ ਕੀਤੇ ਗਏ ਸਪੈਸ਼ਲ ਮਾਸਟਰ ਨੇ ਅਜੇ ਤੱਕ ਸਾਨੂੰ ਉਹ ਤੌਰ ਤਰੀਕਾ ਨਹੀਂ ਦੱਸਿਆ ਜਿਸ ਦੀ ਵਰਤੋਂ ਉਹ ਮੈਂਬਰਾਂ ਦੀ ਪਛਾਣ ਜਾਣਕਾਰੀ ਦੀ ਸੁਰੱਖਿਆ ਲਈ ਕਰਨਗੇ। ਇਹੋ ਵਜ੍ਹਾ ਹੈ ਕਿ ਅਸੀਂ ਉਨ੍ਹਾਂ ਨੂੰ ਉਹ ਸਾਰੇ ਪੇਪਰ ਫਾਰਮ ਦੇਣ ਤੋਂ ਝਿਜਕ ਰਹੇ ਹਾਂ ਜਿਨ੍ਹਾਂ ਦੀ ਵਰਤੋਂ ਕਰਨੀ ਵੀ ਉਨ੍ਹਾਂ ਲਈ ਬਣਦੀ ਨਹੀਂ। ਫਿਰ ਵੀ ਸਪੈਸ਼ਲ ਮਾਸਟਰ ਦੇ ਜ਼ੋਰ ਦੇਣ 'ਤੇ ਅਤੇ ਕਾਇਦੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਸ਼ਹਿਰੀ ਹੋਣ ਦੇ ਨਾਤੇ ਅਸੀਂ ਪੇਪਰ ਫਾਰਮਾਂ ਸਮੇਤ ਸਾਰਾ ਰਿਕਾਰਡ ਚੋਣ ਕਮੇਟੀ ਦੇ ਸਪੁਰਦ ਕਰ ਦਿੱਤਾ ਹੈ।

ਅਸੀਂ ਸੰਗਤ ਨੂੰ ਸਾਵਧਾਨ ਕਰਨਾ ਚਾਹੁੰਦੇ ਹਾਂ ਕਿ ਕਿਸੇ ਦੀ ਨਿਜੀ ਜਾਣਕਾਰੀ ਜੇ ਗਲਤ ਹੱਥਾਂ ਵਿਚ ਜਾਂਦੀ ਹੈ ਤਾਂ ਸਾਡੇ ਹੱਥ ਵੱਸ ਕੁਝ ਨਹੀਂ ਹੋਵੇਗਾ। ਮੈਂਬਰਸ਼ਿਪ ਕਮੇਟੀ ਅਤੇ ਸਪੈਸ਼ਲ ਮਾਸਟਰ ਚੋਣਾਂ ਪਿਛੋਂ ਜਾ ਚੁਕੇ ਹੋਣਗੇ ਅਤੇ ਉਸ ਪਿਛੋਂ ਕੋਈ ਵੀ ਇਹ ਜ਼ਿੰਮੇਵਾਰੀ ਆਪਣੇ ਸਿਰ ਲੈਣ ਲਈ ਤਿਆਰ ਨਹੀਂ ਹੋਵੇਗਾ।

ਮੈਂਬਰਸ਼ਿਪ ਕਮੇਟੀ ਵਿਚ ਨਾਹਲ ਦੇ ਨਿਯੁਕਤ ਕੀਤੇ ਕਮੇਟੀ ਮੈਂਬਰਾਂ ਦੇ ਜ਼ੋਰ ਪਾਉਣ ਉਤੇ ਉਨ੍ਹਾਂ ਨਵੀਂ ਰਜਿਸਟਰੇਸ਼ਨ ਲਈ ਪਹਿਲੀ ਉਂਗਲ (ਇੰਡੈਕਸ ਫਿੰਗਰ) ਦੇ ਨਿਸ਼ਾਨ ਦੀ ਸਕੈਨਿੰਗ ਬੰਦ ਕਰ ਦਿੱਤੀ ਹੋਈ ਹੈ ਜਿਸ ਨਾਲ ਚੋਣਾਂ ਵਿਚ ਘਪਲੇਬਾਜ਼ੀ ਹੋਣ ਦੇ ਮੌਕੇ ਵਧ ਗਏ ਹਨ।

ਮੈਨੂੰ ਉਮੀਦ ਹੈ ਕਿ ਸੰਗਤ ਦੇ ਮੈਂਬਰ ਇਸ ਸਭ ਤੋਂ ਭਾਂਪ ਸਕਦੇ ਹਨ ਕਿ ਸੁਧਾਰ ਕਮੇਟੀ ਅਸਲ ਵਿਚ 'ਵਿਗਾੜ' ਕਮੇਟੀ ਹੈ ਜੋ ਉਹ ਸਾਰੇ ਸੁਰੱਖਿਆ ਪ੍ਰਬੰਧ ਖਤਮ ਕਰਦੀ ਚਲੀ ਆ ਰਹੀ ਹੈ ਜੋ ਅਸੀਂ ਨਿਰਪੱਖ ਚੋਣਾਂ ਅਤੇ ਮੈਂਬਰਾਂ ਦੀ ਪਛਾਣ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮੈਂਬਰਾਂ ਦੇ ਡੈਟਾ ਬੇਸ ਵਿਚ ਕਾਇਮ ਕੀਤੇ ਸਨ। ਉਹ ਤਾਂ ਸਿੱਧਮ-ਸਿੱਧਾ ਸਾਡੇ ਬਹੁਤ ਖੂਬਸੂਰਤ ਅਤੇ ਅਮਨਮਈ ਗੁਰਦੁਆਰਾ ਸਾਹਿਬ ਨੂੰ ਲੜਾਈ-ਝਗੜੇ ਅਤੇ ਸਿਆਸਤ ਦਾ ਅਖਾੜਾ ਬਣਾਉਣ 'ਤੇ ਤੁਲੇ ਹੋਏ ਹਨ। ਇਸ ਤੋਂ ਇਲਾਵਾ ਨਾਹਲ ਦੇ ਕੁਝ ਹਮਾਇਤੀ ਮੈਂਬਰਾਂ ਨੂੰ ਇਹ ਡਰਾਵਾ ਦੇਈ ਜਾ ਰਹੇ ਹਨ ਕਿ ਉਨ੍ਹਾਂ ਦੀ ਮੈਂਬਰਸ਼ਿਪ ਕਿਰਪਾਲ ਸਿੰਘ ਅਟਵਾਲ ਨੇ ਖਤਮ (ਐਕਸਪਾਇਰਡ) ਵੀ ਕਰਵਾ ਦਿੱਤੀ ਹੋ ਸਕਦੀ ਹੈ।

ਸੰਗਤ ਖਿਆਲ ਰੱਖੇ ਕਿ ਸਿਰਫ ਉਨ੍ਹਾਂ ਮੈਂਬਰਾਂ ਨੂੰ ਹੀ ਆਪਣੀ ਮੈਂਬਰਸ਼ਿਪ ਨਵਿਆਉਣ ਦੀ ਲੋੜ ਹੈ, ਜਿਨ੍ਹਾਂ ਨੂੰ ਮੈਂਬਰਸ਼ਿਪ ਕਮੇਟੀ ਪਾਸੋਂ ਮੈਂਬਰਸ਼ਿਪ ਨਵਿਆਉਣ ਲਈ ਚਿੱਠੀ ਹਾਸਲ ਹੋਈ ਹੈ। ਹੋਰਨਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਅਤੇ ਇਸ ਸਬੰਧੀ ਕੀਤੇ ਜਾ ਰਹੇ ਪ੍ਰਾਪੇਗੰਡੇ ਨੂੰ ਨਜ਼ਰ ਅੰਦਾਜ਼ ਕਰ ਦੇਣਾ ਚਾਹੀਦਾ ਹੈ। ਜਦੋਂ ਪਿਛਲੇ ਸਾਲ ਮੈਂਬਰਸ਼ਿਪ ਨਵਿਆਉਣੀ (ਰਿਨਿਊਵਲ) ਸ਼ੁਰੂ ਕੀਤੀ ਗਈ ਤਾਂ ਨਾਹਲ ਐਂਡ ਕੰਪਨੀ ਨੇ ਰਜਿਸਟਰੇਸ਼ਨ ਅਤੇ ਰਿਨਿਊਵਲ ਬੰਦ ਕਰਵਾਉਣ ਲਈ ਮੁਹਿੰਮ ਵਿੱਢ ਦਿੱਤੀ ਸੀ। ਉਨ੍ਹਾਂ ਨੇ ਤਾਂ ਪ੍ਰਬੰਧਕ ਕਮੇਟੀ ਨੂੰ ਰਜਿਸਟਰੇਸ਼ਨ ਅਤੇ ਰਿਨਿਊਵਲ ਕਰਨ ਤੋਂ ਰੋਕਣ ਲਈ ਕੋਰਟ ਆਰਡਰ ਲੈਣ ਦੀ ਵੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਉਦੋਂ ਮਿਲਪੀਟਸ ਵਿਚ ਇਕ ਨਵਾਂ ਗੁਰਦੁਆਰਾ ਵੀ ਖੋਲ੍ਹ ਲਿਆ ਸੀ ਅਤੇ ਉਨ੍ਹਾਂ ਆਪਣੇ ਹਮਾਇਤੀਆਂ ਨੂੰ ਇਥੇ ਆਉਣ ਦੀ ਥਾਂ ਉਥੇ ਜਾਣ ਲਈ ਕਹਿਣਾ ਸ਼ੁਰੂ ਕਰ ਦਿੱਤਾ ਸੀ। ਹੁਣ ਉਹੀ ਲੋਕ ਆਪਣੀਆਂ ਵੋਟਾਂ ਰੱਦ ਹੋ ਜਾਣ ਦਾ ਦੋਸ਼ ਕਿਰਪਾਲ ਸਿੰਘ ਅਟਵਾਲ ਦੇ ਸਿਰ ਮੜ੍ਹ ਰਹੇ ਹਨ।

ਡੈਟਾ ਬੇਸ ਨੂੰ ਸਹੀ ਅਤੇ ਚਲੰਤ ਰੱਖਣ ਲਈ ਸਮੇਂ ਸਮੇਂ ਮੈਂਬਰਸ਼ਿਪ ਦੀ ਰਿਨਿਊਵਲ ਜ਼ਰੂਰੀ ਹੈ। ਜੇ ਮੈਂਬਰ ਗੁਰਦੁਆਰਾ ਮੈਂਬਰਸ਼ਿਪ ਦੇ ਇਲਾਕੇ ਵਿਚੋਂ ਕਿਧਰੇ ਹੋਰ ਚਲੇ ਜਾਂਦੇ ਹਨ ਤਾਂ ਰਿਨਿਊਵਲ ਰਾਹੀਂ ਇਸ ਜਾਣਕਾਰੀ ਨੂੰ ਅਪਡੇਟ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਮੈਂਬਰਸ਼ਿਪ ਰਿਕਾਰਡ ਸਿਰਫ ਚੋਣਾਂ ਲਈ ਹੀ ਨਹੀਂ ਇਸਤੇਮਾਲ ਕੀਤਾ ਜਾਂਦਾ ਸਗੋਂ ਬੈਂਕਾਂ ਅਤੇ ਹੋਰ ਜਨਤਕ ਅਦਾਰਿਆਂ ਨੂੰ ਆਪਣੀ ਮੈਂਬਰਸ਼ਿਪ ਦੀ ਗਿਣਤੀ ਦੱਸਣ ਲਈ ਵੀ ਇਸਤੇਮਾਲ ਕੀਤਾ ਜਾਂਦਾ ਹੈ। ਮੈਂਬਰਸ਼ਿਪ ਰਿਨਿਊਵਲ ਬੀਤੇ ਸਮੇਂ ਤੋਂ ਕਰਨ ਪਿਛੇ ਕਿਰਪਾਲ ਸਿੰਘ ਦੀ ਦਲੀਲ ਇਹ ਹੈ ਕਿ ਇਸ ਤਰ੍ਹਾਂ ਮੈਂਬਰਸ਼ਿਪ ਨੂੰ ਨਿਰੰਤਰ ਹੌਲੀ ਹੌਲੀ ਵਧਦੀ ਦਿਖਾਇਆ ਜਾ ਸਕਦਾ ਹੈ। ਮੈਂਬਰਾਂ ਉਤੇ ਇਸ ਦਾ ਵਿੱਤੀ ਬੋਝ ਨਾਂ ਗਿਣਾਵਾਂ ਹੀ ਹੈ ਕਿਉਂਕਿ ਸਾਲਾਨਾ ਫੀਸ ਮਹਿਜ ਢਾਈ ਡਾਲਰ ਹੈ। ਕਿਰਪਾਲ ਸਿੰਘ ਦੀ ਆਲੋਚਨਾ ਕਰ ਕੇ ਤਰਲੋਚਨ ਸਿੰਘ ਨਾਹਲ ਇਹ ਜਾਹਰ ਕਰ ਰਿਹਾ ਹੈ ਕਿ ਗੁਰਦੁਆਰਾ ਪ੍ਰਬੰਧ ਚਲਾਉਣ ਦੀਆਂ ਮਜਬੂਰੀਆਂ ਬਾਰੇ ਉਸ ਨੂੰ ਕਿੰਨੀ ਘੱਟ ਜਾਣਕਾਰੀ ਹੈ।

ਨਾਹਲ ਦਾ ਕਹਿਣਾ ਹੈ ਕਿ ਮੈਂ ਉਸ ਵਿਰੁਧ ਜ਼ਹਿਰ ਉਗਲ ਰਿਹਾ ਹਾਂ। ਹਾਂ, ਮੈਂ ਸੱਚ ਦੱਸ ਰਿਹਾ ਹਾਂ ਅਤੇ ਇਹ ਉਸ ਲਈ ਜ਼ਹਿਰ ਵਾਂਗ ਕੌੜਾ ਹੈ। ਨਾਹਲ ਦੀ ਮਨਸ਼ਾ ਸੇਵਾ ਨਹੀਂ, ਸਗੋਂ ਗੁਰਦੁਆਰੇ ਦੇ ਪ੍ਰਬੰਧ ਉਤੇ ਕਬਜ਼ਾ ਕਰਨਾ ਹੈ। ਉਹ ਇਸ ਤੋਂ ਪਹਿਲਾਂ ਗੁਰਦੁਆਰਾ ਫਰੀਮਾਂਟ ਵਿਚ ਵੀ ਇਸ ਦੀ ਕੋਸ਼ਿਸ਼ ਕਰ ਚੁਕਾ ਹੈ। ਪ੍ਰੰਤੂ ਉਥੇ 22 ਉਮੀਦਵਾਰਾਂ ਵਿਚੋਂ ਉਸ ਨੂੰ ਹੇਠੋਂ ਪੰਜਵਾਂ ਥਾਂ ਮਿਲਿਆ ਜਦੋਂਕਿ ਉਥੇ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਉਪਰਲੇ ਪੰਜ ਉਮੀਦਵਾਰ ਹੀ ਚੁਣੇ ਗਏ ਐਲਾਨੇ ਜਾਂਦੇ ਹਨ।

ਹਾਲ ਹੀ ਵਿਚ ਇਹ ਦੋਸ਼ ਲਾਇਆ ਗਿਆ ਹੈ ਕਿ ਕਿਰਪਾਲ ਸਿੰਘ ਅਟਵਾਲ ਨੇ ਮੈਂਬਰਸ਼ਿਪ ਕਮੇਟੀ ਦੇ ਇਕ ਮੈਂਬਰ ਵਿਰੁਧ ਜਾਤੀ ਸੂਚਕ ਸ਼ਬਦ ਦੀ ਵਰਤੋਂ ਕਰਕੇ ਉਸ ਦਾ ਨਿਰਾਦਰ ਕੀਤਾ। ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਦੇ ਜਾਂ ਸੰਗਤ ਦੇ ਕਿਸੇ ਮੈਂਬਰ, ਇਥੋਂ ਤੱਕ ਕਿ ਕਿਸੇ ਵੀ ਵਿਅਕਤੀ ਵਿਰੁਧ ਜਾਤੀ ਸੂਚਕ ਜਾਂ ਭੱਦੀ ਭਾਸ਼ਾ ਵਰਤੇ ਜਾਣ ਦੇ ਪੂਰੀ ਤਰ੍ਹਾਂ ਵਿਰੁਧ ਹੈ। ਅਸੀਂ ਇਸ ਮਾਮਲੇ ਦੀ ਮੁਕੰਮਲ ਤਫਤੀਸ਼ ਕਰਾਂਗੇ ਅਤੇ ਢੁਕਵੀਂ ਕਾਰਵਾਈ ਵੀ ਕਰਾਂਗੇ।



ਮੈਂ ਅਤੇ ਸਾਰੀ ਪ੍ਰਬੰਧਕ ਕਮੇਟੀ ਇਹ ਸੇਵਾ ਕਰਨ ਅਤੇ ਮੈਂਬਰਾਂ ਦੀ ਪਛਾਣ ਗੁਪਤ ਰੱਖਣ ਤੇ ਡੈਟਾ ਬੇਸ ਬਣਾਉਣ ਲਈ ਦਿਆਨਤਦਾਰੀ ਨਾਲ ਕੀਤੇ ਗਏ ਅਣਥੱਕ ਯਤਨਾਂ ਲਈ ਕਿਰਪਾਲ ਸਿੰਘ ਅਟਵਾਲ ਦੇ ਧੰਨਵਾਦੀ ਹਾਂ।

**ਸੰਗਤ ਦਾ ਸੇਵਾਦਾਰ,**
**ਭੁਪਿੰਦਰ ਸਿੰਘ ਢਿੱਲੋਂ**
**ਜਨਰਲ ਸਕੱਤਰ,**
**ਸਿੱਖ ਗੁਰਦੁਆਰਾ ਸੈਨ ਹੋਜ਼ੇ।**

Paid Advt.

# ਇੱਕ ਸ਼ਾਮ, ਅਮਰੀਕੀ ਪੰਜਾਬੀ ਸ਼ਾਇਰੀ ਦੇ ਸਰੋਕਾਰਾਂ ਦੇ ਨਾਮ

**ਸੈਲਮਾ, ਕੈਲੀਫੋਰਨੀਆ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਸਪਅ) ਵਲੋਂ ਇਥੇ ਕਰਵਾਈ ਗਈ ਸਾਹਿਤਕ ਚਰਚਾ ਨੇ ਇਸ ਮਿੱਥ ਨੂੰ ਤੋੜਨ ਦੀ ਕਾਮਯਾਬ ਕੋਸ਼ਿਸ਼ ਕੀਤੀ ਕਿ ਕੈਲੀਫੋਰਨੀਆ ਵਿਚ ਰਹਿੰਦੇ ਪੰਜਾਬੀਆਂ ਨੇ ਵੱਡੇ-ਛੋਟੇ ਘਰਾਂ ਵਿਚ ਵਿਤ ਮੁਤਾਬਕ ਚੀਜ਼ਾਂ ਦੇ ਢੇਰ ਤਾਂ ਲਾ ਲਏ ਹਨ, ਪਰ ਉਨ੍ਹਾਂ ਕੋਲ ਇਨ੍ਹਾਂ ਨੂੰ ਭੋਗਣ ਜਾਂ ਕਲਾਵਾਂ ਵਰਗੀਆਂ ਕੋਮਲ ਚੀਜ਼ਾਂ ਨੂੰ ਮਾਨਣ ਦੀ ਵਿਹਲ ਨਹੀਂ ਹੈ।

ਸੰਸਥਾ ਦੇ ਚੇਅਰਮੈਨ ਡਾ. ਗੁਰੂਮੇਲ ਸਿੱਧੂ ਦੀ ਪ੍ਰਧਾਨਗੀ ਹੇਠ ਸ਼ਾਇਰ ਹਰਜਿੰਦਰ ਕੰਗ ਦੇ ਘਰ ਕਰੀਬ ਤਿੰਨ ਘੰਟੇ ਚੱਲੀ ਵਿਚਾਰ-ਚਰਚਾ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ) ਤੋਂ ਅਧਿਆਪਕ ਡਾ. ਸੁਰਿੰਦਰਬੀਰ ਅਤੇ ਉਨ੍ਹਾਂ ਦੇ ਵਿਦਿਆਰਥੀ ਸ਼ਾਗਿਰਦ ਹਰਦੇਵ ਬੰਗਾ ਤੋਂ ਇਲਾਵਾ ਹਰਜਿੰਦਰ ਕੰਗ, ਰੇਡੀਓ ਹੋਸਟ ਸੰਤੋਖ ਮਿਨਹਾਸ, ਸੁੱਖੀ ਧਾਲੀਵਾਲ, ਸਾਧੂ ਸਿੰਘ ਸੰਘਾ, ਲਹਿੰਦੇ ਪੰਜਾਬ ਦੇ ਸ਼ਾਇਰ ਅਸ਼ਰਫ ਗਿੱਲ, ਗੁੱਡੀ ਸਿੱਧੂ ਅਤੇ ਅਵਤਾਰ ਗੋਂਦਾਰਾ ਨੇ ਭਾਗ ਲਿਆ।

ਡਾ. ਸੁਰਿੰਦਰਬੀਰ ਨੇ ਦੱਸਿਆ ਕਿ ਉਹ ਇੱਥੇ ਰਚੀ ਜਾ ਰਹੀ ਪੰਜਾਬੀ ਕਵਿਤਾ ਦੇ ਸਰੋਕਾਰਾਂ ਬਾਰੇ ਪੁਸਤਕ ਤਿਆਰ ਕਰ ਰਹੇ ਹਨ, ਜਿਨ੍ਹਾਂ ਵਿਚ ਵੱਖ ਵੱਖ ਸ਼ਾਇਰਾਂ ਦੇ ਪੜਾਅ ਵਾਰ ਵਿਕਾਸ ਦੀ ਚਰਚਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਵਿਦਿਆਰਥੀ ਹਰਦੇਵ ਬੰਗਾ ਹਰਜਿੰਦਰ ਕੰਗ ਦੀ ਸ਼ਾਇਰੀ 'ਤੇ ਖੋਜ-ਨਿਬੰਧ ਲਿਖ ਚੁੱਕਾ ਹੈ।

ਡਾ. ਬੀਰ ਨੇ ਕਿਹਾ ਕਿ ਅਮਰੀਕਾ ਵਿਚ ਪੰਜਾਬੀ ਸਾਹਿਤ ਵਿਚ ਰਚਨਾਤਮਕ ਕੰਮ ਤਾਂ ਕਾਫੀ ਹੋਇਆ ਹੈ, ਪਰ ਇਸ ਦੇ ਇਤਿਹਾਸਕ ਵਿਕਾਸ ਨੂੰ ਆਲੋਚਨਾਤਮਕ ਕੋਣ ਤੋਂ ਨਹੀਂ ਵਿਚਾਰਿਆ ਗਿਆ। ਉਨ੍ਹਾਂ ਡਾ. ਸਿੱਧੂ ਦੀ ਕਵਿਤਾ ਦੇ ਇਤਿਹਾਸਕ ਕ੍ਰਮ ਵਿਕਾਸ ਦੇ ਪ੍ਰਸੰਗ ਵਿਚ ਉਸ



ਦੀ ਕਵਿਤਾ ਦੇ ਸਰੋਕਾਰਾਂ ਬਾਰੇ ਗੱਲ ਕਰਨ ਦੇ ਨਾਲ ਨਾਲ ਪੰਜਾਬ ਦੀ ਸਮਕਾਲੀਨ ਸਥਿਤੀ ਅਤੇ ਸਮਕਾਲੀ ਸ਼ਾਇਰੀ 'ਤੇ ਪਏ ਇਸ ਦੇ ਪ੍ਰਭਾਵਾਂ ਦੀ ਗੱਲ ਵੀ ਕੀਤੀ।

ਡਾ. ਬੀਰ ਨੇ ਕਿਹਾ ਕਿ ਜਦੋਂ ਧਰਤੀ ਦੇ ਕਿਸੇ ਟੁਕੜੇ ਵਿਚ ਪ੍ਰਸ਼ਾਸਨ ਨਿਆਂਕਾਰੀ ਨਹੀਂ ਰਹਿੰਦਾ ਤਾਂ ਲੋਕਾਈ ਵਿਦਰੋਹ ਦੇ ਰਾਹ ਪੈ ਜਾਂਦੀ ਹੈ। ਤੀਜਾ ਰਾਹ ਪਰਵਾਸ ਦਾ ਹੈ। ਉਨ੍ਹਾਂ ਕਿਹਾ ਕਿ ਡਾ. ਗੁਰੂਮੇਲ ਦੀ ਕਵਿਤਾ ਆਧੁਨਿਕ ਸੰਵੇਦਨਾ ਨੂੰ ਗ੍ਰਹਿਣ ਕਰਨ ਦੀ ਲੀਹ 'ਤੇ ਤੁਰਦੀ ਬ੍ਰਹਿਮੰਡੀ ਸੋਚ ਨੂੰ ਆਪਣੀ ਅਨੁਭੂਤੀ ਦਾ ਅੰਗ ਬਣਾਉਂਦੀ ਹੈ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਡਾ. ਗੁਰੂਮੇਲ ਦੀ ਸੰਵੇਦਨਾ ਨੂੰ ਪੰਜਾਬ ਦੀ ਤ੍ਰਾਸਦਿਕ ਵੇਦਨਾ ਨੇ ਝੰਜੋੜਿਆ ਹੈ। ਉਹ ਪਰਦੇਸ ਵਿਚ ਬੈਠਾ ਵੀ ਆਪਣੀ ਮਿੱਟੀ ਦੇ ਮੋਹ ਦੇ ਸ਼ਬਦ ਚਿਤਰਾਂ ਨੂੰ ਉਲੀਕਦਾ ਚਲਾ ਜਾਂਦਾ ਹੈ। ਇਸੇ ਵੇਦਨਾ ਅਤੇ ਵਿਥਿਆ ਨੂੰ ਕਵਿਤਾ ਵਿਚ ਰੂਪਾਂਤ੍ਰਿਤ ਕਰਨ ਲਈ ਉਹ ਜੱਦੀ ਸਭਿਆਚਾਰ ਨੂੰ ਸੰਚਾਰ ਮਾਧਿਅਮ ਵਜੋਂ ਚੁਣਦਾ ਹੈ। ਡਾ. ਗੁਰੂਮੇਲ ਕਿਸੇ ਵਾਦ ਨਾਲ ਨਹੀਂ ਬੱਝੇ, ਉਨ੍ਹਾਂ ਨੇ ਸਮੇਂ ਸਮੇਂ ਚੱਲੀਆਂ ਲਹਿਰਾਂ ਨਾਲ ਹਾਂਪੱਖੀ ਸੰਵਾਦ ਰਚਾਇਆ ਹੈ।

ਚਰਚਾ ਵਿਚ ਭਾਗ ਲੈਂਦਿਆਂ ਸੰਤੋਖ ਮਿਨਹਾਸ ਨੇ ਕਿਹਾ ਕਿ ਡਾ. ਬੀਰ ਦੀ ਲਿਖਤ ਜਿਆਦਾ ਸੰਖੇਪ ਹੈ ਅਤੇ ਇਸ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਡਾ. ਸਿੱਧੂ ਦੀ ਕਵਿਤਾ ਨੂੰ ਨਹੀਂ ਪੜਤਾਲਿਆ ਗਿਆ ਕਿ ਇਹ ਕਵਿਤਾ ਦੂਜਿਆਂ ਨਾਲੋਂ ਕਿਵੇਂ ਵੱਖਰੀ ਹੈ? ਬਹਿਸ ਨੂੰ ਸਮੇਟਦਿਆਂ ਡਾ. ਸਿੱਧੂ ਨੇ ਕਿਹਾ ਕਿ ਮੈਂ 'ਸਿਚੂਏਸ਼ਨਲ ਪੋਇਟ' ਨਹੀਂ ਹਾਂ ਤੇ ਵਹਿਣ ਵਿਚ ਨਹੀਂ ਵਹਿੰਦਾ। ਮੇਰਾ ਵਾਦ ਵਿਵਾਦੀ ਕਵਿਤਾ ਵਿਚ ਵਿਸ਼ਵਾਸ ਨਹੀਂ। ਕਵਿਤਾ ਵਿਚੋਂ ਕੋਈ ਵਾਦ ਨਿਕਲੇ, ਇਹ ਗੱਲ ਜੁਦਾ ਹੈ। ਵਾਦ ਮਿੱਥ ਕੇ ਲਿਖੀ ਕਵਿਤਾ 'ਚ ਕੋਈ ਦਮ ਨਹੀਂ ਹੁੰਦਾ। ਆਪਣੀ ਸੋਚ ਦੇ ਵਿਕਾਸ ਦੀ ਗੱਲ ਕਰਦਿਆਂ ਡਾ. ਸਿੱਧੂ ਨੇ ਕਿਹਾ ਕਿ ਮੈਂ ਪੜ੍ਹਦਾ ਬਹੁਤ ਹਾਂ, ਜਿਸ ਵਿਚ ਸਾਹਿਤ, ਵਿਗਿਆਨ ਹੈ, ਧਰਮ ਵੀ ਹੈ। ਉਸ ਦੀ ਸਮੁੱਚਤਾ ਵਿਚ ਜੋ ਵਿਕਾਸ ਹੋ ਰਿਹਾ ਹੈ, ਮੈਂ ਉਸ ਦਾ ਸਾਰ ਪਕੜਨ ਦੀ ਕੋਸ਼ਿਸ਼ ਕਰਦਾ ਹਾਂ।

ਹਰਜਿੰਦਰ ਕੰਗ ਦੀਆਂ ਗ਼ਜ਼ਲਾਂ ਵਿਚ ਪ੍ਰਵਾਸ ਦੇ ਸਰੋਕਾਰਾਂ ਦੀ ਗੱਲ ਕਰਦਿਆਂ ਹਰਦੇਵ ਬੰਗਾ ਨੇ ਕਿਹਾ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਪਰਵਾਸ ਹੰਢਾ ਰਹੇ ਕੰਗ ਦੀ ਸ਼ਾਇਰੀ ਵਿਚ ਭੂ-ਹੇਰਵੇ ਨੂੰ ਸ਼੍ਰੋਮਣੀ ਥਾਂ ਹਾਸਿਲ ਹੈ। ਇਸ ਹੇਰਵੇ ਵਿਚ ਪੀੜੀ ਪਾੜਾ ਵੀ ਹੋ ਸਕਦਾ ਹੈ ਅਤੇ ਪਰਵਾਸੀਆਂ ਨਾਲ ਹੁੰਦਾ ਨਸਲੀ ਵਿਤਕਰਾ ਵੀ। ਉਸ ਦਾ ਕਹਿਣਾ ਸੀ ਕਿ ਪਰਵਾਸੀ ਬੰਦੇ ਕੋਲ ਸਰਮਾਏ ਦਾ ਵਾਧਾ ਤਾਂ ਹੁੰਦਾ ਜਾਂਦਾ ਹੈ, ਪਰ ਸੁੱਖ ਤੇ ਖੁਸ਼ੀ ਦਾ ਗ੍ਰਾਫ ਹੇਠਾਂ ਵੱਲ ਸਿਰਕਦਾ ਜਾਂਦਾ ਹੈ। ਆਪਣੀ ਮਿੱਟੀ ਦੀ ਯਾਦ ਕੰਗ ਦੇ ਸ਼ਿਅਰਾਂ ਵਿਚ ਆਮ ਦੇਖੀ ਜਾ ਸਕਦੀ ਹੈ।

ਹਰਜਿੰਦਰ ਕੰਗ ਦਾ ਕਹਿਣਾ ਸੀ ਕਿ ਸਾਹਿਤ ਦਾ ਮਤਲਬ ਹੁੰਦਾ ਹੈ, 'ਸਾ ਅਤੇ ਹਿਤ' ਭਾਵ ਦੂਜਿਆਂ ਦਾ ਹਿੱਤ। ਅਸ਼ਰਫ ਗਿੱਲ ਨੇ ਕਿਹਾ ਕਿ ਕੰਗ ਮੁੱਖ ਤੌਰ 'ਤੇ ਗ਼ਜ਼ਲਗੋ ਹੈ। ਉਸ ਨੇ ਗ਼ਜ਼ਲ ਦੇ ਸ਼ਿਅਰਾਂ ਦੀ ਬਣਤਰ ਤੇ ਬੁਣਤਰ ਦੀਆਂ ਪਰਤਾਂ ਬਾਰੇ ਚਾਨਣਾ ਪਾਇਆ। ਇਸ ਮੌਕੇ ਸੰਸਥਾ ਨੇ ਜਗਜੀਤ ਸਿੰਘ ਆਨੰਦ ਅਤੇ ਸ਼ਾਇਰ ਪਰਮਿੰਦਰਜੀਤ ਦੇ ਵਿਛੋੜੇ 'ਤੇ ਸੋਗ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਯਾਦ ਕੀਤਾ। ਚਰਚਾ ਦੇ ਅੰਤ 'ਤੇ ਹਾਜ਼ਰ ਕਵੀਆਂ ਨੇ ਕਵਿਤਾ ਪਾਠ ਕੀਤਾ।

## ਕਵੀਸ਼ਰੀ ਦੀ ਸੀ.ਡੀ. ਤੀਸਰਾ ਘੱਲੂਘਾਰਾ ਰਿਲੀਜ਼

**ਮਾਡੈਸਟੋ-ਸੀਰੀਜ਼ (ਬਿਊਰੋ):** ਭਾਈ ਸੁਖਚੈਨ ਸਿੰਘ ਔਜਲਾ ਤੇ ਸਾਥੀਆਂ ਭਾਈ ਮਨਜੀਤ ਸਿੰਘ ਪੱਤੜ ਤੇ ਭਾਈ ਗੁਰਪ੍ਰੀਤ ਸਿੰਘ ਗਾਫਲ ਦੇ ਢਾਡੀ ਜਥੇ ਦੀ ਇਕ ਕਵੀਸ਼ਰੀ ਸੀ.ਡੀ.



'ਤੀਸਰਾ ਘੱਲੂਘਾਰਾ ਜੂਨ 1984' ਇਥੇ ਗੁਰਦੁਆਰਾ ਮਾਡੈਸਟੋ-ਸੀਰੀਜ਼ ਵਿਚ ਰਿਲੀਜ਼ ਕੀਤੀ ਗਈ। ਇਹ ਸੀ.ਡੀ. ਲੋਕ ਸੇਵਾ ਮਿਊਜ਼ਿਕ ਕੰਪਨੀ ਅਤੇ ਰੇਡੀਓ 'ਦਿਲ ਆਪਣਾ ਪੰਜਾਬੀ' ਵਲੋਂ ਤਿਆਰ ਕੀਤੀ ਗਈ ਹੈ।

ਰੇਡੀਓ 'ਦਿਲ ਆਪਣਾ ਪੰਜਾਬੀ' ਵਲੋਂ ਸਰਦੂਲ ਸਿੰਘ ਬਾਸੀ ਨੇ ਲੋਕ ਸੇਵਾ ਕੰਪਨੀ ਦੇ ਮਾਲਕ ਗੁਰਤੀਰਥ ਸਿੰਘ ਪਾਸਲਾ ਦਾ ਧੰਨਵਾਦ ਕੀਤਾ ਅਤੇ ਜਥੇ ਦੀਆਂ ਮਾਰਕਿਟ 'ਚ ਆਈਆਂ ਪਹਿਲੀਆਂ ਦੋ ਸੀਡੀਆਂ ਦਾ ਵੀ ਉਚੇਚਾ ਜ਼ਿਕਰ ਕੀਤਾ।

ਇਸ ਮੌਕੇ ਲੈਥਰਾਪ ਤੋਂ ਬਲਵਿੰਦਰ ਸਿੰਘ ਪਨੂੰ, ਸਟਾਕਟਨ ਤੋਂ ਹਰਵਿੰਦਰ ਸਿੰਘ ਦੁਲੇ, ਪ੍ਰੀਤਮ ਸਿੰਘ ਪੱਤੜ, ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਅਮਰਜੀਤ ਸਿੰਘ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ।

## ਵਾਸਦੇਵ ਸਿੰਘ ਪਰਹਾਰ ਅਤੇ ਸਾਧੂ ਸਿੰਘ ਦਿਲਸ਼ਾਦ ਦੀਆਂ ਕਿਤਾਬਾਂ ਰਿਲੀਜ਼



**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਇਥੇ ਕਰਵਾਏ ਗਏ ਇਕ ਸਮਾਗਮ ਦੌਰਾਨ ਲੇਖਕ ਵਾਸਦੇਵ ਸਿੰਘ ਪਰਹਾਰ ਦੀ ਸਵੈ ਜੀਵਨੀ 'ਮੇਰੀ ਜ਼ਿੰਦਗੀ, ਮੇਰਾ ਸੰਘਰਸ਼' ਅਤੇ ਗੀਤਕਾਰ ਸਾਧੂ ਸਿੰਘ ਦਿਲਸ਼ਾਦ ਦੀ ਕਿਤਾਬ 'ਮਿੱਟੀ ਦਾ ਮੋਹ' ਰਿਲੀਜ਼ ਕੀਤੀਆਂ ਗਈਆਂ।

ਅਖਬਾਰ ਨਵਾਂ ਜ਼ਮਾਨਾ ਵਿਚ ਛਪੇ ਸ. ਪਰਹਾਰ ਦੇ ਲੇਖਾਂ ਨੂੰ ਉਨ੍ਹਾਂ ਦੀ ਕਿਤਾਬ ਵਿਚ ਸ਼ਾਮਲ ਕੀਤਾ ਗਿਆ ਹੈ ਜੋ ਪੰਜਾਬੀਆਂ ਦੀ ਰਹਿਣੀ-ਬਹਿਣੀ, ਪੇਂਡੂ ਜੀਵਨ, ਪੰਜਾਬੀ ਸਦਾਚਾਰ ਅਤੇ ਪੰਜਾਬ ਦੇ ਸਿਆਸੀ ਆਗੂਆਂ ਦੀਆਂ ਸਿਆਸੀ ਸਰਗਰਮੀਆਂ 'ਤੇ ਆਧਾਰਤ ਹਨ।

'ਮਿੱਟੀ ਦਾ ਮੋਹ' ਦੇ ਲੇਖਕ ਸਾਧੂ ਸਿੰਘ ਇਨ੍ਹੀਂ ਦਿਨੀਂ ਸ਼ੇਖੂਪੁਰਾ (ਜਗਰਾਓਂ) ਤੋਂ ਅਮਰੀਕਾ ਦੀ ਫੇਰੀ 'ਤੇ ਆਏ ਹੋਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੰਗਪਾਲ ਸਿੰਘ ਕੋਟਕਪੂਰਾ, ਮਨਜੀਤ ਕੌਰ ਗਿੱਲ, ਜੇ ਬੀ ਸਿੰਘ, ਹਰਪਾਲ ਸਿੱਧੂ, ਈਸ਼ਰ ਸਿੰਘ ਗਰਚਾ, ਸਵਰਾਜ ਕੌਰ, ਮਹਿੰਦਰ ਸਿੰਘ ਚੀਮਾ, ਗੁਰਪ੍ਰੀਤ ਸਿੰਘ ਸੋਹਲ, ਸਿੰਗਾਰ ਸਿੰਘ ਸਿੱਧੂ, ਹਰਨਾਮ ਸਿੰਘ, ਅਵਤਾਰ ਸਿੰਘ ਆਦਮਪੁਰ, ਹਰਭਜਨ ਸਿੰਘ ਬੈਂਸ, ਸੁਖਦੀਪ ਸਿੰਘ ਗਰੇਵਾਲ, ਕਰਨੈਲ ਸਿੰਘ ਕੈਲ, ਪ੍ਰੀਤਮ ਸੋਹੀ, ਬਲਿਹਾਰ ਸਿੰਘ ਲਹਿਲ, ਹਰਦਿਆਲ ਸਿੰਘ ਚੀਮਾ, ਡਾ. ਜਸਬੀਰ ਕੌਰ, ਅਵਤਾਰ ਸਿੰਘ ਬਿੱਲਾ, ਹਰਜੋਤ ਸਿੰਘ ਅਤੇ ਭਾਗੀਰਥ ਢੀਂਡਸਾ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

## ਅਮਰਿੰਦਰ ਗਿੱਲ ਨੇ ਜਾਰੀ ਕੀਤਾ ਪੰਜਾਬੀ ਫਿਲਮ 'ਅੰਗਰੇਜ਼' ਦਾ ਟਰੇਲਰ

**ਮਿਲਪੀਟਸ (ਐਸ ਅਸ਼ੋਕ ਭੌਰਾ):** ਨਾਮਵਰ ਗਾਇਕ ਅਤੇ ਅਦਾਕਾਰ ਅਮਰਿੰਦਰ ਗਿੱਲ ਨੇ ਸਥਾਨਕ ਇੰਡੀਅਨ ਕਮਿਊਨਿਟੀ ਸੈਂਟਰ ਵਿਖੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਆ ਰਹੀ ਨਵੀਂ



ਪੰਜਾਬੀ ਫਿਲਮ 'ਅੰਗਰੇਜ਼' ਤੋਂ ਵੱਡੀਆਂ ਉਮੀਦਾਂ ਹਨ ਤੇ ਉਹ ਇਸ ਫਿਲਮ ਲਈ ਪਹਿਲਾਂ ਵਰਗੇ ਹੁੰਗਾਰੇ ਦੀ ਆਸ ਰੱਖਦੇ ਹਨ। ਉਨ੍ਹਾਂ ਇਸ ਮੌਕੇ ਆਪਣੀ ਆ ਰਹੀ ਇਸ ਨਵੀਂ ਫਿਲਮ ਦਾ ਟਰੇਲਰ ਵੀ ਜਾਰੀ ਕੀਤਾ। ਜ਼ਿਕਰਯੋਗ ਹੈ ਕਿ ਕੁਝ ਤਕਨੀਕੀ ਕਾਰਨਾਂ ਕਰਕੇ ਅਮਰੀਕਾ ਵਿਚ ਅਮਰਿੰਦਰ ਗਿੱਲ ਦੇ ਪੰਜਾਬੀ ਗੀਤ ਸੰਗੀਤ ਸ਼ੋਆਂ ਨੂੰ ਅੱਗੇ ਪਾਉਣਾ ਪਿਆ ਹੈ, 'ਬੀਔਂਡ ਸਟਾਰਜ਼ ਐਂਟਰਟੇਨਮੈਂਟ', 'ਏ ਡੀ ਸੋਢੀ', ਜੈਰੀ ਕੇ ਆਹੂਜਾ ਅਤੇ ਵਿਨੋਦ ਕੁਮਾਰ ਚੁੰਬਰ ਵਲੋਂ ਬੇ-ਏਰੀਆ ਵਿਚ ਕਰਵਾਏ ਜਾਣ ਵਾਲੇ ਸ਼ੋਅ ਦੀ ਨਵੀਂ ਤਰੀਕ 10 ਜੁਲਾਈ ਹੋਵੇਗੀ। ਇਸ ਪ੍ਰੈਸ ਕਾਨਫਰੰਸ ਵਿਚ ਪੱਤਰਕਾਰਾਂ ਤੋਂ ਇਲਾਵਾ ਅਮਰਿੰਦਰ ਗਿੱਲ ਦੇ ਪ੍ਰਸ਼ੰਸਕ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਡਾ. ਰਮੇਸ਼ ਥਾਪਰਾ, ਵਿਨੋਦ ਕੁਮਾਰ ਚੁੰਬਰ, ਏ ਡੀ ਸੋਢੀ ਤੇ ਕੇਵਲ ਸਿੰਘ ਨੇ ਵੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ।

## ਭਾਰਤ ਵੱਲੋਂ ਨੇਪਾਲ ਨੂੰ ਇਕ ਅਰਬ ਡਾਲਰ ਦੀ ਮਦਦ ਦਾ ਵਾਅਦਾ

**ਕਾਠਮੰਡੂ:** ਭਾਰਤ ਨੇ ਭੂਚਾਲ ਦੀ ਮਾਰ ਹੇਠ ਆਏ ਨੇਪਾਲ ਲਈ ਪੁਨਰ ਨਿਰਮਾਣ ਦੇ ਪ੍ਰੋਗਰਾਮ ਲਈ ਇਕ ਅਰਬ ਡਾਲਰ ਦੀ ਇਮਦਾਦ ਦੇਣ ਦਾ ਵਾਅਦਾ ਕੀਤਾ ਹੈ ਤੇ ਆਖਿਆ ਕਿ ਭਾਰਤ ਹਰ ਇਕ ਨੇਪਾਲੀ ਦੇ ਹੰਝੂ ਪੂੰਝਣ ਦੇ ਨੇਪਾਲ ਸਰਕਾਰ ਦੇ ਅਹਿਦ ਦੀ ਪਿੱਠ ਉਤੇ ਖੜ੍ਹੀ ਹੈ।

ਇਹ ਐਲਾਨ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ ਨੇ ਇਥੇ ਕੌਮਾਂਤਰੀ ਦਾਨੀਆਂ ਦੀ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਨੇਪਾਲ ਇਸ ਤਬਾਹੀ ਵਿਚੋਂ ਵਧੇਰੇ ਮਜ਼ਬੂਤ, ਇਕਜੁੱਟ ਤੇ ਭਰੋਸੇਮੰਦ ਹੋ ਕੇ ਨਿੱਤਰੇਗਾ।

## ਸੁਰਿੰਦਰ ਖਾਨ ਤੇ ਪਰਮਜੀਤ ਕੌਰ ਨੇ ਕਲਾਸੀਕਲ ਸੰਗੀਤ ਦਾ ਬੰਨ੍ਹਿਆ ਰੰਗ

**ਫਰੀਮਾਂਟ (ਐਸ ਅਸ਼ੋਕ ਭੌਰਾ):** ਬਾਲੀਵੁੱਡ ਐਂਟਰਟੇਨਮੈਂਟ ਦੇ ਜਸਵੰਤ ਮਹਿਮੀ ਵਲੋਂ ਪੰਜਾਬ ਤੋਂ ਉਚੇਚੇ ਤੌਰ 'ਤੇ ਸੱਦੇ ਗਏ



ਕਲਾਸੀਕਲ ਸਿੰਗਰ ਸੁਰਿੰਦਰ ਖਾਨ ਅਤੇ ਵਾਇਸ ਆਫ ਪੰਜਾਬ ਪਰਮਜੀਤ ਕੌਰ ਦੀ ਗਾਇਨ ਮਹਿਫਿਲ ਅਵਤਾਰ ਲਾਖਾ ਤੇ ਵਿਜੇ ਕੁਮਾਰ ਵਲੋਂ ਫਰੀਮਾਂਟ ਦੇ ਮਹਿਰਾਨ ਰੈਸਟੋਰੈਂਟ ਵਿਖੇ ਲੰਘੇ ਸ਼ੁੱਕਰਵਾਰ ਨੂੰ ਕਰਵਾਈ ਗਈ ਜਿਸ ਵਿਚ ਬੇ-ਏਰੀਆ ਦੇ ਸੰਜੀਦਾ ਸਰੋਤਿਆਂ ਅਤੇ ਨਾਮੀ ਹਸਤੀਆਂ ਨੇ ਸ਼ਿਰਕਤ ਕੀਤੀ।

ਇਸ ਮਹਿਫਿਲ ਵਿਚ ਸੁਰਿੰਦਰ ਖਾਨ ਨੇ ਆਪਣੀਆਂ ਗ਼ਜ਼ਲਾਂ ਦੇ ਨਾਲ ਨਾਲ ਬਾਲੀਵੁੱਡ ਦੇ 'ਮਸਤ ਮਸਤ ਦੋ ਨੈਣ' ਵਰਗੇ ਗੀਤਾਂ ਨੂੰ ਪੂਰਾ ਕਲਾਸੀਕਲ ਰੰਗ ਦੇ ਕੇ ਪੇਸ਼ ਕੀਤਾ। ਪੰਜਾਬੀ ਵਿਚ ਟੱਪੇ ਅਤੇ ਪਰਮਜੀਤ ਕੌਰ ਨਾਲ ਜੁਗਲ ਗੀਤ 'ਗੋਰੀ ਮੈਂ ਜਾਣਾ ਪ੍ਰਦੇਸ, ਮਾਹੀ ਵੇ ਮੈਂ ਜਾਣਾ ਪ੍ਰਦੇਸ' ਦੀ ਕਮਾਲ ਦੀ ਪੇਸ਼ਕਾਰੀ ਦਿੱਤੀ। ਕਰੀਬ ਢਾਈ ਘੰਟਿਆਂ ਤੱਕ ਚੱਲੀ ਇਸ ਮਿਆਰੀ ਸੰਗੀਤ ਮਹਿਫਿਲ ਵਿਚ ਸਰੋਤਿਆਂ ਨੇ ਸਾਹ ਤੱਕ ਉਚੀ ਨਾ ਲਿਆ।

ਇਸ ਮੌਕੇ ਡਾ. ਹਰਮੇਸ਼ ਕੁਮਾਰ, ਰਾਮ ਮੂਰਤੀ ਸਰੋਏ, ਅਮਰੀਕ ਲਾਖਾ, ਰਾਜ ਭਨੋਟ ਹਾਜ਼ਰ ਸਨ ਜਦਕਿ ਮਹਿਫਿਲ ਦੇ ਮੁੱਖ ਮਹਿਮਾਨ ਅਟਾਰਨੀ ਅਸ਼ਵਨੀ ਭਾਖੜੀ ਸਨ। ਸਟੇਜ ਸੰਚਾਲਨ ਕਰਦਿਆਂ ਵਿਜੇ ਕੁਮਾਰ ਨੇ ਹਾਸਰਸ ਸਕਿੱਟਾਂ ਨਾਲ ਗੀਤ-ਸੰਗੀਤ ਵਿਚ ਰੁੱਝੇ ਸਰੋਤਿਆਂ ਨੂੰ ਹਾਸਰਸ ਦਾ ਰੰਗ ਵੀ ਦਿਖਾਇਆ। ਮਹਿਫਿਲ ਦੇ ਮੁੱਖ ਪ੍ਰਬੰਧਕ ਅਵਤਾਰ ਲਾਖਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਛੇਤੀ ਹੀ ਨੂਰਾਂ ਸਿਸਟਰ ਦੀ ਮਹਿਫਿਲ ਵੀ ਪੇਸ਼ ਕਰਨਗੇ।

# ‘ਸੈਕੰਡ ਹੈਂਡ ਹਸਬੈਂਡ’ ਦਾ ਪੋਸਟਰ ਅਤੇ ਸੰਗੀਤ ਜਾਰੀ

**ਯੂਨੀਅਨ ਸਿਟੀ (ਐਸ ਅਸ਼ੋਕ ਭੌਰਾ):** ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਦੀ ਕੰਪਨੀ ਜੀ ਬੀ ਐਂਟਰਟੇਨਮੈਂਟ ਵਲੋਂ ਬਣਾਈ ਗਈ ਹਿੰਦੀ ਫਿਲਮ ‘ਸੈਕੰਡ ਹੈਂਡ ਹਸਬੈਂਡ’ ਦਾ ਸੰਗੀਤ ਅਤੇ ਪੋਸਟਰ ਰਾਜਾ ਸਵੀਟਸ ਯੂਨੀਅਨ ਸਿਟੀ ਕੈਲੀਫੋਰਨੀਆਂ ਵਿਖੇ ਜਾਰੀ ਕੀਤੇ ਗਏ।



ਇਸ ਮੌਕੇ ਬੋਲਦਿਆਂ ਫਿਲਮ ਦੇ ਨਿਰਮਾਤਾ ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਟਰੱਕਿੰਗ, ਮੋਟਲ ਅਤੇ ਗੋਲਡ ਜਿੰਮ ਦੇ ਬਿਜ਼ਨਸ ਤੋਂ ਬਾਅਦ ਉਨ੍ਹਾਂ ਨੇ ਐਂਟਰਟੇਨਮੈਂਟ ਵਜੋਂ ਫਿਲਮ ਇੰਡਸਟਰੀ ਵਿਚ ਪ੍ਰਵੇਸ਼ ਕੀਤਾ ਹੈ ਤੇ ਬਾਲੀਵੁੱਡ ਦੇ ਚੋਟੀ ਦੇ ਕਲਾਕਾਰਾਂ ਨੂੰ ਲੈ ਕੇ ਤਲਾਕ ਵਰਗੇ ਸੰਵੇਦਨਸ਼ੀਲ ਵਿਸ਼ੇ ਨੂੰ ਹਾਸਰਸ ਰੂਪ ਵਿਚ ਪੇਸ਼ ਕਰਕੇ ਲੋਕਾਂ ਦਾ ਮਨੋਰੰਜਨ ਕਰਨ ਦੇ ਨਾਲ ਇਕ ਸੁਖਾਲੀ ਜ਼ਿੰਦਗੀ ਬਤੀਤ ਕਰਨ ਦਾ ਸੰਦੇਸ਼ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ।


ਸ. ਗਾਖਲ ਨੇ ਕਿਹਾ ਕਿ ਫਿਲਮ ਦੇ ਗੀਤ ‘ਮਿੱਠੀ ਮੇਰੀ ਜਾਨ’ ਅਤੇ ‘ਬੈਡ ਬੇਬੀ’ ਨੂੰ ਭਰਵਾਂ ਹੁੰਗਾਰਾ ਮਿਲਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਫਿਲਮ ਦੇਸ਼ ਵਿਦੇਸ਼ ਵਸਦੇ ਸਮੁੱਚੇ ਭਾਰਤੀਆਂ ਨੂੰ ਜ਼ਰੂਰ ਪਸੰਦ ਆਵੇਗੀ। ਗਲੋਬਲ ਫੈਸਟੀਵਲ ਸੈਨ ਫਰਾਂਸਿਸਕੋ ਦੇ ਰਾਮੇਸ਼ ਯਾਪਰਾ, ਹਿੰਦੂ ਟੈਂਪਲ ਸਨੀਵੇਲ ਦੇ ਰਾਜ ਭਨੋਟ, ਪੱਤਰਕਾਰ ਰਿਤੂ ਮਹੇਸ਼ਵਰੀ ਅਤੇ ਫਿਲਮ ਦੇ ਮੀਡੀਆ ਪਾਰਟਨਰ ਐਸ ਅਸ਼ੋਕ ਭੌਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਵਿਚ ਸੌ ਤੋਂ ਵੱਧ ਸਿਨਮਾ ਘਰਾਂ ਵਿਚ ਇਹ ਫਿਲਮ ਇੱਕੋ ਵੇਲੇ 3 ਜੁਲਾਈ ਨੂੰ ਰਿਲੀਜ਼ ਕੀਤੀ ਜਾਵੇਗੀ।

ਇਸ ਮੌਕੇ ਕੈਲੀਫੋਰਨੀਆ ਦੀਆਂ ਉਘੀਆਂ ਸਮਾਜਿਕ, ਰਾਜਨੀਤਕ ਸ਼ਖਸੀਅਤਾਂ-ਰੇਡੀਓ ਚੜ੍ਹਦੀ ਕਲਾ ਦੇ ਗੁਰਚਰਨ ਸਿੰਘ ਮਾਨ ਤੇ ਲਖਵੀਰ ਸਿੰਘ ਪਟਵਾਰੀ, ਪ੍ਰੋ. ਜਸਪਾਲ ਸਿੰਘ ਸੈਣੀ, ਜੇ ਬੀ ਸਿੰਘ, ਬਿੱਲਾ ਸੰਘੇੜਾ, ਬਲਜੀਤ ਸਿੰਘ ਸੰਧੂ ਤੇ ਚਰਨਜੀਤ ਸਿੰਘ ਸੰਧੂ ਦੇ ਨਾਲ ਨਾਲ ਕਬੱਡੀ ਖਿਡਾਰੀ ਅਤੇ ਖੇਡ ਕਲੱਬਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਮੰਚ ਸੰਚਾਲਨ ਸ਼ਕਤੀ ਮਾਣਕ ਨੇ ਕੀਤਾ।

ਇਸੇ ਦੌਰਾਨ ਫਿਲਮ ‘ਸੈਕੰਡ ਹੈਂਡ ਹਸਬੈਂਡ’ ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਕਬੱਡੀ ਪ੍ਰੇਮੀਆਂ, ਖਿਡਾਰੀਆਂ, ਪ੍ਰਮੋਟਰਾਂ ‘ਤੇ ਸਮੁੱਚੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਦੀ ਪਲੇਠੀ ‘ਤੇ ਵੱਡੇ ਬਜਟ ਵਾਲੀ ਇਸ ਫਿਲਮ ਪ੍ਰਤੀ ਹੁੰਗਾਰਾ ਭਰਦਿਆਂ ਇਸ ਨੂੰ ਦੇਖਣ ਲਈ ਪਰਿਵਾਰਾਂ ਸਮੇਤ ਜਾਣ ਕਿਉਂਕਿ ਇਹ ਫਿਲਮ ਜਿਥੇ ਭਰਵਾਂ ਮਨੋਰੰਜਨ ਦੇਵੇਗੀ, ਉਥੇ ਉਦੇਸ਼ ਭਰਪੂਰ ਵੀ ਹੈ। ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਦੇਸ਼ ਦੀ ਵੰਡ ਤੋਂ ਬਾਅਦ ਲਾਹੌਰ ਪਿਛੋਂ ਮੁੰਬਈ ਦਾ ਫਿਲਮ ਇੰਡਸਟਰੀ ਬਣਨਾ ਪੰਜਾਬੀਆਂ ਕਰਕੇ ਸੰਭਵ ਹੋਇਆ ਸੀ ਤੇ ਪ੍ਰਿਥਵੀ ਰਾਜ ਕਪੂਰ, ਰਾਜ ਕਪੂਰ ਤੇ ਪ੍ਰਾਣ ਵਰਗੇ ਪੰਜਾਬੀ ਮਹਾਂ ਰੰਗਕਰਮੀ ਬਾਲੀਵੁੱਡ ਦੇ ਵਾਰਿਸ ਬਣੇ।

ਵਰਣਨਯੋਗ ਹੈ ਕਿ ਗਾਖਲ ਭਰਾ ਲੰਬੇ ਅਰਸੇ ਤੋਂ ਅਮਰੀਕਾ ਵਿਚ ਵਿਸ਼ਵ ਕਬੱਡੀ ਕੱਪ ਵੀ ਕਰਵਾਉਂਦੇ ਆ ਰਹੇ ਹਨ। ਗਾਖਲ ਭਰਾ ਪਿਛਲੇ 28 ਸਾਲਾਂ ਤੋਂ ਕੈਲੀਫੋਰਨੀਆ ਦੇ ਸ਼ਹਿਰ ਵਾਟਸਨਵਿਲ ਵਿਚ ਰਹਿੰਦੇ ਆ ਰਹੇ ਹਨ। ਸ. ਗਾਖਲ ਨੇ ਕਿਹਾ ਕਿ ਉਨ੍ਹਾਂ ਆਪਣਾ ਅਮਰੀਕਾ ਜੀਵਨ ਇਕ ਟਰੱਕ ਚਾਲਕ ਵਜੋਂ ਸ਼ੁਰੂ ਕੀਤਾ ਸੀ ਜਿਸ ਨੂੰ ਉਨ੍ਹਾਂ ਟਰਾਂਸਪੋਰਟ ਕਾਰੋਬਾਰ ਵਿਚ ਬਦਲਿਆ ਤੇ ਫਿਰ ਮੋਟਲ ਅਤੇ ‘ਗੋਲਡ ਜਿਮ’ ਵਿਚ ਆਪਣੇ ਭਰਾਵਾਂ ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਨਾਲ ਮਿਲ ਕੇ ਪੂਰੀ ਮਿਹਨਤ ਨਾਲ ਸਫਲਤਾ ਹਾਸਲ ਕੀਤੀ।

ਧਰਮਿੰਦਰ, ਗਿੱਪੀ ਗਰੇਵਾਲ, ਟੀਨਾ ਆਹੂਜਾ, ਗੀਤਾ ਬਸਰਾ ਆਦਿ ਨੂੰ ਲੈ ਕੇ ਬਣਾਈ ਹਿੰਦੀ ਫਿਲਮ ‘ਸੈਕੰਡ ਹੈਂਡ ਹਸਬੈਂਡ’ ਦਾ ਨਿਰਮਾਣ ਸ. ਗਾਖਲ ਨੇ ਆਪਣੇ ਭਰਾਵਾਂ ਦੇ ਸਹਿਯੋਗ ਨਾਲ ਕੀਤਾ ਹੈ ਤੇ ਬਾਲੀਵੁੱਡ ਵਿਚ ਇਸ ਪ੍ਰਵੇਸ਼ ਨੂੰ ਚਿਰ ਸਦੀਵੀ ਬਣਾਉਣ, ਮਿਆਰੀ ਫਿਲਮਾਂ ਦੇਣ ਲਈ ਉਹ ਵਚਨਬੱਧ ਹਨ। ਉਨ੍ਹਾਂ ਪੰਜਾਬੀਆਂ ਨੂੰ ਪਰਿਵਾਰਾਂ ਸਮੇਤ ਫਿਲਮ ਦੇਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਨਾਲ ਅਮਰੀਕਾ ਵਸਦੇ ਪੰਜਾਬੀ ਭਾਈਚਾਰੇ ਦਾ ਕੱਦ ਹੋਰ ਉਚਾ ਹੋਵੇਗਾ। ਫਿਲਮ ਨੂੰ ਚਰਚਾ ਵਿਚ ਲਿਆਉਣ ਲਈ ਗਾਖਲ ਨੇ ਸਮੁੱਚੇ ਮੀਡੀਏ ਦਾ ਧੰਨਵਾਦ ਵੀ ਕੀਤਾ।



*ਅਮੋਲਕ ਸਿੰਘ ਗਾਖਲ*

## ਕਾਰਗਿਲ ਵਰਗੀ ਕਾਰਵਾਈ ਦਾ ਬੇਨਜ਼ੀਰ ਨੇ ਕੀਤਾ ਸੀ ਵਿਰੋਧ

**ਨਵੀਂ ਦਿੱਲੀ (ਬਿਊਰੋ):** ਪਾਕਿਸਤਾਨੀ ਫੌਜ ਨੇ ਸਾਲ 1999 ਦੀਆਂ ਗਰਮੀਆਂ ਤੋਂ ਕਾਫੀ ਪਹਿਲਾਂ ਬੇਨਜ਼ੀਰ ਭੁੱਟੋ ਦੇ ਪ੍ਰਧਾਨ ਮੰਤਰੀ ਹੁੰਦਿਆਂ ਕਾਰਗਿਲ ਵਰਗੀ ਫੌਜੀ ਕਾਰਵਾਈ ਦੀ ਯੋਜਨਾ ਬਣਾਈ ਸੀ ਪਰ ਬੀਬੀ ਭੁੱਟੋ ਨੇ ਇਸ ਵਿਚਾਰ ਦਾ ਵਿਰੋਧ ਕੀਤਾ। ਇਹ ਖੁਲਾਸਾ ਇਕ ਸਾਬਕਾ ਡਿਪਲੋਮੈਟ ਦੀ ਨਵੀਂ ਕਿਤਾਬ ਵਿਚ ਕੀਤਾ ਗਿਆ।

‘ਵੇਅਰ ਬਾਰਡਰਜ਼ ਬਲੀਡ: ਐਨ ਇਨਸਾਈਡਰ ਅਕਾਉਂਟ ਆਫ ਇੰਡੋ-ਪਾਕਿ ਰਿਲੇਸ਼ਨਜ਼’ ਨਾਂ ਦੀ ਪੁਸਤਕ ਵਿਚ ਰਾਜੀਵ ਡੋਗਰਾ ਨੇ ਦੋਵਾਂ ਮੁਲਕਾਂ ਵਿਚਾਲੇ ਕਈ ਵਿਵਾਦਤ ਮੁੱਦਿਆਂ ਨੂੰ ਛੋਹਿਆ ਹੈ। ਉਹ 1992 ਤੋਂ 1994 ਤੱਕ ਕਰਾਚੀ ਵਿਚ ਭਾਰਤ ਦੇ ਕੌਂਸਲ ਜਨਰਲ ਰਹੇ। ਤਕਰੀਬਨ 70 ਸਾਲਾਂ ਦੇ ਵਿਵਾਦ ਦੌਰਾਨ ਇਤਿਹਾਸਕ, ਡਿਪਲੋਮੈਟਿਕ ਤੇ ਫੌਜੀ ਨਜ਼ਰੀਏ ਨੂੰ ਆਪਣੇ ਕਲਾਵੇ ਵਿਚ ਲੈਂਦੀ ਇਸ ਪੁਸਤਕ ਵਿਚ ਵੰਡ ਲਈ ਜ਼ਿੰਮੇਵਾਰ ਕਾਰਕਾਂ ਦਾ ਵੀ ਬਿਰਤਾਂਤ ਹੈ।

## ਭਾਰਤ ਨੇ ਨਿਊਜ਼ੀਲੈਂਡ ਤੋਂ ਹਾਈ ਕਮਿਸ਼ਨਰ ਵਾਪਸ ਬੁਲਾਇਆ

**ਮੈਲਬਰਨ:** ਨਿਊਜ਼ੀਲੈਂਡ ਵਿਚ ਭਾਰਤੀ ਹਾਈ ਕਮਿਸ਼ਨਰ ਰਵੀ ਥਾਪਰ ਨੂੰ ਨਵੀਂ ਦਿੱਲੀ ਵਾਪਸ ਸੱਦ ਲਿਆ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਉਤੇ ਇਕ ਕਰਮਚਾਰੀ ਉਪਰ ਤਸ਼ੱਦਦ ਢਾਹੁਣ ਤੇ ਤੰਗ ਪਰੇਸ਼ਾਨ ਕਰਨ ਦੇ ਦੋਸ਼ ਲੱਗਣ ਮਗਰੋਂ ਇਹ ਕਦਮ ਚੁੱਕਿਆ ਗਿਆ ਹੈ ਤੇ ਇਸ ਮਾਮਲੇ ਦੀ ਵਿਸਥਾਰ ਨਾਲ ਜਾਂਚ ਜਾਰੀ ਹੈ। ਮੰਤਰਾਲੇ ਨੇ ਦੋਸ਼ਾਂ ਨੂੰ ਧਿਆਨ ਵਿਚ ਰੱਖਦਿਆਂ ਮਾਮਲੇ ਦੀ ਸੁਤੰਤਰ ਜਾਂਚ ਲਈ ਇਕ ਟੀਮ ਪਿਛਲੇ ਮਹੀਨੇ ਨਿਊਜ਼ੀਲੈਂਡ ਭੇਜੀ ਸੀ ਜਿਸ ਦੀ ਰਿਪੋਰਟ ਦੇ ਆਧਾਰ ਉਤੇ ਇਹ ਕਾਰਵਾਈ ਕੀਤੀ ਗਈ ਹੈ।










# ਤੁਰਕੀ ਦੀ ਮਲਾਲਾ



## ਹੁਣ ਬੇਸੁਰਤ ਨਹੀਂ ਹੈ ਕਾਇਆ... ...ਤੇ ਸੁਰਾਂ ਵੀ ਖਾਮੋਸ਼ ਨਹੀਂ

ਕਲਾ ਪਰਿਕਰਮਾ

ਕੀਰਤ ਕਾਸ਼ਣੀ

ਤੁਰਕੀ ਦੀ ਉਭਰ ਰਹੀ ਗਾਇਕਾ ਮੁਤਲੂ ਕਾਇਆ ਤਕਰੀਬਨ ਡੇਢ ਮਹੀਨੇ ਬਾਅਦ ਕੋਮਾ ਤੋਂ ਬਾਹਰ ਆਈ ਹੈ। ਉਸ ਦੇ ਹਠ ਨੇ ਡਾਕਟਰਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ ਅਤੇ ਉਹ ਇਸ ਨੂੰ ਕੁਦਰਤ ਦਾ ਕ੍ਰਿਸ਼ਮਾ ਆਖ ਰਹੇ ਹਨ। 18 ਮਈ ਨੂੰ ਕਾਇਆ ਦੇ ਸਿਰ ਵਿਚ ਗੋਲੀ ਮਾਰ ਦਿੱਤੀ ਗਈ ਸੀ। ਉਹ ਤੁਰਕੀ ਦੇ 'ਗੌਟ ਟੇਲੈਂਟ' ਪ੍ਰੋਗਰਾਮ ਵਿਚ ਹਿੱਸਾ ਲੈ ਰਹੀ ਸੀ ਅਤੇ ਔਰਤ ਵਿਰੋਧੀ ਜਨੂੰਨੀਆਂ ਨੇ ਉਸ ਨੂੰ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਵਰਜਿਆ ਸੀ। ਨਾਲ ਹੀ ਧਮਕੀ ਦਿਤੀ ਸੀ ਕਿ ਜੇ ਉਸ ਨੇ ਇਸ ਸ਼ੋਅ ਵਿਚ ਹਿੱਸਾ ਲਿਆ ਤਾਂ ਉਸ ਦੀ ਜਾਨ ਦੀ ਖੈਰ ਨਹੀਂ, ਪਰ 19 ਸਾਲਾ ਕਾਇਆ ਨੇ ਪਾਕਿਸਤਾਨੀ ਕੁੜੀ ਯੂਸਫਜ਼ਈ ਮਲਾਲਾ ਵਾਂਗ ਇਨ੍ਹਾਂ ਧਮਕੀਆਂ ਦੀ ਉਕਾ ਪਰਵਾਹ ਨਹੀਂ ਕੀਤੀ; ਸਗੋਂ ਐਲਾਨ ਕੀਤਾ ਕਿ ਉਹ 'ਸੇਸੀ ਕੌਕ ਗ਼ਜ਼ਲ' ਨਾਂ ਦੇ ਇਸ ਪ੍ਰੋਗਰਾਮ ਵਿਚ ਹਿੱਸਾ ਲੈਵੇਗੀ। ਯਾਦ ਰਹੇ, ਮਲਾਲਾ ਨੂੰ ਵੀ ਤਾਲਿਬਾਨ ਨੇ ਸਿਰ ਵਿਚ ਗੋਲੀ ਮਾਰੀ ਸੀ।


ਕਾਇਆ ਤੁਰਕੀ ਦੇ ਦਿਆਰਬਾਕਰ ਸੂਬੇ ਦੀ ਰਹਿਣ ਵਾਲੀ ਹੈ ਜਿਥੇ ਕੁਰਦ ਬਹੁਮਤ ਵਿਚ ਹਨ। ਸੂਬੇ ਵਿਚ ਭਾਵੇਂ ਔਰਤਾਂ ਦੀ ਆਜ਼ਾਦੀ ਲਈ ਤਕੜੀਆਂ ਲਹਿਰਾਂ ਚੱਲਦੀਆਂ ਰਹੀਆਂ ਹਨ ਪਰ ਸਮਾਜ ਦਾ ਇਕ ਹਿੱਸਾ ਅਜੇ ਵੀ ਰੂੜੀਵਾਦੀ ਹੈ। ਹੋਰ ਤਾਂ ਹੋਰ ਤੁਰਕੀ ਦੇ ਰਾਸ਼ਟਰਪਤੀ ਰਿਸਪ ਤਯਪ ਇਰਦੋਗਨ ਦਾ ਕਹਿਣਾ ਹੈ ਕਿ ਮਰਦ ਅਤੇ ਔਰਤਾਂ ਬਰਾਬਰ ਨਹੀਂ ਹਨ, ਬਲਕਿ ਇਹ ਇਕ-ਦੂਜੇ ਨਾਲ ਮਿਲ ਕੇ ਹੀ ਮੁਕੰਮਲ ਹੁੰਦੇ ਹਨ।


ਕਾਇਆ 'ਤੇ ਹਮਲੇ ਦੇ ਦੋਸ਼ ਵਿਚ ਉਸ ਦੇ ਸਾਬਕਾ ਪ੍ਰੇਮੀ 26 ਸਾਲਾ ਵੇਸਲ ਇਰਕਾਨ ਸਣੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਰਕਾਨ ਦਾ ਕਹਿਣਾ ਹੈ ਕਿ ਉਸ ਨੇ ਕਾਇਆ ਨੂੰ ਪ੍ਰੋਗਰਾਮ ਵਿਚ ਜਾਣ ਤੋਂ ਰੋਕਿਆ ਜ਼ਰੂਰ ਸੀ, ਪਰ ਹਮਲੇ ਵਿਚ ਉਸ ਦਾ ਹੱਥ ਨਹੀਂ ਹੈ। ਉਸ ਨੇ ਤਾਂ ਉਲਟਾ ਕਾਇਆ ਉਤੇ ਦੋਸ਼ ਲਗਾਇਆ ਕਿ ਉਸ ਨੂੰ ਮਿਲਣ ਤੋਂ ਬਾਅਦ ਉਹ ਦਾਰੂ ਅਤੇ ਤਮਾਕੂ ਪੀਣ ਲੱਗ ਪਿਆ ਹੈ। ਉਸ ਮੁਤਾਬਕ ਕਾਇਆ ਵੱਲੋਂ ਦਿੱਤੀਆਂ ਪ੍ਰੇਸ਼ਾਨੀਆਂ ਨੇ ਹੀ ਉਸ ਨੂੰ ਇਸ ਪਾਸੇ ਧੱਕਿਆ ਹੈ।

ਕਾਇਆ ਉਤੇ ਹਮਲੇ ਤੋਂ ਬਾਅਦ ਤੁਰਕੀ ਵਿਚ ਔਰਤਾਂ ਖਿਲਾਫ਼ ਹਿੰਸਾ ਵਿਰੁਧ ਰੋਹ ਅਤੇ ਰੋਸ ਵੱਡੇ ਪੱਧਰ ਉਤੇ ਫੈਲ ਗਿਆ। ਮੁਲਕ ਵਿਚ ਔਰਤਾਂ ਦੀ ਵੱਡੀ ਗਿਣਤੀ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਰਹੀ ਹੈ। ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) 'ਪਲੇਟਫਾਰਮ ਟੂ ਸਟੌਪ ਵਾਇਲੈਂਸ ਅਗੇਂਸਟ ਵਿਮੈਨ' ਦੀ ਰਿਪੋਰਟ ਅਨੁਸਾਰ 2014 ਵਿਚ 286 ਪਤੀਆਂ ਨੇ ਆਪਣੀਆਂ ਪਤਨੀਆਂ ਨੂੰ ਕਤਲ ਕੀਤਾ। 2015 ਵਿਚ ਹੁਣ ਤੱਕ ਅਜਿਹੀ ਘਰੇਲੂ ਹਿੰਸਾ ਵਿਚ 134 ਔਰਤਾਂ ਦੀ ਜਾਨ ਜਾ ਚੁੱਕੀ ਹੈ।

ਹੋਸ਼ ਵਿਚ ਆਈ ਕਾਇਆ ਨੇ ਦੱਸਿਆ ਕਿ ਜਦੋਂ ਉਹ ਸ਼ੋਅ ਵਿਚ ਸ਼ਾਮਲ ਹੋਣ ਵਾਲੇ ਆਪਣੇ ਫੈਸਲੇ ਤੋਂ ਟੱਸ ਤੋਂ ਮੱਸ ਨਹੀਂ ਹੋਈ ਤਾਂ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ। ਉਸ ਵੇਲੇ ਪ੍ਰਸਿੱਧ ਲੋਕ ਗਾਇਕ ਸਿਬਲ ਕਾਨ ਨੇ ਉਸ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਇਸ ਕੁੜੀ ਨੂੰ ਗਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ, ਇਸ ਦੀ ਆਵਾਜ਼ ਵਿਚ ਬੜਾ ਦਮ ਹੈ ਅਤੇ ਇਹ ਸੁਰਾਂ ਤੇ ਸੰਗੀਤ ਦੀ ਦੁਨੀਆਂ ਵਿਚ ਬਹੁਤ ਲੰਮਾ ਸਫ਼ਰ ਤੈਅ ਕਰ ਸਕਦੀ ਹੈ।









*ਹਸਪਤਾਲ ਵਿਚ ਦਾਖਲ ਤੁਰਕੀ ਦੀ ਗਾਇਕਾ ਕਾਇਆ ਜਿਸ ਦੇ ਲੰਮੇ ਰੇਸ਼ਮੀ ਵਾਲ ਵੀ ਤਸਵੀਰ ਵਿਚ ਦਿਖਾਈ ਦੇ ਰਹੇ ਹਨ। ਉਹਨੂੰ ਤਕਰੀਬਨ ਡੇਢ ਮਹੀਨੇ ਬਾਅਦ ਹੋਸ਼ ਆਇਆ ਹੈ। ਨਾਲ ਹਨ ਉਹਦੀਆਂ ਤਿੰਨ ਹੋਰ ਤਸਵੀਰਾਂ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜੁਲਾਈ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-176



*ਘਰ ਨੂੰ ਛੱਡੋ, ਪੂਰੇ ਪਿੰਡ ਵਿਚ ਮੇਰੀ ਕਦੇ ਸਰਦਾਰੀ ਸੀ।*
*ਟੱਬਰ ਭੱਜਾ ਆਉਂਦਾ ਸੀ, ਜਦ 'ਵਾਜ ਕਿਸੇ ਨੂੰ ਮਾਰੀ ਸੀ।*
*ਗੱਲਾਂ ਤੋਂ ਤਸਵੀਰਾਂ ਤੱਕ ਦਾ ਮੇਰਾ ਸਫਰ ਨਿਆਰਾ ਹੈ,*
*ਟੈਲੀਫੂਨ ਹਾਂ ਜੇਬ 'ਚ ਵੜ ਗਿਆਂ, ਨਹੀਂ ਮੇਰੇ ਬਿਨਾ ਗੁਜ਼ਾਰਾ ਹੈ।*

## ਕੈਪਸ਼ਨ ਮੁਕਾਬਲਾ-174



ਛੱਪੜਾਂ 'ਚ ਮੱਝਾਂ ਨਾਲ
ਲਾਉਂਦੇ ਰਹੇ ਆਂ ਤਾਰੀਆਂ।
ਤਾਂ ਵੀ ਸਾਡੇ ਨੇੜੇ
ਨਹੀਂ ਸੀ ਆਉਂਦੀਆਂ ਬੀਮਾਰੀਆਂ।
*-ਫਕੀਰ ਚੰਦ 'ਸੈਂਪਲਾ'*

---

ਕਾਲੀਆਂ, ਬੂਰੀਆਂ, ਕੁੰਢੀਆਂ, ਮੀਣੀਆਂ
ਕਰਕੇ ਕੱਠੀਆਂ ਟੋਭੇ ਪਾਵਾਂ।
ਫੜ ਕੇ ਪੂਛਾਂ, ਬੈਠ ਕੇ ਉਪਰ
ਖ਼ੂਬ ਤਾਰੀਆਂ ਲਾਵਾਂ।
*-ਜਗਮੀਤ ਸਿੰਘ ਪੰਧੇਰ*
*ਫੋਨ:91-98783-37222*

---

ਭਲੇ ਸਮੇਂ ਦੀ ਗੱਲ ਹੈ ਇਹੋ
ਜਦੋਂ ਸਫਾਈ ਦਾ ਨਹੀਂ ਸੀ ਬੋਲਬਾਲਾ।
ਕੁਦਰਤ ਦੇ ਨੇੜੇ ਰਹਿੰਦੇ ਸੀ
ਮੈਲ ਤੇ ਬੀਮਾਰੀਆਂ ਦਾ
ਫਿਕਰ ਨਹੀਂ ਸੀ ਵਾਹਲਾ।
ਮੱਝਾਂ-ਝੋਟਿਆਂ ਦੀਆਂ ਪੂਛਾਂ ਫੜ੍ਹ ਫੜ੍ਹ
ਖ਼ੂਬ ਤਾਰੀਆਂ ਲਾਉਂਦੇ ਸੀ।
ਧੋਬੀਆਂ ਛੱਪੜ 'ਚ ਕੱਪੜੇ ਧੋਣੇ
ਪਸ਼ੂਆਂ ਨੂੰ ਮਲ ਮਲ ਨੁਹਾਉਂਦੇ ਸੀ।
*-ਸੇਵਾ ਸਿੰਘ ਨੂਰਪੁਰੀ*

---

ਮੁਕੇਰੀਆਂ ਦੇ ਲਾਗੇ ਪਿੰਡ ਧਨੋਏ
ਸਾਡੇ ਮਾਮੇ ਸੀ।
ਪਹੁੰਚ ਉਥੇ ਛੁੱਟੀਆਂ 'ਚ
ਮਾਰੀਦੇ ਦਮਾਮੇ ਸੀ।
ਨਿੰਦ ਬਿੰਦ, ਰੂਸ਼ੀ ਭੂਸ਼ੀ ਨਾਲ
ਬਿਆਸ ਵਿਚ ਜਾਈਦਾ ਸੀ।
ਮੱਝਾਂ ਦੀਆਂ ਪੂਛਾਂ ਫੜ੍ਹ
ਬਿਆਸ ਵਿਚ ਨਹਾਈਦਾ ਸੀ।
ਮਿਲਿਆ ਨਹੀਂ ਕਦੇ ਕੋਈ
ਕੈਸਾ ਸਮਾਂ ਆ ਗਿਆ।
ਜਾਜਾ ਛੱਡ ਅਸੀਂ ਵੀ
ਅਮਰੀਕਾ ਡੇਰਾ ਲਾ ਲਿਆ।
*-ਰਾਮ ਕੁਮਾਰ ਐਸ਼ ਜਾਜਾ*

---

ਇਹ ਛੱਪੜ ਇਹ ਪਿੰਡਾਂ ਦੇ ਟੋਭੇ
ਜਿਥੇ ਨਹਾਵਣ ਮੱਝਾਂ।
ਅੰਤਾਂ ਦਾ ਗਾਰਾ ਇਥੇ
ਸੱਪ ਵੀ ਸਿਰੀਆਂ ਚੁੱਕਣ,
ਕੰਡਿਆਂ ਦੇ ਹੁੰਦੇ ਹਨ ਨਾਪੇ।
ਉਤੋਂ ਗਰਮੀ ਦਾ ਕਹਿਰ
ਤੜਫ ਗਈਆਂ ਇਹ ਮੱਝਾਂ।
ਘਨੇੜੀ ਚੜ੍ਹ ਬੈਠਾ ਬੱਚਾ ਅਲੂਆਂ
ਜਿਵੇਂ ਜਾਂਦੀ ਬੱਘੀ ਲਾਵੇ ਤੁਣਕਾ।
ਮੱਝਾਂ ਨੂੰ ਇੰਨਾ ਸਕੂਨ ਮਿਲਿਆ
ਇਸੇ ਢਾਬ 'ਚ ਜਾ ਕੇ।
ਨਹੀਂ ਭਾਂਪਦੇ ਕੀ ਹੋ ਸਕਦਾ ਅੱਗੇ
ਬਹਿ ਗਈ ਜੇ ਪਾਣੀ 'ਚ ਭੂਸਰੀ ਮੱਝ
ਮਸਲਿਆ ਜਾ ਸਕਦਾ ਬੱਚਾ ਥੱਲੇ।
*-ਦਰਸ਼ਨ ਪਾਲ ਦੋਸਾਂਝ*


"Healthy Body & Healthy Mind"
Sikh Sports Association of USA proud to announce
9th Annual Games
Free Parking
SIKH SPORTS ASSOCIATION OF U.S.A.
Free Entrance
• July 25-26, 2015 • Saturday & Sunday
Location :James Logan High School, Union City
(1800 H St, Union City, CA 94587)
Grand Sponsors
Harbans Ahluwalia
Inder Dosanjh
Jag Kapoor
Lachman Mangat
Charnjeet Bath
Ravinder Singh
Alok Bhatia
Dr.Jasvir Gill
Jasbir Thadi
Diamond Sponsors
Billy Bath
Charanjeet Uppal
Amolak Gakhal
Kuldeep Sidhu
Sardool Samra
Jay Kailey
Avtar Heerey
Amritpaul Tiwana
Navdeep Grewal
Dalwinder Dhoot
Narinder Sahota
Late Sawinder S. Kahlon
Paul Sihota
Pritam Grewal
Raj Mangat
Bhagdeep Dhaliwal
Dr. J. Nat
Jaswinder Gill
Manraj Natt
Platinum Sponsors
Avtar Gill,
Nijjar Bros,
Jaswant Sra
Balwinder Brar,
Lakhwinder Brar
Dr Hardev Mangat
Att. Jaspreet Singh
Iqbal Gakhal
Sam Chatha
Captain Aukakh
Gary Singh
Davinder Chana
Avtar Dhami
B. Mangat
Avtar Tari
Kashmir Dhugga
Iqbal Hundal
Surjit Mothi
Lakhbir Singh
Amarjit Sidhu
Sudesh Atwal
Sukhdev Bainiwal
Harjinder Johal
Dr.SS Gill
Manjit Sandhu
Inderjit Thind
Darshan Aujla
Mehnga Singh
Basketball
Rana Kahlon
510.378.8560
Kabaddi
Kulwant Nijjar
510.299.0224
Kabaddi
Gurdawar Mann
510.468.9381
Track N Field
Puran Singh
510.731.8531
Flag Football
Raaj Raman
209.679.8326
Tennis
Lachman Mangat
510.589.6637
Field Hockey
Bhupinder Parmar
510.305.8351
Soccer
Davinder Singh
510.552.1572
Volleyball
Kuldeep Sidhu
925.890.4550
Register your team at www.sikhsports.com | Catering : Moonlight Indian Cuisine , Hayward
Sikh Sports Association is 501 3(c) non profit Organization | General Information 1.866.499.0032

# ਆਰਥਿਕ ਸੰਕਟ ਨੇ ਲੋਕ ਭਲਾਈ ਸਕੀਮਾਂ ਦਾ ਦਮ ਕੱਢਿਆ

**ਚੰਡੀਗੜ੍ਹ:** ਆਰਥਿਕ ਸੰਕਟ ਕਾਰਨ ਪੰਜਾਬ ਵਿਚ ਲੋਕ ਭਲਾਈ ਸਕੀਮਾਂ ਠੱਪ ਹੋਣ ਕੰਢੇ ਪੁੱਜ ਗਈਆਂ ਨ। ਸਰਕਾਰੀ ਹਸਪਤਾਲਾਂ ਵਿਚ ਜਣੇਪੇ ਕਰਵਾਉਣ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਤੇ ਔਰਤਾਂ ਦੀ ਸਿਹਤ ਸੁਰੱਖਿਆ ਨੂੰ ਲੈ ਕੇ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮਾਤਾ ਕੁਸ਼ੱਲਿਆ ਯੋਜਨਾ 10 ਮਹੀਨਿਆਂ ਤੋਂ ਵਿਭਾਗ ਕੋਲ ਫ਼ੰਡ ਨਾ ਹੋਣ ਕਾਰਨ ਠੱਪ ਪਈ ਹੋਈ ਹੈ। ਇਸ ਯੋਜਨਾ ਤਹਿਤ ਇਕ ਹਜ਼ਾਰ ਰੁਪਏ ਦਾ ਚੈੱਕ ਸਰਕਾਰੀ ਹਸਪਤਾਲ ਵਿਚ ਜਣੇਪਾ ਹੋਣ ਬਾਅਦ ਔਰਤ ਤੇ ਉਸ ਦੇ ਬੱਚੇ ਨੂੰ ਪੌਸ਼ਟਿਕ ਆਹਾਰ ਦੀ ਪੂਰਤੀ ਲਈ ਦਿੱਤਾ ਜਾਂਦਾ ਹੈ ਪਰ ਵਿਭਾਗ ਕੋਲ ਫ਼ੰਡ ਨਾ ਹੋਣ ਕਾਰਨ ਸਰਕਾਰ ਦੀ ਇਹ ਯੋਜਨਾ ਅਗਸਤ 2014 ਤੋਂ ਠੱਪ ਪਈ ਹੋਈ ਹੈ। 31 ਮਾਰਚ 2014 ਤੋਂ ਬਾਅਦ ਪੰਜਾਬ ਦੇ ਹਸਪਤਾਲਾਂ ਵਿਚ ਇਸ ਯੋਜਨਾ ਤਹਿਤ ਕੋਈ ਫ਼ੰਡ ਨਹੀਂ ਪਹੁੰਚੇ। ਅਬੋਹਰ ਦੇ ਸਰਕਾਰੀ ਹਸਪਤਾਲ ਵਿਚ 10 ਮਹੀਨਿਆਂ ਦੌਰਾਨ 3817 ਜਣੇਪੇ ਹੋਏ ਹਨ ਜਿਨ੍ਹਾਂ ਦਾ ਪੈਸਾ ਇਸ ਯੋਜਨਾ ਤਹਿਤ ਬਕਾਇਆ ਪਿਆ ਹੋਇਆ ਹੈ ਜਦੋਂ ਕਿ ਕੇਂਦਰ ਸਰਕਾਰ ਦੀ ਜਨਨੀ ਸੁਰੱਖਿਆ ਯੋਜਨਾ ਤਹਿਤ ਆਰਥਿਕ ਸਹਾਇਤਾ ਮਿਲ ਰਹੀ ਹੈ। ਪਰਿਵਾਰ ਭਲਾਈ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਹਰਿੰਦਰ ਕੌਰ ਨੇ ਮੰਨਿਆ ਕਿ ਫ਼ੰਡ ਨਾ ਹੋਣ ਕਾਰਨ ਇਹ ਯੋਜਨਾ ਅਗਸਤ 2014 ਤੋਂ ਬੰਦ ਪਈ ਹੈ।



ਇਸ ਤੋਂ ਇਲਾਵਾ ਸੂਬੇ ਵਿਚ ਸ਼ਗਨ ਸਕੀਮ ਦਾ ਪੈਸਾ ਲੈਣ ਲਈ ਲੋੜਵੰਦ ਸਰਕਾਰੀ ਦਫਤਰਾਂ ਦੇ ਚੱਕਰ ਕੱਢਦੇ ਥੱਕ ਗਏ ਹਨ। ਸ਼ਗਨ ਸਕੀਮਾਂ ਤਹਿਤ ਪਹਿਲਾਂ ਹਰ ਮਹੀਨੇ ਰਕਮ ਜਾਰੀ ਹੋ ਰਹੀ ਸੀ ਪਰ ਹੁਣ ਮਾਲੀ ਅੜਚਨ ਖੜ੍ਹੀ ਹੋ ਗਈ ਹੈ। ਬੁਢਾਪਾ ਪੈਨਸ਼ਨ ਲੈਣ ਲਈ ਬਜ਼ੁਰਗਾਂ ਨੂੰ ਵਿਭਾਗ ਦੇ ਹਾੜੇ ਕੱਢਣੇ ਪੈ ਰਹੇ ਹਨ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਤਕਰੀਬਨ 20 ਲੱਖ ਬਜ਼ੁਰਗਾਂ, ਬੇਸਹਾਰਿਆਂ ਤੇ ਵਿਧਵਾਵਾਂ ਨੂੰ ਸਮਾਜਿਕ ਸੁਰੱਖਿਆ ਸਕੀਮਾਂ ਤਹਿਤ 250 ਰੁਪਏ ਮਹੀਨਾ ਪੈਨਸ਼ਨ ਦਿੱਤੇ ਜਾ ਰਹੀ ਹੈ ਪਰ ਹਾਈਕੋਰਟ ਦੇ ਹੁਕਮਾਂ ਦੇ ਬਾਵਜੂਦ ਇਹ ਮਾਮੂਲੀ ਪੈਨਸ਼ਨ ਵੀ ਸਮੇਂ ਸਿਰ ਨਹੀਂ ਦਿੱਤੀ ਜਾਂਦੀ। ਇਸ ਤੋਂ ਇਲਾਵਾ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੇ ਇਨ੍ਹਾਂ ਲੋੜਵੰਦਾਂ ਦੀ ਪੈਨਸ਼ਨ 250 ਤੋਂ 500 ਕਰਨ ਦਾ ਵਾਅਦਾ ਕੀਤਾ ਸੀ ਜੋ ਅਜੇ ਪੂਰਾ ਨਹੀਂ ਕੀਤਾ ਗਿਆ। ਪੰਜਾਬ ਵਿਚ ਹਰ ਵਰ੍ਹੇ ਬੁਢਾਪਾ ਪੈਨਸ਼ਨ ਲੈਣ ਵਾਲੇ ਔਸਤਨ 25 ਹਜ਼ਾਰ ਬਜ਼ੁਰਗਾਂ ਦੀ ਮੌਤ ਹੋ ਜਾਂਦੀ ਹੈ। ਮ੍ਰਿਤਕ ਬਜ਼ੁਰਗਾਂ ਦੀ ਪੈਨਸ਼ਨ ਮੁੜ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾ ਹੋ ਗਈ ਹੈ। ਬਠਿੰਡਾ ਜ਼ਿਲ੍ਹਾ ਇਸ ਮਾਮਲੇ ਵਿਚ ਪੰਜਾਬ ਭਰ ਵਿਚੋਂ ਅੱਗੇ ਹੈ ਜਿਥੋਂ ਦੇ 23069 ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਲੈਣੀ ਨਸੀਬ ਨਾ ਹੋ ਸਕੀ।

ਪੰਜਾਬ ਸਰਕਾਰ ਵੱਲੋਂ ਕਦੇ ਵੀ ਬੁਢਾਪਾ ਪੈਨਸ਼ਨ ਨਿਰੰਤਰ ਨਹੀਂ ਦਿੱਤੀ ਗਈ ਹੈ। ਬਹੁਤੇ ਮ੍ਰਿਤਕ ਬਜ਼ੁਰਗਾਂ ਦੀ ਪੈਨਸ਼ਨ ਦਾ ਹਿਸਾਬ ਕਿਤਾਬ ਵੀ ਨਹੀਂ ਦਿੱਤਾ ਗਿਆ ਹੈ। ਸਾਲ 2007-08 ਤੋਂ ਦਸੰਬਰ 2014 ਤੱਕ ਪੰਜਾਬ ਵਿਚ ਬੁਢਾਪਾ ਪੈਨਸ਼ਨ ਲੈ ਰਹੇ 1.76 ਲੱਖ ਬਜ਼ੁਰਗਾਂ ਦੀ ਮੌਤ ਹੋ ਚੁੱਕੀ ਹੈ। ਭਾਵੇਂ ਇਨ੍ਹਾਂ ਬਜ਼ੁਰਗਾਂ ਦੀ ਮੌਤ ਵਿਚ ਬੁਢਾਪਾ ਪੈਨਸ਼ਨ ਦੀ ਕੋਈ ਭੂਮਿਕਾ ਨਹੀਂ ਪਰ ਇਨ੍ਹਾਂ ਬਜ਼ੁਰਗਾਂ ਨੂੰ ਸਰਕਾਰ ਨੇ ਕਦੇ ਵੀ ਦਾਈ ਸੌ ਰੁਪਏ ਸਰਕਾਰ ਨੇ ਸਮੇਂ ਸਿਰ ਨਹੀਂ ਘੱਲੇ ਸਨ। ਪੰਜਾਬ ਸਰਕਾਰ ਨੇ ਅੱਧੀ ਛੁੱਟੀ ਵੇਲੇ ਸਕੂਲਾਂ ਵਿਚ ਵਰਤਾਏ ਜਾਂਦੇ ਦੁਪਹਿਰ ਦੇ ਭੋਜਨ (ਮਿਡ-ਡੇਅ-ਮੀਲ) ਤੇ ਆਂਗਣਵਾੜੀ ਸੈਂਟਰਾਂ ਵਿਚ ਆਉਣ ਵਾਲੇ ਬੱਚਿਆਂ ਨੂੰ ਰਾਸ਼ਨ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ।

ਪਿਛਲੇ ਕਈ ਮਹੀਨਿਆਂ ਤੋਂ ਇਨ੍ਹਾਂ ਸਕੀਮਾਂ ਨੂੰ ਜਾਰੀ ਰੱਖਣ ਲਈ ਇਕ ਪੈਸਾ ਵੀ ਜਾਰੀ ਨਹੀਂ ਹੋਇਆ। ਫੰਡ ਜਾਰੀ ਨਾ ਹੋਣ ਕਾਰਨ ਸਕੂਲਾਂ ਵਿਚਲੇ ਚੁੱਲ੍ਹੇ ਠੰਢੇ ਹੋਣ ਕੰਢੇ ਹਨ। ਮਿਲੇ ਵੇਰਵਿਆਂ ਮੁਤਾਬਕ ਇਸ ਵੇਲੇ ਲਗਾਤਾਰ ਮਿਡ-ਡੇਅ ਮੀਲ ਸਕੀਮ ਨੂੰ ਜਾਰੀ ਰੱਖਣ ਲਈ ਹਰ ਸਕੂਲ 25 ਤੋਂ ਲੈ ਕੇ 50 ਹਜ਼ਾਰ ਦਾ ਕਰਜ਼ਈ ਹੋ ਗਿਆ ਹੈ। ਜਿਹੜੇ ਸਕੂਲਾਂ ਵੱਲ ਜ਼ਿਆਦਾ ਉਧਾਰ ਖੜੀ ਹੈ, ਉਨ੍ਹਾਂ ਮਾਮਲੇ ਬਾਰੇ ਸਿੱਖਿਆ ਅਧਿਕਾਰੀਆਂ ਰਾਹੀਂ ਇਕ ਵਿਸ਼ੇਸ਼ ਰਿਪੋਰਟ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਜ ਦਿੱਤੀ ਹੈ।

ਪੰਜਾਬ ਵਿਚ ਤਕਰੀਬਨ 1.42 ਕਰੋੜ ਲੋਕਾਂ ਨੂੰ ਆਟਾ-ਦਾਲ ਸਕੀਮ ਦਾ ਲਾਭ ਮਿਲ ਰਿਹਾ ਹੈ। ਇਨ੍ਹਾਂ ਵਿਚੋਂ ਤਕਰੀਬਨ 70 ਲੱਖ ਲੋਕ 'ਮੁੜ ਤਸਦੀਕ ਪ੍ਰਕਿਰਿਆ' ਦੌਰਾਨ ਪਛਾਣ ਲਈ ਸਾਹਮਣੇ ਆਏ ਹਨ। ਪਤਾ ਲੱਗਿਆ ਹੈ ਕਿ ਇਸ ਸਕੀਮ ਦਾ ਲਾਹਾ ਲੈਣ ਵਾਲੇ ਵੱਡੀ ਗਿਣਤੀ ਲੋਕ ਸ਼ਨਾਖਤ ਲਈ ਸਾਹਮਣੇ ਹੀ ਨਹੀਂ ਆਏ। ਪੰਜਾਬ ਦੀ ਕੁੱਲ 2.77 ਕਰੋੜ ਆਬਾਦੀ ਵਿਚ 93 ਫੀਸਦੀ ਲੋਕਾਂ ਨੂੰ ਆਧਾਰ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ।

### ਲੋਕਾਂ ਦੇ ਭੋਲੇਪਣ ਦਾ ਫਾਇਦਾ ਚੁੱਕ ਜਾਂਦੀ ਹੈ ਅਫਸਰਸ਼ਾਹੀ

**ਚੰਡੀਗੜ੍ਹ:** ਸਮਾਜ ਭਲਾਈ ਦੀ ਯੋਜਨਾਵਾਂ ਪ੍ਰਤੀ ਲੋਕਾਂ ਦੀ ਅਣਜਾਣਤਾ ਦਾ ਫਾਇਦਾ ਅਫਸਰਸ਼ਾਹੀ ਚੁੱਕ ਜਾਂਦੀ ਹੈ ਜਿਸ ਕਾਰਨ ਅਰਬਾਂ ਰੁਪਏ ਦੇ ਫ਼ੰਡਾਂ ਦਾ ਮੋਟਾ ਹਿੱਸਾ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਜਾਂਦਾ ਹੈ। ਏ.ਐਨ.ਐਮ. ਨੇ ਗਰਭ ਦੇ ਨੌਂ ਮਹੀਨਿਆਂ ਦੇ ਸਮਾਂ ਕਾਲ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਹਰ ਤਿੰਨ ਮਹੀਨਿਆਂ ਦੇ ਸਮਾਂ ਕਾਲ ਵਿਚ ਔਰਤ ਦਾ ਐੱਚ.ਬੀ., ਬਲੱਡ ਪ੍ਰੈਸ਼ਰ, ਸਰੀਰ ਦਾ ਭਾਰ, ਪਿਸ਼ਾਬ ਆਦਿ ਦਾ ਚੈੱਕਅਪ ਕਰਨਾ ਹੁੰਦਾ ਹੈ। ਇਸ ਲਈ ਭਾਰਤ ਸਰਕਾਰ ਨੇ ਸੂਬੇ ਵਿਚ 26652 ਆਂਗਣਵਾੜੀ ਕੇਂਦਰ ਸਥਾਪਤ ਕੀਤੇ ਹੋਏ ਹਨ ਜਿਨ੍ਹਾਂ ਕੇਂਦਰਾਂ ਦੇ ਰੱਖ-ਰਖਾਵ ਤੇ ਹਰ ਸਾਲ 270 ਕਰੋੜ ਰੁਪਏ ਖ਼ਰਚ ਆ ਰਹੇ ਹਨ ਤੇ ਇਥੋ ਗਰਭਵਤੀ ਔਰਤਾਂ ਲਈ ਹੀ ਹਰ ਵਰ੍ਹੇ ਤਕਰੀਬਨ 28 ਕਰੋੜ ਰੁਪਏ ਦੀ ਪੌਸ਼ਟਿਕ ਖੁਰਾਕ ਪਹੁੰਚ ਰਹੀ ਹੈ ਪਰ ਜ਼ਿਆਦਾਤਰ ਲੋਕ ਜਾਗਰੂਕਤਾ ਦੀ ਘਾਟ ਕਾਰਨ ਇਨ੍ਹਾਂ ਸਕੀਮਾਂ ਦਾ ਲਾਭ ਨਹੀਂ ਲੈ ਰਹੇ ਤੇ ਇਹ ਪੈਸਾ ਸਬੰਧਤ ਅਧਿਕਾਰੀਆਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ।

## ਸਿਮਰਤ ਧਾਲੀਵਾਲ ਨੂੰ ਮਿਲਿਆ ਯੁਵਾ ਸਾਹਿਤ ਪੁਰਸਕਾਰ

**ਨਵੀਂ ਦਿੱਲੀ:** ਭਾਰਤੀ ਸਾਹਿਤ ਅਕਾਦਮੀ ਵੱਲੋਂ ਯੁਵਾ ਸਾਹਿਤ ਪੁਰਸਕਾਰਾਂ ਲਈ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬੀ ਕਹਾਣੀਕਾਰ ਸਿਮਰਤ ਧਾਲੀਵਾਲ ਨੂੰ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਆਸ ਅਜੇ ਬਾਕੀ ਹੈ', ਲਈ ਇਹ ਪੁਰਸਕਾਰ ਦਿੱਤਾ ਜਾਵੇਗਾ।



ਇਸ ਵਿਚ 50 ਹਜ਼ਾਰ ਰੁਪਏ, ਪ੍ਰਸੰਸਾ ਪੱਤਰ ਤੇ ਸਨਮਾਨ ਚਿੰਨ੍ਹ ਸ਼ਾਮਲ ਹਨ। 2015 ਦੇ ਇਨ੍ਹਾਂ ਇਨਾਮਾਂ ਵਿਚ ਕਸ਼ਮੀਰੀ ਭਾਸ਼ਾ ਦੀ ਕਿਸੇ ਕਿਤਾਬ ਦੀ ਚੋਣ ਨਹੀਂ ਕੀਤੀ ਗਈ। ਬਾਲ ਸਾਹਿਤ ਲਈ ਇਸ ਵਾਰ ਦਾ ਪੁਰਸਕਾਰ ਸੁਖਦੇਵ ਮਾਦਪੁਰੀ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ ਜਿਸ ਵਿਚ ਲੇਖਕ ਨੂੰ 50 ਹਜ਼ਾਰ ਰੁਪਏ, ਪ੍ਰਸ਼ੰਸਾ ਪੱਤਰ ਤੇ ਸਨਮਾਨ ਚਿੰਨ੍ਹ ਦਿੱਤਾ ਜਾਵੇਗਾ। ਸ੍ਰੀ ਮਾਦਪੁਰੀ ਲੰਬੇ ਸਮੇਂ ਤੋਂ ਪੰਜਾਬੀ ਬਾਲ ਸਾਹਿਤ ਵਿਚ ਯੋਗਦਾਨ ਪਾਉਂਦੇ ਆ ਰਹੇ ਹਨ। ਇਹ ਇਨਾਮ 35 ਸਾਲ ਤੋਂ ਘੱਟ ਉਮਰ ਦੇ ਲੇਖਕਾਂ ਨੂੰ ਦਿੱਤੇ ਜਾਂਦੇ ਹਨ। ਇਸ ਵਾਰ ਕਵਿਤਾ ਦੀਆਂ 13 ਕਿਤਾਬਾਂ, ਤਿੰਨ ਨਾਵਲ ਤੇ ਕਹਾਣੀਆਂ ਦੇ ਛੇ ਸੰਗ੍ਰਹਿ ਯੁਵਾ ਇਨਾਮ ਲਈ ਚੁਣੇ ਗਏ ਹਨ।

## ਜ਼ਮੀਨ 'ਚ ਜ਼ਹਿਰ ਘੋਲ ਰਹੀਆਂ ਨੇ ਕੀਟਨਾਸ਼ਕਾਂ

**ਬਟਾਲਾ:** ਪੰਜਾਬ ਵਿਚ ਵਾਹੀਯੋਗ ਜ਼ਮੀਨ ਵਿਚ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਖ਼ਤਰਨਾਕ ਹੱਦ ਤੱਕ ਪਹੁੰਚ ਗਈ ਹੈ। ਪਿਛਲੇ ਇਕ ਦਹਾਕੇ ਤੋਂ ਕਿਸਾਨਾਂ ਵਿਚ ਦਵਾਈਆਂ-ਖਾਦਾਂ ਦੀ ਵਧੇਰੇ ਵਰਤੋਂ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ, ਜਿਥੇ ਇਨ੍ਹਾਂ ਦੀ ਵਧੇਰੇ ਵਰਤੋਂ ਨਾਲ ਖੇਤੀ ਖਰਚਿਆਂ ਵਿਚ ਵਾਧਾ ਹੋਇਆ ਹੈ, ਉਥੇ ਧਰਤੀ ਹੇਠਲਾ ਪਾਣੀ, ਮਿੱਟੀ, ਹਵਾ ਤੇ ਖਾਣ ਲਈ ਉਗਾਇਆ ਅਨਾਜ ਵੀ ਜ਼ਹਿਰੀਲਾ ਹੋਇਆ ਹੈ। ਆਰ.ਟੀ.ਆਈ. ਐਕਟ ਤਹਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੁਖੀ ਕੀਟ ਵਿਗਿਆਨ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸੂਬੇ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਕੀਟਨਾਸ਼ਕਾਂ ਦੀ 12113 ਮੀਟਰਿਕ ਟਨ ਵਰਤੋਂ ਕੀਤੀ ਗਈ।




ਜੇਕਰ ਇਸ ਦੀ ਸਾਲਾਨਾ ਖਪਤ ਦੀ ਗੱਲ ਕਰੀਏ ਤਾਂ ਸਾਲ 2010-11 ਵਿਚ 2627 ਮੀਟਰਿਕ ਟਨ, 2011-12 ਵਿਚ 2340, 2012-13 ਵਿਚ 2390, 2013-14 ਵਿਚ 2389 ਤੇ 2014-15 ਵਿਚ 2367 ਮੀਟਰਿਕ ਟਨ ਕੀਟਨਾਸ਼ਕਾਂ ਦੀ ਵਰਤੋਂ ਹੋਈ। ਪੰਜਾਬ ਕੀਟਨਾਸ਼ਕਾਂ ਦੀ ਵਰਤੋਂ ਦੇ ਮਾਮਲੇ ਵਿਚ ਦੇਸ਼ ਭਰ ਵਿਚੋਂ ਚੌਥੇ ਸਥਾਨ ਉਤੇ ਹੈ ਤੇ ਕੀਟਨਾਸ਼ਟਕਾਂ ਦੀ ਰਾਸ਼ਟਰੀ ਔਸਤ 0.6 ਕਿਲੋ ਪ੍ਰਤੀ ਹੈਕਟੇਅਰ ਹੈ। ਵਿਭਾਗ ਨੇ ਆਪਣੀ ਜਾਣਕਾਰੀ ਵਿਚ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਫਸਲਾਂ ਤੇ ਸਬਜ਼ੀਆਂ ਦੇ ਕੀੜਿਆਂ ਦੀ ਰੋਕਥਾਮ ਲਈ ਆਰਥਿਕ ਕਗਾਰ ਦੇ ਅਧਾਰ ਉਤੇ ਆਈ.ਪੀ.ਐਮ. ਬਾਰੇ ਜਾਣਕਾਰੀ ਦਿੱਤੀ ਹੈ।

ਵੱਖ-ਵੱਖ ਫਸਲਾਂ ਉਤੇ ਕੀੜੇ-ਮਕੌੜਿਆਂ ਦੀ ਰੋਕਥਾਮ ਲਈ ਕੀਟਨਾਸ਼ਕ ਜ਼ਹਿਰਾਂ ਦੇ ਨਾਂ ਤੇ ਮਾਤਰਾ ਦੀ ਸਿਫਾਰਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਕੀਤੀ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਇੰਟਰਨੈਟ ਉਤੇ ਇਸ ਵਿਭਾਗ ਨਾਲ ਸਬੰਧਤ ਖੋਜ ਦੱਸਦੀ ਹੈ ਕਿ ਇਹ ਦਵਾਈਆਂ ਸਿਰਫ ਇਕ ਫ਼ੀਸਦੀ ਹੀ ਚੰਗਾ ਅਸਰ ਪਾਉਂਦੀਆਂ ਹਨ, ਜਦਕਿ 99 ਫ਼ੀਸਦੀ ਦਵਾਈਆਂ ਦਾ ਖਾਣ-ਪੀਣ ਵਾਲੀਆਂ ਵਸਤੂਆਂ, ਮਿੱਟੀ, ਹਵਾ ਉਤੇ ਬੁਰਾ ਪ੍ਰਭਾਵ ਪੈਂਦਾ ਹੈ। ਹੁਣ ਤੱਕ ਦੇ 37 ਫ਼ੀਸਦੀ ਦੁੱਧ ਦੇ ਨਮੂਨੇ ਡੀ.ਡੀ.ਟੀ. ਤੋਂ ਦੂਸ਼ਿਤ ਪਾਏ ਗਏ ਹਨ। ਪੰਜਾਬ ਵਿਚ ਖਾਦਾਂ ਤੇ ਨਦੀਨਨਾਸ਼ਕਾਂ ਦੀ ਵਰਤੋਂ ਸਬੰਧੀ ਕੋਈ ਢੁਕਵਾਂ ਨਿਯਮ ਤੇ ਕਾਨੂੰਨ ਨਹੀਂ ਹੈ ਤੇ ਵਿਭਾਗ ਸਿਰਫ ਸਿਫਾਰਸ਼ਾਂ ਕਰਕੇ ਹੀ ਬੁੱਤਾ ਸਾਰ ਰਿਹਾ ਹੈ।

ਪੰਜਾਬ ਵਿਚ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਫਸਲ ਦਾ ਝਾੜ ਵਧਾਉਣ ਲਈ ਕੀਤੀ ਜਾਂਦੀ ਹੈ ਤੇ ਇਹ ਰੁਝਾਨ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਵਧਦਾ ਜਾ ਰਿਹਾ ਹੈ। ਕਿਸਾਨਾਂ ਵਿਚ ਜਾਗਰੂਕਤਾ ਦੀ ਘਾਟ ਇਸ ਸਮੱਸਿਆ ਵਿਚ ਲਗਾਤਾਰ ਵਾਧਾ ਕਰ ਰਹੀ ਹੈ।

## ਟਾਈਟਲਰ ਖਿਲਾਫ ਦਰਜ ਹੀ ਨਹੀਂ ਹੋਇਆ ਨਵਾਂ ਮਾਮਲਾ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਕਲੀਨ ਚਿੱਟ ਲੈ ਚੁੱਕੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਗਵਾਹ ਨੂੰ ਪ੍ਰਭਾਵਿਤ ਕਰਨ ਤੇ ਹਵਾਲੇ ਦੇ ਦੋਸ਼ਾਂ ਬਾਰੇ ਸੀ.ਬੀ.ਆਈ ਨੇ ਕੋਈ ਨਵਾਂ ਮਾਮਲਾ ਦਰਜ ਨਹੀਂ ਕੀਤਾ। ਇਹ ਖੁਲਾਸਾ ਸੀ.ਬੀ.ਆਈ. ਨੇ ਦਿੱਲੀ ਦੀ ਇਕ ਅਦਾਲਤ ਅੱਗੇ ਕੀਤਾ ਹੈ। ਇਸ ਨਵੇਂ ਖੁਲਾਸੇ ਤਹਿਤ ਦੋਸ਼ ਲਾਏ ਗਏ ਹਨ ਕਿ ਟਾਈਟਲਰ ਨੇ ਗਵਾਹ ਸੁਰਿੰਦਰ ਸਿੰਘ ਨੂੰ ਪੈਸੇ ਨਾਲ ਪ੍ਰਭਾਵਿਤ ਕੀਤਾ ਤੇ ਹਵਾਲਾ ਕਾਰੋਬਾਰ ਰਾਹੀਂ ਗ਼ਲਤ ਤਰੀਕੇ ਨਾਲ ਧਨ ਵਿਦੇਸ਼ ਭੇਜਿਆ ਸੀ। ਇਹ ਮਾਮਲਾ ਪੁੱਲ ਬੰਗਸ਼ ਦੇ ਗੁਰਦੁਆਰੇ ਨੂੰ ਸਾੜਨ ਨਾਲ ਸਬੰਧਤ ਹੈ ਜਿਥੇ ਬਾਦਲ ਸਿੰਘ, ਗੁਰਚਰਨ ਸਿੰਘ ਤੇ ਠਾਕੁਰ ਸਿੰਘ ਮਾਰੇ ਗਏ ਸਨ। ਸੁਰਿੰਦਰ ਸਿੰਘ ਹੈੱਡ ਗ੍ਰੰਥੀ ਨੇ ਪਹਿਲਾਂ ਗਵਾਹੀ ਦਿੱਤੀ ਸੀ ਕਿ ਗੁਰਦੁਆਰੇ ਉਪਰ ਹਮਲਾ ਕਰਨ ਵਾਲੀ ਭੀੜ ਦੀ ਅਗਵਾਈ ਜਗਦੀਸ਼ ਟਾਈਟਲਰ ਕਰ ਰਿਹਾ ਸੀ ਪਰ ਫਿਰ ਉਹ ਗਵਾਹੀ ਬਦਲ ਗਿਆ ਸੀ।



ਅਦਾਲਤ ਵੱਲੋਂ ਸੀ.ਬੀ.ਆਈ. ਤੋਂ ਪੁੱਛਿਆ ਗਿਆ ਕੀ ਉਸ ਨੇ ਝੂਠੀ ਗਵਾਹੀ ਲਈ ਧਾਰਾ 193 ਤੇ ਝੂਠੀ ਗਵਾਹੀ ਦੇਣ ਲਈ ਧਮਕਾਉਣ ਲਈ ਧਾਰਾ 195ਏ ਅਤੇ ਗਲਤ ਤਰੀਕੇ ਨਾਲ ਧਨ ਵਿਦੇਸ਼ ਭੇਜਣ ਲਈ ਹਵਾਲਾ ਐਕਟ ਤਹਿਤ ਟਾਈਟਲਰ ਵਿਰੁੱਧ ਨਵਾਂ ਮਾਮਲਾ ਦਰਜ ਕੀਤਾ ਹੈ? ਇਸ ਦੇ ਜਵਾਬ ਵਿਚ ਸੀ.ਬੀ.ਆਈ. ਨੇ ਕਿਹਾ ਕਿ ਉਸ ਨੇ ਇਸ ਕਾਂਗਰਸੀ ਆਗੂ ਵਿਰੁੱਧ ਹੋਰ ਕੋਈ ਮਾਮਲਾ ਦਰਜ ਨਹੀਂ ਕੀਤਾ। ਕੜਕੜਡੂਮਾ ਅਦਾਲਤ ਦੇ ਵਧੀਕ ਚੀਫ਼ ਮੈਟਰੋਪੋਲਿਟਨ ਮੈਜਿਸਟਰੇਟ ਸੌਰਭ ਪ੍ਰਤਾਪ ਸਿੰਘ ਲੌਤਰ ਨੇ ਏਜੰਸੀ ਦਾ ਇਹ ਪੱਖ ਪੀੜਤ ਧਿਰ ਵੱਲੋਂ ਦਿੱਤੀ ਗਈ ਅਰਜ਼ੀ ਉਤੇ ਸੁਣਿਆ। ਪੀੜਤ ਧਿਰ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਵੱਲੋਂ ਵਕੀਲ ਐਚ.ਐਸ. ਫੂਲਕਾ ਨੇ ਨਵੀਂ ਅਰਜ਼ੀ ਦੇ ਕੇ ਜਿਰਹਾ ਕੀਤੀ ਕਿ ਟਾਈਟਲਰ ਵਿਰੁੱਧ ਇਹ ਨਵਾਂ ਕੇਸ ਬਣਦਾ ਹੈ ਕਿਉਂਕਿ ਇਹ ਗਵਾਹ ਨੂੰ ਧਮਕਾਉਣ ਤੇ ਹਵਾਲਾ ਕਾਰੋਬਾਰ ਨਾਲ ਜੁੜੇ ਹੋਣ ਦਾ ਮਾਮਲਾ ਹੈ। ਇਸ ਲਈ ਧਾਰਾ 193 ਤੇ 195ਏ ਤਹਿਤ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਹੁਣ ਸ. ਫੂਲਕਾ ਨੇ ਅਦਾਲਤ ਤੋਂ ਵਿਰੋਧ ਅਪੀਲ ਦਾਖ਼ਲ ਕਰਨ ਲਈ ਚਾਰ ਹਫ਼ਤੇ ਦਾ ਸਮਾਂ ਮੰਗਿਆ ਹੈ।

ਪਿਛਲੀ ਸੁਣਵਾਈ ਦੌਰਾਨ ਅਦਾਲਤ ਵਿਚ ਹਵਾਲਾ ਕਾਰੋਬਾਰ ਤੇ ਗਵਾਹਾਂ ਨੂੰ ਪ੍ਰਭਾਵਿਤ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਹਥਿਆਰਾਂ ਦੇ ਕਾਰੋਬਾਰੀ ਤੇ ਵਾਰਰੂਮ ਲੀਕ ਮਾਮਲੇ ਦੇ ਦੋਸ਼ੀ ਅਭਿਸ਼ੇਕ ਵਰਮਾ ਦੇ ਪੰਜ ਅਗਸਤ 2013 ਨੂੰ ਦਿੱਤੇ ਬਿਆਨਾਂ ਵਿਚ ਸੁਰਿੰਦਰ ਸਿੰਘ ਦੇ ਪੁੱਤਰ ਨੂੰ ਵਿਦੇਸ਼ ਵਿਚ 'ਸੈਟਲ' ਕਰਨ, ਇਕ ਕੰਪਨੀ ਰਾਹੀਂ ਵੱਡੀ ਰਕਮ ਦੇਣ ਦੇ ਤੱਥਾਂ ਦਾ ਖੁਲਾਸਾ ਹੋਇਆ ਸੀ ਜੋ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਵਿਚ ਦਰਜ ਸਨ। ਅਭਿਸ਼ੇਕ ਵਰਮਾ ਨੇ ਖੁਲਾਸਾ ਕੀਤਾ ਸੀ ਕਿ ਟਾਈਟਲਰ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲਿਆ ਤੇ ਉਸ ਪਿੱਛੋਂ ਟਾਈਟਲਰ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਸੀ। ਸੁਰਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੋਣ ਕਰਕੇ ਸੀ.ਬੀ.ਆਈ. ਅਭਿਸ਼ੇਕ ਵਰਮਾ ਵੱਲੋਂ ਜ਼ੁਬਾਨੀ ਦੱਸੇ ਤੱਥਾਂ ਦੀ ਤਸਦੀਕ ਨਹੀਂ ਕਰ ਸਕੀ ਸੀ। ਇਸ ਮਾਮਲੇ ਵਿਚ ਸੀ.ਬੀ.ਆਈ. ਟਾਈਟਲਰ ਨੂੰ ਕਲੀਨ ਚਿੱਟ ਦੇ ਚੁੱਕੀ ਹੈ ਤੇ ਕਲੋਜ਼ਰ ਰਿਪੋਰਟ ਦਾਖ਼ਲ ਕੀਤੀ ਗਈ ਸੀ।

### 1984: ਗੁੜਗਾਉਂ ਦੇ 150 ਕੇਸਾਂ ਦੀ ਜਿਰ੍ਹਾ ਸਮਾਪਤ

**ਬਠਿੰਡਾ:** ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੌਰਾਨ ਗੁੜਗਾਉਂ ਵਿਚ 47 ਸਿੱਖਾਂ ਦੇ ਕਤਲ ਮਾਮਲੇ ਵਿਚ ਹਿਸਾਰ ਵਿਖੇ ਜਸਟਿਸ ਟੀ.ਪੀ. ਗਰਗ ਦੀ ਅਦਾਲਤ ਵਿਚ ਸੁਣਵਾਈ ਅਧੀਨ 150 ਕੇਸਾਂ ਦੀ ਜਿਰਹਾ ਸਮਾਪਤ ਹੋਈ। ਕੇਸ ਦੀ ਪੈਰਵੀ ਕਰ ਰਹੇ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਕੇਸ ਦੀ ਆਖਰੀ ਜਿਰਹਾ ਦੌਰਾਨ ਗੁੜਗਾਉਂ ਵਾਸੀ ਸੰਤੋਖ ਸਿੰਘ ਸਾਹਨੀ ਪੇਸ਼ ਹੋਏ। ਸਾਹਨੀ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੀ ਪੁਲਿਸ ਵੱਲੋਂ ਐਫ.ਆਈ.ਆਰ ਤੱਕ ਦਰਜ ਨਹੀਂ ਕੀਤੀ ਗਈ। ਉਸ ਦੇ ਸਾਹਮਣੇ ਹੀ ਉਸ ਦੇ ਪਿਤਾ ਜੋਧ ਸਿੰਘ ਨੂੰ ਮਾਰ ਦਿੱਤਾ ਗਿਆ ਸੀ। ਅਦਾਲਤ ਨੇ ਪਟੌਦੀ ਦੇ 43 ਕੇਸਾਂ ਲਈ ਅਗਲੀ ਪੇਸ਼ੀ 10 ਜੁਲਾਈ ਉਤੇ ਪਾ ਦਿੱਤੀ। ਗੁੜਗਾਉਂ ਦੇ ਕੇਸ ਦਾ ਦੂਜਾ ਪੜਾਅ ਖਤਮ ਹੋ ਗਿਆ ਹੈ, ਹੁਣ ਪਟੌਦੀ ਵਿਚ ਕਤਲ ਕੀਤੇ 17 ਸਿੱਖਾਂ ਨਾਲ ਸਬੰਧਤ ਕੇਸਾਂ ਦੀ ਜਿਰਹਾ ਚੱਲੇਗੀ।

# ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਨੂੰ ਲੱਗਾ ਮੋਟਾ ਕੱਟ

**ਚੰਡੀਗੜ੍ਹ:** ਐਨ.ਡੀ.ਏ. ਸਰਕਾਰ ਵੱਲੋਂ ਯੋਜਨਾ ਕਮਿਸ਼ਨ ਦੀ ਥਾਂ ਇਸੇ ਸਾਲ ਜਨਵਰੀ ਵਿਚ ਬਣਾਏ ਗਏ ਨੀਤੀ ਆਯੋਗ ਦੇ ਮੁੱਖ ਮੰਤਰੀਆਂ ਦੇ ਸਬ ਗਰੁੱਪ ਵੱਲੋਂ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਦੀ ਗਿਣਤੀ 72 ਤੋਂ ਘਟਾ ਕੇ 30 ਕਰਨ ਦੀ ਤਜਵੀਜ਼ ਰੱਖ ਦਿੱਤੀ ਹੈ। ਭਾਜਪਾ ਵਿਰੋਧੀ ਸੂਬਿਆਂ ਵਾਲੀਆਂ ਸਰਕਾਰਾਂ ਨੇ ਕੇਂਦਰੀ ਸਹਾਇਤਾ ਵਾਲੀਆਂ ਸਕੀਮਾਂ ਦੀ ਗਿਣਤੀ ਘਟਾਉਣ ਨੂੰ ਸੂਬਿਆਂ ਨੂੰ ਫੰਡ ਦੇਣ ਤੋਂ ਹੱਥ ਪਿੱਛੇ ਖਿੱਚੇ ਜਾਣ ਦੀ ਚਾਲ ਦੱਸੀ ਹੈ। ਹਾਲ ਹੀ ਵਿਚ ਕੇਂਦਰ ਸਰਕਾਰ ਨੇ ਕੇਂਦਰੀ ਟੈਕਸਾਂ ਵਿਚੋਂ ਸੂਬਾ ਸਰਕਾਰਾਂ ਨੂੰ ਦਿੱਤੇ ਜਾਣ ਵਾਲੇ ਹਿੱਸੇ ਵਿੱਚ 10 ਫ਼ੀਸਦੀ ਦਾ ਵਾਧਾ ਕੀਤਾ ਸੀ ਪਰ ਕੇਂਦਰੀ ਸਹਾਇਤਾ ਸਕੀਮਾਂ ਘਟਾਉਣ ਨਾਲ ਉਨ੍ਹਾਂ ਰਾਹੀਂ ਮਿਲਣ ਵਾਲੀ ਰਾਸ਼ੀ ਤੋਂ ਵਿਰਵੇ ਹੋ ਜਾਣ ਨਾਲ ਪਰਨਾਲਾ ਜਿਉਂ ਦਾ ਤਿਉਂ ਹੀ ਰਹਿ ਜਾਣਾ ਹੈ। ਪਹਿਲਾਂ ਚੱਲ ਰਹੀਆਂ ਸਕੀਮਾਂ ਬੰਦ ਕਰਨ ਨਾਲ ਸੂਬਾ ਸਰਕਾਰਾਂ ਨੂੰ ਵਿੱਤੀ ਸੰਕਟ ਤੋਂ ਇਲਾਵਾ ਬੇਰੁਜ਼ਗਾਰੀ ਜਿਹੀਆਂ ਕਈ ਸਮੱਸਿਆਵਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਪਹਿਲਾਂ ਹੀ ਆਰਥਿਕ ਤੇ ਰੁਜ਼ਗਾਰ ਸੰਕਟ ਵਿਚ ਘਿਰੇ ਪੰਜਾਬ ਲਈ ਇਹ ਨੀਤੀ ਮਾਰੂ ਸਾਬਤ ਹੋ ਰਹੀ ਹੈ।

ਮੁੱਖ ਮੰਤਰੀਆਂ ਦੇ ਸਬ ਗਰੁੱਪ ਵੱਲੋਂ ਉਲੀਕੇ ਗਏ ਖਾਕੇ ਅਨੁਸਾਰ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਵੇਗਾ। ਪਹਿਲੇ ਹਿੱਸੇ ਵਿਚ ਕੋਰ ਸਕੀਮਾਂ ਭਾਵ ਕੌਮੀ ਵਿਕਾਸ ਏਜੰਡੇ ਵਾਲੀਆਂ ਸਕੀਮਾਂ ਨੂੰ




ਸ਼ਾਮਲ ਕੀਤਾ ਜਾਵੇਗਾ ਜਦੋਂ ਕਿ ਦੂਜੇ ਹਿੱਸੇ ਵਿਚ ਸਮਾਜਿਕ ਸੁਰੱਖਿਆ ਨਾਲ ਸਬੰਧਤ ਸਕੀਮਾਂ ਨੂੰ ਰੱਖਿਆ ਜਾਵੇਗਾ ਜਿਨ੍ਹਾਂ ਦੀ ਚੋਣ ਸੂਬੇ ਆਪਣੀਆਂ ਤਰਜੀਹਾਂ ਦੇ ਆਧਾਰ ਉਤੇ ਕਰਨਗੇ। ਸਬ ਗਰੁੱਪ ਵੱਲੋਂ ਤਿਆਰ ਕੀਤੇ ਗਏ ਖਰੜੇ ਮੁਤਾਬਕ ਵਿਜ਼ਨ 2022 ਦੇ ਟੀਚੇ ਨੂੰ ਹਾਸਲ ਕਰਨ ਲਈ ਮਗਨਰੇਗਾ, ਸਵੱਛ ਭਾਰਤ, ਮਿਡ-ਡੇਅ ਮੀਲ, ਸਭ ਲਈ ਘਰ ਤੇ ਸ਼ਹਿਰੀ ਵਿਕਾਸ ਦੀਆਂ ਸਕੀਮਾਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਵੇਗੀ।

ਇਨ੍ਹਾਂ ਸਕੀਮਾਂ ਲਈ ਕੇਂਦਰੀ ਸਹਾਇਤਾ ਦਾ ਹਿੱਸਾ 60 ਫ਼ੀਸਦੀ ਹੋਵੇਗਾ ਜਦੋਂ ਕਿ ਸੂਬਿਆਂ ਨਾਲ ਸਬੰਧਤ ਸਕੀਮਾਂ ਲਈ ਇਹ ਹਿੱਸਾ 50 ਫ਼ੀਸਦੀ ਤੋਂ ਘੱਟ ਹੋਵੇਗਾ। ਗਿਆਰਾਂ ਕੋਰ ਸਕੀਮਾਂ ਲਈ ਕੇਂਦਰ ਸਰਕਾਰ 90 ਫ਼ੀਸਦੀ ਸਹਾਇਤਾ ਦੇਵੇਗੀ। 12ਵੀਂ ਪੰਜ ਸਾਲਾ ਯੋਜਨਾ ਤਹਿਤ ਚੱਲ ਰਹੀਆਂ ਸਕੀਮਾਂ ਨੂੰ ਮਾਰਚ 2017 ਤੱਕ ਪਹਿਲੇ ਪੈਟਰਨ ਉਤੇ ਹੀ ਵਿੱਤੀ ਸਹਾਇਤਾ ਜਾਰੀ ਰਹੇਗੀ। ਭਾਵੇਂ ਕਿ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਦੀ ਨਵੀਂ ਵਿਉਂਤਬੰਦੀ 2016-17 ਤੋਂ ਲਾਗੂ ਕਰਨ ਦੀ ਤਜਵੀਜ਼ ਹੈ। ਮੁੱਖ ਮੰਤਰੀਆਂ ਦੇ ਸਬ ਗਰੁੱਪ ਵੱਲੋਂ ਆਪਣੀਆਂ ਤਜਵੀਜ਼ਾਂ ਨੂੰ ਪੰਜ ਜੁਲਾਈ ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਆਸ ਹੈ ਤੇ ਇਸ ਤੋਂ ਪਹਿਲਾਂ ਸਾਰੇ ਮੁੱਖ ਮੰਤਰੀਆਂ ਦੀ ਸਲਾਹ ਵੀ ਲਈ ਜਾਵੇਗੀ।

ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਵਿਚ ਕਟੌਤੀ ਕਰਨ ਦਾ ਰੁਝਾਨ ਨਵਾਂ ਨਹੀਂ ਹੈ। ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਵੀ ਇਨ੍ਹਾਂ ਸਕੀਮਾਂ ਦੀ ਗਿਣਤੀ 147 ਤੋਂ ਘਟਾ ਕੇ 66 ਕਰ ਦਿੱਤੀ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਆਈ ਨਵੀਂ ਐਨ.ਡੀ.ਏ. ਸਰਕਾਰ ਨੇ ਪਿਛਲੇ ਵਰ੍ਹੇ ਇਸ ਵਿਚ ਛੇ ਹੋਰ ਸਕੀਮਾਂ ਸ਼ਾਮਲ ਕੀਤੀਆਂ ਸਨ ਜਿਸ ਨਾਲ ਇਹ ਗਿਣਤੀ 72 ਹੋ ਗਈ ਸੀ। ਹੁਣ ਯੋਜਨਾ ਕਮਿਸ਼ਨ ਦਾ ਭੋਗ ਪਾਉਣ ਬਾਅਦ ਨਵੇਂ ਬਣਾਏ ਗਏ ਨੀਤੀ ਆਯੋਗ ਨੇ ਇਹ ਗਿਣਤੀ ਘਟਾ ਕੇ 30 ਕਰਨ ਦੀ ਤਜਵੀਜ਼ ਬਣਾਈ ਹੈ। ਨੀਤੀ ਆਯੋਗ ਦੇ ਸਬ ਗਰੁੱਪ ਮੁਤਾਬਕ ਬਹੁਤੀਆਂ ਯੋਜਨਾਵਾਂ ਦੀ ਥਾਂ ਕੁਝ ਵਿਸ਼ੇਸ਼ ਯੋਜਨਾਵਾਂ ਨੂੰ ਤਰਜੀਹ ਦੇ ਕੇ ਉਨ੍ਹਾਂ ਨੂੰ ਪੂਰੀ ਦ੍ਰਿੜ੍ਹਤਾ ਨਾਲ ਚਲਾਉਣਾ ਜ਼ਿਆਦਾ ਬਿਹਤਰ ਹੈ। ਬਹੁਤੀਆਂ ਯੋਜਨਾਵਾਂ ਕਈ ਵਾਰ ਕੇਂਦਰ ਤੇ ਸੂਬਿਆਂ ਦੀਆਂ ਯੋਜਨਾਵਾਂ ਨਾਲ ਰਲਗੱਡ ਹੋ ਜਾਂਦੀਆਂ ਹਨ ਜਿਸ ਕਰਕੇ ਨਤੀਜਾਮੁਖੀ ਸਿੱਟੇ ਨਹੀਂ ਨਿਕਲਦੇ। ਇਸ ਤੋਂ ਇਲਾਵਾ ਬਹੁਤੀਆਂ ਯੋਜਨਾਵਾਂ ਨੂੰ ਚਲਾਉਣ ਤੇ ਉਨ੍ਹਾਂ ਦੀ ਦੇਖ-ਰੇਖ ਤੇ ਨਿਗਰਾਨੀ ਵੀ ਸੁਚਾਰੂ ਢੰਗ ਨਾਲ ਨਹੀਂ ਹੁੰਦੀ।

ਭਾਜਪਾ ਵਿਰੋਧੀ ਸੂਬਿਆਂ ਦੇ ਮੁੱਖ ਮੰਤਰੀ ਪਹਿਲਾਂ ਹੀ ਇਹ ਸ਼ੰਕਾ ਪ੍ਰਗਟ ਕਰ ਚੁੱਕੇ ਹਨ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਇਸ ਨਾਲ ਰਾਜਾਂ ਉੱਤੇ ਆਰਥਿਕ ਭਾਰ ਵਧ ਜਾਵੇਗਾ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਸਕੀਮਾਂ ਲਈ ਦਿੱਤੀ ਜਾਣ ਵਾਲੀ ਪੂੰਜੀ ਦਾ ਹਿੱਸਾ ਅਨੁਪਾਤ ਨਿਸ਼ਚਿਤ ਕਰਨ ਤੋਂ ਪਹਿਲਾਂ ਸੂਬਾ ਸਰਕਾਰਾਂ ਨਾਲ ਸਲਾਹ ਮਸ਼ਵਰਾ ਕਰਨ ਦੀ ਮੰਗ ਵੀ ਕੀਤੀ ਹੈ।

## ਭਾਜਪਾ ਨੇ ਬਾਦਲ ਨੂੰ ਚੇਤੇ ਕਰਾਏ ਫਰਜ਼

**ਅੰਮ੍ਰਿਤਸਰ:** ਪੰਜਾਬ ਦੀ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਪਿਛਲੇ ਕਈ ਸਾਲਾਂ ਤੋਂ ਠੇਕੇ ਉਤੇ ਕੰਮ ਕਰ ਰਹੇ ਮੁਲਾਜ਼ਮਾਂ ਵੱਲ ਧਿਆਨ ਦੇਣ ਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕੱਢਣ। ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਮੰਗ ਕੀਤੀ ਕਿ ਉਹ ਠੇਕੇ ਉਤੇ ਕੰਮ ਕਰ ਰਹੇ ਮੁਲਾਜ਼ਮਾਂ ਦਾ ਦਰਦ ਤੁਹਾਡੇ ਧਿਆਨ ਵਿਚ ਲਿਆਉਣ ਚਾਹੁੰਦੇ ਹਨ। ਇਨ੍ਹਾਂ ਮੁਲਾਜ਼ਮਾਂ ਦੀ ਤਨਖਾਹ ਬਹੁਤ ਹੀ ਘੱਟ ਹੈ ਤੇ ਛੁੱਟੀ ਵੀ ਕੋਈ ਨਹੀਂ ਦਿੱਤੀ ਜਾਂਦੀ। ਇਸ ਤੋਂ ਇਲਾਵਾ ਬਿਮਾਰ ਹੋਣ ਉਤੇ ਵੀ ਬਿਨਾ ਤਨਖਾਹ ਛੁੱਟੀ ਦਿੱਤੀ ਜਾਂਦੀ ਹੈ। ।ਉਨ੍ਹਾਂ ਮੰਗ ਕੀਤੀ ਕੇ ਜਦ ਵੀ ਸਰਕਾਰ ਪੱਕੇ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਵਧਾਉਂਦੀ ਹੈ ਤਾਂ ਇਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

## ਬਾਦਲ ਦਾ ਮੋਦੀ ਸਰਕਾਰ ਉਤੇ ਸਿੱਧਾ ਹਮਲਾ

**ਧੂਰੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਵਿਚ ਕਟੌਤੀ ਉਤੇ ਮੋਦੀ ਸਰਕਾਰ ਉਤੇ ਸਿੱਧਾ ਹਮਲਾ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਿ ਸੂਬਿਆਂ ਨੂੰ ਸਿੱਧਾ ਪੈਸਾ ਦੇਣਾ ਹੀ ਦੇਸ਼ ਵਿਚ ਸੰਘੀ ਢਾਂਚੇ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਇਸ ਗੱਲ ਦੀ ਮੰਗ ਪਿਛਲੇ ਕਾਫ਼ੀ ਸਮੇਂ ਤੋਂ ਕਰਦਾ ਆ ਰਿਹਾ ਹੈ ਤੇ ਅੱਗੇ ਤੋਂ ਵੀ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਇਸ ਚਲਣ ਨੂੰ ਉਲਟਾ ਕਿੱਤਾ ਜਾਣ ਦੀ ਲੋੜ ਹੈ ਤਾਂ ਜੋ ਸੂਬਿਆਂ ਦਾ ਇਕਸਾਰ ਵਿਕਾਸ ਯਕੀਨੀ ਬਣਾਇਆ ਜਾ ਸਕੇ।

## ਸ੍ਰੀਲੰਕਾ ਦੀ ਸੰਸਦ ਭੰਗ

**ਕੋਲੰਬੋ:** ਸ੍ਰੀਲੰਕਾ ਦੇ ਰਾਸ਼ਟਰਪਤੀ ਮੈਤੀਪਾਲਾ ਸਿਰੀਸੇਨਾ ਨੇ ਸੰਸਦ ਨੂੰ ਭੰਗ ਕਰ ਦਿੱਤਾ, ਜਿਸ ਨਾਲ ਦੇਸ਼ ਵਿਚ ਤੈਅ ਸਮੇਂ ਤੋਂ ਅੱਠ ਮਹੀਨੇ ਪਹਿਲਾ ਅਗਸਤ ਦੇ ਮੱਧ ਵਿਚ ਤਾਜ਼ਾ ਸੰਸਦੀ ਚੋਣਾਂ ਕਰਵਾਉਣ ਦਾ ਰਾਹ ਸਾਫ਼ ਹੋ ਗਿਆ ਹੈ। ਰਾਸ਼ਟਰਪਤੀ ਭਵਨ ਦੇ ਸੂਤਰਾਂ ਮੁਤਾਬਕ ਸਿਰੀਸੇਨਾ ਨੇ ਇਸ ਬਾਰੇ ਨੋਟੀਫਿਕੇਸ਼ਨ ਉਤੇ ਦਸਤਖਤ ਕਰ ਦਿੱਤੇ ਹਨ।

## ਕੈਨੇਡਾ ਦੇ ਬਹੁਤੇ ਸਰਵੇਖਣਾਂ ਵਿਚ ਐਨ.ਡੀ.ਪੀ. ਅੱਗੇ

**ਵੈਨਕੂਵਰ:** ਕੈਨੇਡੀਅਨ ਸੰਸਦ ਦੀਆਂ 19 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਵੋਟਰਾਂ ਦੇ ਰੁਝਾਨ ਬਾਰੇ ਵੱਖ-ਵੱਖ ਫੋਰਮਾਂ ਵੱਲੋਂ ਕਰਵਾਏ ਜਾ ਰਹੇ ਸਰਵੇਖਣ ਸੱਤਾਧਾਰੀ ਕਨਜ਼ਰਵੇਟਿਵ ਪਾਰਟੀ ਲਈ ਮਾੜਾ ਸੰਕੇਤ ਦੇ ਰਹੇ ਹਨ। ਕੁਝ ਮਹੀਨਿਆਂ ਤੋਂ ਵੱਖ-ਵੱਖ ਗਰੁੱਪਾਂ ਵੱਲੋਂ ਹਰ 15 ਦਿਨ ਬਾਅਦ ਕਰਵਾਏ ਜਾ ਰਹੇ ਸਰਵੇਖਣਾਂ ਵਿਚ ਨੈਸ਼ਨਲ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ) ਦਾ ਪੱਲੜਾ ਭਾਰੀ ਦੱਸਿਆ ਜਾ ਰਿਹਾ ਹੈ।

ਤਾਜ਼ਾ ਸਰਵੇਖਣ ਵਿਚ ਐਨ.ਡੀ.ਪੀ. ਨੂੰ ਬਹੁਮਤ ਦੇ ਨੇੜੇ ਦੱਸਿਆ ਗਿਆ ਹੈ। 338 ਮੈਂਬਰੀ ਪਾਰਲੀਮੈਂਟ ਵਿਚ ਐਨ.ਡੀ.ਪੀ. 36 ਫੀਸਦੀ ਵੋਟਾਂ ਲੈ ਕੇ 149 ਸੀਟਾਂ ਉਤੇ ਕਾਬਜ਼ ਹੁੰਦੀ ਵਿਖਾਈ ਗਈ ਹੈ, ਜਦ ਕਿ ਸੱਤਾਧਾਰੀ ਟੋਰੀ ਨੂੰ 115 ਸੀਟਾਂ ਮਿਲਣ ਦੇ ਸੰਕੇਤ ਹਨ। ਲਿਬਰਲ ਪਾਰਟੀ ਦੇ 65 ਉਤੇ ਸਿਮਟਣ ਤੇ ਹੋਰਾਂ ਨੂੰ ਸੱਤ ਸੀਟਾਂ ਮਿਲਣ ਦੀ ਭਵਿੱਖਵਾਣੀ ਕੀਤੀ ਗਈ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS ➡ USA 951-824-6365
skype - DHOLRADIO.ORG
LISTEN BY CALL ➡ USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਦਹਿਸ਼ਤੀ ਜਥੇਬੰਦੀਆਂ ਤੇ ਪਾਕਿਸਤਾਨ ਸਰਕਾਰ

ਪਾਕਿਸਤਾਨ ਵਿਚ ਰਮਜ਼ਾਨ ਦੇ ਮਹੀਨੇ ਇੰਤਹਾਪਸੰਦ ਅਨਸਰ ਆਪਣੀ ਸਾਲਾਨਾ ਆਮਦਨ ਲੋਕਾਂ ਤੋਂ ਦਾਨ ਦੇ ਰੂਪ ਵਿਚ ਵਸੂਲੀਆਂ ਰਾਹੀਂ ਯਕੀਨੀ ਬਣਾਉਂਦੇ ਹਨ। ਹੁਣ ਅਜਿਹੀਆਂ ਵਸੂਲੀਆਂ ਜਾਰੀ ਹਨ, ਪਰ ਸਰਕਾਰ ਨੇ ਇਨ੍ਹਾਂ ਨੂੰ ਰੋਕਣ ਲਈ ਕੋਈ ਨਿੱਗਰ ਕਦਮ ਨਹੀਂ ਚੁੱਕੇ। ਇੰਤਹਾਪਸੰਦ ਜਿੱਥੇ ਦਾਨ, ਚੰਦਿਆਂ ਤੇ ਮਜ਼ਹਬੀ ਕੰਮਾਂ ਦੇ ਨਾਂ ਉਤੇ ਫੰਡ ਇਕੱਤਰ ਕਰਦੇ ਹਨ, ਉਥੇ ਪਾਬੰਦੀਸ਼ੁਦਾ ਗਰੁੱਪ ਵੀ ਰਮਜ਼ਾਨ ਦੌਰਾਨ ਫੰਡ ਹਾਸਲ ਕਰਨ ਲਈ ਤਿੰਨ ਮੁੱਖ ਸਰੋਤਾਂ ਦਾ ਲਾਭ ਲੈਂਦੇ ਹਨ। ਇਹ ਹਨ: ਰਮਜ਼ਾਨ ਦੌਰਾਨ ਇਕੱਠਾ ਕੀਤਾ ਜਾਣ ਵਾਲਾ ਜ਼ਕਾਤ, ਈਦ-ਉਲ-ਅਜ਼ਾ ਮੌਕੇ ਹਲਾਲ ਕੀਤੇ ਜਾਣ ਵਾਲੇ ਬੱਕਰਿਆਂ

**ਮੁਹੰਮਦ ਅਮੀਰ ਰਾਣਾ**

ਦੀਆਂ ਖੱਲਾਂ ਤੋਂ ਆਮਦਨ ਅਤੇ ਵਿਦੇਸ਼ਾਂ ਤੋਂ ਫੰਡ ਪ੍ਰਾਪਤ ਕਰਨੇ। ਜੇ ਸਰਕਾਰ ਇਨ੍ਹਾਂ ਵਿਚੋਂ ਕਿਸੇ ਇਕ ਸਰੋਤ ਉਪਰ ਵੀ ਸ਼ਿਕੰਜਾ ਕੱਸ ਲਵੇ ਤਾਂ ਪਾਬੰਦੀਸ਼ੁਦਾ ਗਰੁੱਪਾਂ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਉਤੇ ਵੱਡਾ ਅਸਰ ਪੈ ਸਕਦਾ ਹੈ।

ਇੰਤਹਾਪਸੰਦਾਂ ਵੱਲੋਂ ਅਖ਼ਬਾਰ ਤੇ ਰਸਾਲੇ ਪ੍ਰਕਾਸ਼ਿਤ ਕਰਨੇ ਜਾਰੀ ਹਨ। ਇਨ੍ਹਾਂ ਵਿਚ ਇਸ਼ਤਿਹਾਰ ਛਾਪ ਕੇ ਉਹ ਚੰਦਿਆਂ ਲਈ ਅਪੀਲਾਂ ਕਰਦੇ ਹਨ। ਅਜਿਹੀਆਂ ਅਪੀਲਾਂ ਵਾਲੇ ਪੈਂਫਲੈਟ ਕਈ ਮਸਜਿਦਾਂ ਦੇ ਨੋਟਿਸ ਬੋਰਡਾਂ ਉੱਪਰ ਲੱਗੇ ਦੇਖੇ ਜਾ ਸਕਦੇ ਹਨ। ਕਈ ਪਾਬੰਦੀਸ਼ੁਦਾ ਗਰੁੱਪ ਸਾਈਬਰ-ਸਪੇਸ ਦਾ ਖੁੱਲ੍ਹ ਕੇ ਲਾਭ ਲੈ ਰਹੇ ਹਨ। ਉਹ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਜ਼ਰੀਏ ਲੋਕਾਂ ਨੂੰ ਆਪਣੇ ਨਾਲ ਜੋੜ ਤਾਂ ਰਹੇ ਹੀ ਹਨ, ਫੰਡ ਵੀ ਇਕੱਤਰ ਕਰ ਰਹੇ ਹਨ।

ਦਹਿਸ਼ਤੀ ਗੁੱਟਾਂ ਵੱਲ ਫੰਡਾਂ ਦਾ ਵਹਾਅ ਰੋਕਣ ਲਈ ਪਾਕਿਸਤਾਨ ਸਰਕਾਰ ਦੀ ਨੀਤੀ ਕੀ ਹੈ, ਇਸ ਬਾਰੇ ਕਿਸੇ ਨੂੰ ਵੀ ਕੁਝ ਪਤਾ ਨਹੀਂ। ਕੌਮੀ ਕਾਰਵਾਈ ਯੋਜਨਾ (ਐਨ.ਏ.ਪੀ.) ਨੂੰ ਪਾਰਲੀਮਾਨੀ ਮਨਜ਼ੂਰੀ ਮਿਲਣ ਮਗਰੋਂ ਸਰਕਾਰ ਨੇ ਕੁਝ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਸੀ। ਇਸ ਸਾਲ ਫਰਵਰੀ ਅਤੇ ਮਾਰਚ ਮਹੀਨਿਆਂ ਦੌਰਾਨ ਪ੍ਰਕਾਸ਼ਿਤ ਕਈ ਮੀਡੀਆ ਰਿਪੋਰਟਾਂ ਨੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਕਿਹਾ ਸੀ ਕਿ ਕੁਝ ਵਿਅਕਤੀਆਂ ਪਾਸੋਂ 10.2 ਅਰਬ ਰੁਪਏ ਬਰਾਮਦ ਹੋਏ ਸਨ ਜੋ ਦਹਿਸ਼ਤੀ ਗਤੀਵਿਧੀਆਂ ਚਲਾਉਣ ਜਾਂ ਕਾਲਾ ਧਨ ਚਿੱਟਾ ਕਰਨ ਲਈ ਸਨ। ਸਰਕਾਰੀ ਦਾਅਵਿਆਂ ਅਨੁਸਾਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਕੁਝ ਮੁਲਜ਼ਮਾਂ ਅਤੇ ਪਾਬੰਦੀਸ਼ੁਦਾ ਗਰੁੱਪਾਂ ਦੇ ਕਾਰਕੁਨਾਂ ਪਾਸੋਂ 10.17 ਕਰੋੜ ਰੁਪਏ ਵੱਖਰੇ ਤੌਰ 'ਤੇ ਬਰਾਮਦ ਕੀਤੇ, ਪਰ ਇਹ ਅਨਸਰ ਕਿਹੜੀਆਂ ਜਥੇਬੰਦੀਆਂ ਨਾਲ ਜੁੜੇ ਹੋਏ ਹਨ, ਇਸ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ। ਨਾ ਹੀ ਇਹ ਦੱਸਿਆ ਜਾ ਰਿਹਾ ਹੈ ਕਿ ਜਿਨ੍ਹਾਂ ਗਰੁੱਪਾਂ ਨਾਲ ਇਹ ਸਾਰਾ ਪੈਸਾ ਸਬੰਧਤ ਸੀ, ਉਨ੍ਹਾਂ ਨੂੰ ਵਿਦੇਸ਼ਾਂ ਤੋਂ ਮਿਲਣ ਵਾਲੀ ਮਾਇਕ ਇਮਦਾਦ ਰੋਕਣ ਲਈ ਸਰਕਾਰ ਨੇ ਕਿਹੜੇ ਕਦਮ ਚੁੱਕੇ ਹਨ ਜਾਂ ਚੁੱਕ ਰਹੀ ਹੈ।

ਦਿਲਚਸਪ ਤੱਥ ਇਹ ਹੈ ਕਿ ਇਹ ਗਰੁੱਪ ਆਮ ਤੌਰ 'ਤੇ ਕੁਰੀਅਰਾਂ ਰਾਹੀਂ ਫੰਡ ਹਾਸਲ ਕਰਦੇ ਹਨ। ਖਾੜੀ ਦੇ ਮੁਲਕਾਂ ਦੇ ਅਮੀਰ ਅਰਬ, ਰਮਜ਼ਾਨ ਦੇ ਮਹੀਨੇ ਦੌਰਾਨ ਜ਼ਕਾਤ (ਧਾਰਮਿਕ ਕੰਮਾਂ ਲਈ ਦਾਨ) ਨੂੰ ਬੜੀ ਸੰਜੀਦਗੀ ਨਾਲ ਲੈਂਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਪਾਕਿਸਤਾਨ, ਅਫ਼ਗਾਨਿਸਤਾਨ, ਭਾਰਤ ਤੇ ਬੰਗਲਾਦੇਸ਼ ਵਿਚਲੇ ਮਦਰੱਸਿਆਂ ਨੂੰ ਲੋੜਵੰਦਾਂ ਦੀ ਸਿੱਖਿਆ ਦਾ ਪ੍ਰਬੰਧ ਕਰਨ ਤੇ ਹੋਰ ਮਦਦ ਦੇਣ ਲਈ ਦਾਨ ਦੀਆਂ ਰਕਮਾਂ ਦੀ ਸਖ਼ਤ ਜ਼ਰੂਰਤ ਹੈ। ਉਹ ਰਮਜ਼ਾਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਜ਼ਕਾਤ ਦੀ ਰਕਮ ਇਕ ਪਾਸੇ ਕੱਢ ਕੇ ਰੱਖ ਲੈਂਦੇ ਹਨ ਅਤੇ ਇਨ੍ਹਾਂ ਦੇਸ਼ਾਂ ਦੇ ਮੁਸਲਿਮ ਧਾਰਮਿਕ ਵਿਦਵਾਨਾਂ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਇਹ ਰਕਮਾਂ ਲੋੜਵੰਦਾਂ ਵਿਚ ਵੰਡਣ ਲਈ ਕਹਿੰਦੇ ਹਨ। ਪਾਕਿਸਤਾਨੀ ਮਦਰੱਸੇ, ਧਾਰਮਿਕ ਪਾਰਟੀਆਂ ਅਤੇ ਇੰਤਹਾਪਸੰਦ ਗਰੁੱਪ ਇਨ੍ਹਾਂ ਮਜ਼ਹਬੀ ਦਾਨਿਸ਼ਵਰਾਂ ਨਾਲ ਹਮੇਸ਼ਾ ਰਾਬਤਾ ਬਣਾਈ ਰੱਖਦੇ ਹਨ। ਕਈ ਗਰੁੱਪ ਤਾਂ ਇਨ੍ਹਾਂ ਦਾਨਿਸ਼ਵਰਾਂ ਨੂੰ ਆਪਣੇ ਖ਼ਰਚੇ 'ਤੇ ਖਾੜੀ ਦੇ ਮੁਲਕਾਂ ਵਿਚ ਭੇਜਦੇ ਹਨ ਤਾਂ ਜੋ ਉਹ ਉੱਥੇ ਜਾ ਕੇ ਉਨ੍ਹਾਂ ਲਈ ਵੱਧ ਤੋਂ ਵੱਧ ਜ਼ਕਾਤ 'ਜੁੱਪ' ਸਕਣ। ਬਹੁਤੇ ਇੰਤਹਾਪਸੰਦ ਗਰੁੱਪ ਪਾਕਿਸਤਾਨ ਵਿਚ ਇਹ ਰਕਮਾਂ ਲੈਣ ਦੀ ਥਾਂ ਆਪਣੇ ਕੁਰੀਅਰ ਖਾੜੀ ਦੇਸ਼ਾਂ ਤੇ ਹੋਰ ਅਰਬ ਮੁਲਕਾਂ ਵਿਚ ਭੇਜ ਦਿੰਦੇ ਹਨ।

ਤਫ਼ਤੀਸ਼ੀ ਏਜੰਸੀਆਂ ਨੇ ਈਦ-ਉਲ-ਅਜ਼ਾ (ਬਕਰੀਦ) ਤੋਂ ਬਾਅਦ ਜਾਨਵਰਾਂ ਦੀਆਂ ਖੱਲਾਂ ਇਕੱਠੀਆਂ ਕਰਨ ਅਤੇ ਵੇਚਣ ਦਾ ਧੰਦਾ ਵੀ ਪਾਬੰਦੀਸ਼ੁਦਾ ਗਰੁੱਪਾਂ ਵੱਲੋਂ ਜਥੇਬੰਦਕ ਢੰਗ ਨਾਲ ਚਲਾਏ ਜਾਣ ਅਤੇ ਖੱਲਾਂ ਵੇਚਣ ਦੇ ਬਹਾਨੇ ਕਾਲਾ ਧਨ, ਚਿੱਟਾ ਕਰਨ ਦੇ ਕੁਝ ਕੇਸ ਫੜੇ ਹਨ, ਪਰ ਇਹ ਗਰੁੱਪ ਕਿਹੜੇ ਹਨ, ਇਨ੍ਹਾਂ ਬਾਰੇ ਸਰਕਾਰ ਜਨਤਕ ਤੌਰ 'ਤੇ ਕੁਝ ਨਹੀਂ ਦੱਸ ਰਹੀ। ਪਾਕਿਸਤਾਨ ਵਿਚਲੇ ਬਹੁਤੇ ਇੰਤਹਾਪਸੰਦ ਗਰੁੱਪ ਸਰਕਾਰੀ ਸਖ਼ਤੀ ਅਤੇ ਅਮਰੀਕੀ ਨਜ਼ਰ ਤੋਂ ਬਚਣ ਲਈ ਆਪਣੇ ਜਥੇਬੰਦਕ ਢਾਂਚਿਆਂ, ਨੈੱਟਵਰਕਾਂ, ਗਤੀਵਿਧੀਆਂ ਅਤੇ ਰਣਨੀਤੀ ਵਿਚ ਲਗਾਤਾਰ ਤਬਦੀਲੀਆਂ ਕਰਦੇ ਰਹਿੰਦੇ ਹਨ। ਉਹ ਫੰਡ ਜੁਟਾਉਣ ਲਈ ਵੀ ਨਵੇਂ ਨਵੇਂ ਤੌਰ-ਤਰੀਕੇ ਅਪਨਾਉਂਦੇ ਰਹਿੰਦੇ ਹਨ। ਪਾਬੰਦੀ ਲੱਗਣ ਤੋਂ ਬਾਅਦ ਕਈ ਗਰੁੱਪ, ਖ਼ੈਰਾਇਤੀ ਜਥੇਬੰਦੀਆਂ ਵਿਚ ਬਦਲ ਗਏ ਹਨ। ਉਨ੍ਹਾਂ ਨੇ ਨਾਮ ਬਦਲ ਲਏ ਹਨ, ਆਪਣੀਆਂ ਕਾਰਵਾਈਆਂ ਨੂੰ ਬਾਹਰੀ ਤੌਰ 'ਤੇ ਨਵਾਂ ਮੁਹਾਂਦਰਾ ਦੇ ਦਿੱਤਾ ਹੈ, ਪਰ ਅੰਦਰੋ-ਅੰਦਰੀ



ਆਪਣੀਆਂ ਇੰਤਹਾਪਸੰਦ ਗਤੀਵਿਧੀਆਂ ਜਾਰੀ ਰੱਖੀਆਂ ਹੋਈਆਂ ਹਨ। ਅਜਿਹਾ ਕਰ ਕੇ ਉਨ੍ਹਾਂ ਨੇ ਨਾ ਸਿਰਫ਼ ਸਰਕਾਰੀ ਬੰਦਸ਼ਾਂ ਨੂੰ ਠਿੱਬੀ ਲਾਈ ਹੈ ਬਲਕਿ ਲੋਕਾਂ ਦੀ ਹਮਦਰਦੀ ਵੀ ਹਾਸਲ ਕੀਤੀ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਉਨ੍ਹਾਂ ਕੋਲ ਫੰਡਾਂ ਦੀ ਆਮਦ ਬੇਰੋਕ-ਟੋਕ ਜਾਰੀ ਰਹੀ, ਉਥੇ ਉਨ੍ਹਾਂ ਦੀ ਹਮਾਇਤ ਦਾ ਆਧਾਰ ਵੀ ਵਧਿਆ ਹੈ।

ਕਈ ਇੰਤਹਾਪਸੰਦ ਗਰੁੱਪ ਆਪਣੇ ਅਸਾਸਿਆਂ ਦਾ ਪਸਾਰ ਕਰਨ ਅਤੇ ਉਨ੍ਹਾਂ ਨੂੰ ਵੱਖ ਵੱਖ ਕਾਰੋਬਾਰਾਂ ਵਿਚ ਬਦਲਣ ਦੇ ਰਾਹ ਤੁਰੇ ਹੋਏ ਹਨ। ਉਨ੍ਹਾਂ ਵਿਚੋਂ ਕਈ ਨੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ, ਮਹਿੰਗੇ ਸਿਹਤ ਕੇਂਦਰ ਤੇ ਹਸਪਤਾਲ, ਟਰਾਂਸਪੋਰਟ ਕੰਪਨੀਆਂ, ਮਕਾਨ ਉਸਾਰੀ ਕੰਪਨੀਆਂ ਅਤੇ ਮੀਡੀਆ ਗਰੁੱਪ ਬਣਾ ਲਏ ਹਨ। ਕੁਝ ਨੇ ਤਾਂ ਵੱਡੇ ਵੱਡੇ ਫਾਰਮ ਵੀ ਬਣਾ ਲਏ ਹਨ। ਇਨ੍ਹਾਂ ਅਦਾਰਿਆਂ ਰਾਹੀਂ ਉਹ ਕਾਲਾ ਧਨ ਚਿੱਟਾ ਵੀ ਕਰ ਰਹੇ ਹਨ ਅਤੇ ਇਨ੍ਹਾਂ ਅਦਾਰਿਆਂ ਵਿਚ ਵਿਦੇਸ਼ੀ ਨਿਵੇਸ਼ ਦੇ ਨਾਂ 'ਤੇ ਉਹ ਬਾਹਰੋਂ ਫੰਡ ਵੀ ਆਸਾਨੀ ਨਾਲ ਹਾਸਲ ਕਰਦੇ ਆ ਰਹੇ ਹਨ। ਕੁਝ ਗਰੁੱਪਾਂ ਨੇ ਕਰੰਸੀ ਐਕਸਚੇਂਜ ਕਾਇਮ ਕੀਤੇ ਹੋਏ ਹਨ ਅਤੇ ਕੁਝ ਹੋਰ ਵਿਦੇਸ਼ਾਂ ਵਿਚ ਇਕੱਤਰ ਕੀਤੇ ਫੰਡ ਮੰਗਵਾਉਣ ਲਈ ਸਮਗਲਰਾਂ ਦੀ ਮਦਦ ਲੈ ਰਹੇ ਹਨ।

ਇਕ ਅਧਿਐਨ ਅਨੁਸਾਰ ਪਾਕਿਸਤਾਨੀ ਇੰਤਹਾਪਸੰਦ ਗਰੁੱਪ 55 ਤੋਂ 65 ਫ਼ੀਸਦੀ ਤਕ ਫੰਡ ਆਪਣੇ ਮੁਕਾਮੀ ਸਪਾਂਸਰਾਂ ਤੋਂ ਹਾਸਲ ਕਰਦੇ ਹਨ। ਇਨ੍ਹਾਂ ਸਪਾਂਸਰਾਂ ਵਿਚ ਕੌਮੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਵੀ ਸ਼ਾਮਲ ਦੱਸੀ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਫ਼ੌਜ ਤੇ ਆਈ.ਐਸ.ਆਈ. ਦੋਵੇਂ ਹੀ ਅਜਿਹੇ ਦੋਸ਼ਾਂ ਨੂੰ ਬੇਬੁਨਿਆਦ ਦੱਸਦੇ ਆਏ ਹਨ ਅਤੇ ਅਜਿਹਾ ਪ੍ਰਭਾਵ ਪੈਦਾ ਕਰਨ ਦੇ ਦੋਸ਼ ਭਾਰਤ ਉਤੇ ਲਾਉਂਦੇ ਹਨ। ਕੁਝ ਗਰੁੱਪ ਕਾਰੋਬਾਰੀ ਅਦਾਰਿਆਂ ਅਤੇ ਘਰ ਘਰ ਜਾ ਕੇ ਖ਼ੈਰਾਇਤੀ ਕੰਮਾਂ ਦੇ ਨਾਂ 'ਤੇ ਦਾਨ ਹਾਸਲ ਕਰਦੇ ਹਨ। ਬਹੁਤੀ ਵਾਰ ਇਹ ਦਾਨ ਜਬਰੀ ਵਸੂਲੀਆਂ ਦੇ ਰੂਪ ਵਿਚ ਹੁੰਦਾ ਹੈ। ਉਂਜ, ਰਮਜ਼ਾਨ ਮਹੀਨੇ ਲੋਕ ਦਾਨ ਦੇਣ ਤੋਂ ਹੱਥ ਨਹੀਂ ਘੁੱਟਦੇ ਅਤੇ ਇਸ ਦਾ ਭਰਪੂਰ ਲਾਭ ਇੰਤਹਾਪਸੰਦ ਗਰੁੱਪ ਲੈਂਦੇ ਹਨ।

ਇੰਤਹਾਪਸੰਦ ਗਰੁੱਪਾਂ/ਜਥੇਬੰਦੀਆਂ ਵੱਲੋਂ ਫੰਡ ਇਕੱਠੇ ਕਰਨ ਦੇ ਤਰੀਕਿਆਂ ਵਿਚ ਇਕ ਤਬਦੀਲੀ ਹਾਲ ਹੀ ਵਿਚ ਪੁਲਿਸ ਦੇ ਧਿਆਨ ਵਿਚ ਆਈ ਹੈ; ਇਹ ਹੈ ਪੰਜਾਬ ਤੇ ਸਿੰਧ ਸੂਬਿਆਂ ਵਿਚ ਵੱਧ ਧਿਆਨ ਲਾਉਣਾ। ਇਹ ਗਰੁੱਪ ਕਿਸਾਨਾਂ ਤੋਂ ਉਨ੍ਹਾਂ ਦੀ ਜ਼ਰਾਇਤੀ ਆਮਦਨੀ ਦਾ 10 ਫ਼ੀਸਦੀ ਹਿੱਸਾ ਅਸ਼ਰ (ਇਸਲਾਮੀ ਦਸਵੰਧ) ਦੇ ਰੂਪ ਵਿਚ ਵਸੂਲ ਰਹੇ ਹਨ। ਦਿਹਾਤੀ ਇਲਾਕਿਆਂ ਵਿਚ ਦਿਨੋ-ਦਿਨ ਵੱਧ ਰਹੀ ਮਜ਼ਹਬਪ੍ਰਸਤੀ, ਪਾਬੰਦੀਸ਼ੁਦਾ ਗਰੁੱਪਾਂ ਦੀਆਂ ਗਤੀਵਿਧੀਆਂ ਵਿਚ ਚੋਖੀ ਸਹਾਈ ਹੋ ਰਹੀ ਹੈ।

ਕਦੇ ਕਰਾਚੀ ਨੂੰ ਫੰਡ ਵਸੂਲੀਆਂ ਦਾ ਕੇਂਦਰ ਮੰਨਿਆ ਜਾਂਦਾ ਸੀ, ਪਰ ਹੁਣ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.), ਜਮਾਤ-ਉਲ-ਅਹਿਰਾਰ, ਲਸ਼ਕਰ-ਏ-ਝੰਗਵੀ, ਅਲ-ਕਾਇਦਾ ਅਤੇ ਇਸਲਾਮਿਕ ਸਟੇਟ ਵਰਗੀਆਂ ਦਹਿਸ਼ਤੀ ਜਮਾਤਾਂ ਨੂੰ ਉਸ ਮਹਾਂਨਗਰ ਵਿਚੋਂ ਜਬਰੀ ਵਸੂਲੀਆਂ ਕਰਨ ਵਿਚ ਦਿੱਕਤ ਪੇਸ਼ ਆ ਰਹੀ ਹੈ। ਅਮਨ-ਕਾਨੂੰਨ ਨਾਲ ਜੁੜੀਆਂ ਏਜੰਸੀਆਂ ਨੇ ਇਨ੍ਹਾਂ ਦਹਿਸ਼ਤੀ ਜਮਾਤਾਂ ਦੇ ਸਰੋਤਾਂ ਨੂੰ ਬੰਦ ਕਰ ਦਿੱਤਾ; ਹਾਲਾਂਕਿ ਇਹ ਗਰੁੱਪ ਹੁਣ ਵੀ ਫਿਰੌਤੀਆਂ ਲਈ ਲੋਕਾਂ ਨੂੰ ਅਗਵਾ ਕਰਨ ਵਰਗੀਆਂ ਕਾਰਵਾਈਆਂ ਕਰ ਰਹੇ ਹਨ, ਫਿਰ ਵੀ ਲੋਕ ਇਨ੍ਹਾਂ ਦੀਆਂ ਸਰਗਰਮੀਆਂ ਬਾਰੇ ਪੁਲੀਸ ਨੂੰ ਸੂਚਿਤ ਕਰਨ ਲੱਗੇ ਹਨ। ਦੂਜੇ ਪਾਸੇ ਪੰਜਾਬ ਵਿਚ ਪੁਲਿਸ ਅਜੇ ਤਕ ਸਖ਼ਤ ਰੁਖ਼ ਨਹੀਂ ਦਿਖਾ ਸਕੀ ਜਿਸ ਕਰ ਕੇ ਉਥੇ ਦਹਿਸ਼ਤੀ ਗੁੱਟਾਂ ਵੱਲੋਂ ਧਨਾਢਾਂ ਨੂੰ ਅਗਵਾ ਕਰ ਕੇ ਫਿਰੌਤੀਆਂ ਵਸੂਲਣ ਦਾ ਸਿਲਸਿਲਾ ਜਾਰੀ ਹੈ।

ਕੁਲ ਮਿਲਾ ਕੇ ਪੂਰੀ ਚੁਣੌਤੀ ਬੜੀ ਪੇਚੀਦਾ ਹੈ। ਫੈਡਰਲ ਸਰਕਾਰ ਅਜੇ ਵੀ ਇਸ ਪ੍ਰਤੀ ਰੋਲ-ਘਚੋਲੇ ਤੋਂ ਬਾਹਰ ਨਹੀਂ ਆ ਰਹੀ। ਇਸ ਦੀ ਪਹੁੰਚ ਉਤੇ ਸਿਆਸੀ ਹਿੱਤ ਭਾਰੂ ਹਨ। ਜਮਾਤ-ਉਦ-ਦਾਵਾ ਅਤੇ ਅਹਿਲੇ-ਸੁੰਨਤ-ਜਮਾਤ ਵਰਗੀਆਂ ਜਥੇਬੰਦੀਆਂ ਉਪਰ ਪਾਬੰਦੀ ਲੱਗੀ ਹੋਈ ਹੈ, ਪਰ ਉਨ੍ਹਾਂ ਦੀ ਹਮਾਇਤ ਦਾ ਮੁੱਖ ਕੇਂਦਰ ਪੰਜਾਬ ਹੈ। ਉਥੋਂ ਦੀ ਸਰਕਾਰ ਇਨ੍ਹਾਂ ਖ਼ਿਲਾਫ਼ ਕਾਰਵਾਈ ਕਰ ਕੇ ਰੋਸਾ ਮੁੱਲ ਲੈਣ ਦੇ ਰੌਂਅ ਵਿਚ ਨਹੀਂ ਕਿਉਂਕਿ ਇਨ੍ਹਾਂ ਜਥੇਬੰਦੀਆਂ ਦਾ ਆਪਣਾ ਵੋਟ ਬੈਂਕ ਵੀ ਹੈ ਅਤੇ ਇਨ੍ਹਾਂ ਵਿਚ ਸਰਕਾਰੀ ਚੱਕਾ ਜਾਮ ਕਰਨ ਦੀ ਤਾਕਤ ਵੀ ਹੈ। ਪਾਕਿਸਤਾਨ ਦੇ ਲੋਕ ਅਮਨ-ਚੈਨ ਚਾਹੁੰਦੇ ਹਨ ਜਦੋਂ ਕਿ ਇੰਤਹਾਪਸੰਦ ਤੇ ਦਹਿਸ਼ਤੀ ਗੁੱਟ ਆਪਣੀ ਵੁੱਕਤ ਬਣਾਈ ਰੱਖਣ ਲਈ ਹਿੰਸਕ ਕਾਰੇ ਲਗਾਤਾਰ ਕਰ ਰਹੇ ਹਨ। ਉਹ ਚਾਹੇ ਭਾਰਤ-ਵਿਰੋਧੀ ਜਾਮੇ ਵਿਚ ਹੋਣ ਜਾਂ ਅਫ਼ਗਾਨਿਸਤਾਨ ਜਾਂ ਅਮਰੀਕਾ-ਵਿਰੋਧੀ ਜਾਮੇ ਵਿਚ, ਉਨ੍ਹਾਂ ਦਾ ਮਕਸਦ ਪਾਕਿਸਤਾਨ ਨੂੰ ਅਸਥਿਰ ਰੱਖਣਾ ਅਤੇ ਆਪਣੀ ਚੜ੍ਹਤ ਬਣਾਈ ਰੱਖਣਾ ਹੈ।

# ਨਵਾਜ਼ ਸ਼ਰੀਫ਼, ਜ਼ਰਦਾਰੀ ਤੇ ਸਿਆਸਤ

ਆਸਿਫ਼ ਅਲੀ ਜ਼ਰਦਾਰੀ ਨੇ ਸਿੰਧ ਵਿਚ ਫ਼ੌਜ ਅਤੇ ਰੇਂਜਰਾਂ ਦੀ ਸਖ਼ਤੀ ਵਾਲੀ ਕਾਰਵਾਈ ਖ਼ਿਲਾਫ਼ ਦਿੱਤੇ ਤਿੱਖੇ ਬਿਆਨਾਂ ਨਾਲ ਇਕ ਤਰ੍ਹਾਂ ਨਾਲ ਭੂੰਡਾਂ ਦੀ ਖੱਖਰ ਨੂੰ ਛੇੜ ਦਿੱਤਾ ਹੈ। ਸੂਬੇ ਵਿਚ ਫ਼ੌਜ ਅਤੇ ਇਸ ਦੀਆਂ ਸਹਾਇਕ ਏਜੰਸੀਆਂ ਨੂੰ ਰੋਕਣ ਦੇ ਆਪਣੇ ਉਪਰਾਲਿਆਂ ਵਿਚ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਹੁਣ ਖ਼ੁਦ ਨੂੰ ਸਿਆਸੀ ਤੌਰ 'ਤੇ ਪੂਰੀ ਤਰ੍ਹਾਂ ਅਲੱਗ-ਥਲੱਗ ਪੈ ਗਈ ਮਹਿਸੂਸ ਕਰ ਰਹੀ ਹੈ। ਇਸ ਦੇ ਕੋ-ਚੇਅਰਮੈਨ ਨੂੰ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਤੋਂ ਬਿਹਤਰ ਵਤੀਰੇ ਦੀ ਆਸ ਸੀ, ਪਰ ਸ਼ਰੀਫ਼ ਨੇ ਉਨ੍ਹਾਂ ਨਾਲ ਆਪਣੀ ਪਹਿਲਾਂ ਤੋਂ ਨਿਰਧਾਰਤ

**ਆਰਿਫ ਨਿਜ਼ਾਮੀ**

ਮੁਲਾਕਾਤ ਰੱਦ ਕਰ ਕੇ ਉਨ੍ਹਾਂ ਨੂੰ ਖੁੱਲ੍ਹੇਆਮ ਨੀਵਾਂ ਦਿਖਾਇਆ। ਜਦੋਂ ਬੀਤੇ ਵਰ੍ਹੇ ਸ਼ਰੀਫ਼, ਵਿਰੋਧੀ ਧਿਰਾਂ, ਫ਼ੌਜ ਤੇ ਹੋਰ ਕਈ ਪਾਸਿਉਂ ਘਿਰੇ ਹੋਏ ਸਨ ਤਾਂ ਜ਼ਰਦਾਰੀ ਹੀ ਉਨ੍ਹਾਂ ਨਾਲ ਖੜ੍ਹੇ ਹੋਏ ਸਨ। ਜ਼ਰਦਾਰੀ ਨੇ ਨਾ ਸਿਰਫ ਹਮਲਾਵਰ ਇਮਰਾਨ ਖਾਨ ਦਾ ਸਾਥ ਦੇਣ ਤੋਂ ਇਨਕਾਰ ਕੀਤਾ, ਸਗੋਂ ਸੰਸਦ ਦਾ ਸਾਂਝਾ ਸੈਸ਼ਨ ਬੁਲਾਉਣ ਦੀ ਸਲਾਹ ਦੇ ਕੇ ਪ੍ਰਧਾਨ ਮੰਤਰੀ ਨੂੰ ਸੰਕਟ ਵਿਚੋਂ ਕੱਢਿਆ ਸੀ।

ਉਂਜ ਵੀ ਸੰਸਦ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਵੱਲੋਂ ਦੋਸਤਾਨਾ ਵਿਰੋਧੀ ਧਿਰ ਵਾਲੀ ਭੂਮਿਕਾ ਹੀ ਨਿਭਾਈ ਜਾਂਦੀ ਰਹੀ ਹੈ। ਇਸੇ ਕਰ ਕੇ ਕੌਮੀ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਆਗੂ ਖੁਰਸ਼ੀਦ ਸ਼ਾਹ ਬਾਰੇ ਮਸ਼ਹੂਰ ਹੈ ਕਿ ਉਹ ਪੀਪਲਜ਼ ਪਾਰਟੀ ਦੇ ਮੈਂਬਰ ਹੋਣ ਨਾਲੋਂ ਸੱਤਾਧਾਰੀ ਪਾਰਟੀ ਦੇ ਮੈਂਬਰ ਵਧੇਰੇ ਜਾਪਦੇ ਹਨ, ਪਰ ਜ਼ਰਦਾਰੀ ਤੋਂ ਬਿਹਤਰ ਇਹ ਗੱਲ ਹੋਰ ਕੌਣ ਜਾਣਦਾ ਹੈ ਕਿ ਸੱਤਾ ਵਿਚ ਹੋਰ ਕੁਝ ਵੀ ਸਥਾਈ ਨਹੀਂ ਹੁੰਦਾ, ਸਿਰਫ ਹਿਤ ਹੀ ਸਥਾਈ ਹੁੰਦੇ ਹਨ। ਆਖ਼ਰਕਾਰ ਨਵਾਜ਼ ਸ਼ਰੀਫ਼ ਨੂੰ ਵੀ ਅਜੇ ਕੱਲ੍ਹ ਦੀ ਗੱਲ ਹੀ ਜਾਪਦੀ ਹੋਵੇਗੀ ਕਿ ਜਦੋਂ ਉਹ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ ਅਤੇ ਤਤਕਾਲੀ ਰਾਸ਼ਟਰਪਤੀ ਗੁਲਾਮ ਇਸ਼ਹਾਕ ਖਾਨ ਨਾਲ ਉਨ੍ਹਾਂ ਦਾ ਖੁੱਲ੍ਹੇਆਮ ਵਿਰੋਧ ਚੱਲ ਰਿਹਾ ਸੀ। ਉਦੋਂ ਸੰਸਦ ਦੇ ਸਾਂਝੇ ਸੈਸ਼ਨ ਨੂੰ ਰਾਸ਼ਟਰਪਤੀ ਵੱਲੋਂ ਸੰਬੋਧਨ ਕੀਤੇ ਜਾਣ ਮੌਕੇ ਬੇਨਜ਼ੀਰ ਨੇ ਨਵਾਜ਼ ਦੀ ਪਾਰਟੀ ਨਾਲ ਰਲ ਕੇ 'ਬਾਬਾ ਵਾਪਸ ਜਾਓ' ਦੇ ਨਾਅਰੇ ਲਾਏ ਸਨ, ਪਰ ਉਸ ਤੋਂ ਛੇਤੀ ਬਾਅਦ ਪਾਕਿਸਤਾਨ ਪੀਪਲਜ਼ ਪਾਰਟੀ ਨੇ ਸ਼ਰੀਫ਼ ਦੀ ਪਿੱਠ ਵਿਚ ਛੁਰਾ ਮਾਰਦਿਆਂ ਰਾਸ਼ਟਰਪਤੀ ਗੁਲਾਮ ਇਸ਼ਹਾਕ ਖਾਨ ਨਾਲ ਹੱਥ ਮਿਲਾ ਲਏ ਸਨ। ਧਾਰਾ 58-2 (ਬੀ) ਨਾਲ ਲੈਸ ਰਾਸ਼ਟਰਪਤੀ ਨੇ ਉਸ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ ਅਤੇ ਜ਼ਰਦਾਰੀ ਨੂੰ ਅੰਤ੍ਰਿਮ ਮੰਤਰੀ ਮੰਡਲ ਵਿਚ ਬਿਜਲੀ ਅਤੇ ਪਾਣੀ ਮੰਤਰੀ ਬਣਾ ਦਿੱਤਾ ਸੀ, ਪਰ ਹੋਰਾਂ ਦੀਆਂ ਗ਼ਲਤੀਆਂ ਦੇ ਜ਼ਿਕਰ ਨਾਲ ਕੋਈ ਕਦਮ ਸਹੀ ਨਹੀਂ ਹੋ ਜਾਂਦਾ।

ਪੀ.ਪੀ.ਪੀ. ਦੀਆਂ ਜੋ ਮਰਜ਼ੀ ਗ਼ਲਤੀਆਂ ਰਹੀਆਂ ਹੋਣ, ਸ਼ਰੀਫ਼ ਇਸ ਵਕਤ ਜਦੋਂ ਫੈਡਰਲ ਸਰਕਾਰ ਦੇ ਮੁਖੀ ਹਨ, ਤਾਂ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਇਸ ਉਘੇ ਆਗੂ ਨਾਲ ਮੁਲਾਕਾਤ ਕਰਨ ਤੋਂ ਇਨਕਾਰ ਨਹੀਂ ਸੀ ਕਰਨਾ ਚਾਹੀਦਾ ਜਿਸ ਦੀ ਪਾਰਟੀ ਮੁਲਕ ਦੇ ਇਕ ਸੂਬੇ ਵਿਚ ਸੱਤਾਧਾਰੀ ਵੀ ਹੈ। ਜ਼ਖ਼ਮਾਂ 'ਤੇ ਲੂਣ ਛਿੜਕਣ ਵਾਂਗ ਪ੍ਰਧਾਨ ਮੰਤਰੀ ਨੇ ਇਹ ਬਿਆਨ ਦੇ ਕੇ ਵਾਹ ਵਾਹ ਖੱਟਣੀ ਚਾਹੀ ਕਿ ਫ਼ੌਜ 'ਤੇ ਕਿਸੇ ਵੀ ਤਰ੍ਹਾਂ ਦਾ ਹਮਲਾ ਨਾ-ਕਬੂਲਣਯੋਗ ਹੈ ਅਤੇ ਇਸੇ ਕਰ ਕੇ ਹੀ ਉਨ੍ਹਾਂ ਨੇ ਪੀ.ਪੀ.ਪੀ. ਦੇ ਕੋ-ਚੇਅਰਮੈਨ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਹੈ। ਠੀਕ ਹੈ ਕਿ ਜ਼ਰਦਾਰੀ ਆਪਣੇ ਬਿਆਨ ਵਿਚ ਲੋੜ ਨਾਲੋਂ ਵਧੇਰੇ ਕੁਝ ਕਹਿ ਗਏ, ਪਰ ਕੀ ਸੱਤਾ ਤੰਤਰ ਵਿਚ ਫ਼ੌਜੀ ਜਰਨੈਲਾਂ ਦੀ ਭੂਮਿਕਾ ਦੀ ਆਲੋਚਨਾ ਕਰਨਾ ਧਰਮ-ਉਲੰਘਣਾ ਦੇ ਬਰਾਬਰ ਹੈ? ਇਹ ਹਕੀਕਤ ਹੈ ਕਿ ਇਸ ਪੱਖੋਂ ਕੋਈ ਵੀ ਸਿਆਸਤਦਾਨ ਦੁੱਧ ਧੋਤਾ ਨਹੀਂ ਹੈ। ਬਹੁਤਾ ਸਮਾਂ ਨਹੀਂ ਹੋਇਆ ਜਦੋਂ ਪੀ.ਪੀ.ਪੀ. ਸੱਤਾ ਵਿਚ ਸੀ ਅਤੇ ਨਵਾਜ਼ ਸ਼ਰੀਫ਼ ਵਿਰੋਧੀ ਧਿਰ ਵਿਚ ਹੁੰਦਿਆਂ ਕਿਆਨੀ-ਪਾਸ਼ਾ ਜੋੜੀ 'ਤੇ ਸਖ਼ਤ ਸ਼ਬਦੀ ਹਮਲੇ ਕਰਦੇ ਸਨ।

ਹਰ ਕੋਈ ਸਵੀਕਾਰ ਕਰਦਾ ਹੈ ਕਿ ਜਨਰਲ ਰਹੀਲ ਸ਼ਰੀਫ਼ ਦੀ ਅਗਵਾਈ ਹੇਠ ਫ਼ੌਜ 'ਜ਼ਰਬ-ਏ-ਅਜ਼ਬ' ਆਪ੍ਰੇਸ਼ਨ ਰਾਹੀਂ ਮੁਲਕ ਵਿਚੋਂ ਅਤਿਵਾਦ ਦੇ ਖ਼ਤਰੇ ਦੇ ਖ਼ਾਤਮੇ ਲਈ ਰੁੱਝੀ ਹੋਈ

> *ਹਰ ਕੋਈ ਸਵੀਕਾਰ ਕਰਦਾ ਹੈ ਕਿ ਜਨਰਲ ਰਹੀਲ ਸ਼ਰੀਫ਼ ਦੀ ਅਗਵਾਈ ਹੇਠ ਫ਼ੌਜ 'ਜ਼ਰਬ-ਏ-ਅਜ਼ਬ' ਆਪ੍ਰੇਸ਼ਨ ਰਾਹੀਂ ਮੁਲਕ ਵਿਚੋਂ ਅਤਿਵਾਦ ਦੇ ਖ਼ਤਰੇ ਦੇ ਖ਼ਾਤਮੇ ਲਈ ਰੁੱਝੀ ਹੋਈ ਹੈ। ਸਰਕਾਰ ਅਤੇ ਪੀ.ਪੀ.ਪੀ. ਸਮੇਤ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਵੀ ਫ਼ੌਜ ਦੀ ਇਸ ਕਾਰਵਾਈ ਦੀ ਹਮਾਇਤ ਕੀਤੀ ਜਾ ਰਹੀ ਹੈ। ਫ਼ੌਜੀ ਅਦਾਲਤਾਂ ਦੀ ਸਥਾਪਨਾ ਲਈ ਕਾਨੂੰਨ ਬਣਾਉਣ ਵਾਸਤੇ ਸੰਵਿਧਾਨ ਵਿਚ ਜੋ 21ਵੀਂ ਸੋਧ ਕੀਤੀ ਗਈ, ਉਹ ਵੀ ਪੀ.ਪੀ.ਪੀ. ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ।*

ਹੈ। ਸਰਕਾਰ ਅਤੇ ਪੀ.ਪੀ.ਪੀ. ਸਮੇਤ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਵੀ ਫ਼ੌਜ ਦੀ ਇਸ ਕਾਰਵਾਈ ਦੀ ਹਮਾਇਤ ਕੀਤੀ ਜਾ ਰਹੀ ਹੈ। ਫ਼ੌਜੀ ਅਦਾਲਤਾਂ ਦੀ ਸਥਾਪਨਾ ਲਈ ਕਾਨੂੰਨ ਬਣਾਉਣ ਵਾਸਤੇ ਸੰਵਿਧਾਨ ਵਿਚ ਜੋ 21ਵੀਂ ਸੋਧ ਕੀਤੀ ਗਈ, ਉਹ ਵੀ ਪੀ.ਪੀ.ਪੀ. ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ। ਉਸ ਸਮੇਂ ਪੀ.ਪੀ.ਪੀ. ਸੈਨੇਟ ਵਿਚ ਬਹੁਮਤ ਵਾਲੀ ਪਾਰਟੀ ਸੀ। ਜਿਥੋਂ ਤੱਕ ਸਿੰਧ ਸੂਬੇ ਵਿਚ ਪੀ.ਪੀ.ਪੀ. ਦੇ ਪਿਛਲੇ 7 ਸਾਲ ਦੇ ਰਾਜ ਦੌਰਾਨ ਸਾਹਮਣੇ ਆਏ ਕੁ-ਸ਼ਾਸਨ ਦਾ ਸਵਾਲ ਹੈ, ਪਾਰਟੀ ਨੂੰ ਇਸ ਬਾਰੇ ਆਤਮ-ਚਿੰਤਨ ਦੀ ਲੋੜ ਹੈ।

ਸ਼ਾਇਦ ਜਨਰਲ ਰਹੀਲ ਸ਼ਰੀਫ਼ ਵੀ ਇਸ ਗੱਲ ਨੂੰ ਸਮਝਦੇ ਹਨ ਅਤੇ ਉਨ੍ਹਾਂ ਤੋਂ ਪਹਿਲੇ ਫ਼ੌਜੀ ਮੁਖੀ ਜਨਰਲ ਕਿਆਨੀ ਵੀ ਸਮਝ ਚੁੱਕੇ ਸਨ ਕਿ ਜ਼ਾਹਿਰ ਤੌਰ 'ਤੇ ਰਾਜ ਕਰਨ ਦੇ ਕੀ ਨੁਕਸਾਨ ਹਨ। ਇਸ ਕਰ ਕੇ ਫ਼ੌਜ ਨੇ ਹੁਣ ਖ਼ੁਦ ਸੱਤਾ ਸੰਭਾਲਣੀ ਛੱਡ ਦਿੱਤੀ ਹੈ ਪਰ ਪੁਰਾਣੀਆਂ ਆਦਤਾਂ ਮੁਸ਼ਕਿਲ ਨਾਲ ਹੀ ਜਾਂਦੀਆਂ ਹਨ। ਹੁਣ ਵੀ ਸੱਤਾ ਦਾ ਸੰਤੁਲਨ ਸਾਡੇ ਜਮਹੂਰੀ ਪ੍ਰਬੰਧ ਤੋਂ ਇੰਨਾ ਕੁ ਦੂਰ ਜਾ ਚੁੱਕਾ ਹੈ ਕਿ ਕੁਝ ਵਿਸ਼ਲੇਸ਼ਕਾਂ ਨੇ ਤਾਂ ਇਹ ਵੀ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਮੁਲਕ ਵਿਚ ਨਰਮ ਰਾਜ ਪਲਟਾ ਹੋ ਚੁੱਕਾ ਹੈ। ਸ਼ਾਇਦ ਜ਼ਰਦਾਰੀ ਤੋਂ ਸਿੱਖਿਆ ਲੈਂਦਿਆਂ ਨਵਾਜ਼ ਸ਼ਰੀਫ਼ ਵੀ ਹਰ ਢੰਗ-ਤਰੀਕੇ ਅਪਣਾ ਕੇ 5 ਸਾਲ ਦਾ ਕਾਰਜਕਾਲ ਪੂਰਾ ਕਰਨਾ ਚਾਹੁੰਦੇ ਹਨ। ਇਸੇ ਕਰ ਕੇ ਫ਼ੌਜੀ ਹੈੱਡਕੁਆਰਟਰ ਵਿਚ ਮਾੜੀ ਜਿਹੀ ਹਿਲਜੁਲ 'ਤੇ ਹੀ ਉਹ ਹਰ ਤਰ੍ਹਾਂ ਦੇ ਸਮਝੌਤੇ ਲਈ ਤਿਆਰ ਰਹਿੰਦੇ ਹਨ। ਉਹ ਇਸ ਗੱਲੋਂ ਇਕ ਤਰ੍ਹਾਂ ਨਾਲ ਬਦਨਾਮ ਹੀ ਹੋ ਚੁੱਕੇ ਸਨ ਕਿ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੀ ਫ਼ੌਜ ਦੇ ਕਿਸੇ ਵੀ ਮੁਖੀ ਨਾਲ ਨਹੀਂ ਬਣੀ। ਸੋ, ਇਸ ਵਾਰ ਉਹ ਪੂਰੀ ਸਾਵਧਾਨੀ ਤੋਂ ਕੰਮ ਲੈ ਰਹੇ ਹਨ। ਹਥਿਆਰਬੰਦ ਫ਼ੌਜਾਂ 'ਤੇ ਸਿਵਲ ਕੰਟਰੋਲ ਹੋਣ ਦਾ ਸਿਧਾਂਤ ਮੌਜੂਦਾ ਹਾਲਾਤ ਵਿਚ ਦੂਰ ਦੀ ਕੌਡੀ ਬਣ ਕੇ ਰਹਿ ਗਿਆ ਹੈ। ਮੁਲਕ ਨੂੰ ਜਿਸ ਤਰ੍ਹਾਂ ਦੇ ਬਾਹਰੀ ਅਤੇ ਅੰਦਰੂਨੀ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਦੇ ਮੱਦੇਨਜ਼ਰ ਜਾਪਦਾ ਹੈ ਕਿ ਅਜਿਹਾ ਹਾਈਬ੍ਰਿਡ ਮਾਡਲ ਹੀ ਕੰਮ ਕਰ ਸਕਦਾ ਹੈ ਜਿਸ ਤਹਿਤ ਫ਼ੌਜ ਅਤੇ ਸਿਵਲ ਲੀਡਰਸ਼ਿਪ ਸੱਤਾ ਸਾਂਝੀ ਕਰਨ ਲਈ ਆਪਸ ਵਿਚ ਸਹਿਯੋਗ ਕਰਨ, ਪਰ ਜ਼ਰਦਾਰੀ ਨੇ ਆਪਣੇ ਦੁੱਖੜੇ ਰਾਹੀਂ ਇਸ ਅਮਲ ਦੇ ਰਾਹ ਵਿਚ ਅੜਿੱਕਾ ਖੜ੍ਹਾ ਕਰ ਦਿੱਤਾ ਹੈ। ਇਥੇ ਹੀ ਨਵਾਜ਼ ਸ਼ਰੀਫ਼ ਦੀ ਭੂਮਿਕਾ ਦੀ ਗੱਲ ਆਉਂਦੀ ਹੈ। ਉਨ੍ਹਾਂ ਨੂੰ ਹਾਲਾਤ ਤੋਂ ਅੱਖਾਂ ਮੀਟਣ ਦੀ ਥਾਂ ਚੀਜ਼ਾਂ ਨੂੰ ਸੁਧਾਰਨ ਲਈ ਆਪਣੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਫ਼ੌਜ ਵੱਲੋਂ ਅੰਦਰੂਨੀ ਸੁਰੱਖਿਆ ਦੇ ਨਾਂ 'ਤੇ ਜੋ ਲਗਾਤਾਰ ਵਧਦੀ ਦਖ਼ਲਅੰਦਾਜ਼ੀ ਵਾਲੀ ਭੂਮਿਕਾ ਅਪਣਾਈ ਜਾ ਰਹੀ ਹੈ, ਸਿਆਸਤਦਾਨਾਂ ਨੂੰ ਉਸ ਖ਼ਿਲਾਫ਼ ਖੜ੍ਹੇ ਹੋਣਾ ਚਾਹੀਦਾ ਹੈ।

'ਫੰਡ ਫਾਰ ਪੀਸ' ਨਾਂ ਦੇ ਸੁਤੰਤਰ ਵਿਦਿਅਕ ਸੰਗਠਨ ਵੱਲੋਂ ਹਾਲ ਹੀ ਦੌਰਾਨ ਤਿਆਰ ਕੀਤੇ ਗਏ 'ਨਾਜ਼ੁਕ ਰਾਜਾਂ ਦੇ ਸੂਚਕ ਅੰਕ 2015' ਵਿਚ ਪਾਕਿਸਤਾਨ ਨੂੰ ਇਰਾਕ, ਅਫ਼ਗਾਨਿਸਤਾਨ, ਸੀਰੀਆ ਅਤੇ ਚੈਡ ਸਮੇਤ ਦੁਨੀਆਂ ਦੇ ਨਾਜ਼ੁਕ ਮੁਲਕਾਂ ਵਿਚੋਂ ਇਕ ਦੱਸਿਆ ਗਿਆ ਹੈ। ਮੁਲਕ ਨੂੰ ਅਜਿਹੇ ਔਖੀ ਹਾਲਾਤ ਵਿਚੋਂ ਕੱਢਣ ਲਈ ਸਿਵਲ ਸੱਤਾਤੰਤਰ ਅਤੇ ਫ਼ੌਜੀ ਸਥਾਪਤੀ ਨੂੰ ਇਕਸੁਰ ਹੋ ਕੇ ਕੰਮ ਕਰਨਾ ਪਵੇਗਾ। ਬਦਕਿਸਮਤੀ ਨਾਲ 'ਖ਼ਾਕੀ' ਅਤੇ 'ਮੁਫ਼ਤੀ' ਦੋਵੇਂ ਸੱਤਾਧਾਰੀ ਵਰਗ ਇਸ ਸੰਦੇਸ਼ ਨੂੰ ਸਮਝਣ ਵਿਚ ਨਾਕਾਮ ਰਹਿ ਰਹੇ ਹਨ।

# ਫਾਹੇ ਟੰਗੀ ਕਿਰਸਾਨੀ...

*ਜਦੋਂ ਬੱਕਰੇ ਬੋਹਲ ਦੀ ਰਾਖੀ ਕਰਨ ਲੱਗ ਪਏ ਹੋਣ, ਬਘਿਆੜ ਭੇਡਾਂ ਨਾਲ ਕਿੱਕਲੀ ਪਾਉਣ ਲੱਗ ਪੈਣ, ਕਰਜ਼ਾ ਹੋਰਾਂ ਨੇ ਚੁੱਕਿਆ ਹੋਵੇ, ਉਗਰਾਹੀ ਕਿਤੋਂ ਹੋਰ ਕਰਨ ਦੇ ਯਤਨ ਕੀਤੇ ਜਾ ਰਹੇ ਹੋਣ... ਬੀਵੀ ਹੋਰ ਦੀ, ਪਤੀ ਕਿਸੇ ਹੋਰ ਦਾ ਹੋ ਗਿਆ ਹੋਵੇ, ਭੈਣ ਰੱਖੜੀ ਵਾਲੇ ਦਿਨ ਭੁੱਬਾਂ ਮਾਰੇ, ਮਾਂ ਪੁੱਤ ਨੂੰ ਜੇਲ੍ਹ ਡੱਕਣ ਲਈ ਥਾਣੇਦਾਰ ਦੇ ਹਾੜ੍ਹੇ ਕੱਢੇ, ਰੱਜੇ ਨੇਤਾ ਨੂੰ ਡਕਾਰ ਵੀ ਨਾ ਆਵੇ ਪਰ ਪਰਜਾ ਭੁੱਖ ਦੀਆਂ ਉਬਾਸੀਆਂ ਮਾਰੇ, ਅਧਿਆਪਕ ਉਤੇ ਵਿਦਿਆਰਥਣ ਨਾਲ ਪ੍ਰੇਮ ਸਬੰਧਾਂ ਦਾ ਦੋਸ਼ ਹੋਵੇ, ਭੈਣ ਵੀਰਾਂ ਤੋਂ ਡਰ ਕੇ ਸੁੰਗੜਦੀ ਜਾ ਰਹੀ ਹੋਵੇ ਤਾਂ ਕਲਯੁਗ ਨੂੰ ਹੋਰ 'ਵਾਜਾਂ ਮਾਰਨ ਦੀ ਲੋੜ ਹੀ ਕੀ ਰਹਿ ਜਾਂਦੀ ਹੈ? ਚਿੜੀ ਨੇ ਕਬੂਤਰ ਨੂੰ ਪੁੱਛਿਆ, "ਅੱਜ ਕੱਲ੍ਹ ਕਾਂ ਨਹੀਂ ਦਿਸਦੇ, ਕਿਧਰ ਗਏ?" ਕਬੂਤਰ ਹੱਸ ਪਿਆ, "ਭੋਲੀ ਤਾਂ ਤੂੰ ਹੈਗੀ ਈ ਆਂ, ਕਮਲੀ ਵੀ ਹੋ ਗਈ। ਮੂਰਖੇ! ਅੱਜ ਕੱਲ੍ਹ ਵੋਟਾਂ ਪੈ ਰਹੀਆਂ ਹਨ।" ਚਿੜੀ 'ਹੂੰ' ਦੀ ਹੁੰਗਰ ਭਰ ਕੇ ਉਡ ਗਈ, "ਚੰਗਾ ਹੋਇਆ ਆਪਾਂ ਦੋਹਾਂ ਦਾ ਚਰਖਾ ਟੁੱਟਿਆ, ਤੇ ਹੱਡ ਛੁੱਟੇ।" ਕਵਿਤਾ ਵਿਚ ਜੇ ਰਸ ਮੁੱਕ ਗਿਆ ਹੈ, ਕਈ ਭੂੰਡ ਕਵੀ ਬਣ ਗਏ ਹਨ ਤਾਂ ਇਹ ਇਸ ਕਰ ਕੇ ਹੋਇਆ ਹੈ ਕਿ ਇਹ ਰੋਗ ਤਾਂ ਲੱਗਦਾ ਹੈ ਕਿ ਪਹਿਲਾਂ ਪਿਆਰ ਕਰੋ ਤੇ ਫਿਰ ਉਹਦੇ ਵਿਚ ਅਸਫ਼ਲ ਹੋਵੋ, ਦਰਦ ਫਿਰ ਹੀ ਨਿਕਲੇਗਾ। ਹੁਣ 'ਜੈ ਜਵਾਨ' ਦਾ ਨਾਅਰਾ ਇਸ ਕਰ ਕੇ ਘੱਟ ਲੱਗ ਰਿਹਾ ਹੈ ਕਿ ਨਸ਼ਿਆਂ ਦਾ ਬਣਾਇਆ ਪਿੰਜਰ ਵੇਖ ਕੇ 'ਜੈ' ਕਰਨ ਨੂੰ ਕੀਹਦਾ ਚਿੱਤ ਕਰੇਗਾ? ਜੈ ਕਿਸਾਨ ਤਾਂ ਕਿਹਾ ਹੀ ਨਹੀਂ ਜਾ ਸਕਦਾ, ਕਿਉਂਕਿ ਫਾਂਸੀ ਤਾਂ ਚਲੋ ਤਿਹਾੜ ਜੇਲ੍ਹ ਵਿਚ ਲਗਦੀ ਹੋਊ, ਕਿਸਾਨ ਫਾਹੇ ਦਿੱਲੀ ਦੀ ਹਿੱਕ 'ਤੇ ਚੜ੍ਹ ਕੇ ਦਰਖਤਾਂ ਦੇ ਸਹਾਰੇ ਲੈ ਰਿਹਾ ਹੈ। ਕਿਤੇ ਕਿਤੇ ਇੱਦਾਂ ਲੱਗ ਰਿਹਾ ਹੈ ਕਿ ਬੰਦਾ ਖ਼ਰਬੂਜ਼ੇ ਲੈਣ ਗਿਆ ਸੀ, ਕਰੇਲਿਆਂ ਦਾ ਝੋਲਾ ਭਰ ਲਿਆਇਆ। ਸ਼ਹਿਰ ਨੂੰ ਕੰਮ ਲੱਭਣ ਗਿਆ ਸੀ, ਮੁੜਦਾ ਹੋਇਆ ਵਹੁਟੀ ਲੈ ਆਇਆ। ਬਿਮਾਰ ਸੱਸ ਸੀ, ਮਰ ਸਹੁਰਾ ਗਿਆ। ਗੀਤ ਲਿਖਣ ਵਾਲੇ ਗਾਉਣ ਲੱਗ ਪਏ ਹਨ ਤੇ ਗਾਉਣ ਵਾਲੇ ਨੱਚਣ ਦਾ ਯਤਨ ਕਰ ਰਹੇ ਹਨ। ਇਸ ਭੇਤ ਨੂੰ ਜਾਣਨ ਦਾ ਕੋਈ ਹੁੰਗਾਰਾ ਹੀ ਨਹੀਂ ਭਰਦਾ ਕਿ ਰੌਲਾ ਤਾਂ ਪੈ ਰਿਹਾ ਸੀ ਕਿ ਬੱਚਾ ਸਤਵਾਹੇਂ ਯਾਨਿ ਸੱਤਵੇਂ ਮਹੀਨੇ ਜੰਮ ਪਿਆ ਪਰ ਸਿਹਤ ਪੱਖੋਂ ਉਹ ਨੌਵੇਂ ਮਹੀਨੇ ਜੰਮਣ ਵਾਲੇ ਬੱਚਿਆਂ ਤੋਂ ਵੀ ਤਕੜੈ। ਜਿਸ ਯੁੱਗ ਵਿਚ ਬਦਨਾਮ ਹੋਣ ਦੀਆਂ ਹਰਕਤਾਂ ਕਰਨ ਵਾਲੇ ਵੀ ਮਸ਼ਹੂਰ ਹੋਣ ਦੇ ਸੁਪਨੇ ਵੇਖ ਰਹੇ ਹੋਣ, ਉਹ ਯੁੱਗ 'ਕਲਯੁਗ' ਹੋਊ, ਤਸਦੀਕ ਕਰ ਹੀ ਦੇਣਾ ਚਾਹੀਦੈ। ਜ਼ਮੀਨ ਹੁਣ ਸੋਨਾ ਉਗਲਣ ਦੀ ਥਾਂ ਕੈਂਸਰ ਉਗਲਣ ਲੱਗ ਪਈ ਹੈ, ਅੰਨਦਾਤਾ ਫਾਹਾ ਲੈਣ ਲਈ ਦਰਖਤਾਂ ਦੇ ਸੁੰਨੇ ਡਾਹਣੇ ਲੱਭ ਰਿਹਾ ਹੈ ਤਾਂ ਲਗਦਾ ਨਹੀਂ, ਸਰਗੀ ਦਾ ਕਾਲ ਅਜੇ ਹੋਰ ਪਵੇਗਾ। ਹੰਕਾਰ ਗਲ ਨੂੰ ਚੜ੍ਹੇਗਾ ਕਿਉਂਕਿ ਮੌਤ ਸਾਰਿਆਂ ਦੇ ਕੁੱਛੜ ਚੜ੍ਹ ਗਈ ਹੈ।*

ਸੰਤ, ਫਕੀਰ ਤੇ ਮਹਾਂ ਪੁਰਸ਼ ਹੀ ਆਪਣੇ ਆਪ ਨੂੰ ਨੀਵਾਂ ਸਮਝਦੇ ਰਹੇ ਹਨ ਤੇ ਵਰਤਮਾਨ ਯੁੱਗ ਵਿਚ ਇਹ ਤਿੰਨੇ ਨਹੀਂ ਲੱਭਦੇ। ਇਸੇ ਲਈ ਹਰ ਬੰਦਾ ਆਪਣੇ ਆਪ ਨੂੰ ਵੱਡਾ ਤੇ ਉਚਾ ਸਮਝਣ ਦੀ ਗੁਸਤਾਖ਼ੀ ਕਰ ਰਿਹਾ ਹੈ। ਖਾਲੀ ਭਾਂਡੇ ਖੜਕਣ ਦੀਆਂ ਗੱਲਾਂ ਤਾਂ ਚਲੋ ਸੁਣਦੇ ਸੀ, ਪਰ ਹੁਣ ਇਹ ਸ਼ੋਰ ਪਾਉਣ ਲੱਗ ਪਏ ਹਨ ਤੇ ਹਾਲਾਤ ਹੋਰ ਵਿਗੜਨ ਤੋਂ ਬਚਾ ਕੌਣ ਸਕੇਗਾ? ਮਿਹਨਤ ਨਾਲ ਢਿੱਡ ਤਾਂ ਭਰਦਾ ਰਿਹਾ ਹੈ, ਅਮੀਰ ਹੋਣ ਲਈ ਚੁਸਤੀਆਂ-ਚਲਾਕੀਆਂ ਵਰਤੀਆਂ ਹੀ ਜਾਂਦੀਆਂ ਰਹੀਆਂ ਹਨ, ਹੁਣ ਆ ਕੇ ਇਨ੍ਹਾਂ ਦੀ ਥਾਂ ਹੇਰਾ-ਫੇਰੀਆਂ ਨੇ ਲੈ ਲਈ ਹੈ। ਸੱਚ ਨਹੀਂ, ਕਿ ਜੇ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ ਤਾਂ ਇਸ ਦਾ ਅਰਥ ਮਿਹਨਤ ਕਰ ਕੇ 'ਫਾਹਾ' ਲੈਣਾ ਬਣ ਗਿਆ ਹੈ। ਚਲੋ ਕਰਜ਼ਾ ਚੁਕਣਾ ਤੇ ਦੇਣਾ-ਦੋਵੇਂ ਮਾੜੇ ਹੁੰਦੇ ਹਨ ਪਰ ਅਮੀਰ ਕਰਜ਼ਾ ਮੋੜਨ ਦੀ ਥਾਂ 'ਦੀਵਾਲੀਆ' ਬਣ ਜਾਂਦਾ ਹੈ, ਤੇ ਜ਼ਿਮੀਂਦਾਰ ਨੂੰ ਸਲਫਾਸ ਦੇ ਰੱਸੇ 'ਜੀ ਆਇਆਂ' ਕਹਿਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਚਲੋ ਵੱਡੀ ਮੱਛੀ ਤਾਂ ਛੋਟੀ ਨੂੰ ਖਾਂਦੀ ਹੀ ਆਈ ਹੈ, ਹੁਣ ਮੱਛੀਆਂ ਮਗਰਮੱਛ ਖਾਣ ਲੱਗ ਪਈਆਂ ਹਨ।

ਬੁੱਢੇ ਬੋਹੜ ਦੀ ਛਾਂਵੇਂ ਬੈਠੀ ਭੀੜ, ਕੋਲ ਦੋ ਮੰਜਿਆਂ 'ਤੇ ਪਈਆਂ ਪਿਉ ਤੇ ਧੀ ਦੀਆਂ ਲਾਸ਼ਾਂ ਇਹ ਵੀ ਸਿੱਧ ਕਰ ਰਹੀਆਂ ਸਨ ਕਿ ਜ਼ਰੂਰੀ ਨਹੀਂ, ਹੋਣੀ ਹੀ ਸਾਰਿਆਂ ਦੀਆਂ ਜਾਨਾਂ ਕੱਢਦੀ ਹੋਵੇ; ਕਈ ਵਾਰ ਇਹ ਕੰਮ ਹਾਲਾਤ ਤੇ ਹਾਕਮ ਵੀ ਆਸਾਨੀ ਨਾਲ ਕਰ ਜਾਂਦੇ ਹਨ। ਬਰਫ਼ ਦੀਆਂ ਸਿੱਲੀਆਂ ਵਿਚ ਭਿੱਜੀਆਂ ਲਾਸ਼ਾਂ... ਇਕ ਪਾਸੇ ਪਾਣੀ ਦੇ ਟੱਬ ਉਪਰ ਫੱਟੇ 'ਤੇ ਰੱਖਿਆ ਬਰਫ਼ ਦਾ ਟੁਕੜਾ ਦੱਸ ਰਿਹਾ ਸੀ ਕਿ ਆਲੇ-ਦੁਆਲੇ ਇਕੱਲੇ ਦੁੱਖ ਦੀ ਹੀ ਗਰਮੀ ਨਹੀਂ ਹੈ, ਸਗੋਂ ਕੁਦਰਤ ਵੀ ਖਫ਼ਾ ਹੋ ਕੇ ਅੱਗ ਦੇ ਗੋਲੇ ਵਰ੍ਹਾ ਰਹੀ ਹੈ। 'ਵਾਹ ਸ਼ੇਰਾ... ਹਾਏ ਨੀ ਧੀਏ ਰਾਣੀਏ...' ਦੁਹੱਥੜਾਂ ਨਾਲ ਇਕ ਪਾਸੇ ਚੀਕਾਂ ਉਠ ਰਹੀਆਂ ਸਨ ਤੇ ਦੂਜੇ ਪਾਸੇ ਮਰਦ ਬੋਹੜ ਦੀ ਛਾਂ ਹੇਠ ਨੂੰ ਸੁੰਗੜੀ ਜਾ ਰਹੇ ਸਨ। ਕੋਈ ਕੋਈ ਪੱਖੀ ਝੱਲ ਰਿਹਾ ਸੀ, ਨਹੀਂ ਤਾਂ ਪਰਨੇ ਦੇ ਲੜ ਨਾਲ ਹੀ ਗਰਮੀ ਝੱਲਣ ਦਾ ਯਤਨ ਹੋ ਰਿਹਾ ਸੀ। ਦੋ ਕੁ ਗੱਭਰੂ ਮਰਦਾਂ ਵਿਚ, ਤੇ ਦੋ-ਚਾਰ ਬੀਬੀਆਂ ਰੋਂਦੀਆਂ ਪਿੱਟਦੀਆਂ ਔਰਤਾਂ ਨੂੰ ਹੱਥ ਦੀਆਂ ਉਂਗਲਾਂ ਨਾਲ ਚਾਰ ਚਾਰ ਗਲਾਸ ਫੜ ਕੇ ਪਾਣੀ ਪਿਲਾ ਰਹੀਆਂ ਸਨ।

'ਪੈ ਗਈ ਫਿਰ ਬੰਸੋ ਨੂੰ ਦੰਦ-ਛਿੱਕਲ...', ਦੀ ਆਵਾਜ਼ ਜਦੋਂ ਫਿਰ ਆਈ ਤਾਂ ਬੋਹੜ ਹੇਠ ਚੁੱਪ ਬੈਠੇ ਸਾਰਿਆਂ ਵਿਚੋਂ ਕਰਮੇ ਚੌਕੀਦਾਰ ਨੇ ਹਾਅ ਦਾ ਨਾਅਰਾ ਮਾਰਦਿਆਂ ਗੱਲ ਤੋਰ ਹੀ ਦਿੱਤੀ, "ਬਈ ਹੁਣ ਇਸ ਨਾਨੀ ਦੋਹਤੀ ਦਾ ਕੌਣ ਬਣੇਗਾ? ਕਿਵੇਂ ਲੰਘੇਗੀ ਜ਼ਿੰਦਗਾਨੀ? ਕਿਵੇਂ ਪਾਲੇਗੀ ਇਹ ਡੇਢ ਕੁ ਸਾਲ ਦੀ ਨੰਨ੍ਹੀ ਮੁੰਨੀ ਜਾਨ?"

"ਯਾਰ ਰੱਬ ਵੀ ਕਈ ਵਾਰ ਇੰਨਾ ਹੱਥੀਂ ਉਤਰ ਆਉਂਦੈ ਕਿ ਚੰਗੇ ਭਲੇ ਦੇ ਹੱਥ ਖੜ੍ਹੇ ਹੋ ਜਾਂਦੇ ਆ... ਇਹਨੂੰ ਕਹਿੰਦੇ ਆ ਭੋਗਣੀ...।"

ਹਾਲੇ ਪੰਚ ਜਵਾਲੇ ਦੇ ਅਗਲੀ ਗੱਲ ਮੂੰਹ ਵਿਚ ਹੀ ਸੀ ਕਿ ਅਮਲੀ ਨਾਥੀ ਰਾਮ ਨੇ ਉਲਰ ਕੇ ਗੱਲ ਬੋਚ ਲਈ, "ਇਹ ਪੰਚ ਕਮਲਾ ਰੱਬ ਨੂੰ ਹੱਥੀਂ ਉਤਰ ਆਇਆ ਦੱਸਦੈ...ਜਿੰਨੀ ਇਸ ਪਰਿਵਾਰ ਨਾਲ ਮਾੜੀ ਹੋਈ ਐ, ਅਨਰਥ ਹੋਇਐ...ਨ੍ਹੇਰ ਪੈ ਗਿਆ ਸਾਈਂ ਦਾ, ਰੱਬ ਚੱਕੀ ਫਿਰਦੇ ਆ, ਮੇਰੇ ਕਿਤੇ ਸਾਹਮਣੇ ਤਾਂ ਆਵੇ, ਬੂਰੀ ਮੱਝ ਦੇ ਗੋਹੇ ਆਲਾ ਫੌੜਾ ਨਾ ਮਾਰਾਂ ਮੈਂ ਉਹਦੇ ਗਿੱਟਿਆਂ ਵਿਚ। ਐਨਾ ਜ਼ੁਲਮ! ਹੱਦ ਹੋ'ਗੀ ਆ।" ਤੇ ਉਹ ਵੀ ਉਪਰ ਵਾਲੇ ਨਾਲ ਗੁੱਸੇ ਵਿਚ ਆਫਰਿਆ ਪਾਣੀ ਦਾ ਘੁੱਟ ਪੀਣ ਚਲਾ ਗਿਆ।

"ਬਹਿ ਜਾ ਘੜੀ", ਦੀ ਪੰਚ ਨੇ ਸੁਲ੍ਹਾ ਮਾਰੀ ਤਾਂ ਅਗਨ ਬਾਣ ਫਿਰ ਛੱਡ'ਤਾ, "ਸਾਲੇ ਕੰਜਰ ਦੇ ਪ੍ਰੀਤੀ ਦੇ ਸਹੁਰੇ ਵੀ ਨ੍ਹੀਂ ਆਉਂਦੇ ਲਗਦੇ। ਉਹ ਤਾਂ ਲੁੱਚਾ ਸਾਲਾ ਮੇਰਾ ਵਿਆਹ ਕਰਾ ਕੇ 'ਮਰੀਕਾ ਤੋਂ ਨਹੀਂ ਬਹੁੜਿਆ ਫਿਰ।"

ਕਿਸੇ ਨੇ ਫਿਰ ਕੋਈ ਹੁੰਗਾਰਾ ਨਾ ਦਿੱਤਾ, ਕਿੰਨਾ ਚਿਰ ਸਭ ਕੁਝ ਔਰਤਾਂ ਦੀਆਂ ਚੀਕਾਂ ਵਿਚ ਗੁੰਮ ਹੋ ਰਿਹਾ ਸੀ।

"ਚਲੋ ਬਈ ਹੁਣ ਕੀਹਨੇ ਆਉਣਾ, ਚੱਕੋ,



ਕਾਹਨੂੰ ਮੁਰਦਿਆਂ ਦੀ ਮਿੱਟੀ ਹੋਰ ਖਰਾਬ ਕਰਦੇ ਆਂ...।" ਸਰਪੰਚ ਬਾਰੂ ਰਾਮ ਨੇ ਗਲਾ ਭਰ ਕੇ ਬੜੇ ਜੇਰੇ ਨਾਲ ਕਿਹਾ ਲਗਦਾ ਸੀ।

"ਭਜਨ ਸਿਹੁੰ ਬੜਾ ਮਿਹਨਤੀ ਬੰਦਾ ਸੀ ਪਈ", ਪੰਚ ਜਵਾਲੇ ਨੇ ਫਿਰ ਹਮਦਰਦੀ ਦੀ ਠੰਢੀ ਫੂਕ ਮਾਰੀ ਤਾਂ ਬਾਰੂ ਸਰਪੰਚ ਨੇ ਵਿਚਾਲੇ ਬਹਿੰਦਿਆਂ ਗੱਲ ਅੱਗੇ ਤੋਰੀ, "ਭਜਨ ਸਿਹੁੰ ਤੇ ਕਰਤਾਰ ਸਿਹੁੰ ਦੋ ਭਾਈ ਸਨ, ਜਗਤ ਸਿਹੁੰ ਦੇ ਪੁੱਤ। ਪੂਰੇ ਚਾਲੀ ਕਿੱਲੇ ਜ਼ਮੀਨ, ਪਰ ਰੱਬ ਦੀ ਐਸੀ ਕਰੋਪੀ ਹੋਈ, ਨਸ਼ੇ ਦੀ ਲੱਤ ਨਾ ਲਈ ਤੇ ਸਾਰੀ ਵੇਚ-ਵੱਟ ਕੇ ਖਾ ਗਿਆ। ਜਿੱਦਣ ਅੱਖਾਂ ਮੀਟੀਆਂ, ਚਾਰ ਕਿੱਲੇ ਬਚੇ ਸਨ।"

"ਕਰਤਾਰ ਸਿਹੁੰ ਕਿੱਥੇ ਰਹਿੰਦੈ?" ਕਿਸੇ ਨੇ ਵਿਚੋਂ ਪੁੱਛਿਆ ਤਾਂ ਬਾਰੂ ਨੇ ਹਉਕਾ ਲੈ ਕੇ ਫਿਰ ਦੱਸਿਆ, "ਕਰਤਾਰਾ ਵਿਆਹਿਆ ਨ੍ਹੀਂ ਸੀ, ਛੜਾ ਰਿਹੈ। ਬੜੀ ਮਦਦ ਕਰਦਾ ਰਿਹਾ ਭਜਨੇ ਦੀ। ਪੰਜ ਛੇ ਸਾਲ ਹੋ ਗਏ, ਉਹ ਵੀ ਤੁਰ ਗਿਆ ਤੇ ਆਪ ਤਾਂ ਦੋਹਾਂ ਭਰਾਵਾਂ ਨੇ ਹੱਡ ਭੰਨਵੀਂ ਕਮਾਈ ਕੀਤੀ, ਪਰ ਫਿਰ ਅਗਲੀ ਪੀੜ੍ਹੀ ਉਜੜ ਗਈ।"

ਗੱਲ ਟੁੱਟਣ ਤੋਂ ਪਹਿਲਾਂ ਹੀ ਚੌਕੀਦਾਰ ਕਰਮੇ ਨੇ ਜੋੜ'ਤੀ, "ਮੇਜ ਭਾਵੇਂ ਛੋਟਾ ਹੀ ਹੋਵੇ ਪਰ ਲੱਤਾਂ ਮਜ਼ਬੂਤ ਹੋਣ। ਮਾਰ ਲਿਆ ਅੱਗੇ ਗੰਦੀ ਉਲਾਦ ਨੇ, ਜੰਮ ਪਿਆ ਡੋਗਰ ਇਨ੍ਹਾਂ ਦੇ...।"

ਅਮਲੀ ਨਾਥੀ ਰਾਮ ਨੇ ਬੋਚ ਲਈ, "ਨਾਂ ਰੱਖਿਆ ਭਜਨ ਸਿਹੁੰ ਨੇ ਸਵੀਟੀ, ਜੀਹਨੂੰ ਡੋਗਰ ਦੱਸਦੈਂ। ਕਿਲਾ ਤਾਂ ਪੱਕਾ ਉਹਦੇ ਕਰ ਕੇ ਡੁੱਬਿਆ। ਸਾਲਾ ਲੱਗ ਪਿਆ ਸੀ ਪੀਣ ਸਮੈਕ। ਬੰਸੋ ਨੂੰ ਬੜਾ ਤੰਗ ਕੀਤਾ ਹਰਾਮਜ਼ਾਦੇ ਨੇ, ਮੈਨੂੰ ਪੱਚੀ ਸਾਲ ਹੋ ਗਏ ਭੁੱਕੀ ਖਾਂਦੇ ਨੂੰ, ਕਦੇ ਸਿਰ ਨਹੀਂ ਦੁਖਿਆ। ਆਹ ਸਾਲੇ ਜਿਹੜੇ ਵੈਲੀ ਤੁਰੇ ਫਿਰਦੇ ਆ, ਦੌੜ ਕੇ ਵੇਖ ਲੈਣ। ਸਾਲਿਆਂ ਦੀ ਧੁੱਕੀ ਨਾ ਕੱਢ ਦਿਆਂ... ਸਮੈਕ ਨਾਲ ਢਾਈ ਸਾਲ ਨ੍ਹੀਂ ਕੱਢੇ ਸਵੀਟੀ ਨੇ। ਉਂ ਨਾਂ ਰੱਖਿਆ ਸੀ ਭਜਨੇ ਨੇ ਪ੍ਰਧਾਨ ਮੰਤਰੀ ਆਲਾ ਮਨਮੋਹਨ ਸਿਹੁੰ। ਉਹਦੇ ਕੱਦ ਜਿੱਡਾ ਤਾਂ ਸੀ, ਪਰ ਸਰੀਰ ਕਰ ਲਿਆ ਸ਼ਿਕਾਰੀ ਕੁੱਤੇ ਵਰਗਾ।"

"ਚੁੱਪ ਕਰ ਨਾਥੀ, ਵੇਖ ਤਾਂ ਲੈ ਬੈਠਾ ਕਿਥੇ ਆਂ?" ਸਰਪੰਚ ਬਾਰੂ ਨੇ ਵਰਜ'ਤਾ ਫਿਰ।

"ਸਰਪੰਚ ਸਾਹਿਬ! ਉਂ ਆਏਂ ਤਾਂ ਦੱਸ, ਪਈ ਕਿੰਨਾ ਕੁ ਸਿਰ ਪੈਸਾ ਸੀ ਭਜਨ ਸਿਹੁੰ ਦੇ?" ਪੁੱਛਣ ਵਾਲਾ ਕੋਈ ਰਿਸ਼ਤੇਦਾਰੀ ਵਿਚੋਂ ਸਸਕਾਰ 'ਤੇ ਆਇਆ ਲਗਦਾ ਸੀ।

"ਬੈਂਕ ਆਲੇ ਦੋ ਤਿੰਨ ਸ਼ਾਹੂਕਾਰ ਤੁਰੇ ਫਿਰਦੇ ਸਨ, ਪੱਕਾ ਤਾਂ ਪਤਾ ਨ੍ਹੀਂ, ਪਰ ਸੱਠ-ਸੱਤਰ ਲੱਖ ਸਿਰ ਹੋ ਗਿਆ ਸੀ...ਪਰਸੋਂ ਜਦੋਂ ਬੈਂਕ ਵਾਲੇ ਪੁਲਿਸ ਨਾਲ ਲੈ ਕੇ ਆਏ ਤਾਂ ਰੰਗ ਉਤਰਿਆ ਪਿਆ ਸੀ। ਆਂਹਦੇ ਸੀ, ਜ਼ਮੀਨ ਕੁਰਕ ਕਰਨੀ ਆ। ਉਧਰ ਸ਼ਾਹੂਕਾਰ ਕਹੀ ਜਾਂਦੇ ਸੀ, ਜਿਥੋਂ ਮਰਜ਼ੀ ਲਿਆ, ਜ਼ਮੀਨ ਬੈਂਕ ਲੈ ਗਈ ਤਾਂ ਅਸੀਂ ਕੀ ਕਰਾਂਗੇ। ਪੁਲਿਸ ਵਾਲੇ ਨੇ ਗਾਲ੍ਹਾਂ ਵੀ ਕੱਢੀਆਂ ਪੰਜ ਸੱਤ। ਬੰਸੋ ਦੱਸਦੀ ਸੀ, ਪਈ ਪ੍ਰੀਤੀ ਦਾ ਭਾਪਾ ਉਦਣ ਦਾ ਈ ਨ੍ਹੀਂ ਬੋਲਦਾ, ਚੁੱਪ ਜਿਹਾ ਹੋ ਗਿਆ। ਰਾਤੀਂ ਲੱਭਦਿਆਂ ਨੇ ਵੇਖਿਆ, ਟਹਿਲੇ ਕਿਆਂ ਦੀ ਟਾਹਲੀ ਨਾਲ ਲਟਕਦਾ ਸੀ।"

"ਚੱਟ ਲਓ ਮੁਰਦੇ ਦੀਆਂ ਤਲੀਆਂ, ਬੈਂਕ ਵਾਲਿਓ, ਕੁੱਤਿਓ ਸ਼ਾਹੂਕਾਰੋ...ਖਾ ਲਿਆ ਸੰਤ ਬੰਦਾ।" ਅਮਲੀ ਨੇ ਵਿਚ ਦੀ ਫਿਰ ਲਾ'ਤੀ।

"ਪਰ ਚਲੋ ਇਹ ਤਾਂ ਕਰਜ਼ੇ ਦਾ ਸਤਾਇਆ ਸੀ, ਭਲਾ ਤੜਕੇ ਕੁੜੀ ਨੇ ਕੀ ਕਰ'ਤਾ! ਖਾ ਲਈਆਂ ਸਲਫਾਸ ਦੀਆਂ ਗੋਲੀਆਂ ਜਿੱਦਾਂ ਪਹਿਲਾਂ ਈ ਲਿਆ ਕੇ ਰੱਖੀਆਂ ਹੁੰਦੀਆਂ, ਪਈ ਕਮਲੀਏ! ਤਕੜੀ ਹੋ, ਹੁਣ ਤਾਂ ਬੰਸੋ ਦੀ ਤੂੰ ਹੀ ਧੀ ਤੇ ਪੁੱਤ ਸੀ। ਪੁਲਿਸ ਆਲੇ ਦੱਸਦੇ ਆ, ਪਈ ਜਿਹੜਾ ਕਾਗਜ਼ ਉਹਦੇ ਕੋਲੋਂ ਨਿਕਲਿਆ, ਉਹਦੇ 'ਤੇ ਤਾਂ ਇਕ ਲਾਈਨ ਹੀ ਲਿਖੀ ਆ ਪ੍ਰੀਤੀ ਨੇ, ਬਾਪੂ ਤੂੰ ਮੇਰੇ ਕਰ ਕੇ ਕਰਜ਼ਈ ਹੋ ਕੇ ਮਰਿਆਂ, ਮੈਂ ਨਾ ਈ ਜੰਮਦੀ। ਪਰ ਇਨ੍ਹਾਂ ਦੋ ਲਾਈਨਾਂ ਵਿਚ ਬੜਾ ਕੁਝ ਹੈ। ਕੁੱਖ ਵਿਚ ਧੀਆਂ ਮਾਰਨ ਵਾਲਿਓ, ਹੋਰ ਮਾਰੋ...ਸ਼ਾਬਾਸ਼ ਤੁਹਾਡੇ। ਘੱਟੋ-ਘੱਟ ਮੇਰੇ ਵਾਂਗ ਤੜਫ ਕੇ ਤਾਂ ਨਾ ਮਰਨਗੀਆਂ। ਬਾਪੂ ਤੂੰ ਡਾਲਰਾਂ ਦੇ ਸੁਪਨਿਆਂ ਵਿਚ ਜ਼ਿੰਦਗੀ ਲੱਭਦਾ ਸੀ, ਤੇਰਾ ਘਰ ਈ ਉਜਾੜ ਗਏ। ਮੈਂ ਕੀ ਕਰਨਾ ਸੀ ਜੀਅ ਕੇ।" ਚੌਕੀਦਾਰ ਹਾਲੇ ਹੋਰ ਬੋਲਦਾ ਕਿ ਵਿਚ ਦੀ ਇਕ ਹੋਰ ਆਵਾਜ਼ ਉਠ ਪਈ, "ਨਾਲੇ ਕਹਿੰਦੇ ਸੀ ਭਜਨ ਸਿਹੁੰ ਨੇ ਕੁੜੀ ਅਮਰੀਕਾ ਵਿਆਹੀ ਸੀ?"

ਇਹ ਕਹਿਣ ਦੀ ਦੇਰ ਸੀ ਕਿ ਭਜਨ ਸਿਹੁੰ ਦਾ ਸਾਂਢੂ ਉਬਲ ਪਿਆ, ਛੱਡ'ਤੀਆਂ ਧਾਹਾਂ, "ਸੁਣੋ ਮੇਰੀ ਹੁਣ", ਤੇ ਕਰਨ ਲੱਗ ਪਿਆ ਪਾਗਲਾਂ ਵਾਂਗੂੰ। ਉਹਦੇ ਮੂੰਹ ਨੂੰ ਠੰਢੇ ਪਾਣੀ ਦਾ ਘੁੱਟ ਲਾਇਆ, ਸ਼ਾਂਤ ਕੀਤਾ ਮਸਾਂ, ਪਰ ਨਾਲ ਹੀ ਬਾਰੂ ਆਂਹਦਾ, "ਕਰ ਲਓ ਜੀ ਤੁਸੀਂ ਪੂਰੀ ਗੱਲ, ਮਨ ਹਲਕਾ ਹੋ ਜੂ।"

ਜਿਵੇਂ ਬੰਨ੍ਹ ਦਾ ਪਾਣੀ ਛੱਡਣ 'ਤੇ ਬੇਕਾਬੂ ਹੁੰਦਾ, ਬੋਲ ਪਿਆ, "ਇਹ ਦੋ ਲਾਸ਼ਾਂ ਤਾਂ ਹੁਣ ਫੂਕੀਆਂ ਜਾਣੀਆਂ ਨੇ, ਪਰ ਪਾਪੀ ਰੱਬ ਹੋਰ ਕਦੇ ਕਿਸੇ ਦੇ ਘਰ ਪਿਉ-ਧੀ ਦੀਆਂ ਲਾਸ਼ਾਂ ਦੀਆਂ ਮੰਜੀਆਂ ਨਾ ਡਾਹਵੇ। ਮੈਂ ਦੱਸਦਾਂ, ਇਹ ਘਰ ਉਜੜਿਆ ਕਿਵੇਂ ਐ? ਕਿਤੇ ਬੰਸੋ ਦੀ ਧਰਮ ਦੀ ਭੈਣ ਬਣੀ ਬੁੱਢੀ ਜਨਾਨੀ ਟੱਕਰ ਪਈ ਇਨ੍ਹਾਂ ਨੂੰ, ਕਹਿਣ ਲੱਗੀ, ਮੈਂ ਅਮਰੀਕਾ ਤੋਂ ਆਈ ਆਂ, ਤੇ ਇਕ ਮੁੰਡਾ ਵੀ ਆਇਆ ਸਾਡੇ ਕੋਲੋਂ। ਪ੍ਰੀਤੀ ਦਾ ਕਰਾ ਦਈਏ ਰਿਸ਼ਤਾ...ਗੋਰਖ ਤੋਂ ਜਿੱਦਾਂ ਰਾਂਝੇ ਨੂੰ ਜੋਗ ਮਿਲ ਗਿਆ ਹੋਵੇ, ਘਰ 'ਚ ਚੱਲ ਪਈ ਘੁਸਰ ਮੁਸਰ। ਬੰਸੋ ਨੇ ਕਿਹਾ ਕਿ ਸਵੀਟੀ ਤਾਂ ਹੁਣ ਮਰ ਮੁੱਕ ਗਿਆ, ਪ੍ਰੀਤੀ ਹੀ ਸਾਡਾ ਸਭ ਕੁਝ ਐ। ਅਮਰੀਕਾ ਚਲੇ ਜੂ, ਦਿਨ ਬਦਲ ਜਾਣਗੇ।"

ਜਿੱਦਣ ਫਿਰ ਚੌਦਵੀਂ ਦਾ ਚੰਦ ਚੜ੍ਹਦਾ ਵੇਖਣ ਲਈ ਜਲੰਧਰ ਇਕ ਹੋਟਲ ਵਿਚ ਪੁੱਜੇ ਤਾਂ ਮੁੰਡਾ ਨਹੀਂ, ਬੰਦਾ ਦੇਖਦਿਆਂ ਸਾਰ ਭਜਨ ਸਿਹੁੰ ਕਚੀਚੀਆਂ ਵੱਟਦਾ ਬਾਹਰ ਆ ਗਿਆ। ਨਾਲ ਈ ਬਾਹੋਂ ਫੜ ਲਿਆਇਆ ਵਿਚੋਲਣ ਨਛੱਤਰ ਕੌਰ ਨੂੰ, "ਨਾ ਤੈਂ ਕੋਈ ਬਦਲਾ ਲੈਣਾ, ਮੇਰੀ ਅਨਭੋਲ ਜਿਹੀ ਕੁੜੀ, ਸਾਲ ਕੁ ਹੋਇਆ ਕਾਲਜ ਜਾਂਦੀ ਨੂੰ ਤੇ ਇਹ ਬੁੱਢ-ਬੁਢੇਲ! ਸੰਗ ਨ੍ਹੀਂ ਲੱਗੀ ਤੈਨੂੰ?"

"ਭਜਨਿਆ, ਨਹੀਂ ਪੁੱਗਦਾ ਨਾ ਕਰ। ਇਹ ਤਾਂ ਤਿੰਨ ਦਿਨ ਹੋਏ ਆ ਆਏ ਨੂੰ। ਹਾਲੇ ਤਾਂ ਉਘ-ਸੁੱਘ ਨ੍ਹੀਂ ਕੱਢੀ। ਜਿੱਦਣ ਰਿਸ਼ਤੇ ਦੀ ਗੱਲ ਬਾਹਰ ਕੱਢੀ, ਢੇਰੀਆਂ ਲੱਗ ਜਾਣੀਆਂ। ਅਮਰੀਕਾ ਤੋਂ ਆਇਆ, ਡੁਬਈ ਤੋਂ ਨ੍ਹੀਂ। ਡਾਲਰ ਵੇਖਣੇ ਆਂ, ਸਵਰਗ ਮਾਨਣੈ ਤਾਂ ਉਮਰਾਂ ਨਾ ਵੇਖ, 'ਮਰੀਕਾ ਦੀਆਂ ਖੁਰਾਕਾਂ ਤਾਂ ਦੇਖੀਂ ਜਾ ਕੇ...ਮਰਦ ਤੇ ਘੋੜਾ ਇਕੋ ਜਿਹੇ ਹੁੰਦੇ ਆ।"

"ਸਤਿਸੰਗ ਕੋਲੇ ਰੱਖ। ਡੁਢ ਕਿੱਲਾ ਹੈਗਾ ਹਾਲੇ, ਵੇਚ ਕੇ ਕਰਦੂੰ ਹੱਥ ਪੀਲੇ। ਝੋਟੇ ਨਾਲ ਵੱਛੀ ਬੰਨ੍ਹਣ ਲੱਗੀ ਆਂ!"

"ਚੱਲ ਭੈਣੇ, ਕੱਲ੍ਹ ਦੱਸਾਂਗੇ ਅਸੀਂ; ਪ੍ਰੀਤੀ ਨੂੰ ਨਾਲ ਲਿਆ ਕੇ ਵਿਖਾਲਾਂਗੇ ਮੁੰਡਾ।"

ਉਦਣ ਭਜਨ ਸਿਹੁੰ ਚੰਡਾਲ ਬਣਨ ਨੂੰ ਫਿਰੇ। ਬੰਸੋ ਨੂੰ ਕਹਿੰਦਾ, "ਖੜ੍ਹੀ ਨੂੰ ਅੱਗ ਲਾ ਦੂੰ ਜੇ 'ਗਾਹਾਂ ਗੱਲ ਤੋਰੀ।"

ਘਰ ਆ ਕੇ ਬੰਸੋ ਸਾਰੀ ਰਾਤ ਭਜਨ ਸਿਹੁੰ ਮਗਰ ਪਈ ਰਹੀ, ਸਾਡੀ ਤਾਂ ਲੰਘ ਗਈ, ਕੁੜੀ ਦੀ ਬਣ ਜੂ ਜ਼ਿੰਦਗੀ। ਇਥੇ ਤੇਰੇ ਪੁੱਤ ਵਰਗਾ ਕੋਈ ਸਮੈਕੀਆ ਟੱਕਰ ਗਿਆ, ਫਿਰ?" ਉਹ ਪਿਘਲ ਗਿਆ।

ਅਗਲੇ ਦਿਨ ਲੈ ਆਈ ਲਾਲਚਣ ਤੇ ਠੱਗ ਵਿਚੋਲਣ ਅਮਰੀਕਾ ਆਲੇ ਬੰਦੇ ਭਜਨ ਸਿਹੁੰ ਦੇ ਘਰ। ਚਾਹ ਪਾਣੀ ਦੇ ਬਹਾਨੇ ਗੁਰਪ੍ਰੀਤ ਨੂੰ 'ਵਾਜ ਮਾਰ'ਲੀ। ਉਂਜ ਆਖੇ...ਆਂਹਦੇ ਸਾਰੇ ਇਹਨੂੰ ਪ੍ਰੀਤੀ ਈ ਆ।

ਪ੍ਰੀਤੀ ਨੇ ਇਕ ਵਾਰ ਅੱਖਾਂ ਭਰ ਕੇ ਵੇਖਿਆ ਅਮਰੀਕਨ ਲਾੜੇ ਵੱਲ, ਤੇ ਪਾਲੋ ਬੋਲੀ,

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

"ਪ੍ਰੀਤੀਏ, ਤੇਰੀ ਮਾਸੀ ਬਚਿੱਤਰ ਸਿਹੁੰ ਨਾਂ ਦੱਸਦੀ ਆ ਇਹਦਾ, ਬੜਾ ਕਾਰੋਬਾਰ ਐ।"

ਉਹ ਬੂਹਾ ਭੇੜ ਕੇ ਅੰਦਰ ਜਾ ਵੜੀ ਤੇ ਹੁਬਕੀਆਂ ਭਰ ਭਰ ਲੱਗੀ ਰੋਣ। ਬਾਪੂ ਨੇ ਗਲ ਨਾਲ ਲਾ ਕੇ ਚੁੱਪ ਕਰਾਇਆ, "ਪੁੱਤ ਕੋਈ ਜ਼ਬਰਦਸਤੀ ਨਹੀਂ ਕਰਦੇ, ਜੇ ਪਸੰਦ ਨ੍ਹੀਂ...ਰੋਂਦੀ ਕਿਉਂ ਏ?"

"ਨਹੀਂ ਬਾਪੂ, ਇਹ ਮੇਰੇ ਖੁਸ਼ੀ ਦੇ ਅੱਥਰੂ ਨੇ। ਮੇਰੇ ਵੱਲੋਂ 'ਹਾਂ'। ਅਮਰੀਕਾ ਜਾਵਾਂਗੀ, ਮਿਹਨਤ ਕਰਾਂਗੀ। ਬਾਪੂ ਹੁਣ ਤੈਨੂੰ ਕਣਕ ਦੇ ਬੋਹਲ ਦੇਖਣ ਤੇ ਉਡੀਕਣ ਦੀ ਲੋੜ ਨਹੀਂ ਪਵੇਗੀ।"

ਪ੍ਰੀਤੀ ਦਾ ਮਾਸੜ ਹੋਰ ਭਾਵੁਕ ਹੋ ਕੇ ਉਛਲਿਆ। ਵਿਆਹ 'ਤੇ ਪੱਚੀ ਲੱਖ ਕੈਸ਼ ਦੀ ਮੰਗ ਆਈ, ਪੈਲੇਸ ਤੇ ਖਾਣ ਪੀਣ ਦਾ ਸਾਰਾ ਖਰਚ ਭਜਨ ਸਿਹੁੰ ਸਿਰ ਪੈ ਗਿਆ। ਮਿਲਣੀ ਦੀਆਂ ਚੁਤਾਲੀ ਸੋਨੇ ਦੀਆਂ ਮੁੰਦਰੀਆਂ ਪਈਆਂ, ਤੇ ਇਹ ਕੌੜਾ ਘੁੱਟ ਪਿਉ ਨੇ ਇਸ ਕਰ ਕੇ ਭਰ ਲਿਆ ਕਿ ਸ਼ਾਇਦ ਡਾਲਰਾਂ ਦਾ ਪਰਛਾਵਾਂ ਪਿਛੇ ਹੀ ਹੈ।

ਬਚਿੱਤਰ ਸਿਹੁੰ ਪੰਦਰਾਂ ਦਿਨ ਰਹਿ ਕੇ ਚਲਾ ਗਿਆ। ਫਿਰ ਮਹੀਨੇ ਲਈ ਆਇਆ, ਤੇ ਫਿਰ ਕਦੇ ਵੀ ਨਾ ਆਇਆ, ਤੇ ਅਮਰੀਕਾ ਦਾ ਬੱਦਲ ਚੜ੍ਹਿਆ ਤਾਂ ਸੀ ਪਰ ਵਰ੍ਹਿਆ ਨਾ।

ਪ੍ਰੀਤੀ ਦਾ ਪੈਰ ਭਾਰੀ ਹੋਇਆ, ਉਹ ਮੈਨੂੰ ਪਿੰਡ ਮਿਲਣ ਆਈ ਦੱਸਣ ਲੱਗੀ, 'ਮਾਸੜ ਜੀ, ਬਚਿੱਤਰ ਨੇ ਸਿਰ 'ਤੇ ਕਾਲੇ ਵਾਲਾਂ ਦਾ ਨਕਲੀ ਵਿੱਗ ਚੜ੍ਹਾਇਆ ਹੋਇਆ। ਨਿਰਾ ਗੰਜਾ। ਛਾਤੀ 'ਤੇ ਇਕ ਵੀ ਵਾਲ ਕਾਲਾ ਨਹੀਂ ਸੀ। ਵਾਹਿਗੁਰੂ ਦੀ ਹਜ਼ੂਰੀ ਵਿਚ ਅਨਰਥ ਨੂੰ ਭਾਣਾ ਮੰਨ ਲਿਆ ਕਿ ਸ਼ਾਇਦ ਇਉਂ ਹੀ ਹੋਣਾ ਸੀ। ਲਾਵਾਂ ਖਾਵੰਦ ਨਾਲ ਨਹੀਂ, ਰੱਬ ਨੇ ਅੱਖੀਂ ਜਿਵੇਂ ਕਿਸੇ ਧੀ ਦੀਆਂ ਪਿਉ ਨਾਲ ਹੁੰਦੀਆਂ ਹੱਸ ਕੇ ਵੇਖ ਲਈਆਂ ਸਨ! ਧੀ ਤਾਂ ਮੈਂ ਜੰਮ ਲਈ ਹੈ ਪਰ ਸੱਤ ਸਾਲ ਤੋਂ ਉਸ ਜਹਾਜ਼ ਦੀ ਉਡੀਕ ਵਿਚ ਹੈ ਜੋ ਅਮਰੀਕਾ ਨੂੰ ਉਡਣ ਲਈ ਹਾਲੇ ਕੰਪਨੀ ਨੇ ਬਣਾਇਆ ਹੀ ਨਹੀਂ ਤੇ ਪਾਪੀ ਮਾਸੀ ਵਿਚੋਲਣ ਨੇ ਮੇਰੇ ਗਲ ਵਿਚ ਫਾਹਾ ਤਾਂ ਪਾਇਆ ਕਿ ਉਸ ਨੇ ਆਪਣਾ ਪੁੱਤ ਉਹਦੀ ਧੀ ਨਾਲ ਵਿਆਹੁਣਾ ਸੀ।'

ਤੇ ਪ੍ਰੀਤੀ ਕੰਨੀ ਦੇ ਕਿਆਰੇ ਵਾਂਗ ਸੁੱਕੀ ਉਦੋਂ ਰਹਿ ਗਈ ਜਦੋਂ ਉਸ ਨੂੰ ਪਤਾ ਲੱਗ ਗਿਆ ਕਿ ਵਿਆਹ ਤਾਂ ਉਸ ਨੇ ਮੌਜ ਮਸਤੀ ਲਈ ਕਰਵਾਇਆ ਸੀ। ਉਹਦੇ ਕੋਲ ਤਾਂ ਚੌਥੇ ਵਿਆਹ ਦੀ ਤੀਵੀਂ ਤੇ ਛੇ ਜੁਆਕ ਇਵੇਂ ਸਨ ਜਿਵੇਂ ਕਿਸੇ ਨੇ ਬੈਂਕ ਦੇ ਲਾਕਰ ਵਿਚ ਚੋਰੀ ਦਾ ਸੋਨਾ ਲਕੋ ਕੇ ਰੱਖਿਆ ਹੋਵੇ। ਤੇ ਬਾਪੂ ਦਾ ਕਰਜ਼ੇ ਨਾਲ ਵਾਲ ਵਾਲ ਵਿੰਨ੍ਹਿਆ ਉਸ ਤੋਂ ਜਰਿਆ ਨਹੀਂ ਸੀ ਜਾਂਦਾ। ਫਿਰ ਇਸੇ ਲਈ ਸਲਫਾਸ ਦੀਆਂ ਦੋ ਗੋਲੀਆਂ ਨਾਲ ਸਾਰਾ ਕਰਜ਼ਾ ਇਕੋ ਕਿਸ਼ਤ ਵਿਚ ਉਤਾਰ ਕੇ ਆਪ ਦੋਸ਼ੀ ਬੰਦਿਆਂ ਸਮਾਜ ਨੂੰ ਲਾਹਣਤ ਦਾ ਖਤ ਲਿਖ ਕੇ ਛਾਤੀ ਤੇ ਦਿਲ ਦੇ ਦਰਦ ਨੂੰ ਘਟਾਉਣ ਲਈ ਉਥੇ ਹੀ ਖੜ੍ਹਾ ਲਿਆ ਸੀ।

ਮਕਾਣਾਂ ਦਾ ਚੀਕ-ਚਿਹਾੜਾ ਅਰਥੀਆਂ ਚੁੱਕਣ ਵੇਲੇ ਅਸਮਾਨ ਤੱਕ ਲਾਹਣਤ ਦੇ ਧੂੰਏ ਵਾਂਗ ਉਠ ਰਿਹਾ ਸੀ।

ਅਮਲੀ ਨਾਥੀ ਰਾਮ ਨੇ ਕਾਨੇ ਵਰਗੇ ਸਰੀਰ ਵਿਚੋਂ ਜਦੋਂ ਸ਼ੇਰ ਵਰਗੀ ਭੁੱਬ ਮਾਰ ਕੇ ਕਿਹਾ, "ਧਰਮੀ ਬਾਬਲ ਕਾਫ਼ਰਾਂ ਦੀ ਕੁੜਿੱਕੀ ਵਿਚ ਫਸ ਕੇ ਮਾਰਿਆ ਗਿਆ। ਸਵੇਰੇ ਖ਼ਬਰਾਂ ਪੜ੍ਹ ਲਿਓ, ਲਿਖਿਆ ਹੋਵੇਗਾ, ਕਰਜ਼ੇ ਤੋਂ ਦੁਖੀ ਇਕ ਹੋਰ ਕਿਸਾਨ ਵੱਲੋਂ ਆਤਮ ਹੱਤਿਆ।"

ਸੱਚੀਂ, 'ਧਰਮ' ਤਿਲਕ ਕੇ ਨਰਕ ਦੇ ਕੁੰਡ ਵਿਚ ਡਿੱਗ ਹੀ ਪਿਆ ਹੈ।

ਵਿਚਾਰ-ਚਰਚਾ



ਡਾ. ਗੁਰਨਾਮ ਕੌਰ, ਕੈਨੇਡਾ

# ਸਬਦੁ ਗੁਰੂ ਸੁਰਤਿ ਧੁਨਿ ਚੇਲਾ

ਰਾਮਕਲੀ ਰਾਗੁ ਵਿਚ ਰਚੀ ਬਾਣੀ 'ਸਿਧ ਗੋਸਟਿ' ਵਿਚ ਗੁਰੂ ਨਾਨਕ ਸਾਹਿਬ ਦਾ ਸਿੱਧਾਂ ਨਾਲ ਜੀਵਨ ਦੇ ਵੱਖ ਵੱਖ ਮਸਲਿਆਂ 'ਤੇ ਹੋਏ ਵਾਰਤਾਲਾਪ ਦਾ ਜ਼ਿਕਰ ਪ੍ਰਾਪਤ ਹੈ। ਹਥਲੇ ਲੇਖ ਦਾ ਮਕਸਦ ਸਿਧ ਗੋਸਟਿ' ਬਾਣੀ ਦਾ ਵਿਸ਼ਲੇਸ਼ਣ ਕਰਨਾ ਨਹੀਂ ਹੈ ਬਲਕਿ 'ਸਬਦੁ ਗੁਰੂ' ਜੋ ਸਿੱਖ ਧਰਮ ਚਿੰਤਨ ਵਿਚ ਪ੍ਰਾਪਤ 'ਗੁਰੂ' ਦਾ ਸੰਕਲਪ ਹੈ, ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਹੈ। ਸਬੰਧਤ ਪੰਕਤੀਆਂ ਵਿਚ ਗੁਰੂ ਨਾਨਕ ਦੇਵ ਉਸ ਪ੍ਰਸ਼ਨ ਦਾ ਜ਼ਿਕਰ ਕਰਦੇ ਹਨ ਜੋ ਜੋਗੀਆਂ ਨੇ ਗੁਰੂ ਸਾਹਿਬ ਨੂੰ ਜੀਵਨ ਦੇ ਅਰੰਭ ਅਰਥਾਤ ਜੀਵਨ ਦਾ ਮੁੱਢ ਕਿੱਥੋਂ ਜਾਂ ਕਿਵੇਂ ਹੈ ਅਤੇ ਮਨੁੱਖ ਨੂੰ ਜੀਵਨ ਮਿਲਦਾ ਕਿਸ ਲਈ ਹੈ? ਦੇ ਸਬੰਧ ਵਿਚ ਕੀਤੇ ਹਨ। ਜੋਗੀ ਪ੍ਰਸ਼ਨ ਕਰਦੇ ਹਨ, ਹੇ ਨਾਨਕ! ਸਾਨੂੰ ਦੱਸ, ਜੀਵਨ ਦਾ ਅਰੰਭ ਕੀ ਹੈ, ਕਿਹੜੀ ਸਿੱਖਿਆ ਲੈਣ ਦਾ ਮਨੁੱਖ ਦਾ ਇਹ ਜੀਵਨ ਵੇਲਾ ਹੈ ਅਰਥਾਤ ਮਨੁੱਖ ਦੇ ਜੀਵਨ ਦਾ ਮਕਸਦ ਕੀ ਹੈ? ਤੂੰ ਕਿਸ ਗੁਰੂ ਦਾ ਚੇਲਾ ਭਾਵ ਸਿੱਖ ਹੈਂ ਅਤੇ ਕਿਹੜੀ ਗੱਲ ਕਰਕੇ ਜਾਂ ਕਿਵੇਂ ਤੂੰ ਮਾਇਆਵੀ ਬੰਧਨਾਂ ਤੋਂ ਨਿਰਲੇਪ ਹੈਂ? ਉਹ ਅੱਗੇ ਪ੍ਰਸ਼ਨ ਕਰਦੇ ਹਨ ਕਿ ਸਾਨੂੰ ਇਹ ਗੱਲ ਵੀ ਸਮਝਾ ਕਿ ਗੁਰੂ, ਸ਼ਬਦ ਰਾਹੀਂ ਮਨੁੱਖ ਨੂੰ ਸੰਸਾਰ-ਸਾਗਰ ਤੋਂ ਕਿਸ ਤਰ੍ਹਾਂ ਪਾਰ ਲੈ ਜਾਂਦਾ ਹੈ?

ਅਗਲੀਆਂ ਪੰਕਤੀਆਂ ਵਿਚ ਗੁਰੂ ਨਾਨਕ ਜੋਗੀਆਂ ਨੂੰ ਉਤਰ ਦਿੰਦੇ ਹਨ ਕਿ ਪੌਣ ਮਨੁੱਖੀ ਜੀਵਨ ਦਾ ਅਰੰਭ ਹੈ ਅਰਥਾਤ ਪ੍ਰਾਣ ਹੀ ਹਸਤੀ ਜਾਂ ਹੋਂਦ ਦਾ ਅਰੰਭ ਹਨ। ਇਹ ਮਨੁੱਖਾ ਜਨਮ ਦਾ ਸਮਾਂ ਸਿੱਖਿਆ ਲੈਣ ਦਾ ਹੈ ਭਾਵ ਮਨੁੱਖ ਨੂੰ ਇਹ ਜਨਮ ਸਤਿਗੁਰੂ ਦੀ ਸਿੱਖਿਆ ਲੈਣ ਦੇ ਅਵਸਰ ਵਜੋਂ ਮਿਲਿਆ ਹੈ (ਇਸੇ ਨੂੰ ਗੁਰੂ ਅਰਜਨ ਦੇਵ ਨੇ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਕਿਹਾ ਹੈ)। ਗੁਰੂ ਨਾਨਕ ਜੋਗੀਆਂ ਨੂੰ ਅੱਗੇ ਸਮਝਾਉਂਦੇ ਹਨ ਕਿ ਉਨ੍ਹਾਂ ਦਾ ਗੁਰੂ ਸ਼ਬਦ ਹੈ ਅਤੇ ਉਨ੍ਹਾਂ ਦੀ ਸੁਰਤਿ ਦਾ ਸ਼ਬਦ ਵਿਚ ਟਿਕਾਉ ਉਸ ਗੁਰੂ ਦਾ ਚੇਲਾ ਹੈ ਅਰਥਾਤ ਸੁਰਤਿ ਦਾ ਸ਼ਬਦ ਰੂਪ ਗੁਰੂ ਵਿਚ ਟਿਕ ਜਾਣਾ ਸਿੱਖ ਹੈ। ਉਸ ਅਕੱਥ (ਜਿਸ ਨੂੰ ਕਥਿਆ ਨਹੀਂ ਜਾ ਸਕਦਾ) ਅਕਾਲ ਪੁਰਖ ਦੇ ਗੁਣਾਂ ਨੂੰ ਯਾਦ ਕਰਕੇ ਉਹ ਮਾਇਆ ਤੋਂ ਨਿਰਲੇਪ ਹੋਏ ਹਨ। ਉਹ ਗੁਰ-ਗੋਪਾਲ ਹਰ ਜੁਗ ਵਿਚ ਵਿਆਪਕ ਹੈ, ਮੌਜੂਦ ਹੈ। ਗੁਰੂ ਨਾਨਕ ਅੱਗੇ ਫਰਮਾਉਂਦੇ ਹਨ, ਕੇਵਲ ਗੁਰੂ ਦਾ ਸ਼ਬਦ ਹੀ ਹੈ ਜਿਸ ਰਾਹੀਂ ਅਕਾਲ ਪੁਰਖ ਦੇ ਗੁਣਾਂ ਦੀ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਇਸ ਸ਼ਬਦ ਰਾਹੀਂ ਹੀ ਗੁਰਮੁਖ ਭਾਵ ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲਾ ਮਨੁੱਖ ਆਪਣੇ ਅੰਦਰੋਂ ਹਉਮੈ ਰੂਪ ਅਗਨੀ ਨੂੰ ਦੂਰ ਕਰਦਾ ਹੈ, ਬਾਹਰ ਕੱਢ ਦਿੰਦਾ ਹੈ,

ਕਵਣ ਮੂਲੁ ਕਵਣਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
---
ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥
(ਪੰਨਾ ੯੪੩)

ਗੁਰੂ ਨਾਨਕ ਸਾਹਿਬ ਦੂਸਰੇ ਧਰਮਾਂ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਉਨ੍ਹਾਂ ਦੇ ਧਾਰਮਿਕ ਸਥਾਨਾਂ 'ਤੇ ਕਿਸੇ ਧਾਰਮਿਕ ਇਕੱਠ ਸਮੇਂ ਜਾਂਦੇ ਸਨ ਕਿਉਂਕਿ ਅਜਿਹੇ ਇਕੱਠ ਸਮੇਂ ਵੱਧ ਤੋਂ ਵੱਧ ਲੋਕਾਂ ਨਾਲ ਗੋਸ਼ਟਿ ਹੋ ਸਕਦੀ ਹੈ। ਅਚਲ-ਵਟਾਲਾ ਸਿੱਧਾਂ ਦਾ ਖਾਸ ਸਥਾਨ ਰਿਹਾ ਹੈ ਜਿੱਥੇ ਸ਼ਿਵਰਾਤ੍ਰੀ ਦੇ ਮੇਲੇ 'ਤੇ ਸਿੱਧਾਂ ਦਾ ਭਰਵਾਂ ਇਕੱਠ ਹੁੰਦਾ ਰਿਹਾ ਹੈ। ਸਿੱਧਾਂ ਦਾ ਗੁਰੂ ਨਾਨਕ ਸਾਹਿਬ ਦੇ ਸਮੇਂ ਲੋਕਾਂ 'ਤੇ ਬਹੁਤ ਅਸਰ ਸੀ ਅਤੇ ਸਿੱਧਾਂ ਦਾ ਮਾਰਗ ਸੰਸਾਰ ਦੇ ਤਿਆਗ ਦਾ ਮਾਰਗ ਹੈ। ਗੁਰੂ ਨਾਨਕ ਸਾਹਿਬ ਨੇ ਜੋ ਮਾਰਗ ਸੰਸਾਰ ਨੂੰ ਦਿੱਤਾ, ਉਹ ਗ੍ਰਿਹਸਥ ਵਿਚ ਰਹਿ ਕੇ ਰੱਬ ਦੇ ਸਿਮਰਨ ਦਾ ਮਾਰਗ ਹੈ। ਇਸ ਲਈ ਗੁਰੂ ਨਾਨਕ ਸਾਹਿਬ ਸਿੱਧਾਂ ਨਾਲ ਗੋਸ਼ਟਿ ਕਰਨ ਲਈ ਸ਼ਿਵਰਾਤ੍ਰੀ ਦੇ ਮੇਲੇ ਨੂੰ ਚੁਣਦੇ ਹਨ ਤਾਂ ਜੋ ਵੱਧ ਤੋਂ ਵੱਧ ਗਿਣਤੀ ਵਿਚ ਇਕੱਠੇ ਹੋਏ ਜੋਗੀਆਂ ਨਾਲ ਵਾਰਤਾਲਾਪ ਹੋ ਸਕੇ।

ਭਾਈ ਗੁਰਦਾਸ ਵੀ ਆਪਣੀ ਪਹਿਲੀ ਵਾਰ ਵਿਚ ਸਿੱਧ-ਜੋਗੀਆਂ ਨਾਲ ਗੁਰੂ ਨਾਨਕ ਸਾਹਿਬ ਦੇ ਵਾਰਤਾਲਾਪ ਦਾ ਜ਼ਿਕਰ ਕਰਦੇ ਹਨ ਕਿ ਕਰਤਾਰਪੁਰ ਨੂੰ ਟਿਕਾਣਾ ਬਣਾਉਣ ਉਪਰੰਤ ਗੁਰੂ ਨਾਨਕ ਸ਼ਿਵਰਾਤ੍ਰੀ ਦੇ ਮੇਲੇ ਸਮੇਂ ਅਚਲ ਵਟਾਲੇ ਜਾਂਦੇ ਹਨ ਜਿੱਥੇ ਉਨ੍ਹਾਂ ਦੀ ਸਿੱਧਾਂ ਨਾਲ ਗੋਸ਼ਟਿ ਹੁੰਦੀ ਹੈ। ਭਾਈ ਗੁਰਦਾਸ ਗੋਸ਼ਟਿ ਦਾ ਸਾਰ-ਤੱਤ ਦੱਸਦੇ ਹਨ ਕਿ ਸਿੱਧ-ਮੰਡਲੀ ਨੂੰ ਜਦੋਂ ਗੁਰੂ ਨਾਨਕ ਸ਼ਬਦ ਰਾਹੀਂ ਜਿੱਤ ਲੈਂਦੇ ਹਨ ਤਾਂ ਖਿਝ-ਹਾਰ ਕੇ ਸਿੱਧ ਗੁਰੂ ਸਾਹਿਬ ਨੂੰ ਪ੍ਰਸ਼ਨ ਕਰਦੇ ਹਨ ਕਿ ਤੁਸੀਂ ਦੁਨੀਆਂ ਨੂੰ ਕਰਾਮਾਤਾਂ ਦਿਖਾਈਆਂ ਹਨ। ਸਾਨੂੰ ਵੀ ਕੋਈ ਕਰਾਮਾਤ ਦਿਖਾਉ, ਕਿਉਂ ਦੇਰ ਕੀਤੀ ਹੈ? ਤਾਂ ਗੁਰੂ ਨਾਨਕ ਸਾਹਿਬ ਦਾ ਉਤਰ ਹੈ ਕਿ ਉਨ੍ਹਾਂ ਕੋਲ ਕਰਾਮਾਤ ਵਰਗੀ ਕੋਈ ਚੀਜ਼ ਨਹੀਂ ਹੈ ਦਿਖਾਉਣ ਲਈ (ਗੁਰਮਤਿ ਵਿਚ ਕਰਾਮਾਤਾਂ ਆਦਿ ਦਿਖਾਉਣਾ ਅਕਾਲ ਪੁਰਖ ਦੀ ਕੁਦਰਤਿ ਵਿਚ ਦਖਲ-ਅੰਦਾਜ਼ੀ ਮੰਨਿਆ ਗਿਆ ਹੈ)। ਗੁਰੂ ਨਾਨਕ ਸਿੱਧਾਂ ਨੂੰ ਦੱਸਦੇ ਹਨ ਕਿ ਉਨ੍ਹਾਂ ਨੇ ਉਸ ਅਕਾਲ ਪੁਰਖ, ਸੰਗਤ ਅਤੇ ਬਾਣੀ ਦਾ ਓਟ-ਆਸਰਾ ਲਿਆ ਹੈ (੧/੪੨)। ਅਗਲੀ ਪਉੜੀ 'ਚ ਇਸੇ ਵਾਰਤਾਲਾਪ ਨੂੰ ਜਾਰੀ ਰੱਖਦਿਆਂ ਭਾਈ ਗੁਰਦਾਸ ਦੱਸਦੇ ਹਨ ਕਿ ਗੁਰੂ ਨਾਨਕ ਸਾਹਿਬ ਸਿੱਧਾਂ ਨੂੰ ਇਹ ਖਿਆਲ ਦ੍ਰਿੜ ਕਰਵਾਉਂਦੇ ਹਨ ਕਿ ਜੋ ਉਹ ਕਹਿ ਰਹੇ ਹਨ, ਉਸ ਨੂੰ ਧਿਆਨ ਨਾਲ ਸੁਣਨ ਕਿ ਉਨ੍ਹਾਂ ਵਾਸਤੇ ਅਕਾਲ ਪੁਰਖ ਦੇ ਸੱਚੇ ਨਾਮ ਤੋਂ ਬਿਨਾਂ ਹੋਰ ਕਿਸੇ ਕਿਸਮ ਦੀ ਕਰਾਮਾਤ ਕੋਈ ਅਰਥ ਨਹੀਂ ਰੱਖਦੀ (੧/੪੩)।

'ਸ਼ਬਦ' ਨੂੰ ਪ੍ਰਮਾਣਿਕ ਗਿਆਨ ਦੇਣ ਦਾ ਇੱਕ ਸਮਰੱਥ ਅਤੇ ਸ਼ਕਤੀਸ਼ਾਲੀ ਸਾਧਨ ਪ੍ਰਵਾਨ ਕੀਤਾ ਜਾ ਚੁੱਕਾ ਹੈ। ਗੁਰੂ ਸਾਹਿਬਾਨ ਨੇ ਸ਼ਬਦ ਦੇ ਕਈ ਵੱਖ ਵੱਖ ਰੂਪਾਂ ਦੀ ਵੱਖਰੇ ਸੰਦਰਭਾਂ ਵਿਚ ਵਰਤੋਂ ਕੀਤੀ ਹੈ। ਸਿੱਖ ਧਰਮ ਦਰਸ਼ਨ ਵਿਚ ਸ਼ਬਦ ਦਾ ਇੱਕ ਰੂਪ ਬਾਣੀ ਹੈ ਅਤੇ ਸਿੱਖ ਚਿੰਤਨ ਵਿਚ ਸ਼ਬਦ ਤੇ ਬਾਣੀ ਸਮਾਨਰਥਕ ਹਨ। ਗੁਰੂ ਸਾਹਿਬਾਨ ਨੂੰ ਸਤਿ ਦਾ ਜੋ ਗਿਆਨ ਹੋਇਆ, ਉਸ ਨੂੰ ਉਨ੍ਹਾਂ ਨੇ ਸ਼ਬਦ ਰਾਹੀਂ, ਬਾਣੀ ਰਾਹੀਂ ਪ੍ਰਗਟ ਕੀਤਾ। ਸ਼ਬਦ ਨੂੰ ਪ੍ਰਮਾਣ ਦੇ ਤੌਰ 'ਤੇ ਗਿਆਨ ਦੇ ਸੋਮੇ ਵਜੋਂ ਵੀ ਪ੍ਰਵਾਨ ਕੀਤਾ ਗਿਆ ਹੈ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਅਰਥਾਂ ਦਾ ਸੰਕੇਤਕ ਹੈ ਜਿਵੇਂ ਕਰਤਾਰ, ਗੁਰ ਉਪਦੇਸ਼, ਧਰਮ, ਦੈਵੀ ਹੁਕਮ ਜੋ ਸਤਿਗੁਰ ਰਾਹੀਂ ਪ੍ਰਗਟ ਹੋਇਆ ਹੈ ਅਤੇ ਗੁਰਮੰਤਰ ਆਦਿ। ਜਪੁਜੀ ਸਾਹਿਬ ਦੀ ਅਖੀਰਲੀ ਪਉੜੀ ਵਿਚ ਸ਼ਬਦ ਪਰਮਸਤਿ ਵੱਲ ਸੰਕੇਤਕ ਹੈ ਜਿਸ ਨੂੰ ਜਪੁਜੀ ਦਾ ਸਾਰ-ਤੱਤ ਵੀ ਕਿਹਾ ਜਾਂਦਾ ਹੈ। ਇਸ ਪਉੜੀ ਵਿਚ ਸੰਖੇਪ ਵਿਚ ਦੱਸਿਆ ਹੋਇਆ ਹੈ ਕਿ ਮਨੁੱਖ ਆਪਣੇ ਆਪ ਨੂੰ ਉਸ ਅਕਾਲ ਪੁਰਖ ਤੱਕ ਪਹੁੰਚਣ ਲਈ ਕਿਵੇਂ ਤਿਆਰ ਕਰਦਾ ਹੈ। ਬ੍ਰਹਮ ਜਾਂ ਪਰਮਸਤਿ ਨੂੰ ਮਨੁੱਖ ਦੇ ਅੰਤਰ-ਨਿਹਤ ਮੰਨਿਆ ਗਿਆ ਹੈ। ਇਸ ਤਿਆਰੀ ਵਾਸਤੇ ਬ੍ਰਹਮ ਜਾਂ ਪਰਮਸਤਿ ਜੋ ਕਿ ਅੰਤਰ-ਨਿਹਤ ਹੈ, ਉਸ ਦੀ ਸ਼ਬਦ-ਰੂਪ ਵਿਚ ਘਾੜਤ ਹੁੰਦੀ ਹੈ। ਜਤੁ ਪਹਾਰਾ ਹੈ, ਭੱਠੀ ਹੈ; ਧੀਰਜ ਸੁਨਿਆਰ ਹੈ ਜੋ ਘਾੜਤ ਕਰਦਾ ਹੈ, ਅਹਿਰਣ ਸੋਝੀ ਹੈ (ਸੋਝੀ ਨੂੰ ਗੁਰਮਤਿ ਵਿਚ ਵਿਚਾਰ ਦੀ ਬਹੁਤ ਉਚੀ ਅਵਸਥਾ ਮੰਨਿਆ ਹੈ), ਮਤਿ ਹੈ ਅਤੇ ਗਿਆਨ ਨੂੰ ਇਸ ਪ੍ਰਸੰਗ ਵਿਚ ਵੇਦ ਕਿਹਾ ਹੈ (ਵੇਦ ਦਾ ਅਰਥ ਗਿਆਨ ਵੀ ਕੀਤਾ ਜਾਂਦਾ ਹੈ)। ਇਹ ਸਾਰੇ ਸੰਦ ਹਨ, ਸਾਧਨ ਹਨ, ਹਥਿਆਰ ਹਨ। ਸੰਜਮ ਦੀ ਧੌਂਕਣੀ ਨਾਲ ਸਾਧਨਾ ਦੀ ਅਗਨੀ ਬਾਲੀ ਜਾਂਦੀ ਹੈ। ਇਸ ਤਰ੍ਹਾਂ ਪ੍ਰੇਮ ਅਤੇ ਭਗਤੀ ਦੇ ਭਾਂਡੇ ਵਿਚ ਅੰਮ੍ਰਿਤ ਢਲਦਾ ਹੈ। ਇਸ ਸੱਚੀ ਟਕਸਾਲ ਵਿਚ ਸ਼ਬਦ ਘੜਿਆ ਜਾਂਦਾ ਹੈ। ਇਸ ਤਰ੍ਹਾਂ ਅੰਤ੍ਰੀਵ ਵਿਚ ਪਰਮਸਤਿ ਦੀ ਚੇਤੰਨਤਾ ਦੀ ਘਾੜਤ ਹੁੰਦੀ ਹੈ। ਇਹ ਤਿਆਰੀ ਹੈ ਜੋ ਪ੍ਰਾਣੀ ਨੇ ਕਰਨੀ ਹੈ। ਅੰਤਿਮ ਸਿੱਟਾ ਜਾਂ ਅੰਤਿਮ ਪ੍ਰਾਪਤੀ ਨਦਰਿ ਅਰਥਾਤ ਕਿਰਪਾ 'ਤੇ ਨਿਰਭਰ ਹੈ,

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਿਰਣ ਮਤਿ ਵੇਦੁ ਹਥਿਆਰੁ॥...

ਜੇ ਉਸ ਪਰਵਰਦਗਾਰ ਦੀ ਮਿਹਰ ਹੋ ਜਾਵੇ ਤਾਂ ਮਨੁੱਖ ਨੂੰ ਪਰਮ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਘਾੜਤ, ਸਿੱਖ ਧਰਮ ਚਿੰਤਨ ਅਨੁਸਾਰ ਮੰਤਰ-ਵਿਧੀ ਦੀ ਸੀਮਾ ਵਿਚ ਨਹੀਂ ਹੈ ਅਤੇ ਨਾ ਹੀ ਇਸ ਨੂੰ ਲਾਜ਼ਮ ਸਿੱਟਿਆਂ ਦੀ ਸੋਝਣ-ਵਿਧੀ ਨਾਲ ਜੋੜਿਆ ਜਾ ਸਕਦਾ ਹੈ (ਸਿੱਖ ਧਰਮ ਦੇ ਸੰਦਰਭ ਵਿਚ ਇਸ ਗੱਲ ਨੂੰ ਸਮਝ ਲੈਣਾ ਜ਼ਰੂਰੀ ਹੈ ਜੋ ਇਸ ਲੇਖ ਦਾ ਮੁੱਖ ਮਕਸਦ ਹੈ)।

ਗੁਰੂ ਨਾਨਕ ਦੇਵ ਅਨੁਸਾਰ ਗੁਰੂ ਪਰਮਸਤਿ ਤੱਕ ਪਹੁੰਚਣ ਵਾਸਤੇ ਮਾਧਿਅਮ ਹੈ। ਗੁਰੂ ਇੱਥੇ ਸਰੀਰ ਜਾਂ ਦੇਹ ਨਹੀਂ ਬਲਕਿ ਸ਼ਬਦ ਹੈ। ਇਸ ਤਰ੍ਹਾਂ ਗੁਰੂ ਸ਼ਬਦ ਰੂਪ ਹੋ ਕੇ ਮਨੁੱਖ ਦੇ ਅੰਦਰ ਵਸ ਰਿਹਾ ਹੈ। ਜ਼ਰੂਰਤ ਉਸ ਅੰਦਰ ਵੱਸ ਰਹੇ ਨੂੰ ਪ੍ਰਗਟ ਕਰਨ ਦੀ ਹੈ। ਪ੍ਰਗਟ ਕਰਨ ਦੇ ਮਾਰਗ ਨੂੰ ਘਾੜਤ ਆਖਿਆ ਹੈ। ਮਨੁੱਖ ਆਪਣੇ ਅੰਦਰ ਵਸ ਰਹੇ ਸ਼ਬਦ ਦਾ ਅਨੁਭਵ ਕਰ ਸਕਦਾ ਹੈ ਜੇ ਉਹ ਆਪਣੇ ਭਰਮ ਦੂਰ ਕਰਕੇ ਗੁਰੂ ਨੂੰ ਅਨੁਭਵ ਵਿਚ ਉਤਾਰ ਲਵੇ,

ਮੁਇਆ ਜਿਤੁ ਘਰਿ ਜਾਈਐ
ਤਿਤੁ ਜੀਵਦਿਆ ਮਰੁ ਮਾਰਿ॥
ਅਨਹਦ ਸਬਦਿ ਸੁਹਾਵਣੇ
ਪਾਈਐ ਗੁਰ ਵੀਚਾਰਿ॥ (ਪੰਨਾ ੨੧)

ਪ੍ਰਾਪਤ ਭਾਰਤੀ ਪਰੰਪਰਾ ਵਿਚ ਅੰਤਮ ਲਕਸ਼ ਨੂੰ ਮੁਕਤੀ ਕਿਹਾ ਜਾਂਦਾ ਹੈ ਜੋ ਮਨੁੱਖ ਨੂੰ ਮਰਨ ਪਿੱਛੋਂ ਮਿਲਦੀ ਹੈ। ਗੁਰਮਤਿ ਚਿੰਤਨ ਅਨੁਸਾਰ ਮਨੁੱਖ ਨੇ ਪਰਮਸਤਿ ਨਾਲ ਇੱਕਸੁਰਤਾ ਪ੍ਰਾਪਤ ਕਰਨੀ ਹੈ ਅਤੇ ਆਪਣੇ 'ਅੰਹ' ਨੂੰ ਦੂਰ ਕਰਕੇ ਮਨੁੱਖ ਉਸ ਨੂੰ ਆਪਣੇ ਜੀਵਦਿਆਂ ਹੀ ਪ੍ਰਾਪਤ ਕਰ ਸਕਦਾ ਹੈ। ਉਹ ਅਨਹਦ ਨਾਦ ਨੂੰ ਆਪਣੇ ਅੰਦਰ ਸੁਣ ਸਕਦਾ ਹੈ ਜੇ ਉਹ ਗੁਰੂ ਰਾਹੀਂ ਇਸ ਉਤੇ ਵਿਚਾਰ ਕਰੇ। ਇੱਥੇ ਪਰਮਸਤਿ 'ਨਾਦ' ਹੈ ਜਿਸ ਨੂੰ ਮਨ ਦੇ ਕੰਨਾਂ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। ਭਾਰਤੀ ਯੋਗ-ਸ਼ਾਸਤਰ ਅਨੁਸਾਰ 'ਬ੍ਰਹਮ' ਸ੍ਰਿਸ਼ਟੀ ਵਿਚ ਸ਼ਬਦ-ਰੂਪ ਵਿਚ ਸਮਾਇਆ ਹੋਇਆ ਹੈ। ਇਹ ਸ਼ਬਦ ਜਿਸ ਨੂੰ 'ਅਨਹਤ ਸ਼ਬਦ' ਕਿਹਾ ਹੈ, ਇਸ ਨੂੰ ਜੋਗ-ਸਾਧਨਾ ਰਾਹੀਂ, ਜਦੋਂ 'ਕੁੰਡਲਨੀ' ਜਾਗਦੀ ਹੈ ਅਤੇ 'ਸੁਸ਼ਮਨਾ' ਦਾ ਰਸਤਾ ਖੁਲ੍ਹਦਾ ਹੈ, ਸੁਣਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਨੇ ਜਪੁਜੀ ਵਿਚ ਗਿਆਨ ਮਾਰਗ ਦੀ ਗੱਲ ਕੀਤੀ ਹੈ। ਇਸ ਗਿਆਨ ਮਾਰਗ 'ਤੇ ਚੱਲ ਕੇ ਮਨੁੱਖ ਆਪਣੇ ਅੰਤਰ-ਮਨ ਨੂੰ ਜਾਗ੍ਰਿਤ ਕਰ ਸਕਦਾ ਹੈ ਅਤੇ ਉਸ ਦੇ ਅੰਤਰ-ਮਨ ਵਿਚ ਪਰਮ-ਸਤਿ ਦੀ ਚੇਤੰਨਤਾ ਪੈਦਾ ਹੁੰਦੀ ਹੈ। ਇਸ ਚੇਤੰਨਤਾ ਦਾ ਅਨੁਭਵ ਜਦੋਂ ਮਾਨਵੀ ਕਰਮਾਚਾਰ ਵਿਚੋਂ ਪ੍ਰਗਟ ਹੋਣ ਲੱਗ ਪਵੇ ਤਾਂ ਇਸ ਵਾਸਤੇ ਕਿਸੇ ਸਾਧਨਾ ਜਾਂ ਤਪੱਸਿਆ ਦੀ ਥਾਂ ਸ਼ਬਦ-ਗਿਆਨ ਦਾ ਵਿਚਾਰ ਅਤੇ ਧਿਆਨ ਮਨੁੱਖ ਦੇ ਕੰਮ ਆ ਜਾਂਦਾ ਹੈ। ਇਸ ਗਿਆਨ ਰਾਹੀਂ ਉਸ ਦੇ ਅੰਦਰ ਜੋ ਉਚਤਮ ਸੰਗੀਤ ਪੈਦਾ ਹੁੰਦਾ ਹੈ, ਉਹ ਉਸ ਨੂੰ ਸੁਣ ਸਕਦਾ ਹੈ। ਇਹ ਸੁਣਨਾ ਮਾਨਸਿਕਤਾ ਦੀ ਪ੍ਰਜਵਲਤਾ ਹੈ। ਇਸੇ ਪ੍ਰਸੰਗ ਵਿਚ ਹੀ ਸਿੱਖ ਚਿੰਤਨ ਅਨੁਸਾਰ ਸ਼ਬਦ ਦਾ ਵਿਲੱਖਣ ਪਰਿਪੇਖ ਸਾਹਮਣੇ ਆਇਆ ਹੈ ਅਤੇ, ਜਿਵੇਂ ਪਹਿਲਾਂ ਵੀ ਗੱਲ ਕੀਤੀ ਹੈ, ਗੁਰਮਤਿ ਅਨੁਸਾਰ ਸ਼ਬਦ ਹੀ ਬਾਣੀ ਹੈ ਅਤੇ ਬਾਣੀ ਸ਼ਬਦ ਹੈ। ਸ਼ਬਦ, ਬਾਣੀ ਦੇ ਸੁਣਨ, ਮਨਣ ਅਤੇ ਧਿਆਨ ਦਾ ਰਸਤਾ ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਹੈ। ਇਸ ਰਸਤੇ 'ਤੇ ਚੱਲ ਕੇ ਮਨੁੱਖ ਦਾ ਗਿਆਨ ਬਹੁਤ ਵਿਸ਼ਾਲ ਅਤੇ ਉਚਾ ਹੋ ਜਾਂਦਾ ਹੈ। ਜਪੁਜੀ ਵਿਚ ਗੁਰੂ ਨਾਨਕ ਸਾਹਿਬ ਨੇ ਮੁੱਢ ਵਿਚ ਹੀ ਮਨੁੱਖ ਦੇ ਜੀਵਨ ਦਾ ਅੰਤਮ ਲਕਸ਼ 'ਸਚਿਆਰ' ਹੋਣਾ ਦਸ ਦਿੱਤਾ ਹੈ,

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥

ਸ਼ਬਦ ਗਿਆਨ ਹੈ ਜੋ ਮਨੁੱਖ ਨੂੰ 'ਸਚਿਆਰ' ਹੋਣ ਦਾ, 'ਸਚਿਆਰ' ਦਾ ਜੀਵਨ ਜਿਉਣ ਦਾ ਮਾਰਗ ਦੱਸਦਾ ਹੈ। ਸ਼ਬਦ ਦੇ ਸੁਣਨ, ਮਨਣ ਅਤੇ ਧਿਆਨ ਰਾਹੀਂ ਮਨੁੱਖ ਹਰ ਤਰ੍ਹਾਂ ਦੇ ਬੰਧਨ ਤੋਂ, ਜੋ ਮਨੁੱਖ ਦੇ ਅਕਾਲ ਪੁਰਖ ਨਾਲੋਂ ਵਿਛੋੜੇ ਅਰਥਾਤ ਦੂਰੀ ਦਾ ਅਤੇ ਜਨਮ-ਮਰਨ ਦੇ ਚੱਕਰ ਦਾ ਕਾਰਨ ਹੈ, ਛੁਟਕਾਰਾ ਪਾ ਲੈਂਦਾ ਹੈ। ਗੁਰਮਤਿ ਚਿੰਤਨ ਅਨੁਸਾਰ ਅਗਿਆਨ ਬੰਧਨ ਹੈ ਜੋ ਮਨੁੱਖ ਦੀ ਮਨੁੱਖ ਨਾਲੋਂ ਦੂਰੀ ਅਤੇ ਮਨੁੱਖ ਦੀ ਅਕਾਲ ਪੁਰਖ ਨਾਲੋਂ ਦੂਰੀ ਦਾ ਕਾਰਨ ਬਣਦਾ ਹੈ। ਗੁਰਮਤਿ ਵਿਚ ਇਹ ਅਗਿਆਨ ਦੋ ਤਰ੍ਹਾਂ ਦਾ ਪ੍ਰਵਾਨ ਕੀਤਾ ਗਿਆ ਹੈ। ਜਦੋਂ ਅਗਿਆਨ ਵਿਅਕਤੀਗਤ ਪੱਧਰ 'ਤੇ ਵਿਚਰਦਾ ਹੈ ਤਾਂ ਗੁਰੂ ਨਾਨਕ ਸਾਹਿਬ ਨੇ ਇਸ ਨੂੰ ਹਉਮੈ ਕਿਹਾ ਹੈ, ਜਿਸ ਨੂੰ ਜਪੁਜੀ ਵਿਚ 'ਕੂੜੈ ਪਾਲਿ' ਕਰਕੇ ਦੱਸਿਆ ਗਿਆ ਹੈ। ਇਹ ਅਗਿਆਨ ਹੈ ਜੋ ਮਨੁੱਖ ਦੇ ਪਰਮਸਤਿ ਨਾਲੋਂ, ਵਾਹਿਗੁਰੂ ਨਾਲੋਂ ਵਿਛੋੜੇ ਦਾ ਕਾਰਨ ਬਣਦਾ ਹੈ। ਗੁਰਬਾਣੀ ਵਿਚ ਇਸ ਦੀ 'ਮਨ ਝੂਠਾ' ਅਤੇ 'ਤਨ ਝੂਠਾ' ਕਰਕੇ ਵੀ ਵਿਆਖਿਆ ਕੀਤੀ ਹੈ। ਬ੍ਰਹਿਮੰਡਕ ਅਰਥਾਤ ਸੰਸਾਰਕ ਪੱਧਰ 'ਤੇ ਇਸ ਅਗਿਆਨ ਨੂੰ 'ਮਾਇਆ' ਵੀ ਕਿਹਾ ਗਿਆ ਹੈ ਜੋ ਮਨੁੱਖ ਦੇ ਜਨਮ ਅਤੇ ਮਰਨ ਦੇ ਚੱਕਰ ਵਿਚ ਫਸੇ ਰਹਿਣ ਦਾ ਕਾਰਨ ਬਣਦੀ ਹੈ। ਸ਼ਬਦ ਭਾਵ ਬਾਣੀ ਦੇ ਸੁਣਨ, ਮਨਣ ਅਤੇ ਧਿਆਨ ਰਾਹੀਂ ਮਨੁੱਖ ਦਾ ਮਨ ਅਤੇ ਤਨ ਦੋਵੇਂ ਸਾਫ ਹੁੰਦੇ ਹਨ। ਮਨੁੱਖ ਸ਼ਬਦ ਰਾਹੀਂ ਹਉਮੈ ਤੋਂ ਛੁਟਕਾਰਾ ਪਾ ਸਕਦਾ ਹੈ ਜੋ ਉਸ ਦੇ ਵਾਹਿਗੁਰੂ ਨਾਲੋਂ ਵਿਛੋੜੇ ਦਾ ਕਾਰਨ ਬਣਦੀ ਹੈ। ਉਹ ਪਰਮਸਤਿ ਜਾਂ ਵਾਹਿਗੁਰੂ, ਜੋ ਉਸ ਦੇ ਅੰਦਰ ਵਸ ਰਿਹਾ ਹੈ, ਉਸ ਦਾ ਆਪਣੇ ਅੰਤਰ-ਅਨੁਭਵ ਵਿਚ ਪਰਗਾਸ ਕਰ ਸਕਦਾ ਹੈ। ਸ਼ਬਦ ਰਾਹੀਂ ਮਨੁੱਖ ਨੂੰ ਸਚਿਆਰ ਬਣਨ ਦੀ ਜਾਚ ਆਉਂਦੀ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਮਨੁੱਖਾ ਜੀਵਨ ਦਾ ਅੰਤਮ ਲਕਸ਼ ਮੰਨਿਆ ਹੈ। ਮਨੁੱਖ ਸ਼ਬਦ ਰਾਹੀਂ ਹਰ ਤਰ੍ਹਾਂ ਦੇ ਅਗਿਆਨ ਤੋਂ ਛੁਟਕਾਰਾ ਪਾ ਸਕਦਾ ਹੈ। ਇਸ ਤਰ੍ਹਾਂ ਸ਼ਬਦ ਉਚਤਮ ਕਿਸਮ ਦਾ ਗਿਆਨ ਹੈ, ਜੋ ਉਸ ਦੇ ਤਨ ਅਤੇ ਮਨ ਦੋਹਾਂ ਨੂੰ ਨਿਰਮਲ ਕਰਦਾ ਹੈ,

ਮਨਿ ਜੂਠੈ ਤਨਿ ਜੂਠਿ ਹੈ
ਜਿਹਵਾ ਜੂਠੀ ਹੋਇ॥
ਮੁਖਿ ਝੂਠੈ ਝੂਠੁ ਬੋਲਣਾ
ਕਿਉ ਕਰਿ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ
ਸਾਚੇ ਤੇ ਸਚੁ ਹੋਇ॥੧॥ (ਪੰਨਾ ੫੫-੫੬)

ਇਹ ਗਿਆਨ ਮਨੁੱਖ ਦੇ ਅੰਦਰ ਜਗ ਰਹੀ ਜੋਤੀ ਹੈ, ਜੋ ਸੈਭੰ ਹੈ, ਜਿਸ ਦੇ ਜਗਣ ਨਾਲ ਗਿਆਨ ਅਤੇ ਕਰਮ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਗੁਰੂ ਸਾਹਿਬਾਨ ਅਨੁਸਾਰ ਸ਼ਬਦ, ਜਗਿਆਸੂ ਦੀ, ਧਿਆਨ ਰਾਹੀਂ ਗਿਆਨ ਪ੍ਰਾਪਤ ਕਰਨ ਅਤੇ ਧਰਮ ਦੇ ਰਸਤੇ 'ਤੇ ਚੱਲਣ ਵਿਚ ਸਹਾਇਤਾ ਕਰਦਾ ਹੈ। ਸ਼ਬਦ ਨੂੰ ਰਾਹ ਦੱਸਣ ਵਾਲੀ ਸ਼ਕਤੀ ਕਿਹਾ ਗਿਆ ਹੈ। ਸ਼ਬਦ ਜਦੋਂ ਮਨੁੱਖ ਲਈ ਰਸਤਾ ਦਿਖਾਉਣ ਵਾਲੀ ਸ਼ਕਤੀ ਬਣਦਾ ਹੈ ਤਾਂ ਇਹ ਗੁਰੂ ਬਣ ਜਾਂਦਾ ਹੈ,

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ ੬੩੫)

ਸ਼ਬਦ ਰਾਹੀਂ ਮਨੁੱਖ ਕਰਮ ਅਤੇ ਇੱਛਾ ਦੀ ਪੱਧਰ 'ਤੇ ਨਿਰਮਲ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਦਾ ਕਰਮ ਅਤੇ ਇੱਛਾ ਗੁਰੂ ਦੀ ਇੱਛਾ ਦੇ ਅਨੁਸਾਰੀ ਹੋ ਜਾਂਦੇ ਹਨ,

ਜਿਨੁ ਇਕਮਨਿ ਧਿਆਇਆ
ਤਿਨੁ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ॥
ਤਿਨ ਜਮੁ ਨੇੜਿ ਨ ਆਵੈ
ਗੁਰ ਸਬਦੁ ਕਮਾਵੈ
ਕਬਹੁ ਨ ਆਵੈ ਹਾਰਿ ਜੀਉ॥
(ਪੰਨਾ ੪੩੯)

ਸ਼ਬਦ ਉਚਤਮ ਸਤਿ ਹੈ ਅਤੇ 'ਹੁਕਮ' ਨੂੰ ਸਮਝਣ ਦਾ ਸਾਧਨ ਹੈ। ਸ਼ਬਦ ਰਾਹੀਂ ਮਨੁੱਖ ਨੂੰ ਸਮਝ ਲਗਦੀ ਹੈ ਕਿ ਮਨੁੱਖ ਦੁਨੀਆਂ ਵਿਚ ਕਿਉਂ ਅਤੇ ਕੀ ਕਰਨ ਆਉਂਦਾ ਹੈ ਅਤੇ ਕਿਉਂ ਵਾਪਸ ਜਾਂਦਾ ਹੈ,

ਕਹਾ ਤੇ ਆਵੈ ਕਹਾ ਇਹੁ ਜਾਵੈ
ਕਹਾ ਇਹੁ ਰਹੈ ਸਮਾਈ॥...
ਪੂਰੇ ਗੁਰ ਤੇ ਸਾਚੁ ਕਮਾਵੈ
ਗਤਿ ਮਿਤਿ ਸਬਦੇ ਪਾਈ॥ (ਪੰਨਾ ੯੪੦)

ਇਸ ਤਰ੍ਹਾਂ ਸ਼ਬਦ 'ਹੁਕਮ' ਨੂੰ, ਜਿਸ ਨੂੰ ਦੈਵੀ ਵਿਧਾਨ ਵੀ ਕਹਿੰਦੇ ਹਨ, ਸਮਝਣ ਦਾ ਸਾਧਨ ਹੈ। ਇਸ ਤਰ੍ਹਾਂ ਸ਼ਬਦ ਮਨੁੱਖ ਦੀ ਜਗਿਆਸਾ ਦਾ ਉਤਰ ਹੈ ਅਤੇ ਵਿਰੋਧਾਂ ਦੀ ਸਮਸਵਰਤਾ ਹੈ।

*(ਚਲਦਾ)*

ਗੁਰਬਾਣੀ ਗਿਆਨ

## ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ

ਗਉੜੀ ਪੂਰਬੀ ਮਹਲਾ ੫
ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ॥
ਰਤਨ ਜਨਮੁ ਸਫਲੁ ਗੁਰਿ ਕੀਆ
ਦਰਸਨ ਕਉ ਬਲਿਹਰੀਐ॥੧॥ ਰਹਾਉ॥
ਜੇਤੇ ਸਾਸ ਗ੍ਰਾਸ ਮਨੁ ਲੇਤਾ
ਤੇਤੇ ਹੀ ਗੁਨ ਗਾਈਐ॥
ਜਉ ਹੋਇ ਦੈਆਲੁ ਸਤਿਗੁਰੁ ਅਪੁਨਾ
ਤਾ ਇਹ ਮਤਿ ਬੁਧਿ ਪਾਈਐ॥੧॥
ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ
ਸਰਬ ਸੁਖਾ ਸੁਖ ਪਾਈਐ॥
ਸੇਵਿ ਸੁਆਮੀ ਸਤਿਗੁਰੁ ਦਾਤਾ
ਮਨ ਬੰਛਤ ਫਲ ਆਈਐ॥੨॥
ਨਾਮੁ ਇਸਟੁ ਮੀਤ ਸੁਤ ਕਰਤਾ
ਮਨ ਸੰਗਿ ਤੁਹਾਰੈ ਚਾਲੈ॥
ਕਰਿ ਸੇਵਾ ਸਤਿਗੁਰ ਅਪੁਨੇ ਕੀ
ਗੁਰ ਤੇ ਪਾਈਐ ਪਾਲੈ॥੩॥
ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ
ਬਿਨਸੇ ਸਰਬ ਅੰਦੇਸਾ॥
ਨਾਨਕ ਸੁਖੁ ਪਾਇਆ ਹਰਿ ਕੀਰਤਨਿ
ਮਿਟਿਓ ਸਗਲ ਕਲੇਸਾ॥੪॥

ਇਸ ਪਾਵਨ ਸ਼ਬਦ ਰਾਹੀਂ ਸਤਿਗੁਰੂ ਜੀ ਆਖਦੇ ਹਨ- ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ, ਭਾਵ ਹੇ ਮੇਰੇ ਮਨ! ਹਰ ਵੇਲੇ, ਹਰ ਵਕਤ ਹੀ ਗੁਰੂ ਨੂੰ ਯਾਦ ਕਰਨਾ ਚਾਹੀਦਾ ਹੈ ਤੇ ਹਰ ਵੇਲੇ ਹੀ ਗੁਰੂ ਗੁਰੂ ਕਰਦੇ ਰਹਿਣਾ ਚਾਹੀਦਾ ਹੈ; ਰਤਨ ਜਨਮੁ ਸਫਲੁ ਗੁਰਿ ਕੀਆ, ਹੇ ਮਨ! ਗੁਰੂ ਨੇ ਹੀ ਜੀਆਂ ਦੇ ਰਤਨ ਰੂਪੀ ਮਾਨਸ ਜਨਮ ਨੂੰ ਸਫਲ ਕੀਤਾ ਹੈ; ਦਰਸਨ ਕਉ ਬਲਿਹਰੀਐ, ਐਸੇ ਪਰਉਪਕਾਰੀ ਗੁਰੂ ਜੀ ਦੇ ਦਰਸ਼ਨਾਂ ਤੋਂ ਬਲਿਹਾਰੇ, ਸਦਕੇ ਜਾਣਾ ਚਾਹੀਦਾ ਹੈ।

ਜੇਤੇ ਸਾਸ ਗ੍ਰਾਸ ਮਨੁ ਲੇਤਾ
ਤੇਤੇ ਹੀ ਗੁਨ ਗਾਈਐ॥
ਜਉ ਹੋਇ ਦੈਆਲੁ ਸਤਿਗੁਰੁ ਅਪੁਨਾ
ਤਾ ਇਹ ਮਤਿ ਬੁਧਿ ਪਾਈਐ॥੧॥

ਗੁਰਦੇਵ ਉਪਦੇਸ਼ ਕਰਦੇ ਹਨ- ਹੇ ਭਾਈ! ਇਹ ਜੀਵ ਜਿੰਨੇ ਵੀ ਸਵਾਸ ਲੈਂਦਾ ਹੈ ਤੇ ਜੀਵ ਜਿੰਨਿਆਂ ਗ੍ਰਾਹੀਆਂ ਮੂੰਹ ਵਿਚ ਪਾਉਂਦਾ ਹੈ, ਉਨ੍ਹਾਂ ਸਵਾਸਾਂ ਤੇ ਗ੍ਰਾਹੀਆਂ ਦੇ ਨਾਲ ਨਾਲ ਉਸ ਮਿਹਰਵਾਨ ਪ੍ਰਭੂ ਦੇ ਉਤਨੇ ਹੀ ਗੁਣ ਗਾਣੇ ਚਾਹੀਦੇ ਹਨ; ਜਉ ਹੋਇ ਦੈਆਲੁ ਸਤਿਗੁਰੁ ਅਪੁਨਾ, ਪਰ ਜਦੋਂ ਪ੍ਰਭੂ ਕਿਰਪਾ ਸਦਕਾ ਸਤਿਗੁਰੂ ਦਿਆਲਤਾ ਵਿਚ ਆਉਂਦਾ ਹੈ ਤਾਂ ਭਟਕਣਾ ਵਿਚ ਪਏ ਜੀਵ ਨੂੰ ਅਕਲ ਤੇ ਮੱਤ ਆਉਂਦੀ ਹੈ।

ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ
ਸਰਬ ਸੁਖਾ ਸੁਖ ਪਾਈਐ॥
ਸੇਵਿ ਸੁਆਮੀ ਸਤਿਗੁਰੁ ਦਾਤਾ
ਮਨ ਬੰਛਤ ਫਲ ਆਈਐ॥

ਹੇ ਮੇਰੇ ਮਨ! ਜੇ ਤੂੰ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੋਵੇਂਗਾ ਤਾਂ ਜਮ ਦੇ ਬੰਧਨਾਂ ਤੋਂ ਛੁਟਕਾਰਾ ਪਾ ਲਵੇਂਗਾ; ਤੇ ਤੈਨੂੰ ਸਾਰੇ ਸੁਖਾਂ ਵਿਚੋਂ ਸਰਵ-ਸ੍ਰੇਸ਼ਟ ਸੁਖ ਆਤਮਿਕ ਅਨੰਦ ਦੀ ਪ੍ਰਾਪਤੀ ਹੋ ਜਾਵੇਗੀ। ਹੇ ਭਾਈ! ਉਸ ਮਾਲਕ ਪ੍ਰਭੂ ਦੇ ਨਾਮ ਦੀ ਦਾਤ ਦੇਣ ਵਾਲੇ ਸਤਿਗੁਰੂ ਦੀ ਸੇਵਾ ਕੀਤਿਆਂ ਮਨਚਾਹੇ ਫਲ ਆਪੇ ਹੀ ਹੱਥ ਵਿਚ ਆ ਜਾਂਦੇ ਹਨ।

ਨਾਮੁ ਇਸਟੁ ਮੀਤ ਸੁਤ ਕਰਤਾ
ਮਨ ਸੰਗਿ ਤੁਹਾਰੈ ਚਾਲੈ॥
ਕਰਿ ਸੇਵਾ ਸਤਿਗੁਰ ਅਪੁਨੇ ਕੀ
ਗੁਰ ਤੇ ਪਾਈਐ ਪਾਲੈ॥੩॥

ਨਾਮੁ ਇਸਟੁ ਮੀਤ ਸੁਤ ਕਰਤਾ- ਹੇ ਮੇਰੇ ਮਨ! ਉਸ ਸਿਰਜਣਹਾਰੇ ਦਾ ਨਾਮ ਹੀ ਸਭ ਕੁਝ ਹੈ; ਸਿਰਫ ਇਸ ਨੇ ਹੀ ਤੇਰਾ ਸਾਥ ਦੇਣਾ ਹੈ ਤੇ ਤੇਰੇ ਸੰਗ ਚੱਲਣਾ ਹੈ; ਇਸ ਲਈ ਤੂੰ ਆਪਣੇ ਸਤਿਗੁਰੂ ਦੀ ਸੇਵਾ ਕਮਾ; ਇਸ ਰਾਹ ਉਤੇ ਚੱਲ ਕੇ ਤੈਨੂੰ ਆਪਣੇ ਗੁਰੂ ਤੋਂ ਨਾਮ ਦੀ ਦਾਤ ਮਿਲ ਜਾਵੇਗੀ।

ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ
ਬਿਨਸੇ ਸਰਬ ਅੰਦੇਸਾ॥
ਨਾਨਕ ਸੁਖੁ ਪਾਇਆ ਹਰਿ ਕੀਰਤਨਿ
ਮਿਟਿਓ ਸਗਲ ਕਲੇਸਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖਦੇ ਹਨ- ਹੇ ਮੇਰੇ ਮਨ! ਜਿਸ ਜੀਵ ਉਤੇ ਕਿਰਪਾਲੂ ਸਤਿਗੁਰੂ ਜੀ ਤੇ ਮਿਹਰਾਂ ਦੇ ਸਮੁੰਦਰ ਮਿਹਰਵਾਨ ਪ੍ਰਭੂ ਨੇ ਆਪਣੀ ਮਿਹਰ ਕਰ ਦਿੱਤੀ, ਤਾਂ ਉਸ ਵਡਭਾਗੇ ਜੀਵ ਦੇ ਸਾਰੇ ਹੀ ਚਿੰਤਾ-ਫਿਕਰ ਮੁੱਕ ਗਏ; ਨਾਨਕ ਸੁਖੁ ਪਾਇਆ ਹਰਿ ਕੀਰਤਨਿ, ਹੇ ਨਾਨਕ! ਜਿਸ ਜੀਵ ਨੇ ਹਰੀ ਪਰਮਾਤਮਾ ਦੇ ਕੀਰਤਨ ਵਿਚ ਅਨੰਦ ਮਾਣਿਆ, ਉਸ ਦੇ ਸਾਰੇ ਹੀ ਦੁਖ ਕਲੇਸ਼ ਮੁੱਕ ਗਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਭਰਾਵਾਂ ਦਾ ਮਾਣ-3

# ਸਾਰੀ ਤਾਕਤ ਤਾਂ ਲੋਕਾਂ ਦੀ

*ਪੰਜਾਬੀ ਕਥਾ ਜਗਤ ਦੇ ਮਿਸਾਲੀ ਹਸਤਾਖਰ ਵਰਿਆਮ ਸਿੰਘ ਸੰਧੂ ਨੇ ਆਪਣੀਆਂ ਯਾਦਾਂ ਦੇ ਭਰੇ-ਭੁਕੰਨੇ ਬੋਹੀਏ ਵਿਚੋਂ ਕੁਝ ਯਾਦਾਂ 'ਭਰਾਵਾਂ ਦਾ ਮਾਣ' ਨਾਂ ਦੀ ਲੜੀ ਵਿਚ ਪਰੋਈਆਂ ਹਨ। ਇਨ੍ਹਾਂ ਯਾਦਾਂ ਦਾ ਬਿਰਤਾਂਤ ਕਹਾਣੀ ਰਸ ਦੇ ਵਲਟੋਹੇ ਤਾਂ ਵਰਤਾਉਂਦਾ ਹੀ ਹੈ, ਨਾਲ ਦੀ ਨਾਲ ਸਰੋਕਾਰਾਂ ਅਤੇ ਸੁਨੇਹਿਆਂ ਦਾ ਝੰਡਾ ਵੀ ਬੁਲੰਦ ਕਰਦਾ ਹੈ। ਵਰਿਆਮ ਦੀ ਹਰ ਰਚਨਾ ਬਹੁ-ਪਾਸਾਰੀ ਹੁੰਦੀ ਹੈ, ਇਸੇ ਕਰ ਕੇ ਹੀ ਪਾਠਕ ਨੂੰ ਉਹ ਸਹਿਜੇ ਹੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਇਸ ਲੇਖ ਲੜੀ ਦੀ ਪਹਿਲੀ ਤੇ ਦੂਜੀ ਕੜੀ 'ਭਰਾਵਾਂ ਦਾ ਸੰਗ-ਸਾਥ' ਅਤੇ 'ਦੂਹਰੀ ਮਾਫੀ' ਵਿਚ ਉਹਨੇ ਆਪਣੇ ਸੰਗੀ-ਸਾਥੀਆਂ ਦਾ ਜ਼ਿਕਰ ਬਹੁਤ ਹੁੱਬ ਕੇ ਕੀਤਾ ਹੈ। ਇਨ੍ਹਾਂ ਵਿਚ ਲੋਕ-ਸ਼ਕਤੀ ਦੇ ਨੈਣ-ਨਕਸ਼ ਗੂੜ੍ਹੇ ਵਾਹੇ ਹੋਏ ਦਿਸਦੇ ਹਨ। ਤੀਜੀ ਕੜੀ 'ਸਾਰੀ ਤਾਕਤ ਤਾਂ ਲੋਕਾਂ ਦੀ' ਵਿਚ ਵੀ ਇਹ ਰੰਗ ਬਰਕਰਾਰ ਰਹਿੰਦਾ ਹੈ ਅਤੇ ਲੋਕਾਂ ਦਾ ਏਕਾ ਤੇ ਸੂਝ ਭਰੀ ਲੜਾਈ ਰਲ ਕੇ ਕਿਸ ਤਰ੍ਹਾਂ ਜਾਬਰ ਪੁਲਿਸ ਦੀਆਂ ਗੋਡਣੀਆਂ ਲਵਾਉਂਦੀ ਹੈ, ਇਸ ਲਿਖਤ ਦਾ ਹਾਸਲ ਹੈ। ਇਸ ਲੋਕ ਸ਼ਕਤੀ ਦਾ ਬਿਰਤਾਂਤ ਸੁਣਾਉਂਦਿਆਂ ਵਰਿਆਮ ਨੇ ਆਪਣੇ ਪਿੰਡ, ਪਿੰਡ ਵਿਚ ਵਸਦੇ ਜੀਆਂ ਅਤੇ ਇਨ੍ਹਾਂ ਜੀਆਂ ਦੀਆਂ ਤਾਂਘਾਂ, ਤੱਦੀਆਂ ਤੇ ਤੌਖਲਿਆਂ ਦੀ ਬਾਤ ਪਾਈ ਹੈ। -ਸੰਪਾਦਕ*

ਇਕ ਦਿਨ ਸਾਡੇ ਖੇਤਾਂ ਵਿਚਲਾ ਗਵਾਂਢੀ ਸਾਧਾ ਸਿੰਘ ਅਕਾਲੀ ਮੈਨੂੰ ਕਹਿੰਦਾ, "ਵਰਿਆਮ ਸਿਹਾਂ! ਯਾਰ ਤੇਰੀ ਲੋਕ ਸੁਣਦੇ ਵੀ ਆ, ਮੰਨਦੇ ਵੀ ਆ। ਆਹ ਆਪਣੀ ਪੱਤੀ ਦੀ ਸ਼ਾਮਲਾਟ ਵਾਲਾ ਵੀ ਕੰਢਾ ਕਢਵਾ ਦੇ।"

ਸਾਡੀ ਪੱਤੀ ਦੀ ਸਾਂਝੇ ਥਾਂ ਛੱਡੀ ਹੋਈ ਜ਼ਮੀਨ ਤੀਹ ਏਕੜ ਦੇ ਲਗਭਗ ਸੀ। ਇਹਦੇ ਵਿਚੋਂ ਸਿਰਫ਼ ਚਾਰ-ਪੰਜ ਏਕੜ ਹੀ 'ਸਾਫ਼' ਸੀ, ਤੇ ਹਰ ਸਾਲ ਪੱਤੀ ਵੱਲੋਂ ਠੇਕੇ 'ਤੇ ਦਿੱਤੀ ਜਾਂਦੀ ਸੀ। ਬਾਕੀ ਜ਼ਮੀਨ ਚਾਰ-ਚਾਰ, ਪੰਜ-ਪੰਜ ਏਕੜ ਦੇ ਜਾਂ ਕੁਝ ਵੱਧ ਘੱਟ ਟੋਟਿਆਂ ਵਿਚ ਕਈ ਥਾਂਵਾਂ ਵਿਚ ਵੰਡੀ ਹੋਈ ਸੀ। ਕੁਝ ਜ਼ਮੀਨ 'ਤੇ ਤਾਂ ਨਾਲ ਲੱਗਦੀ ਪੱਤੀ ਵਾਲਿਆਂ ਕਬਜ਼ਾ ਕੀਤਾ ਹੋਇਆ ਸੀ ਤੇ ਕੁਝ ਜ਼ਮੀਨ ਪੱਤੀ ਦੇ ਰਸੂਖ ਵਾਲੇ ਚੌਧਰੀਆਂ ਨੇ ਮੱਲੀ ਹੋਈ ਸੀ। ਉਨ੍ਹਾਂ ਨੇ ਕਈ ਸਾਲਾਂ ਤੋਂ ਜ਼ਮੀਨ ਦੀਆਂ ਗਰਦੌਰੀਆਂ ਵੀ ਆਪਣੇ ਨਾਂ ਕਰਵਾਈਆਂ ਹੋਈਆਂ ਸਨ। ਪੱਤੀ ਵਾਲੇ ਆਮ ਲੋਕ ਉਨ੍ਹਾਂ ਦੀ ਇਸ ਵਧੀਕੀ ਤੋਂ ਨਾਖ਼ੁਸ਼ ਤਾਂ ਸਨ ਪਰ ਉਨ੍ਹਾਂ ਨੂੰ ਜ਼ਮੀਨ ਛੱਡਣ ਲਈ ਆਖਣ ਦੀ ਹਿੰਮਤ ਕਿਸੇ ਵਿਚ ਨਹੀਂ ਸੀ।

ਮੈਂ ਸਾਧਾ ਸਿੰਘ ਦੀ ਸਲਾਹ 'ਤੇ ਵਿਚਾਰ ਕੀਤਾ ਅਤੇ ਪੱਤੀ ਦੇ ਲੋਕਾਂ ਨਾਲ ਵੱਖਰੇ ਵੱਖਰੇ ਮਿਲ ਕੇ ਕਈ ਦਿਨ ਵਿਚਾਰ ਵਟਾਂਦਰਾ ਕਰਦਾ ਰਿਹਾ। ਉਹ ਕਹਿਣ, "ਜੇ ਤੂੰ ਅੱਗੇ ਲੱਗੇਂ ਤਾਂ ਅਸੀਂ ਤੇਰੇ ਨਾਲ ਆਂ।"

ਹੌਸਲਾ ਕਰ ਕੇ ਮੈਂ ਜ਼ਮੀਨ 'ਤੇ ਕਾਬਜ਼ ਬੰਦਿਆਂ ਨੂੰ ਵਾਰੀ ਵਾਰੀ ਮਿਲ ਕੇ ਆਖਿਆ, "ਪੱਤੀ ਵਾਲੇ ਚਾਹੁੰਦੇ ਨੇ ਕਿ ਸਾਂਝੀ ਜ਼ਮੀਨ 'ਤੇ ਜਿਨ੍ਹਾਂ ਨੇ ਕਬਜ਼ਾ ਕੀਤਾ ਹੋਇਐ, ਮੈਂ ਉਨ੍ਹਾਂ ਨੂੰ ਜ਼ਮੀਨ ਛੱਡਣ ਦੀ ਬੇਨਤੀ ਕਰਾਂ। ਤੁਹਾਨੂੰ ਕਿਸੇ ਚੀਜ਼ ਦੀ ਘਾਟ ਤਾਂ ਹੈ ਨਹੀਂ। ਭਾਈਚਾਰੇ ਦਾ ਮਾਣ ਰੱਖੋ। ਆਪਾਂ ਇਸ ਜ਼ਮੀਨ ਤੋਂ ਹੁੰਦੀ ਸਾਂਝੀ ਖੱਟੀ ਨਾਲ ਪੱਤੀ ਦਾ ਕਈ ਕੁਝ ਸਵਾਰ ਸਕਦੇ ਹਾਂ।"



**ਵਰਿਆਮ ਸੰਧੂ**
e-mail: waryamsandhu@gmail.com

ਅਗਲਾ ਬੜਾ ਪੁੱਠਾ-ਸਿੱਧਾ ਹੁੰਦਾ। ਕਹਿੰਦਾ, 'ਪੱਤੀ ਵਾਲੇ ਹੁੰਦੇ ਕੌਣ ਨੇ ਪੁੱਛਣ ਵਾਲੇ? ਪੁੱਛਣ ਵਾਲਾ ਉਹਦੇ ਸਾਹਮਣੇ ਆ ਕੇ ਪੁੱਛਣ ਦੀ ਹਿੰਮਤ ਕਰੇ। ਇਹ ਜ਼ਮੀਨ ਤਾਂ ਨਿਰੀ ਕੱਲਰ ਬੰਜਰ ਸੀ, ਅਸੀਂ ਇਸ 'ਤੇ ਸਾਲਾਂ ਬੱਧੀ ਮਿਹਨਤ ਕੀਤੀ। ਬਣਾਇਆ, ਸਵਾਰਿਆ, ਵਾਹੀ-ਯੋਗ ਬਣਾਈ ਤਾਂ ਹੁਣ ਇਹ ਪੱਤੀ ਵਾਲਿਆਂ ਨੂੰ ਦਿਸਣ ਲੱਗ ਪਈ। ਨਾਲੇ ਫਲਾਣੇ ਨੇ ਨਹੀਂ ਕਬਜ਼ਾ ਕੀਤਾ ਹੋਇਆ? ਉਹਨੇ ਨਹੀਂ ਆਪਣੇ ਨਾਂ ਗਰਦੌਰੀ ਕਰਾਈ?' ਮੈਂ ਕਹਿੰਦਾ ਕਿ 'ਫਲਾਣਾ' ਤਾਂ ਜ਼ਮੀਨ ਛੱਡਣ ਲਈ ਤਿਆਰ ਹੈ ਪਰ ਉਹਦੀ ਸ਼ਰਤ ਹੈ ਕਿ ਤੁਸੀਂ ਵੀ ਛੱਡ ਦਿਓ। ਉਹ ਕਹਿੰਦਾ, "ਚੰਗਾ ਵੇਖ ਲਾਂ ਗੇ। ਜੇ ਉਹ ਛੱਡ ਦੂ ਤਾਂ ਮੈਂ ਵੀ ਛੱਡ ਦੂੰ।" ਉਹਨੂੰ ਯਕੀਨ ਹੁੰਦਾ, ਨਾ ਅਗਲੇ ਨੇ ਛੱਡਣੀ ਹੈ ਤੇ ਨਾ ਮੈਂ। ਤਦ ਵੀ ਗੱਲਾਂ ਗੱਲਾਂ 'ਚ ਮੈਂ ਇਹ ਵਚਨ ਤਾਂ ਹਰ ਇਕ ਕੋਲੋਂ ਲੈ ਲਿਆ ਸੀ ਕਿ "ਜੇ ਉਹ ਛੱਡ ਦੂ ਤਾਂ ਮੈਂ ਵੀ ਛੱਡ ਦੂੰ।"

ਕੁਝ ਦਿਨ ਦੇ ਅਭਿਆਸ ਮਗਰੋਂ ਮੈਂ ਸਾਰੀ ਪੱਤੀ ਦੇ ਪਰਿਵਾਰਾਂ ਦੇ ਮੁਖੀਆਂ ਦੀ ਇਕੱਤਰਤਾ ਖੇਤਾਂ ਵਿਚ ਬਣੇ ਆਪਣੀ ਪੱਤੀ ਦੇ ਗੁਰਦਵਾਰੇ ਵਿਚ ਬੁਲਾ ਲਈ। ਮਾਹੌਲ ਤਿਆਰ ਕਰਨ ਲਈ ਸਭ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਤੇ ਹਜ਼ੂਰੀ ਦਾ ਮਹੱਤਵ ਬਿਆਨ ਕਰਦਿਆਂ ਨਿੱਕਾ ਜਿਹਾ ਲੈਕਚਰ ਝਾੜਿਆ ਕਿ ਗੁਰੂ ਸਾਹਿਬਾਨ ਦੀ ਰਵਾਇਤ ਤਾਂ ਵੰਡ ਛਕਣ ਦੀ ਸੀ, ਕਿਸੇ ਦਾ ਹੱਕ ਮਾਰਨ ਦੀ ਨਹੀਂ। ਕਹਿੰਦੇ ਨੇ, ਤੁਰੇ ਜਾਂਦੇ ਨਿਹੰਗ ਸਿੰਘਾਂ ਨੂੰ ਇੱਕ ਤਿਲ਼ ਲੱਭਾ ਸੀ। ਛੋਟੇ ਜਿਹੇ ਤਿਲ਼ ਨੂੰ ਵੰਡ ਕੇ ਛਕਣ ਦੀ ਜੁਗਤ ਨਾ ਲੱਭਣ ਕਰ ਕੇ ਉਨ੍ਹਾਂ ਨੇ ਤਿਲ਼ ਘੋਟ ਕੇ ਉਸ 'ਚ ਪਾਣੀ ਪਾ ਲਿਆ। ਉਹ ਪਾਣੀ ਆਪਸ ਵਿਚ ਵੰਡ ਕੇ ਛਕ ਲਿਆ ਪਰ ਉਸ ਤਿਲ਼ ਨੂੰ ਕਿਸੇ ਇਕ ਜਣੇ ਨੇ ਇਸ ਕਰ ਕੇ ਲੈਣਾ ਪ੍ਰਵਾਨ ਨਹੀਂ ਸੀ ਕੀਤਾ ਕਿ ਹਰ ਕੋਈ ਸਮਝਦਾ ਸੀ, ਇਸ 'ਤੇ ਦੂਜੇ ਸਿੰਘ ਦਾ ਹੱਕ ਵੀ ਬਣਦਾ ਹੈ। ਕਿਸੇ ਦਾ ਹੱਕ ਮਾਰਨ ਨੂੰ ਗੁਰੂ ਸਾਹਿਬ ਨੇ ਹਰਾਮ ਆਖਿਆ ਸੀ। ਅੱਜ ਗੁਰੂ ਘਰ ਵਿਚ ਬੈਠੇ ਸਾਰੇ ਤੁਸੀਂ ਗੁਰਸਿੱਖ ਹੋ। ਗੁਰੂ ਦੀ ਸਿੱਖਿਆ ਮੁਤਾਬਕ ਸੋਚਣ ਤੇ ਅਮਲ ਕਰਨ ਦੀ ਤੁਹਾਡੇ ਕੋਲੋਂ ਆਸ ਕਰਦਾ ਹਾਂ। ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਦਾ ਲੋਕ-ਪ੍ਰਲੋਕ ਸੌਰ ਜਾਂਦਾ ਹੈ।

ਫਿਰ ਤੋੜਾ ਝਾੜਿਆ, "ਮੈਨੂੰ ਬੜੀ ਖ਼ੁਸ਼ੀ ਹੈ ਕਿ ਸਾਰੇ ਟੱਬਰਾਂ ਦੇ ਮੁਖੀ ਇਥੇ ਸੰਗਤ ਰੂਪ ਵਿਚ ਇਕੱਠੇ ਹੋਏ ਨੇ। ਸੰਗਤ ਨੂੰ ਗੁਰੂ ਜੀ ਨੇ ਆਪਣੇ ਤੋਂ ਵੀ ਵੱਡਾ ਰੁਤਬਾ ਦਿੱਤਾ ਸੀ। ਸੰਗਤ ਦਾ ਹੁਕਮ ਗੁਰੂ ਜੀ ਨੇ ਵੀ ਨਹੀਂ ਸੀ ਮੋੜਿਆ। ਮੈਨੂੰ ਵਿਸ਼ਵਾਸ ਹੈ ਕਿ ਇਥੇ ਹਾਜ਼ਰ ਹੋਏ ਸੱਜਣ ਆਪਣੇ ਗੁਰੂ ਦਾ ਮਾਣ ਰੱਖਣਗੇ। ਵਧੀਆ ਗੱਲ ਇਹ ਹੈ ਕਿ ਜਿਨ੍ਹਾਂ ਸੱਜਣਾਂ ਕੋਲ ਜ਼ਮੀਨ ਦਾ ਕਬਜ਼ਾ ਹੈ, ਉਨ੍ਹਾਂ ਵਿਚੋਂ ਕੇਵਲ ਇਕ ਜਣੇ ਨੂੰ ਛੱਡ ਕੇ ਬਾਕੀ ਸਾਰੇ ਹਾਜ਼ਰ ਨੇ। ਮੈਂ ਇਨ੍ਹਾਂ ਦਾ ਸੰਗਤ ਵੱਲੋਂ ਧੰਨਵਾਦੀ ਹਾਂ। ਇਨ੍ਹਾਂ ਸਾਰਿਆਂ ਨੇ ਕਿਹਾ ਹੈ ਕਿ ਜੇ ਦੂਜੀ ਧਿਰ ਕਬਜ਼ਾ ਛੱਡਣ ਲਈ ਤਿਆਰ ਹੈ, ਤਾਂ ਉਹ ਵੀ ਕਬਜ਼ਾ ਛੱਡ ਦੇਣਗੇ। ਇਹ ਵਚਨ ਦੇਣ ਪੱਖੋਂ ਮੈਂ ਇਨ੍ਹਾਂ ਸਾਰਿਆਂ ਦੀ ਵਡਿਆਈ ਕਰਦਾ ਹਾਂ। ਇਹ ਵੀ ਸਮਝਦਾਂ ਕਿ ਮਸਲਾ ਹੱਲ ਕਰਨ ਬਾਰੇ ਇਨ੍ਹਾਂ ਦੇ ਮਨ ਵਿਚ ਕੋਈ ਖੋਟ ਨਹੀਂ; ਤਦ ਈ ਤਾਂ ਇਹ ਸਾਰੇ ਇਥੇ ਹਾਜ਼ਰ ਹੋਏ ਨੇ।"

ਪੁਰਾਣੇ ਸਰਪੰਚ ਤੇ ਘੈਂਟ ਸਮਝੇ ਜਾਣ ਵਾਲੇ ਬੰਦੇ ਮਹਿੰਦਰ ਸਾਈਂ ਨੇ ਕਿਹਾ, "ਅਸੀਂ ਤਿਆਰ ਆਂ ਜ਼ਮੀਨ ਛੱਡਣ ਨੂੰ ਪਰ ਪਹਿਲਾਂ ਸੇਵਾ ਸੁੰਹ ਛੱਡੇ।"

ਸੇਵਾ ਸੁੰਹ ਤਾਂ ਮੀਟਿੰਗ ਵਿਚ ਆਇਆ ਈ ਨਹੀਂ ਸੀ। ਇਸ ਤੋਂ ਬਾਅਦ, 'ਪਹਿਲਾਂ ਇਹਨੇ ਕਬਜ਼ਾ ਕੀਤਾ, ਪਹਿਲਾਂ ਉਹਨੇ ਗਰਦੌਰੀ ਕਰਾਈ, ਪਹਿਲਾਂ ਇਹ ਛੱਡੇ, ਫਿਰ ਮੈਂ ਛੱਡ ਦੂੰ' ਦੀ ਲੰਮੀ ਚਰਚਾ ਚੱਲੀ। ਗੱਲਬਾਤ ਦੀ ਵਾਗ-ਡੋਰ ਮੈਂ ਆਪਣੇ ਹੱਥ ਰੱਖੀ। ਤੋੜਾ ਸੇਵਾ ਸਿੰਘ 'ਤੇ ਝੜ ਰਿਹਾ ਸੀ। ਕਾਬਜ਼ ਧਿਰ ਵਾਲੇ ਸਾਰੇ ਕਹਿਣ, "ਪਹਿਲਾਂ ਉਹਨੂੰ ਮਨਾ ਲੌ। ਅਸੀਂ ਵੀ ਮੰਨ ਜਾਂ ਗੇ।" ਉਨ੍ਹਾਂ ਨੂੰ ਖੁੜਕ ਸੀ ਕਿ ਉਹ ਮੰਨਣ ਨਹੀਂ ਲੱਗਾ।

ਸੇਵਾ ਸਿੰਘ ਦਾ ਛੋਟਾ ਭਰਾ ਮੀਟਿੰਗ ਵਿਚ ਹਾਜ਼ਰ ਸੀ। ਉਹਨੂੰ ਅਸੀਂ ਪਹਿਲਾਂ ਹੀ ਆਪਣੇ ਨਾਲ ਜੋੜਿਆ ਹੋਇਆ ਸੀ। ਮੈਂ ਉਹਨੂੰ ਕਿਹਾ ਕਿ ਉਹ ਸੰਗਤ ਦਾ ਹੁਕਮ ਭਰਾ ਤੱਕ ਪੁਚਾਵੇ ਤੇ ਇਥੇ ਵਿਸ਼ਵਾਸ ਵੀ ਦਿਵਾਏ ਕਿ ਉਹ ਆਪਣੇ ਭਰਾ ਦੀ ਜ਼ਿੰਮੇਵਾਰੀ ਚੁੱਕਦਾ ਹੈ। ਉਸ ਨੇ ਹਾਮੀ ਭਰੀ ਤਾਂ ਮੈਂ ਜੈਕਾਰਾ ਬੁਲਾ ਦਿੱਤਾ ਕਿ ਲਓ ਜੀ, ਮਸਲਾ ਤਾਂ ਹੱਲ ਹੋ ਗਿਆ। ਮੈਂ ਮੁੜ-ਘਿੜ ਕੇ ਕਾਬਜ਼ ਸੱਜਣਾਂ ਦੇ 'ਤਿਆਗ' ਦੀ ਵਡਿਆਈ ਕੀਤੀ, ਜਿਹੜਾ ਉਨ੍ਹਾਂ ਨੇ ਅਜੇ ਕਰਨਾ ਸੀ। ਉਨ੍ਹਾਂ ਨੇ ਵੀ ਝੂਠੀ-ਸੱਚੀ ਹਾਮੀ ਭਰ ਦਿੱਤੀ। ਮੀਟਿੰਗ ਦੇ ਅਖ਼ੀਰ 'ਤੇ ਫ਼ੈਸਲਾ ਹੋ ਗਿਆ ਕਿ ਕਮੇਟੀ ਬਣਾਈ ਜਾਵੇ ਤੇ ਇਸ ਗੱਲ ਨੂੰ ਸਰਬਸੰਮਤੀ ਨਾਲ ਸਿਰੇ ਚੜ੍ਹਾਇਆ ਜਾਏ। ਕਮੇਟੀ ਵਿਚ ਸਾਰੇ ਭਾਈਚਾਰਿਆਂ ਦੇ ਬੰਦੇ ਸ਼ਾਮਲ ਕੀਤੇ ਗਏ। ਮੈਨੂੰ ਕਮੇਟੀ ਦਾ ਮੁਖੀ ਚੁਣਿਆ ਗਿਆ ਤੇ ਸਾਥੀਆਂ ਨੂੰ ਨਾਲ ਲੈ ਕੇ ਜ਼ਮੀਨ ਛੁਡਾਉਣ ਤੇ ਗਰਦੌਰੀ ਤੁੜਾਉਣ ਦਾ ਕੰਮ ਸੌਂਪਿਆ ਗਿਆ।

ਕੰਮ ਕੋਈ ਸੌਖਾ ਨਹੀਂ ਸੀ। ਬੜੀ ਮਗ਼ਜ਼-ਪੱਚੀ ਕਰਨੀ ਪਈ। ਤਰਲਾ-ਮਿੰਨਤ ਵੀ ਕਰਨਾ ਪਿਆ। ਭਾਈਚਾਰਕ ਦਬਾਓ ਵੀ ਰੱਖਿਆ। ਆਖ਼ਰ ਕਈ ਦਿਨਾਂ ਦੀ ਖ਼ੇਚਲ, ਖ਼ਹਿਮਖ਼ਹਿ ਤੇ ਕਸ਼ਮਕਸ਼ ਤੋਂ ਬਾਅਦ ਮੈਂ ਤੇ ਕਮੇਟੀ ਦੇ ਸਾਥੀ ਬਹੁਤ ਹੱਦ ਤੱਕ ਕਾਮਯਾਬ ਹੋ ਗਏ। ਹੌਲੀ ਹੌਲੀ ਸਾਰੀ ਜ਼ਮੀਨ ਪੱਤੀ ਦੇ ਕਬਜ਼ੇ ਵਿਚ ਆ ਗਈ। ਠੇਕੇ ਦੇ ਇੰਨੇ ਪੈਸੇ ਆਉਣ ਲੱਗੇ ਕਿ ਪੱਤੀ ਵਾਲਿਆਂ ਨੂੰ ਸਮਝ ਨਾ ਆਉਂਦੀ ਕਿ ਕਿਹੜੇ ਸਾਂਝੇ ਥਾਂ 'ਤੇ ਇਨ੍ਹਾਂ ਨੂੰ ਖ਼ਰਚ ਕੀਤਾ ਜਾਵੇ।

ਜਦੋਂ ਖੇਤਾਂ ਵਿਚ ਪਾਣੀ ਲਾਉਂਦਾ ਸਾਧਾ ਸਿੰਘ ਮੇਰੇ ਕੋਲ ਆਇਆ ਤੇ ਆਖਿਆ, "ਵਰਿਆਮ ਸਿਹਾਂ! ਤੈਥੋਂ ਬਿਨਾਂ ਇਹ ਖੁਭੀ ਕਦੀ ਨਹੀਂ ਸੀ ਨਿਕਲਣੀ। ਸ਼ਾਬਾਸ਼ੇ ਤੇਰੇ। ਧੰਨ ਧੰਨ ਹੋ ਗਈ ਭਈ। ਤੇਰੇ ਬਿਨਾਂ ਉਨ੍ਹਾਂ ਵੱਡਿਆਂ ਦੇ ਗਲ ਟੱਲੀ ਕਿਸੇ ਨਹੀਂ ਸੀ ਬੰਨ੍ਹਣੀ। ਭਾਈ ਤੂੰ ਜੁਗਤ ਵੀ ਚੰਗੀ ਵਰਤੀ। ਸਭ ਨੇ ਸਾਰੀ ਉਮਰ ਬੁੜ ਬੁੜ ਕਰਦੇ ਰਹਿਣਾ ਸੀ, ਪਰ ਜ਼ਮੀਨ ਕਿਸੇ ਕੋਲੋਂ ਛੁਡਵਾਈ ਨਹੀਂ ਸੀ ਜਾਣੀ।"


ਮੈਂ ਕਿਹਾ, "ਭਾਊ ਜੀ! ਮੇਰਾ ਨਹੀਂ, ਇਹ ਤਾਂ ਸੰਗਤ ਦੇ ਮਿਲ ਬੈਠਣ ਦਾ ਕਮਾਲ ਹੈ। ਸੰਗਤ ਇਕੱਠੀ ਹੋ ਗਈ। ਮਿਲ ਬੈਠਣ ਨੇ 'ਬੁੜ ਬੁੜ' ਨੂੰ 'ਬੋਲਾਂ' ਵਿਚ ਬਦਲ ਲਿਆ। ਬੋਲ ਤਾਕਤ ਬਣ ਗਏ। ਮਸਲਾ ਹੱਲ ਹੋ ਗਿਆ। ਅਗਲਿਆਂ ਵੇਖ ਲਿਆ ਕਿ ਹੁਣ ਸਾਰੀ ਪੱਤੀ ਇਕਮੁੱਠ ਹੋ ਗਈ ਹੈ। ਇਕਮੁੱਠਤਾ ਅੱਗੇ ਕੋਈ ਨਹੀਂ ਟਿਕਦਾ। ਮੈਂ ਤਾਂ ਬਹਾਨਾ ਤੇ ਵਸੀਲਾ ਬਣਿਆ। ਅਸਲੀ ਦਬਾਅ ਤਾਂ ਭਾਈਚਾਰੇ ਦੇ ਏਕੇ ਦਾ ਸੀ।"

"ਪਰ ਪਹਿਲ ਤਾਂ ਤੂੰ ਈ ਕੀਤੀ ਨਾ।"

"ਨਹੀਂ, ਪਹਿਲ ਵੀ ਤੁਸਾਂ ਕੀਤੀ। ਤੁਸਾਂ ਹੀ ਮੈਨੂੰ ਅਹਿਸਾਸ ਕਰਾਇਆ ਕਿ ਮੈਂ ਵਸੀਲਾ ਬਣ ਸਕਦਾਂ। ਨਹੀਂ ਤਾਂ ਸ਼ਾਇਦ ਮੈਂ ਵੀ ਹੋਰਨਾਂ ਵਾਂਗ ਸੋਚੀ ਜਾਂਦਾ ਕਿ 'ਬਲਦੀ ਦੇ ਬੁੱਥੇ ਕਿਉਂ ਸਿਰ ਦਿਆਂ?'

ਇਕ ਦੂਜੇ ਦੀ ਤਾਰੀਫ਼ ਕਰਨ ਦੀ ਥਾਂ ਅੰਤਮ ਤੌਰ 'ਤੇ ਸਾਨੂੰ ਇਸ ਨੁਕਤੇ 'ਤੇ ਸਹਿਮਤ ਹੋਣਾ ਪਿਆ ਕਿ ਸਾਰੀ ਤਾਕਤ ਤਾਂ ਲੋਕਾਂ ਦੀ ਹੁੰਦੀ ਹੈ, ਬੰਦੇ ਤਾਂ ਉਸ ਤਾਕਤ ਨੂੰ ਜਗਾਉਣ ਜਾਂ ਹੁਲਾਰਨ ਲਈ ਕੇਵਲ ਮਾਧਿਅਮ ਬਣਦੇ ਨੇ। ਆਪਣੇ ਬਾਰੇ ਇਸ ਤੋਂ ਵੱਧ ਹੋਣ ਦਾ ਅਨੁਮਾਨ ਲਾਉਣਾ ਜਾਂ ਸੋਚਣਾ ਨਿਪਟ ਹਉਮੈ ਹੈ।

***



ਜਿਥੇ ਜਿਥੇ ਏਕਾ ਆਵੇ, ਸਾਂਝ ਦਾ ਸੂਰਜ ਉਗਦਾ...

ਇਕ ਸਵੇਰ। ਅਜੇ ਮੈਂ ਸੌਂ ਕੇ ਉਠਿਆ ਹੀ ਸਾਂ, ਸਾਡਾ ਬਾਹਰਲਾ ਦਰਵਾਜ਼ਾ ਖੜਕਿਆ। ਗਾਡੀ ਦਰਵਾਜ਼ੇ ਵਿਚ ਲੱਗੀ ਵੱਡੀ ਬਾਰੀ ਖੋਲ੍ਹੀ। ਸਾਹਮਣੇ ਮੇਰੀ ਪੱਤੀ ਦਾ ਬਜ਼ੁਰਗ ਦਲੀਪ ਸਿੰਘ ਅਟਾਰੀ ਵਾਲਾ ਬੁੱਕਲ ਮਾਰੀ ਖਲੋਤਾ ਸੀ। ਦਲੀਪ ਸਿੰਘ ਸਾਡੇ ਭਾਈਚਾਰੇ ਵਿਚੋਂ ਸੀ। ਸਿਆਣਾ ਤੇ ਦਾਨਾ ਬਜ਼ੁਰਗ। ਮੇਰਾ ਪਿਓ ਉਹਨੂੰ 'ਭਾਊ ਜੀ' ਕਹਿ ਕੇ ਬੁਲਾਉਂਦਾ ਤੇ ਮੈਂ 'ਤਾਇਆ ਜੀ'। ਉਹਦਾ ਮੁੰਡਾ ਸ਼ਬੇਗਾ ਮੇਰਾ ਨਿੱਕੇ ਹੁੰਦੇ ਦਾ ਯਾਰ ਸੀ। ਕਦੀ ਉਹ ਸਾਡੇ ਘਰ ਆ ਜਾਂਦਾ, ਕਦੀ ਮੈਂ ਉਨ੍ਹਾਂ ਦੇ ਘਰ ਚਲਾ ਜਾਂਦਾ। ਤਾਈ ਜੋਗਿੰਦਰ ਕੌਰ, ਮੇਰੀ ਮਾਂ ਦੀ ਸਿਰਨਾਵੀਂ, ਪੁੱਤਾਂ ਵਾਂਗ ਲਾਡ ਕਰਦੀ, ਚੋਘੇ ਕੱਢ ਕੇ ਰੋਟੀ ਖਵਾਉਂਦੀ। ਸਾਡਾ ਵਿਆਹਵਾਂ-ਸ਼ਾਦੀਆਂ 'ਤੇ ਆਉਣ ਜਾਣ। ਗੋਡੀ, ਵਾਢੀ ਤੇ ਵਹਾਈ ਲਈ ਇਕ ਦੂਜੇ ਟੱਬਰ ਦੀ ਮਦਦ ਕਰਨੀ। ਮੈਂ ਉਹਦੇ ਹੱਥਾਂ ਵਿਚ ਪਲਿਆ ਸਾਂ। ਪੱਤੀ ਵਿਚ ਉਹਦੀ ਗੱਲ ਧਿਆਨ ਨਾਲ ਸੁਣੀ ਜਾਂਦੀ ਸੀ।

ਪਿੰਡ ਦੇ ਕਈ ਸਾਲ ਧੜੱਲੇ ਨਾਲ ਸਰਪੰਚੀ ਕਰਨ ਵਾਲੇ ਸੇਵਾ ਸਿੰਘ ਦਾ ਸਭ ਤੋਂ ਨੇੜਲਾ ਯਾਰ ਤੇ ਹਮਾਇਤੀ ਦਲੀਪ ਸਿੰਘ ਹੁਣ ਪਿਛਲੇਰੀ ਉਮਰ ਵਿਚ ਸੀ। ਅੱਜ ਕੱਲ੍ਹ ਉਹਦਾ ਟੱਬਰ ਡੰਡੀ ਵਾਲੇ ਖੂਹ 'ਤੇ ਬਣੇ ਡੇਰੇ ਉਪਰ ਰਿਹਾਇਸ਼ ਰੱਖਦਾ ਸੀ। ਸਵੇਰੇ ਸਵੇਰੇ ਉਹਦਾ ਮੇਰੇ ਵੱਲ ਆਉਣਾ ਖਟਕਿਆ। ਕੋਈ ਗੱਲ ਜ਼ਰੂਰ ਸੀ।

ਫ਼ਤਹਿ ਬੁਲਾ ਕੇ ਮੈਂ ਬਾਰੀ 'ਚੋਂ ਪਾਸੇ ਹੋਇਆ, "ਲੰਘ ਆਓ ਤਾਇਆ ਜੀ।"

ਬੈਠਕ ਵਿਚ ਉਹਦੇ ਸਾਹਮਣੇ ਬੈਠ ਕੇ ਮੈਂ ਉਸ ਵੱਲ ਪੁੱਛਦੀਆਂ ਨਜ਼ਰਾਂ ਨਾਲ ਵੇਖਿਆ। ਉਹਦਾ ਚਿਹਰਾ ਗਹਿਰ-ਗੰਭੀਰ ਸੀ ਤੇ ਅੱਖਾਂ ਲਾਲ ਗਹਿਰੀਆਂ। ਆਪਣੀ ਬੁੱਕਲ ਵਿਚੋਂ ਉਹਨੇ ਸੱਜਾ ਹੱਥ ਬਾਹਰ ਕੱਢਿਆ ਤੇ ਹੱਥ ਵਿਚ ਫੜਿਆ ਧੌਲੇ ਵਾਲਾਂ ਦਾ ਰੁੱਗ ਮੇਰੇ ਵੱਲ ਵਧਾਇਆ।

"ਆਹ ਲੈ, ਇਨ੍ਹਾਂ ਵਾਲਾਂ ਦਾ ਮੁੱਲ ਪਾ ਸਕਦਾ ਏਂ ਤਾਂ ਦੱਸ ਮੈਨੂੰ। ਨਹੀਂ ਤਾਂ ਕੋਈ ਹੋਰ ਰਾਹ ਵੇਖਾਂ।"

ਮੈਨੂੰ ਕੋਈ ਸਮਝ ਨਾ ਆਈ। ਘਰਵਾਲੀ ਨੂੰ ਚਾਹ ਬਣਾਉਣ ਲਈ ਆਵਾਜ਼ ਦੇ ਕੇ ਮੈਂ ਸਾਰੀ ਗੱਲ ਵਿਸਥਾਰ ਨਾਲ ਜਾਣਨੀ ਚਾਹੀ।

ਰਾਤੀਂ ਉਹ ਖੇਤਾਂ ਵਿਚੋਂ ਕਿਸੇ ਕੰਮ ਪਿੰਡ ਆਇਆ ਸੀ। ਬਾਜ਼ਾਰ ਵਿਚੋਂ ਲੰਘਦਿਆਂ ਉਹਨੇ ਵੇਖਿਆ ਕਿ ਸਾਹਮਣੇ ਚੌਕੀ ਦਾ ਥਾਣੇਦਾਰ ਤੇ ਦੋ ਕੁ ਸਿਪਾਹੀ ਕਿਸੇ ਨੂੰ ਬਾਜ਼ਾਰ ਵਿਚ ਘੇਰੀ ਖੜ੍ਹੇ ਸਨ। ਉਨ੍ਹਾਂ ਵੱਲ ਵੇਖ ਕੇ ਉਹਨੂੰ ਖ਼ਿਆਲ ਆਇਆ ਕਿ ਘੋੜੇ ਦੇ ਪਛਾੜੀ ਤੇ ਅਫਸਰ ਦੇ ਅਗਾੜੀ ਨਾ ਹੀ ਲੰਘੀਏ ਤਾਂ ਚੰਗਾ ਹੈ। ਉਹ ਬਾਜ਼ਾਰ ਵਿਚੋਂ ਨਿਕਲਦੀ ਵਿਚਲੀ ਗਲੀ ਪੈ ਗਿਆ। ਉਹਨੂੰ ਪਾਸਾ ਵੱਟ ਕੇ ਗਲੀ ਵੱਲ ਮੁੜਦਿਆਂ ਥਾਣੇਦਾਰ ਨੇ ਵੇਖ ਲਿਆ। ਸਿਪਾਹੀਆਂ ਨੂੰ ਕਹਿੰਦਾ, "ਉਹਨੂੰ ਫੜੋ ਕੰਜਰ ਨੂੰ, ਝਕਾਨੀ ਦੇ ਕੇ ਭੱਜ ਚੱਲਿਆ ਜੇ।"

ਭੱਜਣਾ ਉਹਨੇ ਕਿੱਥੇ ਸੀ। ਉਹ ਨਾ ਸ਼ਰਾਬੀ ਨਾ ਐਬੀ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ। ਇਸ ਉਮਰੇ ਵੀ ਹਲ਼ ਵਾਹੁੰਦਾ। ਸਿਪਾਹੀਆਂ ਨਾਲ ਬਾਜ਼ਾਰ ਨੂੰ ਮੁੜ ਪਿਆ।

"ਕਿਧਰ ਭੱਜਣ ਲੱਗਾ ਸੈਂ ਕੰਜਰਾ! ਕੁੜੀ ਚੋਦਾ ਅਸੀਂ ਭੱਜਣ ਦੇਂਦੇ ਆਂ ਤੇਰੇ ਵਰਗੇ ਗੁੰਡਿਆਂ ਨੂੰ। ਤੂੰ ਸਾਨੂੰ ਕੀ ਸਮਝਿਐ ਉਏ!" ਸ਼ਰਾਬੀ ਥਾਣੇਦਾਰ ਚੀਕਿਆ।

ਦਲੀਪ ਸਿੰਘ ਸੁੱਚਾ ਬੰਦਾ ਸੀ, ਸਵੈਮਾਣ ਨੇ ਹੁੰਗਾਰਿਆ, "ਸਰਦਾਰਾ! ਜ਼ਬਾਨ ਸੰਭਾਲ ਕੇ ਗੱਲ ਕਰ। ਮੈਂ ਕੋਈ ਚੋਰ-ਉਚੱਕਾ ਨਹੀਂ।"

ਇੰਨੀ ਸੁਣਦਿਆਂ ਹੀ ਥਾਣੇਦਾਰ ਨੇ ਉਹਦੀ ਦਾੜ੍ਹੀ ਨੂੰ ਫੜ ਲਿਆ, "ਬੁੱਢਿਆ! ਚੌਰਿਆ! ਤੇਰੀ ਇਹ ਹਿੰਮਤ?"

ਦੋਵਾਂ ਹੱਥਾਂ ਨਾਲ ਦਾੜ੍ਹੀ ਨੂੰ ਹਲੂਣਿਆ। ਵਾਲਾਂ ਦਾ ਰੁੱਗ ਉਹਦੇ ਹੱਥਾਂ ਵਿਚ ਸੀ। ਦਲੀਪ ਸਿੰਘ ਨੇ ਬਚਾਅ ਕਰਨ ਲਈ ਉਹਨੂੰ ਹੱਥਾਂ ਨਾਲ ਧੱਕਿਆ। ਉਹਨੇ ਗਾਲ੍ਹਾਂ ਦਿੰਦਿਆਂ ਫਿਰ ਉਹਦੀ ਦਾੜ੍ਹੀ ਫੜ ਲਈ। ਆਖ਼ਰ ਸਿਪਾਹੀਆਂ ਨੇ ਹੀ 'ਚਲੋ ਛੱਡੋ ਸਰਦਾਰ ਜੀ' ਆਖ ਕੇ ਦਲੀਪ ਸਿੰਘ ਨੂੰ ਛੁਡਵਾਇਆ। ਨਹੀਂ ਤਾਂ ਉਹ ਕਹਿ ਰਿਹਾ ਸੀ, "ਲੈ ਚਲੋ ਇਹਨੂੰ ਚੌਕੀ ਹਰਾਮ ਦੇ ਨੂੰ। ਇਹ ਗਲੀ 'ਚ ਕਿਤੇ ਨਾਜਾਇਜ਼ ਸ਼ਰਾਬ ਲੁਕਾ ਆਇਆ। ਇਹਦੇ ਤੋਂ ਬਰਾਮਦ ਕਰਾਉਣੀ ਆਂ।"

ਦਲੀਪ ਸਿੰਘ ਨੇ ਰਾਤੀਂ ਹੋਈ ਬੀਤੀ ਦਾ ਨਕਸ਼ਾ ਬੰਨ੍ਹ ਦਿੱਤਾ।

"ਆਹ ਵਾਲ ਮੈਂ ਹੁਣ ਬਾਜ਼ਾਰ 'ਚੋਂ ਜ਼ਮੀਨ 'ਤੇ ਡਿੱਗੇ 'ਕੱਠੇ ਕਰ ਕੇ ਲਿਆਇਆਂ। ਅਜੇ ਵੀ ਵੇਖ ਦਾੜ੍ਹੀ 'ਚੋਂ ਨਿਕਲਦੇ।" ਉਹਨੇ ਦਾੜ੍ਹੀ ਵਿਚ ਹੱਥ ਫੇਰਿਆ ਤੇ ਹੋਰ ਦਸ ਬਾਰਾਂ ਵਾਲ ਕੱਢ ਕੇ ਮੇਰੀ ਤਲੀ 'ਤੇ ਧਰ ਦਿੱਤੇ।

ਥਾਣੇਦਾਰ ਵਿਰੁੱਧ ਗੁੱਸੇ ਨਾਲ ਮੇਰਾ ਅੰਦਰ ਹਲੂਣਿਆ ਗਿਆ। ਇਕ ਦਮ ਮੈਨੂੰ ਕੋਈ ਗੱਲ ਸੁੱਝੀ ਨਾ। ਪਲ ਕੁ ਸੋਚਿਆ ਤਾਂ ਮਹਿਸੂਸ ਹੋਇਆ, ਪੁਲਿਸ ਨਾਲ ਪੰਗਾ ਲੈਣ ਲਈ ਪਿੰਡ ਵਿਚੋਂ ਸਿਆਣਿਆਂ ਤੇ ਮੋਹਤਬਰ ਬੰਦਿਆਂ ਨੂੰ ਨਾਲ ਲੈਣਾ ਬੜਾ ਜ਼ਰੂਰੀ ਸੀ। ਸਿਰਫ਼ ਸਾਡੇ ਮੁੰਡਿਆਂ ਖੁੰਡਿਆਂ ਤੋਂ ਸ਼ਾਇਦ ਇਹ ਗੱਲ ਸੰਭਾਲੀ ਨਾ ਜਾ ਸਕੇ। ਮੈਂ ਉਹਨੂੰ ਕਿਹਾ ਕਿ ਮੈਂ ਆਪਣੇ ਸਾਥੀਆਂ ਤੇ ਹੋਰ ਬੰਦਿਆਂ ਨਾਲ ਗੱਲ ਕਰਦਾਂ, ਉਹ ਉਨਾ ਚਿਰ ਆਪਣੇ ਪੁਰਾਣੇ ਯਾਰ ਸੇਵਾ ਸਿੰਘ ਸਾਬਕਾ ਸਰਪੰਚ ਵੱਲ ਹੋ ਆਏ।

ਉਹ ਕਹਿੰਦਾ, "ਮੈਂ ਹੋ ਆਇਆਂ। ਉਹ ਵੀ ਆਂਹਦਾ ਸੀ ਹੋਰ ਬੰਦਿਆਂ ਨੂੰ ਪਹਿਲਾਂ ਮਿਲ ਆਵਾਂ। ਹੈ ਨੀ ਉਨ੍ਹਾਂ ਤਿਲਾਂ 'ਚ ਤੇਲ। ਹੁਣ ਮੈਂ 'ਕੱਲੇ 'ਕੱਲੇ ਦੇ ਬੂਹੇ 'ਤੇ ਜਾ ਕੇ ਕੀਹਦੇ ਕੀਹਦੇ ਕੋਲ ਆਪਣੀ ਦਾੜ੍ਹੀ ਪੁਟਾਵਾਂ। ਤੂੰ ਈ ਦੱਸ।"

ਮੈਂ ਉਹਦੇ ਗੋਡੇ ਨੱਪ ਕੇ ਧਰਵਾਸ ਦਿੱਤਾ। ਪਿੰਡ ਦੇ ਸਾਥੀਆਂ ਕੋਲ ਗਿਆ। ਮੀਟਿੰਗ ਕੀਤੀ। ਆਸੇ ਪਾਸੇ ਦੇ ਪਿੰਡਾਂ ਦੀਆਂ ਨੌਜਵਾਨ ਸਭਾਵਾਂ ਨੂੰ ਸੁਨੇਹਾ ਭੇਜਿਆ। ਦੁਪਹਿਰ ਤੱਕ ਚਾਲੀ ਪੰਜਾਹ ਬੰਦੇ ਇਕੱਠੇ ਹੋ ਗਏ। ਅਸੀਂ ਪੁਲਿਸ ਦੇ ਖ਼ਿਲਾਫ਼ ਨਾਅਰੇ ਲਾਉਂਦਾ ਜਲੂਸ ਸਾਰੇ ਪਿੰਡ ਦੁਆਲੇ ਕੱਢਿਆ। ਥਾਣੇ ਸਾਹਮਣੇ ਰੈਲੀ ਕੀਤੀ। ਥਾਣੇਦਾਰ ਨੂੰ ਸਿੱਧਾ ਮਿਲਣ ਦੀ ਥਾਂ ਅਸੀਂ ਕੁਝ ਜਣੇ ਦਲੀਪ ਸਿੰਘ ਨੂੰ ਉਹਦੇ ਵਾਲਾਂ ਸਮੇਤ ਲੈ ਕੇ ਅੰਮ੍ਰਿਤਸਰ ਦੇ ਐਸ.ਐਸ.ਪੀ. ਨੂੰ ਜਾ ਮਿਲੇ। ਦਲੀਪ ਸਿੰਘ ਤੋਂ ਸਾਰੀ ਕਹਾਣੀ ਸੁਣਵਾਈ। ਐਸ.ਐਸ.ਪੀ. 'ਤੇ ਗੱਲਾਂ ਵਿਚਲੀ ਸਦਾਕਤ ਦਾ ਅਸਰ ਪ੍ਰਤੱਖ ਦਿਸਦਾ ਸੀ। ਉਹਨੇ ਤਰਨਤਾਰਨ ਦੇ ਡੀ.ਐਸ.ਪੀ. ਨੂੰ ਸਵੇਰੇ ਜਾ ਕੇ ਸਾਰੇ ਕੇਸ ਦੀ ਤਫਤੀਸ਼ ਕਰਨ ਲਈ ਸਾਡੇ ਸਾਹਮਣੇ ਫੋਨ ਕਰ ਦਿੱਤਾ।

ਪਿੰਡ ਆ ਕੇ ਮੈਂ ਆਪਣੀ ਪਛਾਣ ਦੇ ਕੁਝ ਉਨ੍ਹਾਂ ਬਜ਼ੁਰਗਾਂ, ਜਿਹੜੇ ਸਾਡੇ ਕੀਤੇ ਕੰਮਾਂ ਨੂੰ ਆਦਰ ਦੀ ਨਜ਼ਰ ਨਾਲ ਵੇਖਦੇ ਸਨ, ਨੂੰ ਆਪਣੇ ਨਾਲ ਤੁਰਨ ਅਤੇ ਡੀ.ਐਸ.ਪੀ. ਕੋਲ ਹੋਈ ਵਧੀਕੀ ਖ਼ਿਲਾਫ਼ ਸਾਡੇ ਨਾਲ ਖਲੋਣ ਦੀ ਬੇਨਤੀ ਕੀਤੀ। ਉਨ੍ਹਾਂ ਵਿਚੋਂ ਵੀ ਸਿਵਾਏ ਮੋਤਾ ਸਿੰਘ ਦੇ, ਜਿਹੜਾ ਮੇਰੇ ਪਿਓ ਦਾ ਯਾਰ ਰਿਹਾ ਸੀ, ਸਾਡੇ ਨਾਲ ਹੋਰ ਕੋਈ ਤੁਰਨ ਲਈ ਤਿਆਰ ਨਹੀਂ ਸੀ। ਉਨ੍ਹਾਂ ਚੌਧਰੀਆਂ ਨੇ ਤਾਂ ਸਾਡੇ ਨਾਲ ਤੁਰਨਾ ਹੀ ਕੀ ਸੀ ਜਿਨ੍ਹਾਂ ਦੀਆਂ ਪੁਲਿਸ ਨਾਲ ਚੱਤੋ-ਪਹਿਰ ਹਰੀਆਂ ਚੁਗਦੀਆਂ ਸਨ। ਉਂਜ ਵੀ ਪੁਲਿਸ ਨਾਲ ਪੰਗਾ ਲੈ ਕੇ ਕੋਈ ਦਲੀਪ ਸਿੰਘ ਵਰਗੀ ਨਹੀਂ ਸੀ ਕਰਵਾਉਣੀ ਚਾਹੁੰਦਾ।

ਫਿਰ ਵੀ ਅਗਲੇ ਦਿਨ ਅਸੀਂ ਕੋਈ ਸੌ ਕੁ ਬੰਦਾ ਇਕੱਠਾ ਕਰ ਲਿਆ। ਇਕ ਪਾਸੇ ਅਸੀਂ ਤੇ ਦੂਜੇ ਪਾਸੇ ਥਾਣੇਦਾਰ ਨੇ ਆਪਣੇ ਹੱਕ ਵਿਚ ਪਿੰਡ ਦੇ ਨਵੇਂ-ਪੁਰਾਣੇ ਸਰਪੰਚ, ਪੰਚ ਤੇ ਹੋਰ ਘੜੰਮ ਚੌਧਰੀ ਬੁਲਾਏ ਹੋਏ ਸਨ। ਉਨ੍ਹਾਂ ਵਿਚੋਂ ਥਾਣੇਦਾਰ ਦੇ ਸਿਖਾਏ ਇਕ ਦੋ ਜਣੇ ਸਾਡੇ ਕੋਲ ਸਮਝੌਤਾ ਕਰਵਾਉਣ ਦੀ ਤਜਵੀਜ਼ ਲੈ ਕੇ ਆਏ। ਸਾਥੋਂ ਪਹਿਲਾਂ ਦਲੀਪ ਸਿੰਘ ਚੀਕ ਪਿਆ, "ਲਿਆਓ! ਤੁਹਾਡੇ 'ਚੋਂ ਕੋਈ ਆਪਣੀ ਦਾੜ੍ਹੀ ਪੁਟਾਉਣ ਨੂੰ ਤਿਆਰ ਐ? ਮੈਂ ਸਮਝੌਤਾ ਕਰ ਲੈਨਾਂ।"

ਵਿਚੋਲੇ ਚੁੱਪ-ਚਾਪ ਖਿਸਕ ਗਏ।

ਡੀ.ਐਸ.ਪੀ. ਨੇ ਸਾਨੂੰ ਸੁਨੇਹਾ ਭੇਜਿਆ ਕਿ ਐਸ.ਐਸ.ਪੀ. ਕੋਲ ਜਾਣ ਵਾਲੇ ਦੋ ਤਿੰਨ ਜਣੇ ਅੰਦਰ ਆ ਜਾਣ; ਬਾਕੀ ਬਾਹਰ ਈ ਬੈਠਣ।

*(ਬਾਕੀ ਸਫਾ 32 ਉਤੇ)*

# ਪਹਿਲਾ ਧਰਮ ਨਿਰਪੱਖ ਸ਼ਾਸਕ ਬਾਬਾ ਬੰਦਾ ਸਿੰਘ ਬਹਾਦਰ

*ਬਾਬਾ ਬੰਦਾ ਸਿੰਘ ਬਹਾਦਰ ਆਪਣੇ ਵਕਤਾਂ ਦਾ ਅਜਿਹਾ ਬੇਜੋੜ ਜਿਉੜਾ ਸੀ, ਜਿਸ ਨੇ ਜ਼ੁਲਮ ਦੇ ਟਾਕਰੇ ਲਈ ਤਲਵਾਰ ਵਾਹੀ ਅਤੇ ਫਿਰ ਸਰਬੱਤ ਦੇ ਭਲੇ ਵਾਲਾ ਰਾਜ ਕਾਇਮ ਕੀਤਾ। ਉਹਦੀ ਆਪਣੀ ਸ਼ਖਸੀਅਤ ਵਾਂਗ ਇਹ ਪਹਿਲਾ ਸਿੱਖ ਰਾਜ ਵੀ ਮਿਸਾਲੀ ਹੋ ਨਿਬੜਿਆ। ਸ. ਮਝੈਲ ਸਿੰਘ ਸਰਾਂ ਨੇ ਇਸ ਮਿਸਾਲੀ ਰਾਜ ਅਤੇ ਬੰਦਾ ਸਿੰਘ ਬਹਾਦਰ ਬਾਰੇ ਗੱਲਾਂ ਕਰਦਿਆਂ ਇਤਿਹਾਸਕਾਰਾਂ ਦੀਆਂ ਅੱਖਾਂ ਦੇ ਟੀਰ ਦਾ ਜ਼ਿਕਰ ਵੀ ਛੋਹਿਆ ਹੈ ਜਿਨ੍ਹਾਂ (ਖਾਸ ਕਰ ਨਿਜੀ ਸਵਾਰਥਾਂ ਕਰਕੇ ਹਕੂਮਤ ਨਾਲ ਜੁੜੇ) ਨੇ ਬੰਦਾ ਸਿੰਘ ਨਾਲ ਇਨਸਾਫ ਨਹੀਂ ਕੀਤਾ ਤੇ ਆਪਣੀਆਂ ਲਿਖਤਾਂ ਵਿਚ ਉਸ ਨੂੰ ਡਾਕੂ-ਲੁਟੇਰਾ ਅਤੇ ਜ਼ਾਲਮ ਹੀ ਦਰਸਾਇਆ। ਉਂਜ ਵਕਤ ਨੇ ਇਸ ਮਹਾਂਨਾਇਕ ਨਾਲ ਇਨਸਾਫ ਕੀਤਾ ਹੈ; ਹੁਣ ਪਿਛਲੇ ਕੁਝ ਸਮੇਂ ਤੋਂ ਉਸ ਦੀ ਕੀਰਤੀ ਦੇ ਸੋਹਿਲੇ ਸਾਹਮਣੇ ਆਏ ਹਨ। ਸ. ਸਰਾਂ ਨੇ ਇਨ੍ਹਾਂ ਸਭ ਤੱਥਾਂ ਬਾਰੇ ਆਪਣੇ ਇਸ ਲੇਖ ਵਿਚ ਟਿੱਪਣੀ ਕਰਦਿਆਂ ਅੱਜ ਦੇ ਅਖੌਤੀ ਬਾਬਿਆਂ ਅਤੇ ਨਾਲ ਹੀ ਹਾਕਮਾਂ ਨੂੰ ਖੂਬ ਆਰਾਂ ਲਾਈਆਂ ਹਨ। -ਸੰਪਾਦਕ*

ਦੁਨੀਆਂ ਭਰ ਵਿਚ ਵੱਡਾ ਧਰਮੀ ਹੋਣ ਦਾ ਦਾਅਵਾ ਕਰਦੇ ਮੁਲਕ ਭਾਰਤ ਵਿਚ ਧਰਮੀ ਕਹਾਉਂਦੇ ਰਾਜਿਆਂ ਵਿਚ ਸ਼ਾਇਦ ਹੀ ਕੋਈ ਹੋਵੇ ਜਿਸ ਨੂੰ ਧਰਮ ਨਿਰਪੱਖ ਸ਼ਾਸਕ ਕਹਿ ਸਕੀਏ। ਨਜ਼ਰ ਮਾਰੋ ਜ਼ਰਾ: ਮੁੱਢ ਕਦੀਮ ਤੋਂ ਅੱਜ ਤੱਕ 'ਰਾਮ ਰਾਜ' ਵਾਲੇ ਰਾਜੇ ਤੋਂ ਲੈ ਕੇ 'ਅੱਛੇ ਦਿਨ ਲਿਆਉਣ' ਵਾਲੇ ਹੁਕਮਰਾਨ ਤੱਕ, ਸਾਰੇ ਹੀ ਵੱਡੇ ਧਰਮੀ ਕਹਾਉਂਦੇ ਰਹੇ ਹਨ ਪਰ ਧਾਰਮਿਕ ਸਹਿਣਸ਼ੀਲਤਾ ਵਾਲੀ ਨਿਰਪੱਖਤਾ ਦੀ ਕਣੀ ਕਿਤੇ ਵੀ ਨਜ਼ਰ ਨਹੀਂ ਆਈ। ਦਿਲ ਵਿਚ ਸਦਾ ਖੋਟ ਰੱਖ ਕੇ ਹਕੂਮਤ ਕੀਤੀ। ਇਹ ਹਾਕਮ ਘੱਟ-

ਮਝੈਲ ਸਿੰਘ ਸਰਾਂ

ਗਿਣਤੀ ਧਾਰਮਿਕ ਤਬਕਿਆਂ ਨਾਲ ਦਰਿੰਦਗੀ ਨਾਲ ਪੇਸ਼ ਆਏ। ਇੰਤਹਾ ਤਾਂ ਉਸ ਵਕਤ ਹੋ ਗਈ ਜਦੋਂ ਇਸ ਦੀ ਹੁਕਮਰਾਨ ਸ਼ਾਸਕ 'ਦੇਵੀ' ਜਿਸ ਨੂੰ ਉਸ ਵਕਤ ਹੱਲਾਸ਼ੇਰੀ ਦੇਣ ਵਾਲੇ ਅੱਜ ਦੇ ਸ਼ਾਸਕਾਂ ਨੇ ਬੇਸ਼ਰਮੀ ਦੀਆਂ ਹੱਦਾਂ ਪਾਰ ਕੀਤੀਆਂ, ਨੇ ਦੇਸ਼ ਭਗਤ ਭਾਈਚਾਰੇ ਦੇ ਸਭ ਤੋਂ ਮੁਕੱਦਸ ਸਥਾਨ 'ਤੇ 1984 ਵਿਚ ਦੁਨੀਆਂ ਦੀ ਤੀਜੀ ਵੱਡੀ ਫੌਜ ਚੜ੍ਹਾਈ, ਇਸ ਨੂੰ ਤਹਿਸ ਨਹਿਸ ਕੀਤਾ, ਤੇ ਹਜ਼ਾਰਾਂ ਬੇਗੁਨਾਹ ਬਾਸ਼ਿੰਦਿਆਂ ਦਾ ਕਤਲ ਕੀਤਾ ਤੇ ਫਿਰ ਉਸੇ ਹੀ ਸਾਲ 'ਬੜਾ ਦਰਖਤ' ਡਿੱਗਣ 'ਤੇ ਧਰਤੀ ਬੁਰੀ ਤਰ੍ਹਾਂ ਕੰਬਾ ਦਿੱਤੀ। ਸ਼ਾਸਕਾਂ ਵੱਲੋਂ ਦਿੱਤੇ ਜ਼ਖਮ ਅੱਜ ਨਾਸੂਰ ਬਣੇ ਪਏ ਹਨ।

ਬਾਬਾ ਬੰਦਾ ਸਿੰਘ ਬਹਾਦਰ ਦੇ ਥੋੜ੍ਹ ਚਿਰੇ ਸ਼ਾਸਨ ਵੱਲ ਨਿਗ੍ਹਾ ਮਾਰੀਏ ਤਾਂ ਉਹ ਵਾਹਦ ਇਕੋ ਇਕ ਸ਼ਾਸਕ ਹੋਇਆ ਹੈ ਜਿਸ ਨੇ ਧਰਮ ਨਿਰਪੱਖਤਾ ਦਾ ਪੱਲਾ ਫੜ ਕੇ ਬੇਗਮਪੁਰੇ ਵਰਗਾ ਹਲੇਮੀ ਰਾਜ ਪਰਜਾ ਨੂੰ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਤਕਾਲੀ ਅਤੇ ਬਾਅਦ ਦਾ ਇਤਿਹਾਸ ਲਿਖਣ ਵਾਲਿਆਂ ਨੇ ਇਸ ਮਹਾਨ ਸੂਰਬੀਰ ਨਾਲ ਬੜੀ ਬੇਇਨਸਾਫੀ ਕੀਤੀ, ਉਸ ਦੀ ਮਹਾਨ ਸ਼ਖਸੀਅਤ ਨੂੰ ਧੁੰਦਲਾ ਕਰਨ ਲਈ ਬੜੀਆਂ ਤੋਹਮਤਾਂ ਲਾਈਆਂ। ਉਹਦੀ ਸਿਰਮੌਰ ਸੂਰਬੀਰਤਾ ਨੂੰ ਖੂੰਖਾਰ ਦਰਿੰਦਾ, ਸਫ਼ਲ ਨਿਆਇਕ ਪ੍ਰਬੰਧਕ ਨੂੰ ਡਾਕੂ ਲੁਟੇਰਾ, ਗੁਰੂ ਤੋਂ ਬੇਮੁਖ ਹੋਇਆ ਬਾਗੀ ਅਤੇ ਪਰਜਾ ਦੇ ਹਿਤੈਸ਼ੀ ਨਾਲੋਂ ਇੱਟ ਨਾਲ ਇੱਟ ਖੜਕਾਉਣ ਵਾਲਾ ਜ਼ਾਲਮ ਵਹਿਸ਼ੀ ਬਣਾ ਕੇ ਪੇਸ਼ ਕੀਤਾ। ਇਹ ਉਹ ਇਤਿਹਾਸ ਹੈ ਜਿਹੜਾ ਸਾਨੂੰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿਚ ਪੜ੍ਹਾਇਆ ਜਾਂਦਾ ਰਿਹਾ ਹੈ।

ਦਰਅਸਲ ਸਿੱਖ ਦੁਨੀਆਂ ਦੇ ਉਨ੍ਹਾਂ ਕੁਝ ਭਾਈਚਾਰਿਆਂ ਵਿਚੋਂ ਹਨ ਜਿਹੜੇ ਇਤਿਹਾਸ ਤਾਂ ਸਿਰਜ ਸਕਦੇ ਹਨ, ਪਰ ਲਿਖ ਨਹੀਂ ਸਕਦੇ। ਇਸੇ ਤ੍ਰਾਸਦੀ ਕਰ ਕੇ ਲਿਖਣ ਵਾਲਿਆਂ ਨੇ ਇਹਦੇ ਨਾਇਕਾਂ ਵਾਲੇ ਗੌਰਵਮਈ ਕਾਰਨਾਮਿਆਂ ਨੂੰ ਖਲਨਾਇਕਾਂ ਵਾਂਗ ਪੇਸ਼ ਕਰਨ ਦੀ ਹਿਮਾਕਤ ਕੀਤੀ ਅਤੇ ਬਾਬਾ ਬੰਦਾ ਸਿੰਘ ਵੀ ਇਸੇ ਤੱਦੀ ਦਾ ਸ਼ਿਕਾਰ ਹੋਇਆ। ਉਸ ਵਕਤ ਲਿਖਣ ਵਾਲੇ ਸਟੇਟ ਦੇ ਅਧੀਨ ਸਨ ਤੇ ਉਹ ਹੁਕਮਰਾਨ ਦੀ ਨਬਜ਼ ਟੋਹ ਕੇ ਲਿਖਦੇ ਸਨ। ਅੱਜ ਵੀ ਇਹੋ ਦਸਤੂਰ ਚੱਲ ਰਿਹਾ ਹੈ।

ਬਹੁਤ ਚਿਰ ਤੱਕ ਸਿੱਖ ਭਾਈਚਾਰਾ ਬਾਬਾ ਬੰਦਾ ਸਿੰਘ ਦੀ ਅਲਬੇਲੀ, ਮਹਾਨ ਸ਼ਖਸੀਅਤ ਬਾਰੇ ਅਵੇਸਲਾ ਹੀ ਰਿਹਾ। ਬਹੁਤਾ ਪ੍ਰਚਾਰ ਉਨ੍ਹਾਂ ਦੇ ਉਸ ਜੀਵਨ ਦਾ ਹੀ ਕੀਤਾ ਜਾਂਦਾ ਰਿਹਾ ਜਦੋਂ ਉਹ ਗੁਰੂ ਦਾ ਸਿੱਖ ਨਹੀਂ ਸੀ ਬਣਿਆ; ਮਸਲਨ, ਉਹ ਜੰਮੂ ਵਿਚ ਰਾਜਪੂਤ ਘਰ ਜਨਮਿਆ, ਵੱਡਾ ਸ਼ਿਕਾਰੀ ਸੀ। ਇਕ ਦਿਨ ਤੀਰ ਨਾਲ ਹਿਰਨੀ ਤੇ ਉਹਦੇ ਗਰਭ ਵਿਚਲਾ ਬੱਚਾ ਮਾਰਿਆ ਗਿਆ ਤਾਂ ਸ਼ਿਕਾਰੀ ਤੋਂ ਬੈਰਾਗੀ ਬਣ ਗਿਆ। ਨਾਂਦੇੜ ਵਿਚ ਰਹਿ ਕੇ ਡੇਰਾ ਬਣਾ ਲਿਆ, ਕਰਾਮਾਤਾਂ ਸਿੱਖ ਲਈਆਂ, ਕਰਾਮਾਤੀ ਪਾਲੰਘ ਬਣਾ ਲਿਆ, ਵਗੈਰਾ ਵਗੈਰਾ। ਇਹ ਕੋਈ ਮਹਾਨਤਾ ਵਾਲੀਆਂ ਗੱਲਾਂ ਥੋੜ੍ਹੀਆਂ ਸਨ, ਅੱਜ ਵੀ ਬਥੇਰੇ ਪਾਖੰਡੀ ਫਿਰਦੇ ਆ ਡੇਰੇ ਬਣਾ ਕੇ। ਉਸ ਦੀ ਮਹਾਨਤਾ ਉਸ ਦਿਨ ਸ਼ੁਰੂ ਹੋਈ ਜਿਸ ਦਿਨ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਨੇ ਆਪਣਾ ਰਹਿਮਤ ਭਰਿਆ ਹੱਥ ਉਹਦੇ ਸਿਰ 'ਤੇ ਰੱਖ ਕੇ ਜਿਥੇ ਉਹਨੂੰ ਉਹਦਾ ਅਸਲੀ ਨਾਂ ਬੰਦਾ ਸਿੰਘ ਦਿੱਤਾ, ਨਾਲ ਦੀ ਨਾਲ ਦੋ ਵੱਡੀਆਂ ਉਪਾਧੀਆਂ- ਇਕ 'ਬਾਬਾ' ਤੇ ਦੂਜੀ 'ਬਹਾਦਰ' ਬਖਸ਼ੀਆਂ।

ਇਥੇ ਇਕ ਗੱਲ ਜ਼ਰੂਰ ਸਾਂਝੀ ਕਰਨੀ ਹੈ ਕਿ 10 ਗੁਰੂ ਸਾਹਿਬਾਨ ਦੇ 240 ਸਾਲਾਂ ਦੇ ਇਤਿਹਾਸ ਦੌਰਾਨ ਸਿਰਫ 2 ਸਿੱਖਾਂ ਨੂੰ ਬਾਬੇ ਦੀ ਉਪਾਧੀ ਮਿਲੀ। ਪਹਿਲੀ ਬਾਬਾ ਬੁੱਢਾ ਨੂੰ ਗੁਰੂ ਨਾਨਕ ਨੇ ਬਖਸ਼ੀ, ਤੇ ਦੂਜੀ ਗੁਰੂ ਗੋਬਿੰਦ ਸਿੰਘ ਨੇ ਬਾਬਾ ਬੰਦਾ ਸਿੰਘ ਨੂੰ। ਕਮਾਲ ਇਹ ਹੈ ਕਿ ਪਿਛਲੇ 60 ਕੁ ਸਾਲਾਂ ਵਿਚ ਸਿੱਖ ਧਰਮ ਵਿਚ ਬਾਬਿਆਂ ਦੀ ਗਿਣਤੀ ਹਜ਼ਾਰਾਂ ਵਿਚ ਪਹੁੰਚ ਗਈ ਹੈ। ਬਾਬਾ ਬੁੱਢਾ ਨੇ ਕਦੇ ਕੋਈ ਆਪਣਾ ਡੇਰਾ ਨਹੀਂ ਬਣਾਇਆ। ਆਪਣੇ ਘਰ, ਗ੍ਰਿਹਸਥੀ ਜੀਵਨ ਬਸਰ ਕਰਦਿਆਂ ਗੁਰੂ ਘਰ ਵਿਚ ਪਹਿਲੇ 6 ਗੁਰੂਆਂ ਤੱਕ ਸੇਵਾ ਕੀਤੀ ਤੇ ਬਣਦੀ ਹਰ ਜ਼ਿੰਮੇਵਾਰੀ ਗੁਰਮਤਿ 'ਤੇ ਪਹਿਰਾ ਦੇ ਕੇ ਪੂਰੀ ਕੀਤੀ; ਤੇ ਜਿਸ ਦਿਨ ਬੰਦਾ ਸਿੰਘ ਨੂੰ ਬਾਬੇ ਦੀ ਉਪਾਧੀ ਗੁਰੂ ਗੋਬਿੰਦ ਸਿੰਘ ਨੇ ਦਿੱਤੀ, ਉਸੇ ਦਿਨ ਉਹਨੇ ਆਪਣੇ ਹੱਥੀਂ ਬਣੇ ਬਣਾਏ ਡੇਰੇ ਨੂੰ ਸਦਾ ਲਈ ਛੱਡ ਦਿੱਤਾ। ਸਾਡੇ ਅੱਜ ਦੇ ਬਾਬੇ ਡੇਰਾ ਪਹਿਲਾਂ ਬਣਾਉਂਦੇ ਹਨ! ਕਿੰਨਾ ਵੱਡਾ ਫਰਕ ਹੈ।

ਅੱਜ ਦੇ ਡੇਰਿਆਂ ਵਾਲੇ ਬਾਬੇ ਕਦੇ ਵੀ ਬਾਬਾ ਬੰਦਾ ਸਿੰਘ ਬਹਾਦਰ ਦਾ ਨਾ ਜਨਮ ਦਿਨ, ਨਾ ਫ਼ਤਿਹ ਦਿਨ ਤੇ ਨਾ ਸ਼ਹੀਦੀ ਦਿਨ ਕਿਸੇ ਡੇਰੇ ਵਿਚ ਮਨਾਉਂਦੇ ਹਨ ਕਿਉਂਕਿ ਇਹ ਨਕਲੀ ਬਾਬੇ ਅਸਲੀ ਬਾਬੇ ਨੂੰ ਯਾਦ ਕਰਨ ਦੀ ਹਿੰਮਤ ਕਿਥੇ ਰੱਖਦੇ ਹਨ!

ਹੁਣ ਪਿਛਲੇ ਕੁਝ ਸਮੇਂ ਤੋਂ ਬਾਬਾ ਬੰਦਾ ਸਿੰਘ ਦੀ ਅਸਲ ਬਹੁਪੱਖੀ ਸ਼ਖਸੀਅਤ ਉਘਾੜਨ ਵੱਲ ਸਿੱਖ ਬੁੱਧੀਜੀਵੀ ਅਹੁਲੇ ਹਨ ਤੇ ਤੱਥ ਸਾਹਮਣੇ ਲਿਆ ਰਹੇ ਹਨ। ਪੰਜਾਬ ਦੀ 'ਪੰਥਕ' ਸਰਕਾਰ ਵੀ ਵਧਾਈ ਦੀ ਹੱਕਦਾਰ ਹੈ ਜਿਸ ਨੇ ਚੱਪੜਚਿੜੀ (ਅਸਲ ਵਿਚ ਛੱਪੜ ਝਿੜੀ) ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਇਤਿਹਾਸਕ ਜਿੱਤ ਨੂੰ ਉਜਾਗਰ ਕਰਦੀ ਯਾਦਗਾਰ ਬਣਾ ਕੇ ਭਾਈਚਾਰੇ ਦੇ ਨਾਲ-ਨਾਲ ਮੁਲਕ ਨੂੰ ਵੀ ਇਹ ਸੁਨੇਹਾ ਦਿੱਤਾ ਕਿ ਦੇਸ਼ ਦੀ ਆਜ਼ਾਦੀ ਦੀ ਪਹਿਲੀ ਜੰਗ ਹੋਰ ਕਿਸੇ ਨੇ ਨਹੀਂ, ਬਾਬਾ ਬੰਦਾ ਸਿੰਘ ਬਹਾਦਰ ਨੇ ਲੜੀ ਸੀ ਤੇ ਜਿੱਤੀ ਸੀ।

ਫਿਰ ਉਸ ਤੋਂ ਵੀ ਵੱਡੀ ਗੱਲ ਕਿ ਭਾਰਤੀ ਲੀਡਰਾਂ ਨੇ ਜਿਹੜਾ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਦੇ ਅੰਦੋਲਨ ਦੌਰਾਨ 'ਸਵਰਾਜ' ਵਰਗਾ ਨਾਅਰਾ ਲਾਇਆ ਸੀ, ਆਜ਼ਾਦੀ ਲੈਣ ਦੇ ਸੱਤ ਦਹਾਕਿਆਂ ਵਿਚ ਵੀ ਇਹ ਅੱਜ ਤੱਕ ਪੂਰਾ ਨਹੀਂ ਕਰ ਸਕੇ, ਪਰ ਉਹ ਬਾਬਾ ਬੰਦਾ ਸਿੰਘ ਨੇ ਸਰਹਿੰਦ ਫਤਿਹ ਕਰਨ ਤੋਂ ਬਾਅਦ ਇਕੋ ਝਟਕੇ ਨਾਲ ਕਰ ਦਿੱਤਾ ਸੀ। 'ਸਵਰਾਜ' ਦਾ ਕੀ ਮਤਲਬ ਹੁੰਦਾ ਹੈ? ਇਹੋ ਹੀ ਕਿ ਆਜ਼ਾਦ ਪ੍ਰਭੂਸੱਤਾ ਵਾਲੇ ਖਿੱਤੇ ਦਾ ਹਰ ਬਾਸ਼ਿੰਦਾ ਬੇਖੌਫ਼ ਹੋ ਕੇ ਆਜ਼ਾਦੀ ਦਾ ਨਿੱਘ ਆਪ ਵੀ ਮਾਣੇ ਤੇ ਦੂਜਿਆਂ ਨੂੰ ਵੀ ਮਾਣਨ ਦੇਵੇ। ਇਸ ਵਿਚ ਹਕੂਮਤ ਤੇ ਸਟੇਟ ਵੀ ਖ਼ਲਲ ਨਾ ਪਾਵੇ, ਤੇ



*ਬਾਬਾ ਬੰਦਾ ਸਿੰਘ ਬਹਾਦਰ ਦਾ ਇਕ ਚਿੱਤਰ।*

ਇਹ ਕੰਮ ਕੀਤਾ ਬਾਬਾ ਬੰਦਾ ਸਿੰਘ ਨੇ। ਅੰਗਰੇਜ਼ ਇਤਿਹਾਸਕਾਰ ਇਰਵਿਨ ਨੇ ਲਿਖਿਆ ਹੈ ਕਿ ਬੰਦਾ ਸਿੰਘ ਦੇ ਥੋੜ੍ਹ ਚਿਰੇ ਸ਼ਾਸਨ ਦੌਰਾਨ ਲੁੱਟ-ਮਾਰ ਤੇ ਕਤਲੋਗਾਰਤ ਕਰਨ ਵਾਲੇ ਮਾੜੇ ਅਨਸਰਾਂ ਸਮੇਤ ਰਾਜ ਸੱਤਾ ਉਤੇ ਕਾਬਜ਼ ਲੋਕ ਇਕ ਦਮ ਸਭ ਕੁਝ ਛੱਡ ਗਏ ਸਨ ਤੇ ਇਹੋ ਜਿਹੀਆਂ ਵਾਰਦਾਤਾਂ ਬੀਤੇ ਦੀਆਂ ਗੱਲਾਂ ਬਣ ਗਈਆਂ ਸਨ। ਅੱਜ ਦੇ 'ਸਵਰਾਜ' ਨੂੰ ਸਿੱਖ ਭਾਈਚਾਰੇ ਦੇ ਇਕ ਆਗੂ ਦੇ ਪੋਸਟਰਾਂ ਤੋਂ ਵੀ ਕਿਉਂ ਐਡਾ ਖੌਫ਼ ਆਉਂਦਾ? ਕਿਉਂ ਇਹ 'ਸਵਰਾਜ' ਉਸ ਨੌਜਵਾਨ ਨੂੰ ਗੋਲੀ ਦਾ ਨਿਸ਼ਾਨਾ ਬਣਾ ਮਾਰਦਾ ਹੈ ਜਿਹੜਾ ਆਪਣੇ ਆਗੂ ਦੇ ਪੋਸਟਰ ਕੋਲ ਵੀ ਖੜ੍ਹਾ ਹੈ? ਜੇ ਪੰਜਾਬ ਦੇ ਹਾਕਮਾਂ ਨੇ ਬਾਬਾ ਬੰਦਾ ਸਿੰਘ ਦੀ ਯਾਦਗਾਰ ਬਣਾਈ ਹੈ ਤਾਂ ਆਹ ਉਪਰ ਵਾਲਾ ਸੁਨੇਹਾ ਇਹ ਆਪਣੇ ਜੋਟੀਦਾਰਾਂ ਨੂੰ ਸਮਝਾਉਣ ਵਿਚ ਦਿਲਚਸਪੀ ਕਿਉਂ ਨਹੀਂ ਦਿਖਾਉਂਦੇ? ਕਿਤੇ ਆਪਣੇ ਵਿਚ ਹੀ ਤਾਂ ਕੋਈ ਕਾਣ ਨਹੀਂ? ਜੇ ਹੋਰ ਨਹੀਂ ਤਾਂ ਸਿੱਖ ਜ਼ਰੂਰ ਸਮਝਣ ਇਸ ਖੋਟ ਨੂੰ।

ਬਾਬਾ ਬੰਦਾ ਸਿੰਘ ਨੇ ਮੁਖਲਿਸਗੜ੍ਹ ਦੇ ਪੁਰਾਣੇ ਕਿਲ੍ਹੇ ਦੀ ਮੁਰੰਮਤ ਕਰਵਾ ਕੇ ਉਹਦਾ ਨਾਂ ਲੋਹਗੜ੍ਹ ਰੱਖ ਕੇ ਖਾਲਸਾ ਰਾਜ ਦੀ ਪਹਿਲੀ ਰਾਜਧਾਨੀ ਬਣਾਈ ਅਤੇ ਆਜ਼ਾਦ ਮੁਲਕ ਦਾ ਸ਼ਾਸਕ ਬਣ ਕੇ ਗੁਰੂ ਦੇ ਨਾਂ ਦਾ ਸਿੱਕਾ ਚਲਾਇਆ। ਇਸ ਤੋਂ ਵੀ ਵੱਧ, ਉਹ ਸਮਝਦਾ ਸੀ ਕਿ ਜੇ ਸਿੱਖਾਂ ਨੇ ਅਗਾਂਹ ਵੀ ਆਪਣਾ ਖਾਲਸਾ ਰਾਜ ਕਾਇਮ ਰੱਖਣਾ ਹੈ, ਜਿਸ ਦੀ ਰੂਹ ਵਿਚ ਸਰਬੱਤ ਦਾ ਭਲਾ ਕਰਨਾ ਹੈ, ਤਾਂ ਦੂਜਿਆਂ ਸ਼ਾਸਕਾਂ ਤੋਂ ਨਿਖੇੜਨਾ ਪੈਣਾ ਹੈ। ਇਸੇ ਲਈ ਉਹਨੇ ਸਰਹਿੰਦ ਫਤਿਹ ਕਰਨ ਵਾਲੇ ਦਿਨ ਤੋਂ ਵੱਖਰਾ ਸੰਮਤ ਜਿਹਨੂੰ ਅੱਜ ਕੱਲ੍ਹ ਕੈਲੰਡਰ ਵੀ ਕਿਹਾ ਜਾਂਦਾ ਹੈ, ਚਲਾਇਆ ਤਾਂ ਕਿ ਪਰਜਾ ਦੇ ਮਨਾਂ ਵਿਚ ਇਹ ਵੱਸ ਜਾਵੇ ਕਿ ਖਾਲਸਾ ਰਾਜ ਧਰਮ ਨਿਰਪੱਖਤਾ ਦੇ ਦੈਵੀ ਸਿਧਾਂਤ ਹਨ ਜਿਸ ਦਾ ਮੁੱਢ ਗੁਰੂ ਨਾਨਕ ਨੇ ਬੰਨ੍ਹਿਆ ਅਤੇ ਇਸ ਨੂੰ ਅਸਲੀ ਜਾਮਾ ਗੁਰੂ ਦੀ ਰਹਿਮਤ ਸਦਕਾ ਸਰਹਿੰਦ ਫਤਿਹ ਕਰਨ ਵਾਲੇ ਦਿਨ ਤੋਂ ਪਹਿਨਾਇਆ ਗਿਆ ਹੈ।

ਅੱਜ ਪਤਾ ਨਹੀਂ ਕਿਉਂ ਸਾਡੇ ਆਪਣੇ ਪੰਥਕ ਹਾਕਮ, ਬਾਬੇ ਤੇ ਜਥੇਦਾਰ ਕਿਸ ਬਿਪਰ ਦੀ ਈਨ ਮੰਨ ਕੇ ਆਪਣੀ ਵਿਲੱਖਣ ਪਛਾਣ ਵਾਲੇ ਅਸਲੀ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰੀ ਜਾਂਦੇ ਹਨ। ਕੀ ਇਨ੍ਹਾਂ ਦਾ ਕੋਈ ਹੱਕ ਬਣਦਾ ਹੈ ਕਿ ਬਾਬਾ ਬੰਦਾ ਸਿੰਘ ਦੀ ਯਾਦਗਾਰ ਉਤੇ ਜਾ ਕੇ ਕਹਿੰਦੇ ਫਿਰਨ ਕਿ 'ਅਸੀਂ ਬਾਬਾ ਬੰਦਾ ਸਿੰਘ ਦੇ ਪਾਏ ਪੂਰਨਿਆਂ 'ਤੇ ਚੱਲ ਰਹੇ ਹਾਂ!' ਬਾਬਾ ਬੰਦਾ ਸਿੰਘ ਦਾ ਸ਼ਹੀਦੀ ਦਿਨ ਮਨਾਉਣ ਵਾਲਾ ਹਰ ਸਿੱਖ, ਹਰ ਗੁਰਦੁਆਰਾ ਕਮੇਟੀ ਤੇ ਹਰ ਸਿੱਖ ਸੰਸਥਾ ਇਹ ਸੁਆਲ ਜ਼ਰੂਰ ਪੁੱਛੇ।

ਸ਼ਾਇਦ ਕਿਸੇ ਵੀਰ-ਭੈਣ ਦੇ ਮਨ ਵਿਚ ਇਹ ਸੁਆਲ ਉਠੇ ਕਿ ਜਦੋਂ ਬਾਬਾ ਬੰਦਾ ਸਿੰਘ ਨੇ ਵੱਖਰਾ ਖਾਲਸਾ ਰਾਜ ਸਥਾਪਤ ਕਰਨ ਦੀ ਗੱਲ ਕੀਤੀ ਤਾਂ ਫਿਰ ਧਰਮ ਨਿਰਪੱਖਤਾ ਕਿਵੇਂ ਰੱਖ ਸਕਿਆ; ਕਿਉਂਕਿ ਉਸ ਵੇਲੇ ਸਮਾਜ ਵਿਚ ਮੁਸਲਮਾਨ ਤੇ ਹਿੰਦੂ ਜ਼ਿਆਦਾ ਸਨ, ਜਿਨ੍ਹਾਂ ਤੋਂ ਸਿੱਖ ਵੱਖਰੇ ਸਨ। ਇਥੇ ਉਸ ਵੇਲੇ ਦੀਆਂ ਤਤਕਾਲੀ ਦੋ ਰਿਪੋਰਟਾਂ ਮਿਸਾਲ ਹਨ ਕਿ ਉਹਨੇ ਧਰਮ ਨਿਰਪੱਖਤਾ ਕਿਸ ਤਰ੍ਹਾਂ ਕਾਇਮ ਰੱਖੀ; ਪਹਿਲੀ ਹੈ ਸਰਕਾਰੀ ਰਿਪੋਰਟ ਜਿਹਦਾ ਨਾਂ ਹੈ 'ਅਖਬਾਰਤ-ਏ-ਦਰਬਾਰ-ਏ-ਮੌਲਾ' ਜੋ 28 ਅਪਰੈਲ 1711 ਨੂੰ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਭੇਜੀ। ਇਹਦੀ ਇਬਾਰਤ ਕੁਝ ਇਸ ਤਰ੍ਹਾਂ ਹੈ, "ਨਾਨਕ ਦਾ ਪੁਜਾਰੀ ਕੁੱਤਾ (ਬੰਦਾ ਸਿੰਘ) ਕਲਾਨੌਰ ਵਿਚ ਕੈਂਪ ਲਾਈ ਬੈਠਾ ਹੈ ਤੇ ਇਹਨੇ ਵਾਅਦਾ ਤੇ ਫਰਮਾਨ ਜਾਰੀ ਕਰ ਦਿੱਤਾ ਹੈ ਕਿ ਉਹ ਮੁਸਲਮਾਨਾਂ 'ਤੇ ਕੋਈ ਵੀ ਜ਼ਿਆਦਤੀ ਨਹੀਂ ਕਰੇਗਾ। ਕੋਈ ਵੀ ਮੁਸਲਮਾਨ ਜਿਹੜਾ ਉਹਨੂੰ ਮਿਲੇਗਾ, ਉਹਦੇ ਲਈ ਰੋਜ਼ਾਨਾ ਭੱਤਾ ਤੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਹੈ, ਤੇ ਉਹ (ਬੰਦਾ ਸਿੰਘ) ਉਨ੍ਹਾਂ ਦੀ ਹਿਫ਼ਾਜ਼ਤ ਦੀ ਜ਼ਿੰਮੇਵਾਰੀ ਆਪਣੇ 'ਤੇ ਲੈਂਦਾ ਹੈ। ਉਨ੍ਹਾਂ (ਮੁਸਲਮਾਨਾਂ) ਨੂੰ ਆਪਣੇ ਧਰਮ ਮੁਤਾਬਕ ਆਜ਼ਾਦਾਨਾ ਤੌਰ 'ਤੇ ਖੁਤਬਾ ਤੇ ਨਮਾਜ਼ ਅਦਾ ਕਰਨ ਦੀ ਖੁੱਲ੍ਹ ਹੈ।" ਇਸ ਨੂੰ ਪੜ੍ਹ ਕੇ ਕਿਹੜਾ ਕਹਿ ਸਕਦਾ ਕਿ ਬੰਦਾ ਸਿੰਘ ਮੁਸਲਮਾਨਾਂ ਨੂੰ ਨਫ਼ਰਤ ਕਰਦਾ ਸੀ। ਉਹਨੇ ਇਹ ਫਰਮਾਨ ਨਿਰਾ ਜਾਰੀ ਹੀ ਨਹੀਂ ਸੀ ਕੀਤਾ, ਇਸ 'ਤੇ ਅਮਲ ਵੀ ਪੂਰੀ ਦ੍ਰਿੜਤਾ ਨਾਲ ਕੀਤਾ ਗਿਆ। ਜ਼ਾਹਿਰ ਹੈ ਕਿ ਉਸ ਦੇ ਅੰਦਰ ਗੁਰੂ ਦੀ ਸਿੱਖਿਆ ਧੁਰ ਅੰਦਰ ਵਸੀ ਹੋਈ ਸੀ।

ਅਗਲੀ ਮਿਸਾਲ ਇਸ ਬਾਰੇ ਇਤਿਹਾਸਕਾਰ ਇਰਵਿਨ ਦੀ ਹੈ, "ਸਿੱਖ ਰਾਜ ਦੇ ਸਾਰੇ ਪਰਗਨਿਆਂ ਵਿਚ ਪਹਿਲੀਆਂ ਚਾਲੂ ਸਾਰੀਆਂ ਰੀਤੀਆਂ ਨੂੰ ਇਕੋ ਝਟਕੇ ਨਾਲ ਉਲਟਾ ਦਿੱਤਾ। ਉਸ ਵੇਲੇ ਭਾਰਤੀ ਸਮਾਜ ਵਿਚ ਨੀਚ ਤੋਂ ਨੀਚ ਗਰਦਾਨੇ ਜਾਣ ਵਾਲੇ ਚਮੜੇ ਦਾ ਕੰਮ ਕਰਨ ਵਾਲੇ ਵੀ ਜੇ ਸਿੱਖ ਫੌਜ ਵਿਚ ਸ਼ਿਰਕਤ ਕਰਨ ਗਏ, ਤਾਂ ਘਰ ਵਾਪਸੀ ਉਤੇ ਉਨ੍ਹਾਂ ਦੇ ਹੱਥ ਵਿਚ ਬੰਦਾ ਸਿੰਘ ਦਾ ਦਿੱਤਾ ਸ਼ਾਹੀ ਫਰਮਾਨ ਹੁੰਦਾ, ਜਿਸ ਵਿਚ ਉਸੇ ਨੂੰ ਇਲਾਕੇ ਦਾ ਮੁੱਖ ਪ੍ਰਬੰਧਕ ਲਾਇਆ ਹੁੰਦਾ ਤਾਂ ਇਲਾਕੇ ਦੇ ਸਾਰੇ ਧਨਾਢ, ਜਾਗੀਰਦਾਰ ਤੇ ਹੋਰ ਵੱਡੇ ਕਹਾਉਂਦੇ ਲੋਕ ਉਹਦੇ ਇਲਾਕੇ ਵਿਚ ਪੈਰ ਪੈਂਦਿਆਂ ਸਾਰ ਹੱਥ ਬੰਨ੍ਹੀ ਸਤਿਕਾਰ ਲਈ ਖੜ੍ਹੇ ਹੁੰਦੇ ਸਨ। ਕਿਸੇ ਦੀ ਜੁਰਅਤ ਨਹੀਂ ਸੀ ਕਿ ਉਹਦੀ ਹੁਕਮ-ਅਦੂਲੀ ਕਰ ਸਕੇ। ਸਾਰੇ ਧੌਣਾਂ ਝੁਕਾਈ ਉਹਦੇ ਹੁਕਮ ਦੀ ਉਡੀਕ ਕਰਦੇ ਹੁੰਦੇ। ਇਹ ਸਾਰਾ ਕੁਝ ਬਿਨਾਂ ਕਿਸੇ ਭੇਦ-ਭਾਵ, ਜਾਤ-ਪਾਤ, ਊਚ-ਨੀਚ ਦੇ ਕੀਤਾ ਜਾਂਦਾ।"

ਇਨ੍ਹਾਂ ਦੋਹਾਂ ਮਿਸਾਲਾਂ ਤੋਂ ਸ਼ਾਇਦ ਹੋਰ ਕੁਝ ਵਾਧੂ ਲਿਖਣਾ ਜ਼ਰੂਰੀ ਨਾ ਹੋਵੇ, ਇਹ ਸਾਬਤ ਕਰਨ ਲਈ ਕਿ ਬਾਬਾ ਬੰਦਾ ਸਿੰਘ ਦਾ ਸ਼ਾਸਨ ਪੂਰਨ ਤੌਰ 'ਤੇ ਧਰਮ ਨਿਰਪੱਖਤਾ 'ਤੇ ਖੜ੍ਹਾ ਸੀ। ਇਹ ਵੀ ਉਹਦਾ ਧਰਮ ਨਿਰਪੱਖਤਾ ਵਾਲਾ ਕਰਮ ਹੀ ਸੀ ਕਿ ਸਰਹਿੰਦ ਫਤਿਹ ਕਰਨ ਉਪਰੰਤ ਉਥੇ ਕਿਸੇ ਵੀ ਮਸਜਿਦ ਦੀ ਇੱਟ ਤੱਕ ਨਹੀਂ ਤੋੜੀ ਗਈ, ਕਿਸੇ ਦਾ ਘਰ ਨਹੀਂ ਢਾਹਿਆ, ਸਿਵਾਏ ਸੁੱਚਾ ਨੰਦ ਦੇ। ਉਸ ਤਖ਼ਤ ਦੀ ਉਹਨੇ ਇੱਟ ਨਾਲ ਇੱਟ ਖੜਕਾ ਦਿੱਤੀ ਜਿਸ 'ਤੇ ਬਹਿ ਕੇ ਵਜ਼ੀਰ ਖਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣਨ ਦਾ ਹੁਕਮ ਦਿੱਤਾ ਸੀ। ਠੰਢੇ ਬੁਰਜ ਨੂੰ ਹੱਥ ਤੱਕ ਨਾ ਲਾਇਆ, ਕਿਉਂਕਿ ਉਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਮਿਲਣੀ ਸੀ। ਦੁੱਖ ਤਾਂ ਇਸ ਗੱਲ ਦਾ ਹੈ ਕਿ ਇਨ੍ਹਾਂ ਇਤਿਹਾਸਕ ਯਾਦਾਂ ਦੀ ਇੱਟ ਨਾਲ ਇੱਟ ਤਾਂ ਕਾਰ ਸੇਵਾ ਵਾਲੇ ਸਾਰੇ ਬਾਬਿਆਂ ਨੇ ਖੜਕਾ ਛੱਡੀ ਹੈ।

ਕੀ ਹਿੰਦੁਸਤਾਨੀ ਹੁਕਮਰਾਨ ਇਹੋ ਜਿਹੀ ਧਰਮ ਨਿਰਪੱਖਤਾ ਦਾ ਦਾਅਵਾ ਕਰ ਸਕਦੇ ਹਨ ਜਿਨ੍ਹਾਂ ਨੇ ਅਕਾਲ ਤਖਤ ਸਾਹਿਬ ਅਤੇ ਬਾਬਰੀ ਮਸਜਿਦ ਨੂੰ ਕੋਲ ਖੜ੍ਹ ਕੇ ਢਾਹਿਆ। ਜੇ ਅਜਿਹਾ ਹੁੰਦਾ ਤਾਂ ਕਿਉਂ ਅੱਜ ਤੱਕ ਘੱਟ-ਗਿਣਤੀਆਂ ਇਥੇ ਬੇਗਾਨਗੀ ਕਾਰਨ ਰੋਜ਼ ਮਰ ਮਰ ਕੇ ਜਿਉਣ ਲਈ ਮਜਬੂਰ ਹਨ? ਕਿਉਂ ਹਕੂਮਤੀ ਰਫਲਾਂ ਦੇ ਮੂੰਹ ਸਿੱਖਾਂ, ਮੁਸਲਮਾਨਾਂ, ਈਸਾਈਆਂ ਤੇ ਹੋਰ ਘੱਟ-ਗਿਣਤੀਆਂ ਵੱਲ ਸਿੱਧੇ ਕੀਤੇ ਹੋਏ ਹਨ?

ਜਦੋਂ ਬਾਬਾ ਬੰਦਾ ਸਿੰਘ ਦੀ ਇਤਿਹਾਸਕ ਯਾਦਗਾਰ ਚੱਪੜਚਿੜੀ ਵਿਚ ਬਣਾਈ ਗਈ ਤਾਂ ਸਿੱਖਾਂ ਦਾ ਖੁਸ਼ ਹੋਣਾ ਕੁਦਰਤੀ ਸੀ, ਕਿ ਚਲੋ ਦੇਰ ਨਾਲ ਹੀ ਸਹੀ, ਪੰਥਕ ਹਾਕਮਾਂ ਨੇ ਲੋਕਾਂ ਦੇ ਨਾਇਕ ਦੀ ਯਾਦਗਾਰ ਬਣਾ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਤਾਂ ਸੰਭਾਲਿਆ। ਹਾਕਮਾਂ ਨੇ ਇਸ ਖੁਸ਼ੀ ਵਿਚ ਹੋਰ ਵੀ ਵਾਧਾ ਇਹ ਕਰ ਦਿੱਤਾ ਕਿ ਲੋਕਾਂ ਵੱਲੋਂ ਵੋਟਾਂ ਵਿਚ ਜਿਤਾਏ ਜਾਣ 'ਤੇ ਆਪਣੇ ਕਾਰਜ ਦੀ ਸ਼ੁਰੂਆਤ ਇਸ ਮਹਾਨ ਸੂਰਬੀਰ ਦੀ ਯਾਦਗਾਰ ਉਤੇ ਸਹੁੰ ਚੁੱਕ ਕੇ ਕੀਤੀ। ਅਸਲ ਵਿਚ ਇਹ ਹਾਕਮ, ਸਿੱਖਾਂ ਦੇ ਢਿੱਡ ਦੀ ਇਹ ਗੱਲ ਬਾਖੂਬੀ ਜਾਣਦੇ ਹਨ ਕਿ ਪੰਜਾਬੀ, ਖਾਸ ਕਰ ਕੇ ਸਿੱਖ ਤਾਂ



*ਚੱਪੜ ਚਿੜੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਦੀ ਇਕ ਝਲਕ।*

(ਬਾਕੀ ਅਗਲੇ ਸਫੇ 'ਤੇ)

ਪੰਥ ਦੇ ਨਾਂ ਤੋਂ ਕੁਰਬਾਨ ਹੋਣ ਨੂੰ ਸਦਾ ਤਿਆਰ ਹੋ ਜਾਂਦੇ ਹਨ। ਇਨ੍ਹਾਂ ਹਾਕਮਾਂ ਨੂੰ ਇਨ ਵੀ ਪਤਾ ਹੈ ਕਿ ਇਹ ਪੰਥਕ ਮਸਲੇ ਹੀ ਹਨ ਜਿਹੜੇ ਉਨ੍ਹਾਂ ਨੂੰ ਹੁਕਮਰਾਨ ਦੀ ਗੱਦੀ ਬਖਸ਼ਦੇ ਹਨ।

ਇਹ ਆਪਾਂ ਜਾਣਦੇ ਹੀ ਹਾਂ ਕਿ ਬਾਬਾ ਬੰਦਾ ਸਿੰਘ ਦਾ ਸ਼ਾਸਨ ਕੁਝ ਮਹੀਨੇ ਹੀ ਰਿਹਾ। ਕੋਈ ਵੱਡਾ ਪ੍ਰਬੰਧਕੀ ਫੇਰ-ਬਦਲ ਇੰਨੇ ਸਮੇਂ ਵਿਚ ਕਰਨਾ ਮੁਸ਼ਕਿਲ ਹੀ ਸੀ। ਨਾਲੇ ਉਹ ਕਿਹੜਾ ਜੱਦੀ ਪੁਸ਼ਤੀ ਰਾਜਾ ਸੀ ਕਿ ਰਾਜ ਪ੍ਰਬੰਧ ਦਾ ਜਾਣੂ ਹੁੰਦਾ! ਉਹ ਤਾਂ ਗੁਰੂ ਸਿੱਖਿਆ 'ਸਭੈ ਸਾਂਝੀਵਾਲ ਸਦਾਇਨ' ਮੁਤਾਬਕ ਅਜਿਹਾ ਨਿਆਇਕ ਪ੍ਰਬੰਧ ਦੇਣਾ ਚਾਹੁੰਦਾ ਸੀ ਜਿਹੜਾ ਆਰਥਿਕ ਲੁੱਟ-ਖਸੁੱਟ ਨੂੰ ਰੋਕਦਾ। ਪੈਂਦੀ ਸੱਟੇ ਉਹਨੂੰ ਜਾਗੀਰਦਾਰੀ ਪ੍ਰਬੰਧ ਇਸ ਆਰਥਿਕ ਲੁੱਟ ਦਾ ਮੁੱਖ ਕਾਰਨ ਲੱਗਾ ਤਾਂ ਉਹਨੇ ਫਰਮਾਨ ਜਾਰੀ ਕੀਤਾ ਕਿ ਸਾਰੇ ਜਾਗੀਰਦਾਰ ਆਪਣੀਆਂ ਜ਼ਮੀਨਾਂ ਜਿਹੜੀਆਂ ਉਹ ਖੁਦ ਨਹੀਂ ਵਾਹੁੰਦੇ, ਉਥੇ ਹਲ ਵਾਹ ਕੇ ਖੇਤੀ ਕਰਦੇ ਮੁਜਾਰਿਆਂ ਨੂੰ ਦੇ ਦੇਣ, ਨਹੀਂ ਤਾਂ ਇਹ ਕੰਮ ਰਾਜ ਖਾਲਸਾ ਕਰੇਗਾ।

ਸਰਕਾਰੀ ਰਿਕਾਰਡ ਮੁਤਾਬਕ, ਥੋੜ੍ਹੇ ਜਿਹੇ ਸਮੇਂ ਵਿਚ ਹੀ ਇਹ ਸਾਰਾ ਕੰਮ ਨੇਪਰੇ ਚੜ੍ਹਾ ਦਿੱਤਾ ਗਿਆ। ਮੁਲਕ ਵਿਚ ਅਜਿਹਾ ਪਹਿਲੀ ਵਾਰ ਹੋਇਆ ਸੀ ਕਿ ਬੇਜ਼ਮੀਨੇ ਵੀ ਜ਼ਿਮੀਦਾਰ ਬਣਾਏ ਗਏ। ਐਡਾ ਵੱਡਾ ਇਨਕਲਾਬੀ, ਸਮਾਜ ਸੁਧਾਰਕ ਫੈਸਲਾ ਸਿਰਫ਼ ਬਾਬਾ ਬੰਦਾ ਸਿੰਘ ਹੀ ਕਰ ਸਕਿਆ। ਇਥੇ ਇਹ ਗੱਲ ਸਪਸ਼ਟ ਹੋਣੀ ਜ਼ਰੂਰੀ ਹੈ ਕਿ ਬਾਬਾ ਬੰਦਾ ਸਿੰਘ ਨੇ ਜ਼ਿਮੀਦਾਰੀ ਸਿਸਟਮ ਖਤਮ ਨਹੀਂ ਕੀਤਾ, ਉਸ ਨੇ ਤਾਂ ਉਲਟਾ ਬੇਜ਼ਮੀਨਿਆਂ ਨੂੰ ਜ਼ਿਮੀਦਾਰ ਬਣਾਇਆ, ਉਹਨੇ ਜਾਗੀਰਦਾਰੀ ਸਿਸਟਮ ਖਤਮ ਕੀਤਾ।

ਇਹ ਜਾਗੀਰਦਾਰੀ ਸਿਸਟਮ ਭਲਾ ਕੀ ਸੀ? ਇਹ ਜਾਣਨਾ ਵੀ ਬੜਾ ਜ਼ਰੂਰੀ ਹੈ। ਦਰਅਸਲ ਇਹ ਅਜਿਹਾ ਮਾਫ਼ੀਆ ਸੀ ਜਿਹੜਾ ਸਾਰੀ ਵਾਹੀਯੋਗ ਜ਼ਮੀਨ ਉਤੇ ਪੀੜ੍ਹੀ ਦਰ ਪੀੜ੍ਹੀ ਕਾਬਜ਼ ਰਹਿੰਦਾ ਰਿਹਾ। ਇਹ ਹੱਥੀਂ ਕੁਝ ਵੀ ਨਹੀਂ ਸੀ ਕਰਦਾ, ਪਰ ਦੂਜੇ ਦੇ ਕੀਤੇ-ਕਰਾਏ ਉਤੇ ਆਪਣਾ ਹੱਕ ਧੌਂਸ ਦੇ ਨਾਲ ਨਾਲ ਕਾਨੂੰਨੀ ਹਕੂਮਤੀ ਸਰਪ੍ਰਸਤੀ ਨਾਲ ਲੈਂਦਾ ਰਿਹਾ। ਸਟੇਟ ਇਹਦੀ ਸਿੱਧੀ ਮਦਦ ਉਤੇ ਸੀ ਤੇ ਕਾਨੂੰਨ ਇਹਦੇ ਹੱਕ ਵਿਚ ਬਣਦੇ ਸਨ। ਆਮ ਪਰਜਾ ਤਾਂ ਦੋ ਡੰਗ ਦੀ ਰੋਟੀ ਦੀ ਵੀ ਮੁਥਾਜ ਸੀ, ਪਰ ਇਨ੍ਹਾਂ ਜਾਗੀਰਦਾਰਾਂ ਕੋਲ ਦੌਲਤ ਦੇ ਅੰਬਾਰ ਸਨ ਜਿਹੜੇ ਉਹ ਹਕੂਮਤ ਨਾਲ ਵੰਡ ਲੈਂਦੇ ਸਨ। ਆਪਾਂ ਪੜ੍ਹਦੇ ਰਹੇ ਹਾਂ ਕਿ ਪਹਿਲੇ ਜ਼ਮਾਨੇ ਵਿਚ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ, ਉਹ ਸੋਨਚਿੜੀ ਇਨ੍ਹਾਂ ਜਾਗੀਰਦਾਰਾਂ ਦੇ ਘਰਾਂ ਵਿਚ ਹੀ ਉਡਾਰੀਆਂ ਮਾਰਦੀ ਸੀ। ਪਰਜਾ ਦੇ ਘਰ ਤਾਂ ਬਿੱਠ ਵੀ ਨਹੀਂ ਸੀ ਕਰਦੀ, ਤੇ ਇਸ ਮਾਫ਼ੀਏ ਦਾ ਭੋਗ ਬਾਬਾ ਬੰਦਾ ਸਿੰਘ ਨੇ ਪਾਇਆ। ਇਹ ਜਾਗੀਰਦਾਰੀ ਮਾਫ਼ੀਆ ਉਨਾ ਚਿਰ ਨਹੀਂ ਕੁਸਕਿਆ ਜਿੰਨਾ ਚਿਰ ਬੰਦਾ ਸਿੰਘ ਦਾ ਰਾਜ ਰਿਹਾ। ਬੱਸ ਉਹਦੀ ਸ਼ਹਾਦਤ ਦੀ ਦੇਰ ਸੀ ਕਿ ਇਹ ਹੋਰ ਵੀ ਤਾਕਤਵਰ ਹੋ ਕੇ ਮੁਲਕ ਤੇ ਸਮਾਜ ਨੂੰ ਆਣ ਚਿੰਬੜਿਆ। ਇਸ ਮਾਫ਼ੀਏ ਨੇ ਉਹ ਕਾਰਨ ਵੀ ਲੱਭ ਲਿਆ ਜਿਸ ਕਰ ਕੇ ਇਹਨੂੰ ਜ਼ਮੀਨ ਤੋਂ ਹੱਥ ਧੋਣੇ ਪਏ ਸਨ। ਇਹ ਸੀ ਹਕੂਮਤ ਵਿਚ ਇਸ ਦੀ ਹਿੱਸੇਦਾਰੀ ਨਾ ਹੋਣਾ। ਬਾਅਦ ਵਿਚ ਇਹੋ ਜਾਗੀਰਦਾਰ ਹੁਕਮਰਾਨਾਂ ਵਿਚ ਵੀ ਸ਼ਾਮਲ ਹੋਣ ਲੱਗ ਪਏ, ਤਾਂ ਕਿ ਇਹਦੇ ਸੋਮਿਆਂ 'ਤੇ ਕੋਈ ਉਂਗਲ ਕਰਨ ਦੀ ਹਿੰਮਤ ਨਾ ਕਰੇ।

ਅੱਜ ਗੁਰਾਂ ਦੀ ਧਰਤੀ 'ਤੇ ਕਿੰਨੇ ਹੀ ਮਾਫ਼ੀਏ ਪੈਦਾ ਹੋ ਚੁੱਕੇ ਹਨ- ਰੇਤ ਮਾਫੀਆ, ਬਜਰੀ ਮਾਫੀਆ, ਕੇਬਲ ਨੈਟਵਰਕ ਮਾਫੀਆ, ਡਰੱਗ ਮਾਫੀਆ, ਸ਼ਰਾਬ ਦੇ ਠੇਕਿਆਂ ਦਾ ਮਾਫ਼ੀਆ, ਜੇਲ੍ਹ ਮਾਫੀਆ ਤੇ ਕਈ ਹੋਰ ਵੀ ਬਥੇਰੇ ਬੇਨਾਮੀ ਮਾਫੀਏ ਬਣੇ ਹੋਏ ਹਨ। ਇਨ੍ਹਾਂ ਸਾਰਿਆਂ ਹੀ ਮਾਫ਼ੀਆ ਗਰੁਪਾਂ ਦੀ ਸੂਈ ਭਲਾ ਕਿੱਧਰ ਨੂੰ ਘੁੰਮਦੀ ਹੈ? ਇਹ ਕਿਤੇ ਗੁੱਝਾ ਥੋੜ੍ਹਾ ਰਿਹਾ ਹੈ ਹੁਣ, ਕਿ ਇਨ੍ਹਾਂ ਵਿਚ ਸ਼ਮੂਲੀਅਤ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ 'ਤੇ ਸਹੁੰ ਚੁੱਕਣ ਵਾਲਿਆਂ ਦੀ ਹੈ। ਅਗਲੇ ਸਾਲ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਵੀ ਸੂਬਾ ਪੱਧਰ 'ਤੇ ਮਨਾਉਣ ਵਾਲੇ ਹੋਰ ਕੋਈ ਨਹੀਂ, ਇਹੋ ਸਹੁੰ ਚੁੱਕਣ ਵਾਲੇ ਹਾਕਮ ਹੀ ਹੋਣਗੇ। ਦੂਣੀ ਦਾ ਉਹੀ ਪਹਾੜਾ ਫਿਰ ਦੁਹਰਾਇਆ ਜਾਵੇਗਾ ਕਿ 'ਸਾਡਾ ਰਾਜ ਬਾਬਾ ਬੰਦਾ ਸਿੰਘ ਦੇ ਪਾਏ ਪੂਰਨਿਆਂ ਉਤੇ ਚੱਲ ਰਿਹਾ ਹੈ ਤੇ ਅਗਾਂਹ ਵੀ ਲੋਕੋ, ਤੁਸੀਂ ਸਾਨੂੰ ਇਹ ਸੇਵਾ ਬਖਸ਼ਿਓ', ਕਿਉਂਕਿ ਇਸ ਤੋਂ ਕੁਝ ਮਹੀਨੇ ਬਾਅਦ ਵੋਟਾਂ ਵਾਲਾ ਡੌਰੂ ਫਿਰ ਵੱਜਣਾ ਹੈ।

ਹੁਣ ਸਿੱਖ ਜੇ ਤਾਂ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਦਾ ਦਿਲੋਂ ਸਤਿਕਾਰ ਕਰਦੇ ਹਨ, ਤਾਂ ਇਹ ਨਿਖੇੜਾ ਕਰਨਾ ਭਲਾ ਕਿੰਨਾ ਕੁ ਮੁਸ਼ਕਿਲ ਹੈ ਕਿ ਬਾਬਾ ਬੰਦਾ ਸਿੰਘ ਨੇ ਤਾਂ ਬੇਜ਼ਮੀਨਿਆਂ ਨੂੰ ਜ਼ਮੀਨਾਂ ਦੇ ਕੇ ਜ਼ਿਮੀਦਾਰ ਬਣਾਇਆ ਸੀ, ਤੇ ਅੱਜ ਦੇ ਪੰਥਕ ਹੁਕਮਰਾਨ ਉਸ ਸਰਕਾਰੀ ਬਿੱਲ 'ਤੇ ਸਹਿਮਤੀ ਦੇ ਦਸਤਖ਼ਤ ਕਰਦੇ ਹਨ ਜਿਹਨੇ ਜ਼ਿਮੀਦਾਰਾਂ ਤੋਂ ਜ਼ਮੀਨਾਂ ਖੋਹ ਕੇ ਉਨ੍ਹਾਂ ਨੂੰ ਬੇਜ਼ਮੀਨੇ ਬਣਾਉਣਾ ਹੈ। ਉਹਨੇ ਜ਼ਮੀਨਾਂ ਲਈਆਂ ਸੀ ਵੱਡੇ ਜਾਗੀਰਦਾਰਾਂ ਤੋਂ, ਤੇ ਅੱਜ ਵਾਲੇ ਸਹੁੰ ਚੁੱਕਣ ਵਾਲਿਆਂ ਨੇ ਉਹ ਜ਼ਮੀਨਾਂ ਦੇਣੀਆਂ ਹਨ ਵੱਡੇ ਘਰਾਣਿਆਂ ਨੂੰ। ਇਸ ਲਈ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਮਨਾਉਣਾ ਪਰਖ ਹੈ ਸਿੱਖਾਂ ਦੀ, ਕਿ ਇਹ ਅਸਲ ਤੇ ਨਕਲ ਨੂੰ ਪਰਖਣ ਵਿਚ ਕਿਤੇ ਧੋਖਾ ਤਾਂ ਨਹੀਂ ਖਾ ਰਹੇ!

ਦੁਸ਼ਮਣ ਤਾਂ ਸਦਾ ਤੋਹਮਤਾਂ ਲਾਉਂਦਾ ਹੁੰਦਾ ਹੈ, ਪਰ ਸਿੱਖਾਂ ਨੇ ਵੀ ਬੰਦਾ ਸਿੰਘ ਨੂੰ ਦਾਗਦਾਰ ਕਰਨ ਦੀ ਕੋਸ਼ਿਸ਼ ਕੀਤੀ। ਪਹਿਲੀ ਇਹ ਕਿ ਉਹਨੇ ਗੁਰੂ ਗੋਬਿੰਦ ਸਿੰਘ ਦੇ ਇਸ ਹੁਕਮ ਨੂੰ ਨਾ ਮੰਨਿਆ ਕਿ ਵਿਆਹ ਨਾ ਕਰਾਈਂ। ਕਿੰਨਾ ਤਰਕਹੀਣ ਇਲਜ਼ਾਮ ਹੈ ਇਹ! ਨਾਂਦੇੜ ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਇਕ ਮਹੀਨਾ ਆਪਣੇ ਨਾਲ ਰੱਖਿਆ ਤੇ ਇਸ ਇਕ ਮਹੀਨੇ ਵਿਚ ਗੁਰੂ ਜੀ ਨੇ ਬੰਦਾ ਸਿੰਘ ਨੂੰ ਸਿੱਖ ਧਰਮ ਦੇ ਅਸੂਲਾਂ ਬਾਰੇ ਹੀ ਪੱਕਾ ਕੀਤਾ ਹੋਣਾ ਹੈ ਕਿ ਸਿੱਖ ਧਰਮ ਦੀ ਬੁਨਿਆਦ ਹੈ- ਗ੍ਰਹਿਸਥ ਜੀਵਨ। ਫਿਰ ਭਲਾ ਗੁਰੂ ਜੀ ਕਿਉਂ ਬੰਦਾ ਸਿੰਘ ਨੂੰ ਬੁਨਿਆਦੀ ਅਸੂਲ ਤੋਂ ਹੀ ਮੁਨਕਰ ਹੋਣ ਲਈ ਕਹਿਣਗੇ? ਨਾਲੇ ਬੰਦਾ ਸਿੰਘ ਦਾ ਵਿਆਹ ਕਰਾਉਣਾ ਇਖਲਾਕੀ ਗੁਣ ਸੀ, ਕੋਈ ਜੱਗੋਂ ਤੇਰਵੀਂ ਨਹੀਂ ਸੀ ਕੀਤੀ ਉਸ ਨੇ। ਦਰਅਸਲ ਵਿਆਹ ਨਾ ਕਰਾਉਣ ਵਾਲੀ ਇਸ ਗੱਲ ਦਾ ਠੋਸ



ਚੱਪੜ ਚਿੜੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ

ਸਬੂਤ ਕਿਤਿਓਂ ਨਹੀਂ ਲੱਭਾ, ਇਹ ਤਾਂ ਸਾਡੇ ਮਨਾਂ ਵਿਚ ਉਸ ਅਨਸਰ ਨੇ ਪਾਈ ਹੈ ਜਿਹੜਾ ਉਸ ਨੂੰ ਅੱਜ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਬਜਾਏ 'ਬੰਦਾ ਬੈਰਾਗੀ' ਸਾਬਤ ਕਰਨ ਉਤੇ ਤੁਲਿਆ ਹੋਇਆ ਹੈ।

ਅਗਲੀ ਬੇਤੁਕੀ ਗੱਲ ਵੀ ਅਸੀਂ ਸਿੱਖਾਂ ਨੇ ਹੀ ਜੋੜੀ ਹੋਈ ਹੈ ਕਿ ਬੰਦਾ ਸਿੰਘ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਿਆ ਸੀ। ਉਸ ਦੇ ਨਾਂਦੇੜ ਤੋਂ ਬਾਅਦ ਦੇ ਸਾਰੇ ਜੀਵਨ ਉਤੇ ਜਦੋਂ ਝਾਤ ਪਾਉਂਦੇ ਹਾਂ ਤਾਂ ਕਿਤੇ ਵੀ ਭੁਲੇਖਾ ਤੱਕ ਨਹੀਂ ਪੈਂਦਾ ਕਿ ਉਹਨੇ ਆਪਣੇ ਆਪ ਨੂੰ ਗੱਦੀ ਕਰ ਕੇ ਗੁਰੂ ਕਹਾਇਆ ਹੋਵੇ। ਜੇ ਉਸ ਅੰਦਰ ਇਹ ਲਾਲਸਾ ਹੁੰਦੀ ਤਾਂ ਉਹ ਨਾਂਦੇੜ ਤੋਂ ਚੱਲਣ ਬਾਅਦ ਹੀ ਇੰਦਾਂ ਕਰ ਸਕਦਾ ਸੀ, ਕਿਉਂਕਿ ਜਿਸ ਦਿਨ ਉਹ ਨਾਂਦੇੜ ਤੋਂ ਚੱਲਿਆ ਸੀ, ਉਸ ਤੋਂ ਅਗਲੇ ਦਿਨ ਹੀ ਵਜ਼ੀਰ ਖਾਨ ਵੱਲੋਂ ਭੇਜੇ ਪਠਾਣ ਨੇ ਗੁਰੂ ਗੋਬਿੰਦ ਸਿੰਘ 'ਤੇ ਛੁਰੇ ਨਾਲ ਘਾਤਕ ਵਾਰ ਕਰ ਦਿੱਤਾ ਸੀ ਜਿਹੜਾ ਬਾਅਦ ਵਿਚ ਗੁਰੂ ਜੀ ਦੇ ਪਰਲੋਕ ਗਮਨ ਦਾ ਕਾਰਨ ਬਣਿਆ। ਉਸ ਵਕਤ ਬਾਬਾ ਬੰਦਾ ਸਿੰਘ ਨਾਂਦੇੜ ਦੇ ਨੇੜੇ ਹੀ ਸੀ, ਕਿਉਂਕਿ ਪੰਜਾਬ ਦੀ ਜੂਹ ਤੱਕ ਅੱਪੜਣ ਲਈ ਉਹਨੂੰ ਤਕਰੀਬਨ ਇਕ ਸਾਲ ਲੱਗ ਗਿਆ ਸੀ। ਉਹਨੂੰ ਗੁਰੂ ਜੀ ਦੇ ਸਖਤ ਜ਼ਖ਼ਮੀ ਹੋਣ ਅਤੇ ਬਾਅਦ ਵਿਚ ਪਰਲੋਕ ਗਮਨ ਦੀ ਖ਼ਬਰ ਵੀ ਨਾਂਦੇੜ ਤੋਂ ਕੁਝ ਦੂਰੀ 'ਤੇ ਹੀ ਮਿਲ ਗਈ ਸੀ। ਉਹ ਵਾਪਸ ਮੁੜ ਸਕਦਾ ਸੀ, ਗੁਰੂ ਜੀ ਦਾ ਉਤਰਾਧਿਕਾਰੀ ਬਣਨ ਲਈ, ਉਸ ਕੋਲ ਤਾਂ ਗੁਰੂ ਜੀ ਦਾ ਹੱਥੀਂ ਲਿਖਿਆ ਹੁਕਮਨਾਮਾ ਵੀ ਸੀ ਜਿਸ ਵਿਚ ਹੁਕਮ ਸੀ ਤਮਾਮ ਸਿੱਖ ਕੌਮ ਲਈ ਕਿ ਬੰਦਾ ਸਿੰਘ ਨੂੰ ਉਹੋ ਜਿਹਾ ਮਿਲਵਰਤਨ ਦਿਓ, ਜਿਹੋ ਜਿਹਾ ਮੈਨੂੰ ਦਿੰਦੇ ਹੋ।

ਬਾਵਜੂਦ ਇਸ ਦੇ ਉਹ ਮੁੜਿਆ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਦੇ ਦਿੱਤੇ ਮਿਸ਼ਨ ਨੂੰ ਹੋਰ ਵੀ ਸ਼ਿੱਦਤ ਨਾਲ ਪੂਰਾ ਕਰਨ ਲਈ ਦ੍ਰਿੜਤਾ ਪੱਲੇ ਬੰਨ੍ਹ ਲਈ, ਹਾਲਾਂਕਿ ਉਹ ਜਾਣਦਾ ਸੀ ਕਿ ਹੁਣ ਉਹਦੇ ਕੀਤੇ ਕਾਰਨਾਮਿਆਂ ਨੂੰ ਕਿਹੜਾ ਗੁਰੂ ਗੋਬਿੰਦ ਸਿੰਘ ਨੇ ਦੇਖਣਾ ਜਾਂ ਸੁਣਨਾ ਹੈ ਪਰ ਉਹ ਬਚਨ ਦਾ ਪੱਕਾ ਗੁਰਸਿੱਖ ਸੀ ਜਿਸ ਨੇ ਆਪਣਾ ਸਭ ਕੁਝ ਗੁਰੂ ਤੋਂ ਨਿਛਾਵਰ ਕਰਨਾ ਸੀ। ਉਹਨੇ ਉਹੀ ਕੀਤਾ। ਜਿਸ ਨੇ ਜੰਗ ਵਿਚ ਫਤਿਹ ਉਪਰੰਤ ਰਾਜ ਚਲਾਇਆ ਗੁਰੂ ਦੇ ਨਾਮ 'ਤੇ, ਸਿੱਕਾ ਚਲਾਇਆ ਗੁਰੂ ਦੇ ਨਾਮ ਦਾ, ਸਰਕਾਰੀ ਮੋਹਰ ਗੁਰੂ ਦੇ ਨਾਮ ਦੀ, ਸਰਕਾਰੀ ਫਰਮਾਨ ਗੁਰੂ ਦੇ ਨਾਮ 'ਤੇ। ਸਭ ਤੋਂ ਉਪਰ ਜਿਸ ਸਿਦਕ ਨਾਲ ਤੇ ਸ਼ਾਂਤ ਚਿੱਤ ਰਹਿ ਕੇ ਉਹਨੇ ਸ਼ਹਾਦਤ ਦਾ ਜਾਮ ਪੀਤਾ, ਉਹ ਵੀ ਬਤੌਰ ਸਿੱਖ। ਇਸ ਤੋਂ ਵੱਧ ਉਹਨੇ ਆਪਣੇ ਆਪ ਨੂੰ ਕੁਝ ਨਹੀਂ ਮੰਨਿਆ। ਹਾਂ, ਜੇ ਉਹ ਅੱਜ ਦੇ ਬਾਬਿਆਂ ਵਿਚੋਂ ਹੁੰਦਾ ਤਾਂ ਜ਼ਰੂਰ ਸਭ ਤੋਂ ਪਹਿਲਾਂ ਗੁਰਗੱਦੀ ਨੂੰ ਹੱਥ ਪਾਉਂਦਾ। ਉਹ ਗੁਰੂ ਦੇ ਦਿੱਤੇ ਮਿਸ਼ਨ ਨੂੰ ਹੱਥ ਤਲਵਾਰ, ਤੇ ਮੋਢੇ ਤੀਰਾਂ ਦਾ ਭੱਥਾ ਲੈ ਕੇ ਤਾਕਤਵਰ ਮੁਗਲ ਸਲਤਨਤ ਨਾਲ ਸਿੱਧਾ ਮੱਥਾ ਲਾਉਣ ਦੀ ਬਜਾਏ, ਚਿੱਟਾ ਚੋਲਾ ਪਾ ਕੇ, ਗਲ ਵਿਚ ਮੋਤੀਆਂ ਦੀ ਮਾਲਾ ਪਹਿਨ ਕੇ, ਗੋਲ ਪੱਗ ਬੰਨ੍ਹ ਕੇ ਢੋਲਕੀਆਂ ਚਿਮਟੇ ਵਜਾਉਂਦਾ ਆ ਸਕਦਾ ਸੀ। ਹਕੂਮਤ ਨੇ ਵੀ ਉਹਦਾ ਸਾਥ ਦੇਣਾ ਸੀ ਪੂਰਾ ਪ੍ਰਿਥੀ ਚੰਦ ਵਾਂਗ। ਸਿੱਖ ਵੀ ਸ਼ਾਇਦ ਸਤਿਕਾਰ ਦਿੰਦੇ ਗੁਰੂ ਦੇ ਹੁਕਮਨਾਮੇ ਦੀ ਤਾਮੀਲ ਵਿਚ; ਪਰ ਬਾਬਾ ਤਾਂ ਸਿੱਖ ਸੀ ਆਪਣੇ ਗੁਰੂ ਦਾ, ਤੇ ਆਖਰੀ ਸਾਹ ਤੱਕ ਸਿੱਖ ਰਿਹਾ।

ਬਾਬਾ ਬੰਦਾ ਸਿੰਘ ਬਹਾਦਰ ਵਰਗੇ ਮਹਾਨ ਸੂਰਬੀਰ ਯੋਧੇ ਦੀ ਸ਼ਹਾਦਤ ਜਿਸ ਤਰ੍ਹਾਂ ਹੋਈ, ਅੱਖੀਂ ਦੇਖਣ ਵਾਲਿਆਂ ਨੇ ਬਿਆਨ ਕੀਤੀ ਹੈ, ਇਸ ਦਾ ਜ਼ਿਕਰ ਜ਼ਰੂਰ ਹੋਣਾ ਚਾਹੀਦਾ ਹੈ। ਫਿਰ ਹੀ ਸਾਨੂੰ ਕੁਝ ਸੋਝੀ ਆਵੇਗੀ ਕਿ ਮੌਜੂਦਾ ਸਮੇਂ ਵਿਚ ਸਿੱਖਾਂ ਨੇ ਆਪਣੇ ਮਿੱਤਰਾਂ ਤੇ ਦੁਸ਼ਮਣਾਂ ਵਿਚ ਫਰਕ ਕਿਵੇਂ ਕਰਨਾ ਹੈ। ਅੱਖੀਂ ਦੇਖਣ ਵਾਲੀ ਗੱਲ ਲਿਖਣ ਵਾਲਿਆਂ ਵਿਚੋਂ ਕੁਝ ਕੁ ਨਾਂ ਹਨ: ਮੁਹੰਮਦ ਹਰੀਸੀ, ਖ਼ਫ਼ੀ ਖਾਂ, ਥੌਰਨਟਨ, ਐਲਫਿਨਸਟਨ, ਦਾਨੇਸ਼ਵਰ, ਈਸਟ ਇੰਡੀਆ ਕੰਪਨੀ ਦਾ ਅੰਬੈਸਡਰ ਜੌਹਨ ਸਰਮਨ ਤੇ ਐਡਵਰਡ। ਜਦੋਂ ਬੰਦਾ ਸਿੰਘ ਬਹਾਦਰ ਨੂੰ ਲਾਲਚ ਤੇ ਤਸੀਹੇ ਵੀ ਡੁਲਾ ਨਾ ਸਕੇ, ਤਾਂ ਉਹਨੂੰ ਪਿੰਜਰੇ ਵਿਚ ਪਾ ਕੇ ਕੁਤਬ ਮੀਨਾਰ ਦੇ ਨੇੜਲੇ ਕਬਰਸਤਾਨ ਵਿਚ ਉਹਦੇ 20 ਵੱਡੇ ਜਰਨੈਲਾਂ ਨਾਲ ਲਿਆਂਦਾ ਗਿਆ। ਇਕ ਵਾਰ ਫਿਰ ਕਿਹਾ ਗਿਆ ਕਿ ਇਸਲਾਮ ਵਿਚ ਆ ਜਾਓ, ਪਰ ਨਾ ਉਹਨੇ ਆਉਣਾ ਸੀ ਤੇ ਨਾ ਆਇਆ। ਸਭ ਤੋਂ ਪਹਿਲਾਂ 20 ਸਰਦਾਰਾਂ ਦੇ ਸਿਰ ਵੱਢ ਕੇ ਬਰਛਿਆਂ 'ਤੇ ਟੰਗ ਕੇ ਬੰਦਾ ਸਿੰਘ ਦੇ ਪਿੰਜਰੇ ਦੁਆਲੇ ਘੁਮਾਏ, ਫਿਰ ਸਾਰੇ ਉਹਦੇ ਸਾਹਮਣੇ ਰੱਖ ਦਿੱਤੇ। ਫਿਰ ਉਸ ਨੂੰ ਕਟਾਰ ਦੇ ਕੇ ਕਿਹਾ ਕਿ ਆਪਣੇ ਚਾਰ ਸਾਲਾ ਪੁੱਤ ਅਜੈ ਸਿੰਘ, ਜਿਹੜਾ ਬਾਬਾ ਬੰਦਾ ਸਿੰਘ ਦੀ ਗੋਦ ਵਿਚ ਬਿਠਾਇਆ ਹੋਇਆ ਸੀ, ਦਾ ਸੀਨਾ ਆਪਣੇ ਹੱਥੀਂ ਚੀਰ। ਬਾਬਾ ਅਡੋਲ ਬੈਠਾ ਰਿਹਾ ਤਾਂ ਜਲਾਦ ਨੇ ਉਹੋ ਕਟਾਰ ਉਹਦੇ ਪੁੱਤਰ ਦਾ ਸੀਨੇ ਵਿਚੋਂ ਪਾਰ ਕਰ ਦਿੱਤੀ ਤੇ ਬੱਚੇ ਦੇ ਦੋ ਟੋਟੇ ਕਰ ਦਿੱਤੇ। ਬੱਚੇ ਦਾ ਤੜਫ਼ਦਾ ਦਿਲ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਣ ਦੀ ਕੋਸ਼ਿਸ਼ ਕੀਤੀ। ਉਹ ਸ਼ਾਂਤ ਚਿੱਤ ਬੈਠਾ ਰਿਹਾ। ਉਹਦਾ ਹੋਰ ਧੀਰਜ ਪਰਖਣ ਤੋਂ ਪਹਿਲਾਂ ਮੁਹੰਮਦ ਅਮੀਨ ਖਾਂ ਨੇ ਬਾਬਾ ਬੰਦਾ ਸਿੰਘ ਨੂੰ ਪੁੱਛਿਆ, "ਤੌਰ ਤਰੀਕਿਆਂ ਤੋਂ ਤੂੰ ਕੋਈ ਸਿੱਧ ਪੁਰਖ ਲੱਗਦਾ ਹੈਂ ਜਿਹੜਾ ਰੱਬ ਵਿਚ ਯਕੀਨ ਰੱਖਦਾ ਤੇ ਸਦਾ ਨੇਕ ਕੰਮ ਕਰਦਾ ਹੈ। ਤੂੰ ਅਕਲਮੰਦ ਵੀ ਬਹੁਤ ਹੈਂ। ਤੂੰ ਦੱਸ ਸਕਦਾ ਹੈਂ ਕਿ ਇਥੇ ਆਹ ਤੈਨੂੰ ਐਨੀਆਂ ਦੁੱਖ ਤਕਲੀਫ਼ਾਂ ਕਿਉਂ ਮਿਲ ਰਹੀਆਂ ਹਨ?"

ਬੰਦਾ ਸਿੰਘ ਜਿਹੜਾ ਪਹਿਲਾਂ ਤੋਂ ਹੀ ਚੁੱਪ ਸੀ, ਬੋਲਿਆ, "ਜਦੋਂ ਜ਼ਾਲਮ ਹਾਕਮ ਆਪਣੀ ਪਰਜਾ 'ਤੇ ਜ਼ੁਲਮ ਦੀ ਸੀਮਾ ਪਾਰ ਕਰ ਦਿੰਦੇ ਹਨ, ਤਾਂ ਰੱਬ ਮੇਰੇ ਵਰਗਿਆਂ ਨੂੰ ਇਸ ਧਰਤੀ 'ਤੇ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦੇਣ ਭੇਜਦਾ ਹੈ, ਪਰ ਮਨੁੱਖੀ ਜੀਵ ਹੋਣ ਕਰ ਕੇ ਕਦੇ ਕਦਾਈਂ ਇਨਸਾਫ਼ ਦੇ ਕਾਨੂੰਨ ਦੀ ਉਲੰਘਣਾ ਹੋ ਜਾਂਦੀ ਹੈ। ਉਸੇ ਵਧੀਕੀ ਕਰ ਕੇ ਆਹ ਸਭ ਕੁਝ ਝੱਲਣ ਲਈ ਮੈਂ ਇਥੇ ਹਾਂ। ਰੱਬ ਨੇ ਕਦੇ ਵੀ ਮੇਰੇ ਨਾਲ ਅਨਿਆਂ ਨਹੀਂ ਕੀਤਾ।" ਆਹ ਹਨ ਉਸ ਸੂਰਬੀਰ ਯੋਧੇ ਦੇ ਸ਼ਹਾਦਤ ਤੋਂ ਪਹਿਲਾਂ ਦੇ ਅਲਫ਼ਾਜ਼।

ਜਲਾਦ ਨੇ ਅੱਗੇ ਵਧ ਕੇ ਆਪਣੇ ਛੁਰੇ ਨਾਲ ਬੰਦੇ ਦੀ ਸੱਜੀ ਅੱਖ ਦਾ ਡੇਲਾ ਬਾਹਰ ਕੱਢ ਦਿੱਤਾ ਤੇ ਫਿਰ ਇਸੇ ਤਰ੍ਹਾਂ ਦੂਜੀ ਅੱਖ ਦਾ ਵੀ। ਬੰਦਾ ਸਿੰਘ ਇਸ ਵਰਤਾਰੇ ਦੌਰਾਨ ਚੱਟਾਨ ਦੀ ਤਰ੍ਹਾਂ ਅਡੋਲ ਬੈਠਾ ਰਿਹਾ। ਉਹਦੇ ਚਿਹਰੇ 'ਤੇ ਤਕਲੀਫ਼ ਦੇ ਕੋਈ ਹਾਵ ਭਾਵ ਵੀ ਨਹੀਂ ਦਿਸੇ, ਤੇ ਫਿਰ ਉਸ ਜਲਾਦ ਨੇ ਆਪਣੀ ਤਲਵਾਰ ਕੱਢ ਕੇ ਬੰਦੇ ਦਾ ਖੱਬਾ ਪੈਰ ਵੱਢ ਦਿੱਤਾ ਤੇ ਫਿਰ ਦੋਵੇਂ ਬਾਂਹਾਂ, ਪਰ ਬੰਦੇ ਦੇ ਚਿਹਰੇ 'ਤੇ ਅਜੇ ਵੀ ਸ਼ਾਂਤੀ ਸੀ ਜਿਵੇਂ ਉਹ ਆਪਣੇ ਰਚਨਹਾਰੇ ਦੀ ਰਜ਼ਾ ਵਿਚ ਹੋਵੇ। ਅੰਤ ਵਿਚ ਗਰਮ ਜਮੂਰ ਉਹਦੇ ਸਰੀਰ ਵਿਚ ਪਰੁੰਨੇ ਗਏ। ਵਹਿਸ਼ੀਪੁਣੇ ਦਾ ਹਰ ਤਰੀਕਾ ਅਪਨਾਇਆ ਗਿਆ। ਉਨ੍ਹਾਂ ਉਹਦੇ ਸਰੀਰ ਦੇ ਕੋਈ 100 ਟੁਕੜੇ ਕੀਤੇ, ਤਾਂ ਜਾ ਕੇ ਉਨ੍ਹਾਂ ਨੂੰ ਤਸੱਲੀ ਹੋਈ।

ਇਹ ਸ਼ਹਾਦਤ ਦਾ ਬਿਰਤਾਂਤ ਹੈ, ਉਸ ਮਹਾਨ ਸੂਰਬੀਰ ਯੋਧੇ ਦਾ ਜਿਸ ਨੇ ਸਿੱਖਾਂ ਵਿਚ ਨਵੀਂ ਰੂਹ ਫੂਕ ਦਿੱਤੀ ਕਿ ਵੱਡੀ ਤੋਂ ਵੱਡੀ ਸਲਤਨਤ ਨੂੰ ਹਰਾਇਆ ਵੀ ਜਾ ਸਕਦਾ ਹੈ, ਤੇ ਜੇ ਗੁਰੂ ਦੀ ਮੱਤ 'ਤੇ ਚੱਲੀਏ ਤਾਂ ਆਪਣਾ ਰਾਜ ਕਾਇਮ ਕਰਨਾ ਮੁਸ਼ਕਿਲ ਤਾਂ ਭਾਵੇਂ ਹੋਵੇ ਪਰ ਨਾਮੁਮਕਿਨ ਨਹੀਂ।

# ਗਲੀ ਜੋਗੁ ਨ ਹੋਈ

ਪ੍ਰੋ. ਹਰਪਾਲ ਸਿੰਘ
ਫੋਨ: 0061-416-421-848

ਰੌਲਾ ਪੈ ਗਿਆ ਸੀ ਪਿੰਡ ਵਿਚ ਸਾਰੇ, ਬਾਬਾ ਨਮਾਜੀ ਹੋ ਗਿਆ।

"ਐਵੇਂ ਝੂਠ ਨਾ ਬੋਲ ਪਾਂਡੇ, ਸੱਚ ਕਹਿ।"

"ਲੈ ਮੈਂ ਆਪ ਨਾਨਕ ਨੂੰ ਕਾਜ਼ੀ ਨਾਲ ਮਸੀਤੇ ਵੜਦਾ ਵੇਖਿਆ ਹੈ।"

"ਰਾਮ ਰਾਮ ਰਾਮ! ਐਡਾ ਅਨਰਥ...ਸਿੱਧਾ ਨਰਕੀਂ ਜਾਊ।" ਪੰਡਿਤ ਚੀਕਿਆ।

ਗੱਲ ਤਾਂ ਠੀਕ ਸੀ ਪਾਂਡੇ ਦੀ। ਨਮਾਜ ਪੜ੍ਹੀ ਜਾ ਰਹੀ ਸੀ ਪਿੰਡ ਵਿਚ ਮਸੀਤੇ। ਮੱਕੇ ਵੱਲ ਹੱਥ ਕਰੀ ਕਾਜ਼ੀ ਲਗਾਤਾਰ ਬੋਲ ਰਿਹਾ ਸੀ। ਵਿਚ ਵਿਚ ਟੇਢੀ ਅੱਖ ਨਾਲ ਬਾਬੇ ਨੂੰ ਵੀ ਵੇਖ ਲੈਂਦਾ ਸੀ। ਨਵਾਬ ਗੁੱਸੇ ਨਾਲ ਭਰਿਆ-ਪੀਤਾ ਬਾਬੇ ਨੂੰ ਘੂਰ ਰਿਹਾ ਸੀ। ਦਰੀ 'ਤੇ ਸ਼ਾਂਤ-ਚਿੱਤ ਬੈਠਾ ਬਾਬਾ, ਚੁੱਪ-ਚਾਪ ਇਹ ਤਮਾਸ਼ਾ ਦੇਖ ਰਿਹਾ ਸੀ। ਅੱਲ੍ਹਾ ਅੱਲ੍ਹਾ ਕਰ ਕੇ ਨਮਾਜ ਖਤਮ ਹੋਈ। ਗੁੱਸੇ ਨਾਲ ਭਰਿਆ ਕਾਜ਼ੀ ਬਾਬੇ ਦੇ ਗਲ ਪੈਣ ਨੂੰ ਫਿਰੇ।

"ਤੂੰ ਚੰਗਾ ਨਹੀਂ ਕੀਤਾ ਨਾਨਕਾ, ਸਾਡੇ ਨਾਲ ਧੋਖਾ ਕੀਤਾ ਸੂ। ਐਵੇਂ ਫੋਕੀਆਂ ਗੱਲਾਂ ਕਰੀ ਜਾਨਾਂ ਏਂ, ਝੂਠ ਬੋਲਦਾ ਏਂ। ਤੂੰ ਤਾਂ ਕਹਿੰਦਾ ਸੀ, ਸਭ ਰੱਬ ਦੇ ਜੀਵ ਨੇ। ਕੀ ਹਿੰਦੂ, ਕੀ ਮੁਸਲਮਾਨ, ਸਭ ਬਰਾਬਰ ਹਨ। ਜੇ ਇੰਜ ਹੈ ਤਾਂ ਸਾਡੇ ਨਾਲ ਖਲੋ ਕੇ ਨਮਾਜ ਕਿਉਂ ਨਹੀਂ ਪੜ੍ਹੀ, ਸਾਡੀ ਨਮਾਜ ਵਿਚ ਸ਼ਾਮਲ ਕਿਉਂ ਨਹੀਂ ਹੋਇਆ? ਸਭ ਫੋਕੀਆਂ ਵਾਤਰਾਂ ਨੇ। ਵਾਹ ਰੇ ਕਿਸਮਤ, ਨਾਨਕਾ, ਮਸੀਤੇ ਆਣ ਕੇ ਰੱਬ ਦੇ ਰਾਹੋਂ ਖੁੰਝ ਗਿਆ ਏਂ।"

"ਖੁੰਝਿਆ ਮੈਂ ਨਹੀਂ ਕਾਜ਼ੀ, ਤੂੰ ਹੀ ਰਾਹੋਂ ਕੁਰਾਹੇ ਪੈ ਗਿਆ ਏਂ। ਅੰਦਰ ਤੇਰੇ ਦਵੰਦ ਚੱਲ ਰਿਹਾ ਏ, ਤੇ ਮੂੰਹੋਂ ਅੱਲ੍ਹਾ ਅੱਲ੍ਹਾ ਕਰੀ ਜਾਨਾਂ ਏਂ। ਲੋਕਾਂ ਨੂੰ ਮੱਤਾਂ ਦਿੰਦਾ ਏਂ, ਮਨ ਤੇਰਾ ਮਾਇਆ ਵਿਚ, ਲੋਭ-ਲਾਲਚ ਵਿਚ ਗ੍ਰਸਿਆ ਹੋਇਆ ਏ। ਤੀਹ ਰੋਜ਼ੇ ਵੀ ਰੱਖਦਾ ਏਂ, ਪੰਜ ਨਮਾਜਾਂ ਵੀ ਪੜ੍ਹਦਾ ਏਂ ਪਰ ਮਨ ਤੇਰਾ ਸ਼ੈਤਾਨ ਦਾ ਸੰਗੀ ਏ,

ਤੀਹ ਕਰਿ ਰਖੇ ਪੰਜ ਕਰਿ ਸਾਥੀ
ਨਾਉ ਸੈਤਾਨੁ ਮਤੁ ਕਟਿ ਜਾਈ॥
ਨਾਨਕੁ ਆਖੈ ਰਾਹਿ ਪੈ ਚਲਣਾ
ਮਾਲੁ ਧਨੁ ਕਿਤ ਕੂ ਸੰਜਿਆਹੀ॥

"ਦੌਲਤ ਇਕੱਠੀ ਕਰੀ ਜਾਨਾਂ ਏਂ, ਇਹ ਹਰਾਮ ਦੀ ਕਮਾਈ ਏ, ਪਾਪ ਦਾ ਪੈਸਾ ਹੈ। ਪੋਥੀਆਂ ਪੜ੍ਹਨ ਨਾਲ, ਨਮਾਜਾਂ ਕਰਨ ਨਾਲ ਸਵਰਗ ਨਹੀਂ ਮਿਲਣਾ। ਲੋਕਾਈ ਨੂੰ ਸ਼ਰਾ ਦੇ ਅਰਥ ਸਮਝਾਉਂਦਾ ਏਂ, ਪਰ ਆਪ ਸ਼ਰਾ ਤੋਂ ਕੋਹਾਂ ਦੂਰ ਏਂ। ਮੈਨੂੰ ਕਹਿੰਨਾ ਏਂ, ਮੈਂ ਤੇਰੀ ਨਮਾਜ ਵਿਚ ਸ਼ਾਮਲ ਨਹੀਂ ਹੋਇਆ, ਤੇਰਾ ਆਪਣਾ ਮਨ ਤਾਂ ਭਟਕ ਰਿਹਾ ਏ। ਘਰ ਵਿਚ ਨਵੀਂ ਜੰਮੀ ਵਛੇਰੀ ਦੀ ਚਿੰਤਾ ਏ, ਕਿਧਰੇ ਖੂਹ ਦੀ ਖੂਹੀ ਵਿਚ ਨਾ ਜਾ ਪਵੇ। ਦੱਸ ਕਾਜ਼ੀ! ਕੌਣ ਸੱਚਾ, ਕੌਣ ਝੂਠਾ? ਸੱਚੀ ਕਰਨੀ ਤੋਂ ਬਿਨਾਂ ਸੱਚ ਪਲੇ ਨਹੀਂ ਰਹਿਣਾ।" ਸ਼ਰਮਿੰਦਾ ਹੋਇਆ ਕਾਜ਼ੀ ਬਾਬੇ ਦੇ ਪੈਰੀਂ ਪੈ ਗਿਆ।

"ਤੇ ਤੁਸੀਂ ਨਵਾਬ ਸਾਹਿਬ, ਹੱਥ ਤੁਹਾਡੇ ਮੱਕੇ ਵੱਲ ਉਠੇ ਹੋਏ ਨੇ, ਤੇ ਫਿਰ ਰਹੇ ਹੋ ਕਾਬਲ ਕੰਧਾਰ ਦੇ ਬਾਜ਼ਾਰਾਂ ਵਿਚ। ਘੋੜਿਆਂ ਦਾ ਸੌਦਾ ਕਰਦੇ ਪਏ ਸਉ। ਤਨ ਤਾਂ ਨਮਾਜੀ ਹੋ ਗਿਆ, ਪਰ ਮਨ ਨਹੀਂ। ਨਿਰਾ ਅੱਲ੍ਹਾ ਅੱਲ੍ਹਾ ਕਰਨ ਨਾਲ ਅੱਲ੍ਹਾ ਨਹੀਂ ਮਿਲਦਾ, ਮਨ ਦੀ ਜੋਤ ਜਗਾਉਣੀ ਪੈਣੀ ਹੈ।" ਡੌਰ-ਭੌਰ ਹੋਇਆ ਨਵਾਬ ਮਸੀਤ ਤੋਂ ਬਾਹਰ ਹੋ ਗਿਆ।

ਮਸੀਤ ਤੋਂ ਬਾਹਰ ਗਲੀ ਵਿਚ ਭਾਰੀ ਸ਼ੋਰ-ਸ਼ਰਾਬਾ ਸੀ। ਬਾਹਾਂ ਉਲਾਰ ਉਲਾਰ ਕੇ ਲੋਕ ਨਾਨਕ ਨੂੰ ਬੁਰਾ ਭਲਾ ਕਹਿ ਰਹੇ ਸਨ। ਪੰਡਿਤ ਤੇ ਜੋਗੀ ਸਭ ਤੋਂ ਅੱਗੇ ਹੋ ਭੀੜ ਦੀ ਅਗਵਾਈ ਕਰ ਰਹੇ ਸਨ। ਅਚਾਨਕ ਬਾਬਾ ਮਸੀਤ ਤੋਂ ਬਾਹਰ ਆ ਗਿਆ। ਲੋਹਾ-ਲਾਖਾ ਹੋਇਆ ਪੰਡਿਤ ਬਾਬੇ ਦੇ ਗਲ ਪੈ ਗਿਆ, "ਤੂੰ ਇਹ ਕੀ ਕੀਤਾ ਨਾਨਕਾ, ਨਮਾਜੀ ਹੋ ਗਿਆ ਏਂ। ਮਸੀਤੇ ਜਾ ਵੜਿਆ ਏਂ। ਸਾਨੂੰ ਤਾਂ ਜਿਉਂਦੇ ਜੀ ਮਾਰ ਦਿੱਤਾ। ਕਿਹੜੇ ਜਨਮਾਂ ਦਾ ਬਦਲਾ ਲਿਆ ਸੂ। ਸਾਡਾ ਮੂੰਹ ਕਾਲਾ ਕਰ ਦਿੱਤਾ ਏ। ਦੱਸ ਹੁਣ ਕਿਧਰ ਨੂੰ ਜਾਈਏ?"

"ਮੈਂ ਕੀ ਕੀਤਾ ਪੰਡਿਤ ਜੀ?" ਬਾਬਾ ਬੋਲਿਆ।

"ਤੂੰ ਕੀ ਨਹੀਂ ਕੀਤਾ!" ਪੰਡਿਤ ਰੋਣਹਾਕਾ ਹੋਇਆ ਪਿਆ ਸੀ।

## ਵਿਚਾਰ-ਚਰਚਾ

"ਸੁਣ ਪਾਂਡੇ, ਤੂੰ ਪਾਖੰਡੀ ਏਂ, ਢੌਂਗੀ ਏਂ। ਵੇਦ ਪੁਰਾਣ ਪੜ੍ਹਦਾ ਏਂ। ਬਗਲੇ ਵਾਂਗ ਸਮਾਧੀ ਲਾਉਂਦਾ ਏਂ, ਪਰ ਮਨ ਤੇਰਾ ਮਾਇਆ ਵਿਚ ਡੁੱਬਾ ਹੋਇਆ ਹੈ। ਗਿਆਨ ਵਿਹੂਣੇ ਲੋਕਾਂ ਨੂੰ ਮੰਤਰਾਂ ਦਾ ਜਾਪ ਕਰ ਕੇ ਵਹਿਮਾਂ-ਭਰਮਾਂ ਵਿਚ ਪਾਉਨਾ ਏਂ। ਲੋਕਾਈ ਦੀ ਸਾਰੀ ਜ਼ਿੰਦਗੀ ਦੀ ਨਾਕਾਬੰਦੀ ਕੀਤੀ ਹੋਈ ਏ। ਜੰਮਣ ਤੋਂ ਲੈ ਕੇ ਮਰਨ ਤੱਕ ਕੋਈ ਵੀ ਕਰਮ ਤੇਰੀ ਅਗਵਾਈ ਤੋਂ ਬਗੈਰ ਨਹੀਂ ਹੋ ਸਕਦਾ। ਪੰਡਿਤਾ! ਬਿਨਾਂ ਰੱਬ ਦੇ ਰੰਗ ਵਿਚ ਰੱਤੇ ਜਾਣ ਦੇ ਮਨ ਟਿਕਾਣੇ ਨਹੀਂ ਆਉਂਦਾ।"

ਪੰਡਿਤ ਮੈਲੁ ਨਾ ਚੁਕਈ
ਜੇ ਵੇਦ ਪੜੈ ਜੁਗ ਚਾਰਿ॥
ਤ੍ਰੈ ਗੁਣ ਮਾਇਆ ਮੂਲੁ ਹੈ
ਵਿਚਿ ਹਉਮੈ ਨਾਮੁ ਵਿਸਾਰਿ॥
ਪੰਡਿਤ ਭੂਲੇ ਦੂਜੈ ਲਾਗੇ
ਮਾਇਆ ਕੈ ਵਾਪਾਰਿ॥
ਅੰਤਰਿ ਤ੍ਰਿਸਨਾ ਭੁਖ ਹੈ
ਮੂਰਖ ਭੁਖਿਆ ਮੁਏ ਗਵਾਰ॥ (ਮਹਲਾ ੩)
ਪੰਡਿਤ ਪੜਹਿ ਵਖਾਣਹਿ ਵੇਦੁ॥
ਅੰਤਰਿ ਵਸਤੁ ਨ ਜਾਣਹਿ ਭੇਦੁ॥
ਗੁਰ ਬਿਨੁ ਸੋਝੀ ਬੂਝ ਨ ਹੋਇ॥
ਸਾਚਾ ਰਵਿ ਰਹਿਆ ਪ੍ਰਭੁ ਸੋਇ॥ (ਮਹਲਾ ੧)

"ਤੂੰ ਪੜ੍ਹਿਆ ਲਿਖਿਆ ਏਂ, ਪਰ ਤੇਰਾ ਕਿਰਦਾਰ ਹਰ ਪੱਖੋਂ ਨੀਵਾਂ ਹੈ। ਸ਼ੁਭ-ਅਸ਼ੁਭ ਦੀ ਗੱਲ ਕਰਦਾ ਏਂ। ਸੁਣ ਪੰਡਿਤ, ਮੇਰੀ ਗੱਲ ਅੰਤਰ-ਆਤਮਾ ਨਾਲ ਸੁਣ।" ਬਾਬਾ ਬੋਲਿਆ, ਉਚਾਰਨ ਹੋਇਆ।

## ਇੱਕੋ-ਇੱਕ

ਅੰਦਰੋਂ-ਬਾਹਰੋਂ ਖੁਦ ਨੂੰ ਇੱਕ ਬਣਾਉਣਾ ਪਊ।
ਇੱਕ ਦੇ ਸਾਹਵੇਂ ਸਿੱਖਾ, ਸੀਸ ਝੁਕਾਉਣਾ ਪਊ।

ਜੇਕਰ ਜੱਗ ਨੂੰ ਇੱਕ ਜੋਤ ਹੀ ਜਾਣ ਰਿਹੈਂ,
ਮਨ ਵਿਚ ਕੱਢੀਆਂ ਕੰਧਾਂ ਨੂੰ ਫਿਰ ਢਾਹੁਣਾ ਪਊ।

ਜੀਵਨ ਵਿਚੋਂ ਕਰਮ-ਕਾਂਡ ਤੇ ਵਹਿਮ ਭਰਮ,
ਹਰ ਇੱਕ ਅੰਧਵਿਸ਼ਵਾਸ ਨੂੰ ਦੂਰ ਭਜਾਉਣਾ ਪਊ।

ਗੈਰ-ਕੁਦਰਤੀ ਕ੍ਰਿਸ਼ਮਿਆਂ ਵਾਲੀਆਂ ਝਾਕਾਂ ਛੱਡ,
ਕੁਦਰਤ ਦੇ ਨਿਯਮਾਂ ਨੂੰ ਯਾਰ ਬਣਾਉਣਾ ਪਊ।

ਗੁਰ-ਸ਼ਬਦਾਂ ਦੇ ਭਾਵ-ਅਰਥਾਂ ਨੂੰ ਜਾਣਨ ਲਈ,
ਸ਼ਬਦੀ-ਅਰਥਾਂ ਤੋਂ ਉਪਰ ਨੂੰ ਆਉਣਾ ਪਊ।

ਗੁਰਬਾਣੀ ਨੂੰ ਤਨ ਦੇ ਤਲ ਤੋਂ ਉਪਰ ਕਰ,
ਮਨ ਦੇ ਤਲ 'ਤੇ ਜਾ ਸਭ ਨੂੰ ਸਮਝਾਉਣਾ ਪਊ।

ਗੁਰ-ਸਿੱਖਿਆ ਨੂੰ ਗਾ ਕੇ, ਪੜ੍ਹ ਕੇ ਨਹੀਂ ਸਰਨਾ,
ਉਪਦੇਸ਼ਾਂ ਨੂੰ ਜੀਵਨ ਵਿਚ ਅਪਨਾਉਣਾ ਪਊ।

ਜਿਸ ਨੂੰ ਤੂੰ ਸੰਸਾਰ ਤੋਂ ਵੱਖਰਾ ਸਮਝ ਰਿਹੈਂ,
ਜ਼ੱਰੇ-ਜ਼ੱਰੇ 'ਚੋਂ ਦਰਸ਼ਨ ਉਸ ਦਾ ਪਾਉਣਾ ਪਊ।

ਸਭ ਸਮਝੌਤੇ-ਬਾਦੀ ਗੱਲਾਂ ਨੂੰ ਛੱਡ ਕੇ,
ਆਪਣੀ ਰਹਿਤ 'ਚੋਂ 'ਇੱਕ' ਨੂੰ ਪ੍ਰਗਟਾਉਣਾ ਪਊ।

-ਡਾ. ਗੁਰਮੀਤ ਸਿੰਘ ਬਰਸਾਲ

# ਚਿੱਤਰਕਲਾ ਅਤੇ ਸਾਹਿਤ ਦਾ ਸੁਮੇਲ

ਜਸਬੀਰ ਭੁੱਲਰ
ਫੋਨ: 01191-97810-08582

ਸਤਵੰਤ ਸਿੰਘ ਸੁਮੇਲ ਪੰਜਾਬੀ ਰਹਿਤਲ ਦਾ ਉਘਾ ਚਿੱਤਰਕਾਰ ਹੈ ਅਤੇ ਗੁਰਬਚਨ ਸਿੰਘ ਭੁੱਲਰ ਪੰਜਾਬੀ ਦਾ ਸਿਰਮੌਰ ਕਹਾਣੀਕਾਰ। ਦੋਵੇਂ ਇਕ ਦੂਜੇ ਨੂੰ ਨਹੀਂ ਸਨ ਜਾਣਦੇ। ਇਕ ਮੁਲਾਕਾਤ ਵੇਲੇ ਮੈਂ ਗੁਰਬਚਨ ਸਿੰਘ ਭੁੱਲਰ ਨੂੰ ਬਸ ਇੰਨਾ ਕੁ ਦੱਸਿਆ ਸੀ ਕਿ "ਸੁਮੇਲ ਚਿੱਤਰਕਾਰ ਦੇ ਚਿੱਤਰ ਤੁਹਾਡੀਆਂ ਕਹਾਣੀਆਂ ਵਰਗੇ ਹਨ।" ਤੇ ਗੱਲ ਆਈ-ਗਈ ਹੋ ਗਈ ਸੀ।

ਇਕ ਦਿਨ ਗੁਰਬਚਨ ਸਿੰਘ ਭੁੱਲਰ ਦਾ ਦਿੱਲੀ ਤੋਂ ਫੋਨ ਆਇਆ। ਉਸ ਦੱਸਿਆ, "ਮੈਂ ਨਾਵਲ ਲਿਖਣਾ ਸ਼ੁਰੂ ਕੀਤਾ ਹੈ।" ਉਹ ਸਾਹਿਤ-ਸਿਰਜਣਾ ਦੇ ਅਗਲੇ ਵਿਸਥਾਰ ਵਲ ਤੁਰਿਆ ਹੋਇਆ ਸੀ। ਉਸ ਦੀ ਸ਼ੁਰੂਆਤ ਕਵਿਤਾ ਤੋਂ ਹੋਈ ਸੀ, ਫਿਰ ਕਹਾਣੀ ਤੇ ਹੁਣ ਉਹ ਨਾਵਲ ਤੱਕ ਪਹੁੰਚ ਗਿਆ ਸੀ। ਨਾਵਲ ਲਿਖਣ ਦੀ ਉਹਦੀ ਇੱਛਾ ਦਾ ਕੋਈ ਸੰਕੇਤ ਮੈਨੂੰ ਕਦੀ ਨਹੀਂ ਸੀ ਮਿਲਿਆ। ਮੇਰੀ ਉਸ ਨਾਵਲ ਵਿਚ ਦਿਲਚਸਪੀ ਜਾਗ ਪੈਣੀ ਕੁਦਰਤੀ ਸੀ। ਮੈਂ ਪੁੱਛਿਆ, "ਕੀ ਨਾਂ ਰੱਖਿਆ ਹੈ ਉਸ ਨਾਵਲ ਦਾ?"

"ਇਹੁ ਜਨਮੁ ਤੁਮਹਾਰੇ ਲੇਖੇ।"

"ਕੀ ਹੈ ਉਸ ਨਾਵਲ ਵਿਚ?"

ਭੁੱਲਰ ਨੇ ਥੋੜ੍ਹੇ ਸ਼ਬਦਾਂ ਵਿਚ ਕਹਾਣੀ ਸਮਝਾਉਣ ਦਾ ਯਤਨ ਕੀਤਾ।

ਵਕਫ਼ੇ ਪਿਛੋਂ ਫਿਰ ਉਸ ਦਾ ਫੋਨ ਆਇਆ, "ਇਸ ਨਾਵਲ ਦੇ ਸਰਵਰਕ ਤੇ ਅੱਖਰਕਾਰੀ ਦੀ ਜ਼ਿੰਮੇਵਾਰੀ ਤੇਰੀ ਹੈ।"

ਗੁਰਬਚਨ ਸਿੰਘ ਭੁੱਲਰ ਨੂੰ ਚਿੱਤਰ ਕਲਾ ਵਿਚ ਮੇਰੀ ਰੁਚੀ ਦਾ ਪਤਾ ਸੀ। ਸਿਰਜਣਾ ਦਾ ਮੇਰਾ ਸਫਰ ਚਿੱਤਰਕਲਾ ਤੋਂ ਹੀ ਸ਼ੁਰੂ ਹੋਇਆ ਸੀ। ਬਾਅਦ ਵਿਚ ਮੈਂ ਲੇਖਕ ਹੋ ਗਿਆ ਸਾਂ। ਨੌਕਰੀ ਅਤੇ ਸਾਹਿਤ ਦੇ ਮਿਲਵੇਂ ਰੁਝੇਵਿਆਂ ਕਾਰਨ ਮੈਨੂੰ ਰੰਗ ਅਤੇ ਬੁਰਸ਼ ਪਰ੍ਹਾਂ ਰੱਖਣੇ ਪਏ ਸਨ। ਇਕ ਵਾਰ ਦਾ ਛੁੱਟਿਆ ਇਹ ਸਾਥ ਫਿਰ ਸੇਵਾਮੁਕਤੀ ਤੋਂ ਮਗਰੋਂ ਵੀ ਛੁੱਟਿਆ ਹੀ ਰਿਹਾ ਸੀ।... ਤੇ ਫਿਰ ਕ੍ਰਿਸ਼ਮਾ ਹੋਇਆ, ਚਿੱਤਰਕਾਰ ਸਾਧਨਾ ਸੰਗਰ, ਜਸਕੰਵਲ, ਮਲਕੀਅਤ ਸਿੰਘ, ਸਤਵੰਤ ਸਿੰਘ ਸੁਮੇਲ, ਬੀਬਾ ਬਲਵੰਤ ਅਤੇ ਪ੍ਰੇਮ ਸਿੰਘ ਵਰਗੇ ਨਾਮੀ ਚਿੱਤਰਕਾਰਾਂ ਦੀ ਸੰਗਤ ਤੇ ਪ੍ਰੇਰਨਾ ਸਦਕਾ ਬੁਰਸ਼, ਰੰਗ ਅਤੇ ਕੈਨਵਸ ਮੁੜ ਮੇਰੀ ਪਹੁੰਚ ਵਿਚ ਹੋ ਗਏ, ਪਰ ਭੁੱਲਰ ਦੇ ਨਾਵਲ ਅਨੁਸਾਰ ਪੇਂਟਿੰਗ ਬਣਾ ਸਕਣਾ ਮੈਨੂੰ ਸੰਭਵ ਨਹੀਂ ਸੀ ਜਾਪ ਰਿਹਾ।

ਗਾਹੇ-ਬਗਾਹੇ ਅਸੀਂ ਫੋਨ ਉਤੇ ਗੱਲਾਂ ਕਰਦੇ ਹਾਂ। ਅਗਲੀ ਵਾਰ ਭੁੱਲਰ ਦਾ ਫੋਨ ਆਇਆ ਤਾਂ ਉਸ ਦੱਸਿਆ, "ਜਸਬੀਰ ਭਾਈ! ਲੇਖਕ, ਪ੍ਰਕਾਸ਼ਕ ਹੁਣ ਬਹੁਤੇ ਕਵਰ ਕੰਪਿਊਟਰ ਵਿਚੋਂ ਕੱਢਦੇ ਨੇ। ਉਹ ਆਮ ਕਰ ਕੇ ਰੰਗਾਂ ਦਾ ਜਾਂ ਧੁੰਦਲੇ ਚਿਹਰਿਆਂ ਦਾ ਵਿਖਾਲਾ ਹੁੰਦੇ ਨੇ। ਬਹੁਤੀਆਂ ਸੂਰਤਾਂ ਵਿਚ ਉਨ੍ਹਾਂ ਦਾ ਰਚਨਾ ਦੇ ਵਿਸ਼ੇ ਨਾਲ ਕੋਈ ਸਬੰਧ ਨਹੀਂ ਹੁੰਦਾ। ਇਕ ਕਿਤਾਬ ਦਾ ਕਵਰ ਕਿਸੇ ਵੀ ਦੂਜੀ ਕਿਤਾਬ ਉਤੇ ਚਾੜ੍ਹਿਆ ਜਾ ਸਕਦਾ ਹੈ।" ਉਹਨੇ ਲੋੜ ਦੱਸੀ, "ਮੇਰੇ ਨਾਵਲ ਦਾ ਕਵਰ ਅਜਿਹਾ ਨਹੀਂ ਹੋਵੇਗਾ। ਮੈਨੂੰ ਖ਼ੂਬਸੂਰਤ ਚਿੱਤਰ ਦੀ ਲੋੜ ਹੈ ਜੋ ਮੇਰੇ ਨਾਵਲ ਦੇ ਵਿਸ਼ੇ ਨਾਲ ਵੀ ਮੇਲ ਖਾਂਦਾ ਹੋਵੇ।"

"ਮੈਂ ਨਾਵਲ ਦਾ ਨਾਂ 'ਇਹੁ ਜਨਮੁ ਤੁਮਹਾਰੇ ਲੇਖੇ' ਰੱਖਿਆ ਹੈ।" ਪਹਿਲੋਂ ਕਈ ਵਾਰ ਦੱਸੇ ਨਾਂ ਨੂੰ ਗੁਰਬਚਨ ਸਿੰਘ ਭੁੱਲਰ ਨੇ ਮੁੜ ਦੁਹਰਾਇਆ ਤੇ ਦੱਸਿਆ, "ਇਹ ਨਾਵਲ ਸਮਾਜਕ ਬੰਧਨਾਂ ਨੂੰ ਤੋੜ ਕੇ ਨਿਰੋਲ ਆਪਣੀ ਜਗ੍ਹਾ ਤਲਾਸ਼ ਰਹੀ ਸੁਹਣੀ ਤੇ ਜਜ਼ਬਾਤੀ ਔਰਤ ਦੀ ਕਹਾਣੀ ਹੈ। ਤੂੰ ਖੁਦ ਲੇਖਕ ਹੈਂ। ਮੇਰੀ ਇੰਨੀ ਗੱਲ ਤੋਂ ਵਿਸ਼ਾ ਚੰਗੀ ਤਰ੍ਹਾਂ ਸਮਝ ਸਕਦਾ ਹੈਂ।"

ਮੈਂ ਨਹੁੰ ਨਾਲ ਮੱਥਾ ਖੁਰਕਿਆ। ਭੁੱਲਰ ਨੇ ਗੱਲ ਮੁਕਾਈ, "ਹੁਣ ਇਹ ਚਿੱਤਰ ਲੱਭਣਾ ਤੇਰਾ ਕੰਮ ਹੈ।"... ਤੇ ਮੇਰਾ ਜੁਆਬ ਸੁਣਨ ਤੋਂ ਪਹਿਲਾਂ ਹੀ ਭਾਅ ਨੇ ਫੋਨ ਰੱਖ ਦਿੱਤਾ। ਹੁਣ ਵੱਡੇ ਭਾਊ ਦਾ ਕਿਹਾ ਕੌਣ ਟਾਲੇ! ਮੈਂ ਆਪਣੇ ਦੋਸਤ ਚਿੱਤਰਕਾਰਾਂ ਦੇ ਚਿੱਤਰਾਂ ਨੂੰ ਚੇਤੇ ਕੀਤਾ; ਚਿੱਤਰਕਾਰ ਸਾਧਨਾ ਸੰਗਰ ਤੇ ਜਸਕੰਵਲ ਨਾਲ ਇਸ ਬਾਰੇ ਗੱਲ ਕੀਤੀ। ਚਿੱਤਰ ਤਾਂ ਮੈਨੂੰ ਲੱਭਣਾ ਹੀ ਪੈਣਾ ਸੀ। ਅਚਾਨਕ ਮੈਨੂੰ ਆਪਣਾ ਮੋਹਵੰਤਾ ਮਿੱਤਰ ਚਿੱਤਰਕਾਰ ਸਤਵੰਤ ਸਿੰਘ ਸੁਮੇਲ ਯਾਦ ਆਇਆ। ਉਹਦੇ ਬਣਾਏ ਤਰਲ ਜਿਹੇ ਚਿਹਰਿਆਂ ਵਾਲੇ ਨਾਰੀ-ਚਿੱਤਰਾਂ ਦੀ ਮੈਨੂੰ ਸੂਹ ਸੀ। ਮੈਂ ਉਹਨੂੰ ਆਪਣੀ ਲੋੜ ਜਾ ਦੱਸੀ। ਇਸ ਲੋੜ ਦਾ ਦਿਲਚਸਪ ਪਹਿਲੂ ਇਹ ਸੀ ਕਿ ਲੇਖਕ ਤੇ ਚਿੱਤਰਕਾਰ ਇਕ ਦੂਜੇ ਨੂੰ ਬਿਲਕੁਲ ਵੀ ਨਹੀਂ ਸਨ ਜਾਣਦੇ। ਆਖਰ ਇਸ ਔਖੀ ਚੋਣ ਵਿਚੋਂ ਮੈਂ ਦੋ ਚਿੱਤਰ ਵੱਖ ਕਰ ਲਏ ਤੇ ਭਾਅ ਭੁੱਲਰ ਨੂੰ ਈ-ਮੇਲ ਕਰ ਦਿੱਤੇ। ਪਸੰਦ ਉਹਨੂੰ ਦੋਵੇਂ ਸਨ, ਪਰ ਚੁਣਨਾ ਤਾਂ ਇਕ ਹੀ ਪੈਣਾ ਸੀ। ਕਿਤਾਬ ਦੇ ਸਰਵਰਕ ਲਈ ਜਿਹੜਾ ਚਿੱਤਰ ਭੁੱਲਰ ਨੇ ਚੁਣਿਆ, ਉਸ ਚਿੱਤਰ ਵਿਚ ਲਾਲ ਰੰਗ ਪ੍ਰਭਾਵੀ ਹੈ। ਇਕ ਸੂਹੀ ਮੱਛੀ ਸੁਹਣੀ ਔਰਤ ਦੀਆਂ ਬਾਹਵਾਂ ਵਲ ਅਹੁਲਦੀ ਤੇ ਉਹਦੇ ਨਾਲ ਗੱਲਾਂ ਕਰਦੀ ਪ੍ਰਤੀਤ ਹੁੰਦੀ ਹੈ। ਸਾਫ ਦਿਸਦਾ ਹੈ ਕਿ ਉਹ ਮੱਛਲੀ ਉਸ ਔਰਤ ਦੀਆਂ ਲਾਲਸਾਵਾਂ, ਸੁਪਨਿਆਂ ਅਤੇ ਮੁਹੱਬਤ ਨੂੰ ਰੂਪਮਾਨ ਕਰਦੀ ਹੈ।



*ਸਤਵੰਤ ਸਿੰਘ ਸੁਮੇਲ (ਖੱਬੇ) ਅਤੇ ਗੁਰਬਚਨ ਸਿੰਘ ਭੁੱਲਰ ਨਾਵਲ ਦੇ ਸਰਵਰਕ ਤੇ ਅਸਲ ਪੇਂਟਿੰਗ ਨਾਲ; ਪਿਛੇ ਦਿਖਾਈ ਦੇ ਰਹੇ ਹਨ ਜਸਬੀਰ ਭੁੱਲਰ।*

ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਛਪ ਗਿਆ ਤੇ ਲੇਖਕ ਨੇ ਸੂਚਨਾ ਵਜੋਂ ਨਾਵਲ ਦਾ ਸੰਖੇਪ ਵੇਰਵਾ ਦਿੰਦਿਆਂ ਕਵਰ ਦੋਸਤਾਂ ਨੂੰ ਈ-ਮੇਲ ਕਰ ਦਿੱਤਾ। ਦੋਸਤਾਂ ਨੇ ਈ-ਮੇਲ ਤੇ ਫੇਸ-ਬੁਕ ਰਾਹੀਂ ਉਹ ਅੱਗੇ ਤੋਰ ਦਿੱਤਾ। ਉਹ ਚਿੱਤਰ ਵੇਖਣ ਵਾਲੇ ਆਖਦੇ ਹਨ ਕਿ ਨਾਵਲ ਦੇ ਵਿਸ਼ੇ ਨੂੰ ਲੈ ਕੇ ਬਣਾਇਆ ਗਿਆ ਚਿੱਤਰ ਬਹੁਤ ਢੁਕਵਾਂ ਹੈ। ਉਹ ਨਹੀਂ ਜਾਣਦੇ, ਚਿੱਤਰ ਨਾਵਲ ਬਾਰੇ ਕੁਝ ਵੀ ਨਾ ਜਾਣਦਿਆਂ ਸਾਕਾਰ ਹੋਇਆ ਸੀ, ਪਰ ਨਾਵਲ ਦੇ ਪੂਰੀ ਤਰ੍ਹਾਂ ਮੇਚ ਆ ਗਿਆ ਸੀ। ਕਲਮ ਅਤੇ ਕਲਾ, ਦੋਵੇਂ ਮਨੁੱਖੀ ਜਜ਼ਬਿਆਂ ਨੂੰ ਪ੍ਰਗਟ ਕਰਦੀਆਂ ਹਨ। ਕਲਮ ਜੋ ਕੰਮ ਸ਼ਬਦਾਂ ਨਾਲ ਕਰਦੀ ਹੈ, ਕਲਾ ਉਹੋ ਕੰਮ ਰੰਗਾਂ ਨਾਲ ਕਰਦੀ ਹੈ। ਸ਼ਬਦਾਂ ਤੇ ਰੰਗਾਂ ਦੇ ਵਸੀਲੇ ਭਾਵੇਂ ਵੱਖ-ਵੱਖ ਹੋਣ, ਉਦੇਸ਼ ਤੇ ਸਿੱਟਾ ਇਕੋ ਹੁੰਦਾ ਹੈ, ਨਿਰਾਕਾਰ ਜਜ਼ਬਿਆਂ ਨੂੰ ਸਾਕਾਰ ਕਰਨਾ। ਇਸੇ ਕਰ ਕੇ ਕਈ ਵਾਰ ਦੋਹਾਂ ਵਿਚਕਾਰ ਹੈਰਾਨ ਕਰਨ ਵਾਲੀ ਸਾਂਝ ਦੇਖਣ ਵਿਚ ਆਉਂਦੀ ਹੈ।

ਮੇਰਾ ਇਹ ਕਲਮ ਅਤੇ ਕਲਾ ਦੀ ਜੁਗਲਬੰਦੀ ਦਾ ਸਿੱਧਾ ਅਤੇ ਅਨੋਖਾ ਅਨੁਭਵ ਸੀ।

ਚਿੱਤਰਕਾਰ ਸਤਵੰਤ ਸਿੰਘ ਸੁਮੇਲ ਨੇ ਗੁਰਬਚਨ ਸਿੰਘ ਭੁੱਲਰ ਅਤੇ ਆਪਣੇ ਚਿੱਤਰ ਦੀ ਸਬੱਬ ਨਾਲ ਹੋਈ ਸੰਪੂਰਨ ਜੁਗਲਬੰਦੀ ਵੇਖੀ ਤਾਂ ਹੈਰਾਨੀ ਉਹਨੂੰ ਵੀ ਹੋਈ। ਇਕ ਦਿਨ ਉਹ ਕਹਿੰਦਾ, "ਜੇ ਕੁਦਰਤ ਨੇ ਭੁੱਲਰ ਦੇ ਨਾਵਲ ਤੇ ਸੁਮੇਲ ਦੇ ਚਿੱਤਰ ਦਾ ਅਜਿਹਾ ਸੁਮੇਲ ਕਰ ਦਿੱਤਾ ਹੈ ਤਾਂ ਮੈਂ ਇਹ ਚਿੱਤਰ ਲੇਖਕ ਨੂੰ ਹੀ ਭੇਟ ਕਰਨਾ ਚਾਹਾਂਗਾ।" ਮੈਂ ਇਹ ਗੱਲ ਲੇਖਕ ਨੂੰ ਦੱਸੀ ਤਾਂ ਉਹਦਾ ਕਹਿਣਾ ਸੀ, "ਮੇਰੇ ਨਾਵਲ ਨੂੰ ਇਸ ਤੋਂ ਵੱਡਾ ਸਨਮਾਨ ਹੋਰ ਕੀ ਮਿਲ ਸਕਦਾ ਹੈ! ਮੈਂ ਆਵਾਂਗਾ, ਚਿੱਤਰਕਾਰ ਨੂੰ ਮਿਲਾਂਗਾ ਵੀ ਤੇ ਉਹਦੇ ਸਿਰਜਕ ਹੱਥਾਂ ਤੋਂ ਚਿੱਤਰ ਦੀ ਸੌਗਾਤ ਹਾਸਲ ਕਰ ਕੇ ਧੰਨ ਵੀ ਹੋਵਾਂਗਾ। ਉਸੇ ਮਿਲਣੀ ਵਿਚ ਮੈਂ ਵੀ ਆਪਣੇ ਨਾਵਲ ਆਪਣੇ ਹੱਥੀਂ ਕਲਾਕਾਰ ਨੂੰ ਭੇਟ ਕਰਨਾ ਚਾਹਾਂਗਾ।"

ਫਿਰ ਇਕ ਦਿਨ ਗੁਰਬਚਨ ਸਿੰਘ ਭੁੱਲਰ ਦਿੱਲੀ ਤੋਂ ਉਚੇਚਾ ਮੁਹਾਲੀ ਪਹੁੰਚਿਆ। ਕਲਮ ਅਤੇ ਕਲਾ ਦਾ ਸੰਗਮ ਬਣੀ ਮਹਿਫਿਲ ਵਿਚ ਚਿੱਤਰਕਾਰ ਸੁਮੇਲ ਨੇ ਲੇਖਕ ਨੂੰ ਉਹ ਪੇਂਟਿੰਗ ਭੇਟ ਕਰ ਦਿੱਤੀ। ਲੇਖਕ ਨੇ ਨਾਵਲ ਦੀ ਹੱਥੀਂ ਲਿਖੇ ਸਮਰਪਣ ਵਾਲੀ ਕਾਪੀ ਚਿੱਤਰਕਾਰ ਨੂੰ ਭੇਟ ਕੀਤੀ। ਅਕੀਦਤ ਤੇ ਮੁਹੱਬਤ ਦੇ ਉਨ੍ਹਾਂ ਭਾਵੁਕ ਪਲਾਂ ਵਿਚ ਮੈਨੂੰ ਜਾਪਿਆ, ਭੁੱਲਰ ਨੂੰ ਸਾਹਿਤ ਅਤੇ ਕਲਾ ਦੇ ਹੁੰਗਾਰੇ ਦਾ ਸਭ ਤੋਂ ਵੱਡਾ ਇਨਾਮ ਮਿਲ ਗਿਆ ਹੈ।

# ਭੁੱਲਰ ਦਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ'

ਅੱਧੀ ਸਦੀ ਪਹਿਲਾਂ ਜਦੋਂ ਗੁਰਬਚਨ ਭੁੱਲਰ ਦਾ ਪਲੇਠਾ ਕਹਾਣੀ ਸੰਗ੍ਰਹਿ 'ਓਪਰਾ ਮਰਦ' ਛਪਿਆ ਸੀ ਤਾਂ ਪੈਂਦੀ ਸੱਟੇ ਹੀ ਉਹਦਾ ਸ਼ੁਮਾਰ ਪਹਿਲੀ ਕਤਾਰ ਦੇ ਕਹਾਣੀਕਾਰਾਂ ਵਿਚ ਹੋ ਗਿਆ ਸੀ। ਇਸ ਸੰਗ੍ਰਹਿ ਦੀਆਂ ਕਹਾਣੀਆਂ ਆਪਣੀ ਕਹਾਣੀ ਆਪ ਕਹਿੰਦੀਆਂ ਸਨ ਅਤੇ ਇਨ੍ਹਾਂ ਦਾ ਬਿਰਤਾਂਤ ਜਿਸ ਢੰਗ ਨਾਲ ਮਾਲਵੇ ਦੇ ਪਿੰਡਾਂ ਦੇ ਅਨੁਭਵਾਂ ਤੇ ਵੇਰਵਿਆਂ ਨਾਲ ਜੋੜ ਕੇ ਪੇਸ਼ ਕੀਤਾ ਗਿਆ ਸੀ, ਉਸ ਨੇ ਸਭ ਦਾ ਧਿਆਨ ਖਿੱਚਿਆ। ਮਗਰੋਂ 'ਓਪਰਾ ਮਰਦ' ਕਹਾਣੀ ਨੂੰ ਤਾਂ ਕਲਾਸਿਕ ਵੀ ਮੰਨਿਆ ਗਿਆ।


ਹੁਣ ਭੁੱਲਰ ਦਾ ਪਹਿਲਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ ਤਾਂ ਉਸ ਦੀ ਗਿਣਤੀ ਪਹਿਲੀ ਕਤਾਰ ਦੇ ਨਾਵਲਕਾਰਾਂ ਵਿਚ ਹੋਣ ਲੱਗ ਪਈ ਹੈ। ਅਜਿਹੀਆਂ ਮਿਸਾਲਾਂ ਬੜੀਆਂ ਘੱਟ ਹਨ ਜਦੋਂ ਕਿਸੇ ਕਹਾਣੀ ਲੇਖਕ ਨੇ ਇਉਂ ਸਫਲਤਾਪੂਰਵਕ ਨਾਵਲ ਦੇ ਪਿੜ ਵਿਚ ਪੈਰ ਪਾਏ ਹੋਣ। ਕਿਹਾ ਜਾਂਦਾ ਹੈ ਕਿ ਲੰਮੀ ਕਹਾਣੀ ਨੂੰ ਰਤਾ ਕੁ ਹੋਰ ਲੰਮੀ ਕਰਨ ਨਾਲ ਇਹ ਨਾਵਲ ਬਣ ਜਾਂਦੀ ਹੈ, ਪਰ 'ਇਹੁ ਜਨਮੁ ਤੁਮਹਾਰੇ ਲੇਖੇ' ਪੜ੍ਹਦਿਆਂ ਕਨਸੋਅ ਮਿਲਦੀ ਹੈ ਕਿ ਇੱਦਾਂ ਅਕਸਰ ਨਹੀਂ ਹੁੰਦਾ; ਕਿਉਂਕਿ ਭੁੱਲਰ ਹਰ ਵਿਧਾ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਤੋਂ ਵਾਕਿਫ ਹੀ ਨਹੀਂ, ਉਹਨੂੰ ਇਨ੍ਹਾਂ ਵਿਚਕਾਰਲੇ ਫਰਕ ਦਾ ਵੀ ਇਲਮ ਹੈ। ਉਹਦੀ ਲਿਖੀ ਕਵਿਤਾ, ਕਹਾਣੀ, ਵਾਰਤਕ, ਆਲੋਚਨਾ ਅਤੇ ਜੀਵਨੀਮੂਲਕ ਰਚਨਾਵਾਂ ਇਸ ਦਾ ਸਬੂਤ ਹਨ। ਇਨ੍ਹਾਂ ਰਚਨਾਵਾਂ ਦਾ ਨਾਤੂਆਂ ਆਪਸ ਵਿਚ ਬੱਝਿਆ ਹੋਣ ਦੇ ਬਾਵਜੂਦ ਇਹ ਇਕ-ਦੂਜੀ ਤੋਂ ਐਨ ਵੱਖਰੀਆਂ ਹਨ।

ਇਸ ਵਿਚ ਹੁਣ ਕੋਈ ਲੁਕੋ ਨਹੀਂ ਕਿ 'ਇਹੁ ਜਨਮੁ ਤੁਮਹਾਰੇ ਲੇਖੇ' ਦੀ ਮੁੱਖ ਪਾਤਰ ਜਗਦੀਪ ਪੰਜਾਬੀ ਦੀ ਨਾਮਵਰ ਲੇਖਕਾ ਨਾਲ ਮੇਲ ਖਾਂਦੀ ਹੈ। ਉਸ ਦੇ ਆਲੇ-ਦੁਆਲੇ ਵਿਚਰਦੇ ਹੋਰ ਪਾਤਰ ਵੀ ਪਛਾਣ ਵਿਚ ਆ ਜਾਂਦੇ ਹਨ। ਨਾਵਲ ਵਿਚ ਰਿਸ਼ਤਿਆਂ ਦੀ ਅਜਿਹੀ ਲੜੀ ਸਾਹਮਣੇ ਆਉਂਦੀ ਹੈ ਜੋ ਬਹੁਤੀ ਵਾਰ ਟੁੱਟ-ਟੁੱਟ ਕੇ ਵੀ ਅਟੁੱਟ ਰਹਿੰਦੀ ਹੈ। ਲੋੜ ਮੁਤਾਬਕ ਇਨ੍ਹਾਂ ਰਿਸ਼ਤਿਆਂ ਦੀ ਪਰਿਕਰਮਾ ਕਰਦੀ ਜਗਦੀਪ, ਸਾਹਿਤ ਅਤੇ ਜੀਵਨ ਦੇ ਅੰਬਰ ਵਿਚ ਪੂਰੇ ਤਾਣ ਨਾਲ ਉਡਾਰੀ ਭਰਦੀ ਹੈ। ਇਸ ਤਾਣ ਪਿੱਛੇ ਜਿਹੜੇ ਵਲਵਲੇ ਹਨ, ਉਨ੍ਹਾਂ ਦੇ ਹਿਸਾਬ ਨਾਲ ਉਹਨੂੰ ਛੇਤੀ ਹੀ ਖੁੱਲ੍ਹਾ ਆਸਮਾਨ ਛੋਟਾ ਜਾਪਣ ਲਗਦਾ ਹੈ। ਇਸੇ ਕਰ ਕੇ ਇਹ ਨਾਇਕਾ ਰਾਹ ਵਿਚ ਆਉਂਦੀ ਹਰ ਮੁਸ਼ਕਿਲ ਨੂੰ ਆਪਣੀ ਸ਼ਖਸੀਅਤ ਦੀ ਕਟਾਰ ਨਾਲ ਪੱਛਦੀ ਚਲੀ ਜਾਂਦੀ ਹੈ। ਉਹ ਜਿੱਧਰ ਮੂੰਹ ਕਰਦੀ ਹੈ, ਰਾਹ ਬਣਦੇ ਜਾਂਦੇ ਹਨ।

ਸਾਹਿਤ ਨਾਲ ਲਗਾਓ ਰੱਖਣ ਵਾਲਿਆਂ ਲਈ ਇਹ ਕਥਾ ਕੋਈ ਓਪਰੀ ਨਹੀਂ। ਪਾਠਕ ਨੂੰ ਨਾਇਕਾ ਅਤੇ ਇਸ ਨਾਲ ਜੁੜੇ ਪ੍ਰਸੰਗ ਪਹਿਲਾਂ ਹੀ ਪਤਾ ਹਨ, ਪਰ ਇਹ ਭੁੱਲਰ ਦਾ ਜ਼ੋਰ-ਇ-ਕਲਮ ਹੈ ਕਿ 400 ਪੰਨਿਆਂ ਦੇ ਲੰਮੇ ਨਾਵਲ ਬਾਰੇ ਦਿਲਚਸਪੀ ਬਰਕਰਾਰ ਰਹਿੰਦੀ ਹੈ, ਰਜਾਈ ਦੇ ਨਿੱਘ ਵਿਚ ਸੁਣੀ ਜਾ ਰਹੀ ਬਾਤ ਵਾਂਗ ਇਸ ਕਥਾ ਦੀ ਲੜੀ ਟੁੱਟਦੀ ਨਹੀਂ। ਲੇਖਕ ਇਸ ਪਾਤਰ ਨਾਲ ਵਿਚਰਦੇ ਪਾਤਰਾਂ ਅਤੇ ਇਨ੍ਹਾਂ ਨਾਲ ਜੁੜੀਆਂ ਘਟਨਾਵਾਂ ਦੀ ਤਾਣੀ ਤਣਦਾ, ਨਿਵੇਕਲਾ ਮਾਹੌਲ ਸਿਰਜਦਾ ਹੈ। ਇਸ ਮਾਹੌਲ ਦੀ ਤਪਸ਼ ਨਾਵਲ ਦੇ ਹਰ ਪੰਨੇ ਵਿਚੋਂ ਭਾਫਾਂ ਛੱਡਦੀ ਮਹਿਸੂਸ ਹੁੰਦੀ ਹੈ। ਉਹ ਕਿਸੇ ਪਾਤਰ ਦੀ ਧਿਰ ਨਹੀਂ ਬਣਦਾ, ਨਾ ਘਟਨਾਵਾਂ ਬਾਰੇ ਕਿਸੇ ਖਾਸ ਨਜ਼ਰੀਏ ਲਈ ਆਪਣੀ ਕੋਈ ਜ਼ਿਦ ਹੀ ਪੁਗਾਉਂਦਾ ਹੈ, ਸਗੋਂ ਪਾਤਰਾਂ ਤੇ ਘਟਨਾਵਾਂ ਦੇ ਵੇਰਵਿਆਂ ਵਿਚੋਂ ਬਿਰਤਾਂਤ ਸਿਰਜਦਾ ਹੈ।

ਇਸੇ ਕਰ ਕੇ ਗੁਰਮੁਖ ਸਿੰਘ ਵਾਲਾ ਪਾਤਰ, ਹਰ ਪੰਨਾ ਪਲਟਣ ਤੋਂ ਬਾਅਦ ਪਹਿਲਾਂ ਨਾਲੋਂ ਵੀ ਨਿੱਖਰ ਕੇ ਸਾਹਮਣੇ ਆਉਂਦਾ ਹੈ। ਇਸ ਬਿਰਤਾਂਤ ਦੇ ਧੁਰ ਅੰਦਰ ਕਿਤੇ ਉਹਦੀ ਬੇਵਸੀ ਸਹਿਕਦੀ ਹੈ, ਪਰ ਉਹਦੀ ਇਹ ਬੇਵਸੀ ਆਖਰ ਬੇਵਸੀ ਨਹੀਂ ਰਹਿੰਦੀ, ਬਲਕਿ ਨਾਵਲ ਦੀ ਬਰਕਤ ਹੋ ਨਿਬੜਦੀ ਹੈ ਅਤੇ ਪਾਠਕ ਦੇ ਸਾਹਮਣੇ ਇਕ ਕੱਦਾਵਰ ਪਾਤਰ ਸਾਕਾਰ ਹੋ ਜਾਂਦਾ ਹੈ। ਬੇਵਸੀ ਤੋਂ ਬਰਕਤ ਵਿਚ ਵਟਦਾ ਇਹ ਰੰਗ ਬੜਾ ਮੌਲਿਕ ਅਤੇ ਮੁੱਲਵਾਨ ਹੈ। ਸਮੇਂ ਦਾ ਬੱਸ ਇਹੀ ਗੇੜ ਹੈ ਕਿਉਂਕਿ ਮਗਰੋਂ ਉਮਰ ਦੀਆਂ ਤਰਕਾਲਾਂ ਵੇਲੇ ਜਗਦੀਪ ਦੀਆਂ ਪਹਿਲੀਆਂ ਬਰਕਤਾਂ ਹੌਲੀ-ਹੌਲੀ ਬੇਵਸੀ ਦੀ ਜੂਨੇ ਪੈ ਜਾਂਦੀਆਂ ਹਨ।

ਅਸਲ ਵਿਚ ਸਮੁੱਚੇ ਨਾਵਲ ਵਿਚ ਭੁੱਲਰ, ਬਰਕਤ ਤੇ ਬੇਵਸੀ ਦੀ ਇਸੇ ਘੁੰਢੀ ਦੀਆਂ ਗੰਢਾਂ ਪੋਲੀਆਂ ਕਰਨ ਦਾ ਆਹੁਰ ਕਰਦਾ ਹੈ। ਇਹ ਸੋਚਦਿਆਂ ਲੇਖਕ ਵੱਲੋਂ ਨਾਵਲ ਦੇ ਪੁਸ਼ਾਕੇ ਉਤੇ ਲਿਖੇ ਸ਼ਬਦ ਬਦੋ-ਬਦੀ ਰਾਹ ਡੱਕ ਖਲੋਂਦੇ ਹਨ: "ਉਹ (ਜਗਦੀਪ) ਸਮਾਜ ਦੇ ਅਸਤਰਾਂ-ਸ਼ਸਤਰਾਂ ਦੇ ਬਾਵਜੂਦ ਆਪਣੀ ਮੁਕਤ ਸੋਚ ਦੇ ਖੰਭਾਂ ਦੇ ਬਲ ਨਾਲ ਸਮਾਜਕ ਪ੍ਰਬੰਧ ਦੀ ਗੁਰੂਤਾ ਸ਼ਕਤੀ ਨੂੰ ਚੀਰ ਜਾਂਦੀ ਹੈ ਅਤੇ ਮਨਚਾਹੇ ਤੇ ਮਨਚਿਤਵੇ ਅੰਬਰਾਂ




ਦੀਆਂ ਉਚੀਆਂ ਉਡਾਰੀਆਂ ਭਰਨ ਦੇ ਸਮਰੱਥ ਰਹਿੰਦੀ ਹੈ। ਵਿਗਿਆਨ ਅਨੁਸਾਰ, ਧਰਤੀ ਦੀ ਗੁਰੂਤਾ-ਖਿੱਚ ਨੂੰ ਪਾਰ ਕਰ ਕੇ ਉਚੇ ਅੰਬਰੀਂ ਪਹੁੰਚੇ ਪੁਲਾੜ ਯਾਤਰੀਆਂ ਦੇ ਤਨ-ਮਨ ਉੱਤੇ ਬੜੇ ਦੀਰਘ ਪ੍ਰਭਾਵ ਪੈਂਦੇ ਹਨ। ਕੀ ਮਨੋਵਿਗਿਆਨ ਅਨੁਸਾਰ, ਸਮਾਜਕ ਗੁਰੂਤਾ ਨੂੰ ਚੀਰ ਕੇ ਸਵੈ-ਸਿਰਜੇ ਅੰਬਰਾਂ ਵਿਚ ਉੱਡੀ ਨਾਬਰ ਨਾਰੀ ਦੇ ਤਨ-ਮਨ ਉਤੇ ਵੀ ਕੋਈ ਦੀਰਘ ਪ੍ਰਭਾਵ ਪੈਂਦੇ ਹਨ ਜਾਂ ਨਹੀਂ? ਬੱਸ ਇਹੋ ਸਵਾਲ ਇਸ ਨਾਵਲ ਦਾ ਸਰੋਕਾਰ ਹੈ।" ਭੁੱਲਰ ਨੇ ਨਾਵਲ ਵਿਚ ਇਸ ਸਰੋਕਾਰ ਨੂੰ ਖੂਬ ਜਰਬ ਦਿੱਤੀ ਹੈ।

ਪੰਜਾਬੀ ਸਾਹਿਤ ਦੇ ਕਈ ਨਾਮੀ ਲੇਖਕਾਂ ਬਾਰੇ ਆਮ ਪਾਠਕ ਦੀ ਸ਼ਿਕਾਇਤ ਰਹੀ ਹੈ ਕਿ ਜਿਉਂ-ਜਿਉਂ ਉਮਰ ਦਾ ਪੰਧ ਅਗਾਂਹ ਵਧਦਾ ਗਿਆ, ਉਵੇਂ-ਉਵੇਂ ਰਚਨਾਵਾਂ ਅੰਦਰਲਾ ਸੇਕ ਮੱਠਾ ਪੈਂਦਾ ਗਿਆ, ਪਰ 'ਇਹੁ ਜਨਮੁ ਤੁਮਹਾਰੇ ਲੇਖੇ' ਲਿਖ ਕੇ ਭੁੱਲਰ ਨੇ ਅਜਿਹੇ ਉਲਾਂਭੇ ਲਾਹ ਦਿੱਤੇ ਹਨ।

ਦਰਅਸਲ, ਭੁੱਲਰ ਨੇ ਇਸ ਨਾਵਲ ਦੀ ਸਿਰਜਣਾ ਵੇਲੇ ਬਹੁਤ ਵੱਡੀ ਹਲਾਈਂ ਵਗਲੀ ਹੈ। ਆਮ ਕਰ ਕੇ ਕਿੱਲੇ ਦੀ ਵਹਾਈ ਮੌਕੇ ਹਾਲੀ, ਨਿੱਕੀਆਂ-ਨਿੱਕੀਆਂ ਕਈ ਹਲਾਈਂਆਂ ਵਗਲਦਾ ਹੈ, ਪਰ ਭੁੱਲਰ ਨੇ ਜਾਪਦਾ ਹੈ, ਜਿਵੇਂ ਅੱਠ-ਦਸ ਕਿੱਲਿਆਂ ਦੀ ਹਲਾਈਂ ਇਕੱਠੀ ਹੀ ਵਗਲ ਲਈ ਹੋਵੇ। ਸਭ ਤੋਂ ਖ਼ੂਬਸੂਰਤ ਗੱਲ ਇਹ ਕਿ ਇਹ ਵਿਰਾਟ ਹਲਾਈਂ ਵਗਲ ਕੇ ਕਿਰਤ ਕਮਾਉਂਦੇ ਲੇਖਕ ਦਾ ਜ਼ਬਤ ਕਮਾਲ ਦਾ ਹੈ ਅਤੇ ਨਿਭਾਅ ਪੱਖੋਂ ਚੂਲਾਂ ਐਨ ਕੱਸੀਆਂ ਹੋਈਆਂ। ਇਹ ਨਾਵਲ ਪੜ੍ਹਦਿਆਂ ਅਹਿਮਦ ਨਦੀਮ ਕਾਸਮੀ ਦਾ ਸ਼ਿਅਰ ਜ਼ਿਹਨ ਵਿਚ ਘੁੰਮ ਜਾਂਦਾ ਹੈ:

**ਸੁਬ੍ਹਾ ਕੇ ਨੂਰ ਮੇਂ ਭੀਗੇ ਹੂਏ**
**ਖੇਤੋਂ ਮੇਂ ਕਿਸਾਨ,**
**ਹਲ ਚਲਾਤੇ ਹੈਂ ਤੋ**
**ਫਨਕਾਰ ਨਜ਼ਰ ਆਤੇ ਹੈ।**

ਜਿਨ੍ਹਾਂ ਨੇ ਹਾਲੀ ਦੀ ਇਸ ਕਲਾਕਾਰੀ ਦੇ ਦਰਸ਼ਨ-ਦੀਦਾਰੇ ਕੀਤੇ ਹਨ, ਉਹ ਭੁੱਲਰ ਦੀ ਇਸ ਵਿਰਾਟ ਕਲਾ ਦਾ ਅਹਿਸਾਸ ਸਹਿਜੇ ਹੀ ਕਰ ਸਕਦੇ ਹਨ। ਇਹ ਨਾਵਲ ਪੰਨਿਆਂ ਪੱਖੋਂ ਹੀ ਵਿਰਾਟ ਨਹੀਂ, ਆਪਣੇ ਅਰਥਾਂ ਤੇ ਬਿਰਤਾਂਤ ਸਿਰਜਣ ਵਿਚ ਵੀ ਵਿਰਾਟਤਾ ਹਾਸਲ ਕਰ ਗਿਆ ਹੈ। ਉਂਝ ਵੀ ਬਕਲਮ ਖੁਦ, ਉਹਨੇ ਇਸ ਨਾਵਲ ਵਿਚ ਕਿਸੇ ਨਾਰੀ ਦੀ ਥਾਂ ਨਾਰੀ-ਸੋਚ ਨੂੰ ਨਾਇਕਾ ਬਣਾਇਆ ਹੈ। ਇਹ ਉਹ ਸੋਚ ਹੈ ਜਿਹੜੀ ਮਨਚਾਹੇ ਆਜ਼ਾਦ ਜੀਵਨ ਦੀ ਕਲਪਨਾ, ਕਾਮਨਾ ਤੇ ਕੋਸ਼ਿਸ਼ ਕਰਦੀ ਅੰਬਰੀ ਉਡਾਣ ਭਰਦੀ ਹੈ। ਇਸੇ ਤਰ੍ਹਾਂ ਨਾਵਲ ਦਾ ਨਾਇਕ ਕੋਈ ਇਕ ਪਾਤਰ ਜਾਂ ਪੁਰਸ਼ ਨਹੀਂ, ਸਗੋਂ ਉਹ ਸਮਾਜ ਹੈ ਜਿਸ ਦੇ ਇਕ ਹੱਥ ਵਿਚ ਮਨੁੱਖ ਨੂੰ ਜੰਗਲ ਤੋਂ ਸਭਿਅਕ ਜੀਵਨ ਤੱਕ ਲਿਆਉਣ ਵਾਲੀ ਨੇਮਾਂ ਦੀ ਪੱਟ-ਕੂਲੀ ਡੋਰ ਹੈ ਅਤੇ ਦੂਜੇ ਹੱਥ ਵਿਚ ਅਮੋੜ ਮਨੁੱਖ ਨੂੰ ਕਾਬੂ ਵਿਚ ਰੱਖਣ ਵਾਸਤੇ ਬੰਨ੍ਹਣਾਂ-ਵਰਜਨਾਂ ਦੀ ਮੁੰਜ ਦੀ ਰੱਸੀ ਹੈ।

ਇਹ ਨਾਵਲ ਇਸ ਪੱਟ-ਕੂਲੀ ਡੋਰ ਅਤੇ ਮੁੰਜ ਦੀ ਰੱਸੀ ਨਾਲ ਪਾਈਆਂ/ਪੁਆਈਆਂ ਗੰਢਾਂ ਇਕ-ਇਕ ਕਰ ਕੇ ਖੋਲ੍ਹਦਾ ਹੈ। ਇਹ ਗੰਢਾਂ ਖੋਲ੍ਹਦਿਆਂ ਭੁੱਲਰ ਬੜਾ ਬੇਲਹਾਜ਼ ਤੇ ਬੇਕਿਰਕ ਹੋ ਕੇ ਟੱਕਰਦਾ ਹੈ। ਉਹ ਦਹਾਕਿਆਂ ਤੋਂ ਮਿੱਥਾਂ ਬਣੀਆਂ ਕਥਾਵਾਂ ਦੇ ਤੂੰਬੇ ਉਡਾ ਦਿੰਦਾ ਹੈ। ਕਈ ਦਹਾਕੇ ਪਹਿਲਾਂ ਲਿਖੀ ਆਪਣੀ ਯਾਦਗਾਰੀ ਕਹਾਣੀ 'ਮੈਂ ਗਜ਼ਨਵੀ ਨਹੀਂ' ਤੋਂ ਐਨ ਉਲਟ, ਉਹ ਇਸ ਨਾਵਲ ਲਈ ਬੇਕਿਰਕ ਗਜ਼ਨਵੀ ਸਾਬਤ ਹੁੰਦਾ ਹੈ। 'ਮੈਂ ਗਜ਼ਨਵੀ ਨਹੀਂ' ਕਹਾਣੀ ਦੀ ਖਿਆਲ-ਉਡਾਰੀ ਵਿਚ ਬਹੁਤ ਤਾਣ ਤੇ ਤੀਬਰਤਾ ਹੈ। ਕਹਾਣੀ ਸਿਰਫ ਇੰਨੀ ਕੁ ਹੈ ਕਿ ਵਰ੍ਹਿਆਂ ਪਿੱਛੋਂ ਮੈਂ ਪਾਤਰ, ਆਪਣੀ ਸਖੀ ਨੂੰ ਮਿਲਣ ਜਾ ਰਿਹਾ ਹੈ ਜਿਸ ਦੀ ਖੂਬਸੂਰਤੀ ਦਾ ਜਾਹੋ-ਜਲਾਲ ਵਰ੍ਹਿਆਂ ਤੋਂ ਉਹਦੇ ਦਿਲ ਦਾ ਕੋਨਾ-ਕੋਨਾ ਮੱਲੀ ਬੈਠਾ ਹੈ। ਇਸ ਚਿਰ-ਮਿਲਣੀ ਦੇ ਐਨ ਨੇੜੇ ਪੁੱਜ ਕੇ ਉਹਦੀ ਮੁਲਾਕਾਤ ਆਪਣੇ ਮਿੱਤਰ ਦੀ ਭੈਣ ਨਾਲ ਹੋ ਜਾਂਦੀ ਹੈ। ਇਹ ਕੁੜੀ ਵੀ ਉਸ ਸਖੀ ਤੋਂ ਘੱਟ ਖੂਬਸੂਰਤ ਨਹੀਂ ਸੀ, ਪਰ ਉਮਰਾਂ ਤਾਂ ਲੰਘ ਚੁੱਕੀਆਂ ਹਨ ਤੇ ਨਾਲ ਹੀ ਖੂਬਸੂਰਤੀ ਦਾ ਉਹ ਜਾਹੋ-ਜਲਾਲ ਵੀ! ਮੈਂ ਪਾਤਰ ਮਿੱਤਰ ਦੀ ਭੈਣ ਨੂੰ ਦੇਖਦਿਆਂ ਸਾਰ ਆਪਣੀ ਸਖੀ ਨੂੰ ਮਿਲਣ ਦਾ ਵਿਚਾਰ ਤਿਆਗ ਦਿੰਦਾ ਹੈ; ਉਹ ਨਹੀਂ ਚਾਹੁੰਦਾ ਕਿ ਉਹਦੇ ਮਨ-ਮੰਦਿਰ ਵਿਚ ਉਹਦੀ ਸਖੀ ਦੀ ਬਣੀ ਖੂਬਸੂਰਤੀ ਵਾਲੀ ਮੂਰਤੀ ਟੁੱਟੇ; ਉਹ ਕਿਹੜਾ ਕੋਈ ਗਜ਼ਨਵੀ ਸੀ!... 'ਇਹੁ ਜਨਮੁ ਤੁਮਹਾਰੇ ਲੇਖੇ' ਵਿਚ ਭੁੱਲਰ ਨੇ ਜਿਸ ਤਰ੍ਹਾਂ ਮੁੱਖ ਪਾਤਰ ਜਗਦੀਪ ਦੀਆਂ ਪਰਤਾਂ ਫਰੋਲੀਆਂ ਹਨ, ਉਸ ਹਿਸਾਬ ਨਾਲ ਲੇਖਕ ਮੁੱਖ ਪਾਤਰ ਲਈ ਗਜ਼ਨਵੀ ਹੋ ਨਿਬੜਿਆ ਹੈ।

ਗੱਲ 'ਓਪਰਾ ਮਰਦ' ਤੋਂ ਸ਼ੁਰੂ ਹੋਈ ਸੀ। 'ਇਹੁ ਜਨਮੁ ਤੁਮਹਾਰੇ ਲੇਖੇ' ਦਾ ਸਵਾਗਤ ਅਤੇ ਚਰਚਾ 'ਓਪਰਾ ਮਰਦ' ਨਾਲੋਂ ਦੂਣ-ਸਵਾਈ ਹੈ। ਇਹ ਅਸਲ ਵਿਚ 'ਕਰਤਾਰੀ ਪਲਾਂ' ਨਾਲ ਖਹਿ ਖਹਿ ਲੰਘਦੇ ਗੁਰਬਚਨ ਸਿੰਘ ਭੁੱਲਰ ਦੀ ਸ਼ਬਦ-ਜੜਤ ਦੀਆਂ ਬਰਕਤਾਂ ਹਨ ਅਤੇ ਪੰਜਾਬੀ ਸਾਹਿਤ ਜਗਤ ਦਾ ਧੰਨਭਾਗ।

***(ਤ੍ਰੈ-ਮਾਸਕ 'ਸਿਰਜਣਾ' ਤੋਂ ਧੰਨਵਾਦ ਸਹਿਤ)***

ਦੇਵਿੰਦਰ ਸਤਿਆਰਥੀ-4



# ਇਸ਼ਕ ਨਾ ਜਾਣੇ ਗਿਆਨ-ਵਿਵੇਕ !

**ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਜੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ**

**ਗੁਰਬਚਨ ਸਿੰਘ ਭੁੱਲਰ**
ਫੋਨ: 01191-11425-02364
bhullargs@gmail.com

ਸਤਿਆਰਥੀ ਜੀ ਨੇ ਮੋਗੇ ਦੇ ਹਾਈ ਸਕੂਲ ਵਿਚ ਵਿਦਿਆਰਥੀ ਹੁੰਦਿਆਂ ਪੰਜਾਬ ਦੇ ਅਨੇਕਾਂ-ਅਨੇਕ ਲੋਕ-ਗੀਤ ਇਕੱਠੇ ਕਰ ਲਏ ਸਨ। ਲਾਹੌਰ ਕਾਲਜ ਵਿਚ ਬਿਤਾਏ ਕੁਝ ਸਮੇਂ ਵਿਚ ਸਰਹੱਦੀ ਵਿਦਿਆਰਥੀਆਂ ਤੋਂ ਪਸ਼ਤੋ ਗੀਤ ਮਿਲ ਗਏ। ਹੁਣ ਅਮਰਨਾਥ ਦੀ ਯਾਤਰਾ ਉਤੇ ਨਿਕਲੇ ਤਾਂ ਪਹਾੜੀ ਗੀਤ ਪ੍ਰਾਪਤ ਹੋ ਗਏ। ਫੇਰ ਗੁਰੂਦੇਵ ਰਾਬਿੰਦਰਨਾਥ ਟੈਗੋਰ ਕੋਲ ਸ਼ਾਂਤੀ ਨਿਕੇਤਨ ਪੁੱਜੇ ਤਾਂ ਉਨ੍ਹਾਂ ਨੇ ਇਨ੍ਹਾਂ ਦੇ ਹੁਣ ਤੱਕ ਦੇ ਕੰਮ ਬਾਰੇ ਜਾਣ ਕੇ ਪ੍ਰੇਰਿਆ, ਸਾਰੇ ਦੇਸ ਦੇ ਲੋਕ-ਗੀਤ ਦਿਲੀ ਜਜ਼ਬਿਆਂ ਦੀ ਇਕੋ ਮਾਲਾ ਦੇ ਮਣਕੇ ਹਨ, ਇਹ ਖਿੰਡੇ ਹੋਏ ਮਣਕੇ ਇਕੱਠੇ ਕਰੋ! ਤੇ ਇਨ੍ਹਾਂ ਨੇ ਗੁਰੂਦੇਵ ਦੇ ਸੁਝਾਅ ਉਤੇ ਫੁੱਲ ਚੜ੍ਹਾਉਂਦਿਆਂ ਬੰਗਾਲ, ਮਹਾਂਰਾਸ਼ਟਰ, ਗੁਜਰਾਤ, ਸਿੰਧ ਅਤੇ ਰਾਜਪੂਤਾਨੇ ਦੇ ਪਿੰਡ ਗਾਹ ਮਾਰੇ ਤੇ ਅਨੇਕਾਂ-ਅਨੇਕ ਲੋਕ-ਗੀਤਾਂ ਦਾ ਵਡਮੁੱਲਾ ਖ਼ਜ਼ਾਨਾ ਇਕੱਤਰ ਕਰ ਲਿਆ।

ਦੋ ਸਾਲ ਮਗਰੋਂ ਘਰ ਪਰਤੇ ਤਾਂ ਇਨ੍ਹਾਂ ਦੀ ਬੇਮੁਹਾਰ ਅਵਾਰਗੀ ਦੀ ਸਮੱਸਿਆ ਦਾ ਘਰ-ਵਾਲਿਆਂ ਦਾ ਉਹੋ ਸਿਕੇਬੰਦ ਹੱਲ! ਜਗਰਾਵੀਂ ਵਿਆਹ ਕਰ ਕੇ ਪੈਰ-ਚੱਕਰ ਵਾਲੇ ਅਵਾਰਾ ਯਾਤਰੀ ਦੇ ਪੈਖੜ ਪਾ ਦਿੱਤਾ ਗਿਆ, ਤਾਂ ਜੋ ਰੱਸਿਆਂ ਨਾਲ ਬੱਝਿਆ ਨਾ ਰਹਿਣ ਵਾਲਾ ਗੱਭਰੂ ਗੋਰੀ ਦੇ ਵਾਲ ਨਾਲ ਬੱਝ ਕੇ ਟਿਕ ਸਕੇ। ਘਰ-ਵਾਲੇ ਆਪਣੀ ਚਤੁਰਾਈ ਤੇ ਕਰਨੀ ਨਾਲ ਸੰਤੁਸ਼ਟ ਸਨ, "ਹੁਣ ਹਿੱਲ ਬੱਚੂ! ਦੇਖੀਏ ਤੇਰੀ ਅਵਾਰਗੀ!" ਪਰ ਰੇਸ਼ਮੀ ਵਾਲਾਂ ਦੇ ਸੰਗਲ ਵੀ ਕਮਜ਼ੋਰ ਹੀ ਸਿੱਧ ਹੋਏ। ਘਰਦਿਆਂ ਦੀ ਚਤੁਰਾਈ ਉਤੇ ਪਾਣੀ ਫੇਰ ਕੇ ਤੇ ਉਨ੍ਹਾਂ ਨੂੰ ਹੱਥ ਮਲਦੇ ਛੱਡ ਕੇ ਭੱਜੇ ਸਤਿਆਰਥੀ ਜੀ ਇਸ ਵਾਰ ਵੀ ਦੋ ਸਾਲ ਮਗਰੋਂ ਹੀ ਘਰ ਪਰਤੇ। ਹੁਣ ਉਹ ਡਲਹੌਜ਼ੀ, ਚੰਬਾ, ਕੁੱਲੂ ਤੇ ਸ਼ਿਮਲਾ ਗਾਹੁਣ ਮਗਰੋਂ ਫੇਰ ਸ਼ਾਂਤੀ ਨਿਕੇਤਨ ਹੁੰਦੇ ਹੋਏ ਆਸਾਮ ਤੇ ਮਨੀਪੁਰ ਹੋ ਆਏ ਸਨ।

ਅਗਲੀ ਉਦਾਸੀ ਲਗਭਗ ਇਕ ਦਹਾਕਾ ਲੰਮੀ ਹੋ ਗਈ ਕਿਉਂਕਿ ਪਿਛਲੀ ਉਦਾਸੀ ਸਮੇਂ ਘਰਦਿਆਂ ਨੂੰ ਚੁਭਦਾ ਰਿਹਾ ਪਿਛੇ ਛੱਡਿਆ ਸੰਗਲ ਇਸ ਵਾਰ ਉਨ੍ਹਾਂ ਨੇ ਨਾਲ ਲੈ ਲਿਆ ਸੀ। ਦੋ-ਢਾਈ ਸਾਲਾਂ ਦੀ ਇਕ ਤਰ੍ਹਾਂ ਨਾਲ ਨਵੀਂ-ਨਵੇਲੀ ਪਤਨੀ, ਜੀਹਨੂੰ ਹੁਣ ਉਹ ਲੋਕ-ਮਾਤਾ ਆਖਣ ਲਗੇ ਸਨ, ਵੀ ਇਨ੍ਹਾਂ ਦੇ ਨਾਲ ਸੀ। ਇਸ ਵਾਰ ਉਹ ਪਹਿਲਾਂ ਹੇਠ ਨੂੰ ਤੇ ਸੱਜੇ ਪਾਸੇ ਉੜੀਸਾ, ਮਦਰਾਸ, ਬੰਗਾਲ, ਬਰਮਾ ਆਦਿ ਗਏ ਅਤੇ ਫੇਰ ਉਨ੍ਹਾਂ ਉਤਾਂਹ ਵਾਲੇ ਪਾਸੇ ਕਸ਼ਮੀਰ, ਸਰਹੱਦੀ ਸੂਬਾ ਤੇ ਹੋਰ ਅਨੇਕ ਥਾਂਵਾਂ ਨੂੰ ਜਾ ਰੰਗ-ਭਾਗ ਲਾਏ।

"ਪਤਨੀ ਤੁਹਾਡੀ ਸਾਥਣ ਬਣ ਕੇ ਗਈ ਜਾਂ ਉਹਨੂੰ ਵੀ ਲੋਕ-ਗੀਤਾਂ, ਆਦਿ ਦਾ ਸ਼ੌਕ ਸੀ?" ਮੈਂ ਪਤਨੀ ਦੇ ਸਾਥ ਦਾ ਭੇਤ ਜਾਣਨਾ ਚਾਹਿਆ। ਸਤਿਆਰਥੀ ਜੀ ਨੇ ਭੇਤ ਖੋਲ੍ਹਣ ਵਿਚ ਇਕ ਪਲ ਵੀ ਨਾ ਲਾਇਆ ਅਤੇ ਖਚਰੀ ਹਾਸੀ ਹਸਦਿਆਂ ਅੰਦਰਲੀ ਗੱਲ ਦੱਸੀ, "ਨਾ ਸਾਥ, ਨਾ ਸ਼ੌਕ। ਗੱਲ ਦਰਅਸਲ ਇਹ ਹੋਈ ਜੀ, ਉਹਦੀ ਇਕ ਜਠਾਣੀ ਨੇ ਕੰਨ ਵਿਚ ਫੂਕ ਮਾਰ ਦਿੱਤੀ ਕਿ ਹੁਣ ਜਿਧਰ ਜਾਵੇ, ਨਾਲ ਹੀ ਤੁਰ ਜਾਈਂ, ਨਹੀਂ ਤਾਂ ਇਹਨੇ ਤੇਰੇ ਹੱਥ ਨਹੀਂ ਆਉਣਾ। ਲਉ ਜੀ, ਮੇਰੇ ਤੁਰਨ ਵੇਲੇ ਲੋਕ-ਮਾਤਾ ਗਠੜੀ ਚੁੱਕ ਕੇ ਮੈਥੋਂ ਪਹਿਲਾਂ ਤਿਆਰ ਖਲੋਤੀ! ਪਹਿਲਾਂ ਤਾਂ ਮੈਂ ਹੈਰਾਨ ਹੋਇਆ, ਫੇਰ ਸੋਚਿਆ, ਚੱਲ ਇਹ ਵੀ ਜੋ ਕੁਛ ਹੁੰਦਾ ਹੈ, ਠੀਕ ਹੀ ਹੈ।...ਠੀਕ ਹੀ, ਮੈਨੂੰ ਸਹੂਲਤ ਵੀ ਰਹੀ। ਹੁਣ ਮੇਰੇ ਬਾਰੇ ਬੇਵਸਾਹੀ ਦਾ ਕੋਈ ਕਾਰਨ ਨਾ ਰਿਹਾ। ਕੁੜੀਆਂ-ਚਿੜੀਆਂ ਸਾਡੇ ਦੁਆਲੇ ਝੁਰਮਟ ਪਾ ਲੈਂਦੀਆਂ। ਉਨ੍ਹਾਂ ਤੋਂ ਗੀਤ ਲੈਣੇ ਸੌਖੇ ਹੋ ਗਏ।"

ਗੱਲ ਕੁੜੀਆਂ-ਚਿੜੀਆਂ ਉਤੇ ਪੁਜੀ ਤਾਂ ਦਿਲ ਕੀਤਾ ਕਿ ਸਤਿਆਰਥੀ ਜੀ ਤੋਂ ਇਨ੍ਹਾਂ ਦੇ ਇਸ਼ਕ ਬਾਰੇ ਜਾਂ ਇਸ਼ਕਾਂ ਬਾਰੇ ਪੁੱਛਾਂ। "ਬਾਜੀਆਂ ਬਾਜੀਆਂ ਤੀਵੀਆਂ, ਹਾਏ ਉਏ ਰੱਬਾ" ਲਿਖਣ ਵਾਲੇ ਬਾਬਿਆਂ ਨੇ ਆਖਰ ਇਹ ਵਚਨ ਕਿਸੇ ਅਨੁਭਵ ਵਿਚੋਂ ਹੀ ਕੀਤਾ ਹੋਵੇਗਾ। ਇਹ ਤਾਂ ਨਿੱਕੇ ਬਾਲ ਤੋਂ ਲੈ ਕੇ ਬਜ਼ੁਰਗ ਤਕ ਹਰ ਕਿਸੇ ਨਾਲ ਹਾਣੀ ਹੋਣ ਦਾ ਰਿਸ਼ਤਾ ਪਾਲਦੇ ਹਨ। ਇਨ੍ਹਾਂ ਨਾਲ ਅਜਿਹੀ ਗੱਲ ਕਰਨ ਤੋਂ ਝਿਜਕ ਦੀ ਕੀ ਲੋੜ!

ਉਹ ਅਜਿਹੇ ਰਿਸ਼ਤੇ ਕੇਵਲ ਕਹਿੰਦੇ ਹੀ ਨਹੀਂ ਸਨ, ਇਨ੍ਹਾਂ ਦੀ ਲਾਜ ਵੀ ਪਾਲਦੇ ਸਨ। ਇਕ ਵਾਰ ਇਕ ਮਿੱਤਰ ਦੀ ਚਿੱਠੀ ਆਈ ਕਿ ਉਸ ਵਲੋਂ ਸੰਪਾਦਿਤ ਕੀਤੇ ਜਾ ਰਹੇ ਕਹਾਣੀ-ਸੰਗ੍ਰਹਿ ਲਈ ਸਤਿਆਰਥੀ ਜੀ ਦੀ ਇਕ ਕਹਾਣੀ ਦੀ ਆਗਿਆ ਲੈ ਦੇਵਾਂ। ਸਬੱਬ ਨਾਲ ਕਈ ਦਿਨ ਮੁਲਾਕਾਤ ਨਾ ਹੋ ਸਕੀ ਤਾਂ ਭਾਪਾ ਜੀ ਨੂੰ ਕਿਹਾ ਕਿ ਜਦੋਂ ਵੀ ਆਉਣ, ਮੈਨੂੰ ਫੋਨ ਜ਼ਰੂਰ ਕਰਨ। ਭਾਪਾ ਜੀ ਨੇ ਫੋਨ ਕਰਵਾਇਆ ਤਾਂ ਮੈਂ ਬੇਨਤੀ ਦੁਹਰਾਈ। ਦੋ ਕੁ ਦਿਨਾਂ ਮਗਰੋਂ ਭਾਪਾ ਜੀ ਦਾ ਦਸਤਖ਼ਤ ਕਰ ਕੇ ਪ੍ਰਸ਼ਟ ਕੀਤਾ ਹੋਇਆ ਸਤਿਆਰਥੀ ਜੀ ਦਾ ਆਮ-ਮੁਖ਼ਤਿਆਰਨਾਮਾ ਮੈਨੂੰ ਪੁਜਿਆ: "ਪਿਆਰੇ ਭੁੱਲਰ! ਮੇਰੀ ਕੋਈ ਵੀ ਰਚਨਾ (ਸਣੇ ਕਹਾਣੀ) ਤੁਸੀਂ ਕਿਤੇ ਵੀ ਤੇ ਜਦੋਂ ਵੀ ਚਾਹੋ, ਵਰਤ ਸਕਦੇ ਹੋ। ਸਗੋਂ ਮੈਨੂੰ ਵੀ ਜਿਥੇ ਚਾਹੋ ਗਹਿਣੇ ਰਖ ਸਕਦੇ ਹੋ (ਜੇਕਰ ਕੁਝ ਮਿਲ ਸਕਦਾ ਹੋਵੇ!) ਆਪ ਜੀ ਦਾ, ਦੇਵਿੰਦਰ ਸਤਿਆਰਥੀ।

ਇਕ ਇਲਾਕਾ, ਉਮਰੋਂ ਫ਼ਰਕ ਦੇ ਬਾਵਜੂਦ ਜਜ਼ਬਾਤੀ ਪੱਖੋਂ ਹਾਣੀ, ਤੇ ਨਾਲੇ ਮੁਖ਼ਤਿਆਰੇ-ਆਮ, ਤਾਂ ਫੇਰ ਇਸ਼ਕ-ਮੁਸ਼ਕ ਦੀ ਗੱਲ ਪੁੱਛਣ ਵਿਚ ਝਿਜਕ ਕੇਹੀ? ਇਨ੍ਹਾਂ ਦਾ ਇਕੋ ਜਵਾਬ, "ਖ਼ਬਰੇ ਕਿੰਨੀ ਵੇਰ ਬਰਫ਼ਾਂ ਵਿਚ ਅੱਗ ਬਲ ਪਈ ਤੇ ਸੁਪਨੇ ਦੇ ਯੋਗ ਵਿਚ ਕੁਆਰੇ ਪਿਆਰ ਦੀ ਆਹੂਤੀ ਦੇਣੀ ਪਈ।... ਕਦੇ ਸੰਨਾਟੇ ਵਿਚ ਕਿਸੇ ਦੀ ਪਦ-ਚਾਪ ਕਹਾਣੀ ਦੀ ਰੂਹ ਬਣ ਕੇ ਮੁਸਕਰਾ ਪਈ!...ਪਰ ਮੇਰੀ ਤਾਂਘ ਤ੍ਰਿਹਾਈ ਹੀ ਰਹੀ!" ਆਓ, ਢੱਕੀ ਰਿਝਦੀ ਖੀਰ ਵਿਚੋਂ ਇਕ ਦਾਣਾ ਕੱਢ ਕੇ ਟੋਹ ਲਈਏ।

ਇਕ ਵਾਰ ਕਿਸੇ ਪ੍ਰਕਾਸ਼ਕ ਤੋਂ ਚਾਰ ਹਜ਼ਾਰ ਪੇਸ਼ਗੀ ਰਾਇਲਟੀ ਮਿਲ ਗਈ ਅਤੇ ਛੇ ਹਜ਼ਾਰ ਕਰਜ਼ਾ ਲੈ ਲਿਆ। ਦਸ ਹਜ਼ਾਰ ਨਾਲ ਕਾਰ ਖਰੀਦ ਲਈ। ਅਸਲ ਉਦੇਸ਼, ਸ਼ਿਆਮਲੀ ਨੂੰ ਮਿਲਣ-ਗਿਲਣ ਵਿਚ ਸੌਖ ਰਹਿਣੀ ਸੀ, ਤੇ ਸੌਖ ਰਹੀ ਵੀ। ਪਰ ਸਦਾ ਤੋਂ ਬੂਟ-ਸਵਾਰ ਰਹੇ ਮਹਾਂਪੁਰਸ਼ ਨੂੰ ਤਾਂ ਸ਼ਾਇਦ ਸਾਈਕਲ ਚਲਾਉਣਾ ਵੀ ਨਹੀਂ ਸੀ ਆਉਂਦਾ, ਕਾਰ ਚਲਾਉਣੀ ਤਾਂ ਜੇ ਸਿੱਖ ਵੀ ਲੈਂਦੇ, ਦਿੱਲੀ ਵਰਗੇ ਭੀੜ-ਭੜੱਕੇ ਵਿਚ ਚਲਾ ਸਕਣ ਦੀ ਕੋਈ ਸੰਭਾਵਨਾ ਨਹੀਂ ਸੀ। ਨਾਲੇ ਸ਼ਿਆਮਲੀ ਦੇ ਦੁਆਰ ਡਰਾਈਵਰ ਦੀ ਚਲਾਈ ਕਾਰ ਵਿਚ ਠਾਠ ਨਾਲ ਜਾਣਾ ਹੀ ਸੋਭਦਾ ਸੀ! ਇਥੇ ਇਹ ਸਪੱਸ਼ਟ ਕਰਨਾ ਵਾਜਬ ਹੈ ਕਿ ਉਸ ਹਿੰਦੀ ਲੇਖਿਕਾ ਦਾ ਨਾਂ ਤਾਂ ਕੁਝ ਹੋਰ ਸੀ ਪਰ ਕੁਝ ਕੁਝ ਸ਼ਿਆਮ-ਰੰਗੀ ਹੋਣ ਸਦਕਾ ਉਹਨੂੰ ਇਹ ਪਿਆਰ-ਨਾਂ ਸਤਿਆਰਥੀ ਜੀ ਨੇ, ਤੇ ਉਹ ਵੀ ਸਿਰਫ਼ ਆਪਣੇ ਲਈ, ਦਿੱਤਾ ਹੋਇਆ ਸੀ।

ਹੋਰ ਭਾਵੇਂ ਕਿਸੇ ਟੁੰਡੀਲਾਟ ਨੂੰ ਮਿਲਣ ਜਾਂਦੇ, ਡਰਾਈਵਰ ਵਾਸਤੇ ਇਨ੍ਹਾਂ ਦਾ ਹੱਥ ਕਦੀ ਜੇਬ ਨੂੰ ਨਹੀਂ ਸੀ ਗਿਆ। ਜੇਬ ਵਿਚ ਹੁੰਦਾ ਹੀ ਕੁਝ ਨਹੀਂ ਸੀ। ਪਰ ਸ਼ਿਆਮਲੀ ਨੂੰ ਮਿਲਣ ਜਾਂਦੇ ਤਾਂ ਔਖੇ-ਸੌਖੇ ਕੁਝ ਨਾ ਕੁਝ ਡਰਾਈਵਰ ਦੀ ਹਥੇਲੀ ਉਤੇ ਰੱਖ ਹੀ ਦਿੰਦੇ। ਡਰਾਈਵਰ ਅਜਿਹੀਆਂ ਗੱਲਾਂ ਅਣਕਹੀਆਂ ਹੋਣ ਦੇ ਬਾਵਜੂਦ ਏਨੇ ਚੁਸਤ ਜ਼ਰੂਰ ਹੁੰਦੇ ਹਨ ਕਿ ਸਮਝ ਸਕਣ, ਮਾਲਕ ਇਸ ਘਰ ਆਉਣ ਸਮੇਂ ਹੀ ਸਖੀ-ਦਾਤਾ ਕਿਉਂ ਬਣਦਾ ਹੈ। ਉਹ ਅਣਬੋਲੇ ਸਮਝੌਤੇ ਅਧੀਨ ਅਜਿਹੇ ਥਾਂਈਂ ਆਉਣ-ਜਾਣ ਕਿਸੇ ਤੀਜੇ ਨੂੰ ਆਮ ਕਰਕੇ ਸੌਖਿਆਂ ਦਸਦੇ ਨਹੀਂ। ਸਦਾ ਮਸਤਾਨੀ ਰਹਿੰਦੀ ਜੇਬ ਵਾਲੇ ਸਤਿਆਰਥੀ ਜੀ ਇਹ ਕਿੰਨਾ ਵੱਡਾ ਮਹਾਂ-ਦਾਨ ਕਰ ਰਹੇ ਸਨ ਤੇ ਕਿੰਨੀ ਵਡੀ ਕੁਰਬਾਨੀ, ਸ਼ਾਇਦ ਡਰਾਈਵਰ ਵਿਚ ਇਸ ਗੱਲ ਦੇ ਅਹਿਸਾਸ ਵਾਲੀ ਸੂਖ਼ਮਤਾ ਨਹੀਂ ਸੀ। ਜੇ ਹੁੰਦੀ ਤਾਂ ਉਹਨੇ ਸਤਿਆਰਥੀ ਜੀ ਦਾ ਭਾਂਡਾ ਏਨੀ ਛੇਤੀ ਨਹੀਂ ਸੀ ਭੰਨਣਾ। ਸਤਿਆਰਥੀ-ਸ਼ਿਆਮਲੀ ਸਾਹਿਤਕ-ਸਭਿਆਚਾਰਕ ਮਿਲਣੀਆਂ ਕੁਝ ਦਿਨ ਹੀ ਚੱਲੀਆਂ ਕਿ ਪਾਪੀ ਡਰਾਈਵਰ ਨੇ ਭੇਤ ਵਾਲੀ ਸਾਰੀ ਗੱਲ ਲੋਕ-ਮਾਤਾ ਨੂੰ ਦੱਸ ਦਿੱਤੀ!

ਅੱਗੇ ਹਾਲ ਸਤਿਆਰਥੀ ਜੀ ਤੋਂ ਹੀ ਸੁਣੋ, "ਡਰਾਈਵਰ ਪੂਰਾ ਪਹਾੜਾ ਸਿੰਘ ਨਿਕਲਿਆ ਜੀ। ਭੁੱਲਰ ਜੀ, ਉਹ ਆਪਣਾ ਸ਼ਾਹ ਮੁਹੰਮਦ ਲਿਖਦਾ ਹੈ ਨਾ, ਅਖੇ, 'ਪਹਾੜਾ ਸਿੰਘ ਸੀ ਯਾਰ ਫ਼ਰੰਗੀਆਂ ਦਾ, ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ। ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ, ਗੱਲ ਜਾ ਦੱਸੀ ਸਾਰੀ ਭੇਤ ਵਾਲੀ।' ਤੇ ਹੋਇਆ ਇਹ ਜੀ ਕਿ ਲੋਕ-ਮਾਤਾ ਨੂੰ ਸ਼ਿਆਮਲੀ ਦੇ ਸ਼ੱਕ ਦੀ ਬੀਮਾਰੀ ਤਾਂ ਹਰ ਭਾਰਤੀ ਨਾਰੀ ਵਾਂਗ ਪਹਿਲਾਂ ਹੀ ਸੀ। ਪਤਾ ਨਹੀਂ, ਉਹਦੇ ਕੰਨ ਵਿਚ ਕਿਸ ਬੇਈਮਾਨ ਨੇ ਫੂਕ ਮਾਰ ਦਿੱਤੀ ਸੀ। ਅਸੀਂ ਤਾਂ ਜੀ ਬੱਸ ਇਕ ਦੂਜੇ ਦੀਆਂ ਰਚਨਾਵਾਂ ਸੁਣਦੇ-ਸੁਣਾਉਂਦੇ ਪਰ ਲੋਕ-ਮਾਤਾ ਅਜਿਹਾ ਮਿਹਣਾ ਮਾਰਦੀ ਕਿ ਸਾਰੀ ਦਿੱਲੀ ਨੂੰ ਹੀ ਮਾਰ ਦਿੰਦੀ। ਆਖਦੀ, ਸੁਣਨ-ਸੁਣਾਉਣ ਨੂੰ ਬੱਸ ਤੁਸੀਂ ਦੋਵੇਂ ਹੀ ਰਹਿ ਗਏ, ਬਾਕੀ ਸਾਰੀ ਦਿੱਲੀ ਕੀ ਮਰ ਗਈ! ਹੁਣ ਕਥਾ ਵਿਚ ਕਾਰ ਦਾ ਪੁਆੜਾ ਪੈ ਗਿਆ। ਉਹਨੇ ਲੇਖਾ ਲਾਇਆ, ਮੈਂ ਜ਼ਰੂਰ ਉਹਨੂੰ ਮਿਲਣ ਜਾਂਦਾ ਹੋਵਾਂਗਾ, ਜੀਹਨੂੰ ਉਹ ਸ਼ਿਆਮਲੀ ਦੀ ਥਾਂ 'ਕਲਮੂੰਹੀ' ਆਖਦੀ ਸੀ। ਉਹ ਜਾਣਦੀ ਸੀ, ਮੈਂ ਤਾਂ ਭੇਤ ਦੇ ਭੀੜੇ ਹੋਏ ਬੂਹੇ ਵਿਚ ਵਿਰਲ ਹੋਣ ਨਹੀਂ ਸੀ ਦੇਣੀ, ਇਸ ਲਈ ਮੈਨੂੰ ਪੁੱਛਣਾ ਐਵੇਂ ਵਾਧੂ ਮੱਥਾ ਮਾਰਨ ਵਾਲੀ ਗੱਲ ਸੀ। ਇਕ ਦਿਨ ਉਹਨੇ ਮੇਰੀ ਗ਼ੈਰਹਾਜ਼ਰੀ ਵਿਚ ਡਰਾਈਵਰ ਨੂੰ ਘੇਰ ਲਿਆ। ਉਹਦੇ ਕੁਛ ਬਹੁਤੇ ਹੀ ਜ਼ੋਰ ਨਾਲ ਸਿਰ ਮਾਰਨ ਤੋਂ ਉਹ ਸਮਝ ਗਈ ਕਿ ਮੈਂ ਉਹਦੇ ਮੂੰਹ ਹੱਡੀ ਦਿੰਦਾ ਹਾਂ। ਲਉ ਭੁੱਲਰ ਜੀ, ਉਹਨੇ ਝੱਟ ਕੁਛ ਮਾਇਆ ਉਹਦੀ ਹਥੇਲ਼ੀ ਉਤੇ ਰੱਖ ਦਿੱਤੀ ਜੋ ਸਬੱਬ ਨਾਲ ਮੈਥੋਂ ਦੁਗਣੀ ਸੀ!

ਉਹ ਆਪਣੀ ਦੁਰਗਤ ਦੀ ਦਿਹਲੀ ਉਤੇ ਪਹੁੰਚ ਕੇ ਪਰੇਸ਼ਾਨ ਜਿਹੇ, ਕੱਚੇ ਜਿਹੇ ਹੋਏ ਕੁਝ ਪਲ ਚੁੱਪ ਰਹੇ ਤੇ ਫੇਰ ਹਉਕੇ ਵਰਗਾ ਸਾਹ ਲੈ ਕੇ ਬੋਲੇ, "ਭੁੱਲਰ ਜੀ, ਲੋਕ-ਮਾਤਾ ਨੇ ਤਦ ਤਕ ਨਾ ਚੈਨ ਦਾ ਸਾਹ ਲਿਆ ਤੇ ਨਾ ਮੈਨੂੰ ਲੈਣ ਦਿੱਤਾ ਜਦ ਤਕ ਮੈਂ ਉਹਨੂੰ ਕਾਰ ਵਿਚ ਬਿਠਾ ਕੇ ਸ਼ਿਆਮਲੀ ਦੇ ਘਰ ਨਾ ਲੈ ਗਿਆ ਤੇ ਉਹਦੀ ਹਾਜ਼ਰੀ ਵਿਚ ਸ਼ਿਆਮਲੀ ਨੂੰ ਇਹ ਨਾ ਆਖ ਦਿੱਤਾ ਕਿ ਇਹ ਸਾਡੀ ਆਖ਼ਰੀ ਮੁਲਾਕਾਤ ਹੈ। ਲਓ ਜੀ, ਮੇਰੀ ਹਾਲਤ ਡਾਢੀ ਤਰਸਯੋਗ। ਮਾਂ ਦਾ ਲੋਕਯਾਨ-ਯਾਤਰੀ! ਸ਼ਿਆਮਲੀ ਵਿਚਾਰੀ ਪਰੇਸ਼ਾਨ, ਮੈਂ ਭਿੱਜੀ ਬਿੱਲੀ ਬਣਿਆ ਹੋਇਆ ਤੇ ਲੋਕ-ਮਾਤਾ ਦੁਰਗਾ ਦਾ ਅਵਤਾਰ!"

ਕੁਝ ਪਲ ਫੇਰ ਚੁੱਪ ਰਹਿ ਕੇ ਉਹ ਦੁਬਾਰਾ ਆਪਣੇ ਅਸਲ ਰੰਗ ਵਿਚ ਆ ਗਏ, "ਮੈਂ ਤਾਂ ਜੀ ਕਾਰ ਦਾ ਹੀ ਸਿਆਪਾ ਮੁਕਾਉਣ ਦੀ ਸੋਚ ਲਈ। ਪਹਿਲਾਂ ਕਿਹੜਾ ਕਾਰ ਦੀ ਸਵਾਰੀ ਹੀ ਕਰਦੇ ਸੀ! ਸਲਾਮਤ ਰਹਿਣ ਸਾਡੇ ਬੂਟ ਵਿਚਾਰੇ! ਕਾਰ ਵਿਕ ਗਈ ਤਾਂ ਪਹਾੜਾ ਸਿੰਘ ਡਰਾਈਵਰ ਦਾ ਡਰ ਨਾ ਰਿਹਾ।...ਜਿਵੇਂ ਸ਼ਿਆਮਲੀ ਸਾਹਮਣੇ ਲੋਕ-ਮਾਤਾ ਕੋਲੋਂ ਮਾਫ਼ੀ ਮੰਗੀ ਸੀ, ਹੁਣ ਲੋਕ-ਮਾਤਾ ਦੀ ਪਿੱਠ-ਪਿੱਛੇ ਸ਼ਿਆਮਲੀ ਕੋਲੋਂ ਮਾਫ਼ੀ ਜਾ ਮੰਗੀ। ਉਹਨੇ ਜੀ ਮੇਰੇ ਸ਼ੰਕੇ ਦੇ ਉਲਟ ਵੱਡਾ ਦਿਲ ਦਿਖਾਇਆ ਤੇ ਮੁਸਕਰਾ ਕੇ ਉਹ ਘਟਨਾ ਭੁਲਾ ਛੱਡੀ।... ਦੇਖੋ ਨਾ ਭੁੱਲਰ ਜੀ, ਆਖਰ ਮਿੱਤਰਤਾ ਦੇ ਦਰਵਾਜ਼ੇ ਕਈ ਵਾਰ ਭਿੜਦੇ ਹਨ ਤੇ ਕਈ ਵਾਰ ਖੁੱਲ੍ਹਦੇ ਹਨ।"

ਸਤਿਆਰਥੀ ਜੀ ਦਾ ਇਕਬਾਲ-ਏ-ਜੁਰਮ ਵਾਲਾ ਇਹ ਹਲਫ਼ੀਆ ਬਿਆਨ ਸੁਣ ਕੇ ਮੈਨੂੰ ਇਨ੍ਹਾਂ ਦੀ ਹੀ ਇਕ ਕਵਿਤਾ ਦੇ ਬੋਲ ਚੇਤੇ ਆ ਗਏ: "ਕਾਹਦਾ ਕੁੜੀਏ ਗਿਆਨ-ਵਿਵੇਕ, ਮਿੱਟੀ ਨੂੰ ਮਿੱਟੀ ਦਾ ਸੇਕ!" ਠੀਕ ਹੀ ਜਦੋਂ ਮਿੱਟੀ ਨੂੰ ਮਿੱਟੀ ਦੇ ਸੇਕ ਦੀ ਲੋਚਾ ਹੁੰਦੀ ਹੈ, ਸਭ ਗਿਆਨ-ਵਿਵੇਕ ਧਰੇ-ਧਰਾਏ ਰਹਿ ਜਾਂਦੇ ਹਨ!

---

# ਖੂਹ ਤੇ ਦਰਿਆ

ਚਿੱਤ ਚੇਤਾ



**ਕਾਨ੍ਹ ਸਿੰਘ**
ਫੋਨ:+91-95019-44944

ਜਦੋਂ ਵੀ ਕੁਝ ਅਣਸੁਖਾਵਾਂ ਵੇਖਣ ਨੂੰ ਮਿਲੇ, ਕੁਝ ਘਿਨਾਉਣੀ ਘਟਨਾ ਵਾਪਰੇ, ਕੋਈ ਮਿੱਤਰ ਕ੍ਰਿਤਘਣ ਜਾਂ ਅਹਿਸਾਨ-ਫਰਾਮੋਸ਼ ਹੋ ਨਿਬੜੇ ਅਤੇ ਸਾਡੀ ਸੋਚ ਦੀ ਸੂਈ ਉਥੇ ਦੀ ਉਥੇ ਹੀ ਫਸ ਜਾਵੇ, ਵਾਰ ਵਾਰ ਉਸੇ ਇਕੋ ਦੁਖਦ-ਅਨੁਭਵ ਨੂੰ ਹੰਢਾਣ ਲੱਗੀਏ, ਝੁਰੀਏ ਤੇ ਢਹਿੰਦੀਆਂ ਕਲਾਂ ਵਿਚ ਨਿਘਰਦੇ ਜਾਈਏ ਤਾਂ ਸਿਆਣੇ-ਬਿਆਣੇ ਇਹੋ ਆਖਦੇ ਹਨ:

'ਛੱਡੋ ਜੀ ਮਿੱਟੀ ਪਾਓ, ਸੁੱਟੋ ਖੂਹ-ਖਾਤੇ ਵਿਚ ਤੇ ਅੱਗੇ ਦੀ ਸੋਚੋ। ਰੱਬ ਭਲੀ ਕਰੇਗਾ।'

ਮਤਲਬ ਭੁੱਲ ਜਾਓ, ਖਿਮਾ ਕਰੋ ਤੇ ਨਵੀਂ ਸ਼ੁਰੂਆਤ ਕਰੋ। ਇਸ ਦੇ ਉਲਟ ਕਿਸੇ ਦਾ ਭਲਾ ਕਰ ਕੇ ਸਾਨੂੰ ਵਿਸਰ ਜਾਣ ਅਤੇ ਨਾ ਜਤਲਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਅਖੇ-'ਨੇਕੀ ਕਰ ਦਰਿਆ ਵਿਚ ਪਾ।' ਨੇਕੀ ਨੂੰ ਦਰਿਆ ਵਿਚ ਕਿਉਂ ਸੁੱਟਿਆ ਜਾਵੇ, ਖੂਹ ਵਿਚ ਕਿਉਂ ਨਹੀਂ? ਇਹ ਸੋਚ ਮੇਰੇ ਮਨ ਦੇ ਕਿਸੇ ਖੂੰਜੇ ਵਿਚ ਚਿਰਾਂ ਤੋਂ ਉਸਲਵੱਟੇ ਲੈਂਦੀ ਰਹੀ ਹੈ।

-ਹਾਏ ਮੈਂ ਇਸ ਬੱਚੇ ਨੂੰ ਕਿੰਨੀਆਂ ਜੋਧੀਆਂ ਨਾਲ ਪਾਲਿਆ ਸੀ ਤੇ ਕਿਤਨਾ ਪੱਥਰ-ਦਿਲ, ਨਿਰਮੋਹਾ ਨਿਕਲਿਆ?


-ਮੈਂ ਹੀ ਉਸ ਨੂੰ ਟਿਕਾਣਾ ਦਿੱਤਾ, ਨੌਕਰੀ ਲਵਾਈ, ਵਿਆਹ ਕਰਵਾਇਆ ਤੇ ਹੁਣ ਮੇਰਾ ਹੀ ਦੁਸ਼ਮਣ ਬਣ ਕੇ ਡੰਗ ਮਾਰ ਗਿਆ...।

-ਉਹ ਕਰਜ਼ੇ ਨਾਲ ਨੂੜੋ-ਨੂੜ ਸੀ। ਲਹਿਣੇਦਾਰ ਜਾਨੀ-ਦੁਸ਼ਮਣ ਬਣ ਬੈਠੇ। ਕੋਈ ਨਾ ਮਿੱਤਰ-ਸਕਾ ਬਹੁੜਿਆ ਵੇਲੇ ਸਿਰ। ਮੈਂ ਹੀ ਬਾਂਹ ਫੜੀ ਤੇ ਮੁੜ ਖੜ੍ਹਾ ਕੀਤਾ ਤੇ ਹੁਣ ਪਛਾਣਦਾ ਹੀ ਨਹੀਂ ਬੇਕਦਰਾ...।

ਅਜਿਹੇ ਝੋਰਿਆਂ ਸਾਹਵੇਂ ਕਿਸੇ ਵਿਵੇਕਸ਼ੀਲ ਬੰਦੇ ਦੀ ਇਹੋ ਸਮਝੌਤੀ ਹੁੰਦੀ ਹੈ ਕਿ ਨੇਕੀ ਦੇ ਬਦਲੇ ਨੇਕੀ ਮਿਲੇ, ਇਹ ਜ਼ਰੂਰੀ ਨਹੀਂ। ਤੁਸਾਂ ਜੋ ਕਰਮ ਕੀਤਾ, ਆਪਣੀ ਅੰਤਰ-ਆਤਮਾ ਦੇ ਅਨੁਸਾਰ ਹੀ ਕੀਤਾ। ਤੁਸੀਂ ਕਿਸੇ ਦੇ ਕੰਮ ਆਏ, ਭਲਾ ਕੀਤਾ। ਕੁਝ ਚੰਗਾ ਚੰਗਾ ਕਰ ਕੇ ਤੁਹਾਡਾ ਮਨ ਖ਼ੁਸ਼ ਹੋਇਆ। ਇਹ ਖ਼ੁਸ਼ੀ ਹੀ ਤੁਹਾਡਾ ਹਾਸਲ ਹੈ।

ਕਰੋ ਨੇਕੀ ਤੇ ਸੁੱਟੋ ਦਰਿਆ ਵਿਚ। ਅਗਲਾ ਯਾਦ ਰੱਖੇ ਜਾਂ ਨਾ, ਇਹ ਨਾ ਸੋਚੋ।

ਦਰਿਆ ਦਾ ਸੁਭਾਅ ਹੈ ਵਹਿਣਾ। ਲਗਾਤਾਰ ਵਹਿੰਦੇ ਰਹਿਣਾ। ਉਸ ਵਿਚ ਜੋ ਕੁਝ ਵੀ ਡਿੱਗੇਗਾ, ਵਹਿ ਜਾਵੇਗਾ। ਦਰਿਆ ਆਪਣੇ ਵੇਗ ਨਾਲ ਉਸ ਨੂੰ ਅੱਗੇ ਲੈ ਜਾਵੇਗਾ। ਉਹ ਅੱਗੇ ਜਾ ਕੇ ਕਿਸੇ ਹੋਰ ਨੂੰ ਮਿਲ ਜਾਵੇਗਾ ਤੇ ਇੰਜ ਹੀ ਫਿਰ ਕਿਸੇ ਹੋਰ ਹੋਰ ਤੇ ਹੋਰ ਨੂੰ।



ਇਹ ਜ਼ਰੂਰੀ ਨਹੀਂ ਕਿ ਨੇਕੀ ਦਾ ਬਦਲਾ ਤੱਤ-ਪੜੱਤ ਹੀ ਮਿਲ ਜਾਵੇ ਜਾਂ ਬਾਅਦ ਵਿਚ ਮਿਲੇ ਜਾਂ ਕਦੇ ਵੀ ਨਾ ਮਿਲੇ।

ਵੇਲੇ ਸਿਰ ਕੋਈ ਕੰਮ ਆਇਆ ਬੰਦਾ ਸਾਡੇ ਮਨ 'ਤੇ ਗਹਿਰੀ ਛਾਪ ਛੱਡ ਜਾਂਦਾ ਹੈ। ਸਾਨੂੰ ਉਸ ਦੇ ਕਿਸੇ ਕੰਮ ਆਉਣ ਦਾ ਮੌਕਾ ਮਿਲੇ ਜਾਂ ਨਾ ਵੀ ਮਿਲੇ, ਉਸ ਦੀ ਭਲਾਈ ਸਾਡੇ ਅਵਚੇਤਨ ਵਿਚ ਵਸ ਜਾਂਦੀ ਹੈ। ਆਪਣੇ ਵਰਗੀ ਹੀ ਕਸੂਤੀ ਦਸ਼ਾ ਵਿਚ ਕਿਸੇ ਹੋਰ ਨੂੰ ਫਾਥੇ ਵੇਖ ਕੇ ਉਹ ਭਲਾਈ ਸਾਨੂੰ ਵੀ ਮਦਦ ਕਰਨ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ। ਅੱਗਿਉਂ ਉਸ ਦੇ ਚੇਤੇ ਵਿਚ ਵਸ ਗਈ ਸਾਡੀ ਹਮਦਰਦੀ ਉਸ ਨੂੰ ਵੀ ਕਿਸੇ ਹੋਰ ਦੇ ਕੰਮ ਆਉਣ ਲਈ ਪ੍ਰੇਰਦੀ ਹੈ। ਉਹ ਵੀ ਕਿਸੇ ਨੂੰ ਬਿਪਤਾ 'ਚੋਂ ਉਭਾਰ ਕੇ ਤੁਰਦਾ ਬਣਦਾ ਹੈ; ਇਸ ਤਰ੍ਹਾਂ ਇਹ ਸਿਲਸਿਲਾ ਜਾਰੀ ਰਹਿੰਦਾ ਹੈ।

ਸਫ਼ਰ ਕਰਦਿਆਂ ਕਿੰਨੀਆਂ ਔਕੜਾਂ ਆਉਂਦੀਆਂ ਹਨ। ਕਿੰਨੀਆਂ ਨੇਕ ਰੂਹਾਂ ਮਿਲਦੀਆਂ ਹਨ ਜੋ ਆਪਣੀ ਜਾਨ ਜੋਖਮ ਵਿਚ ਪਾ ਕੇ ਜਾਂ ਜਾਨ ਦੀ ਬਾਜ਼ੀ ਲਾ ਕੇ ਵੀ ਅਜਨਬੀਆਂ ਦੀਆਂ ਜਾਨਾਂ ਬਚਾ ਜਾਂਦੀਆਂ ਹਨ।

ਹੈ ਕੋਈ ਨੇਕੀ ਦੀ ਸੀਮਾ ਜਾਂ ਅੰਤ? ਨੇਕੀ ਦਾ ਦਰਿਆ ਵਹਿੰਦਾ ਰਿਹਾ ਹੈ ਤੇ ਵਹਿੰਦਾ ਰਹੇਗਾ। ਅਜ਼ਲ ਤੋਂ ਕਿਆਮਤ ਤੱਕ। ਖੂਹ ਵਿਚ ਬਦੀ ਹੀ ਸੁੱਟਣੀ ਬਣਦੀ ਹੈ, ਨੇਕੀ ਨਹੀਂ।

ਦਰਿਆ ਦੇ ਰਾਹ ਵਿਚ ਜੇ ਖੂਹ ਵੀ ਆ ਜਾਵੇ ਤਾਂ ਉਹ ਦਰਿਆ ਬਣ ਜਾਂਦਾ ਹੈ। ਖੂਹ ਵਿਚ ਸੁੱਟੀ ਬਦੀ ਵਹਿੰਦੇ ਦਰਿਆ ਦੀ ਨੇਕੀ ਵਿਚ ਘੁਲ ਮਿਲ ਦਰਿਆ ਦਰਿਆ ਹੋ ਜਾਂਦੀ ਹੈ। ਉਹ ਵਿਛਦੀ ਜਾਂਦੀ ਹੈ ਅਤੇ ਅੱਗੇ ਅਗੇਰੇ ਥਾਂ ਥਾਂ 'ਤੇ ਨੇਕੀਓ-ਨੇਕੀ ਹੁੰਦੀ-ਥੀਂਦੀ ਤੇ ਜਾ ਰਲਦੀ ਹੈ ਸਾਗਰ ਨਾਲ।

ਸਾਗਰ! ਨੇਕੀ ਦਾ ਸਾਗਰ। ਜਿਸ ਦਾ ਦਸਤੂਰ ਹੈ ਵੱਸਣਾ ਤੇ ਵਿਛਣਾ। ਭਾਫ਼ੋ-ਭਾਫ਼। ਬੱਦਲ ਬਣ। ਆਪਾ ਵਾਰ ਕੇ।

ਬਦਲ ਬਦਲ ਹੋਈ ਨੇਕੀ ਦੇ ਰਾਹ ਵਿਚ ਵਿਰੋਧ ਦੇ ਹਿਮਾਲਿਆਵਾਂ ਦਾ ਰੋਕ-ਟੋਕ ਬਣ ਕੇ ਖੜੋਣਾ ਵੀ ਕੁਦਰਤ ਦਾ ਦਸਤੂਰ ਹੈ ਤੇ ਦਸਤੂਰ ਹੀ ਹੈ ਨੇਕੀ ਦਾ ਵੀ, ਉਨ੍ਹਾਂ ਪਹਾੜਾਂ ਨਾਲ ਟਕਰਾਣਾ ਤੇ ਵੱਸਣਾ ਵੀ।

ਵੱਸ ਵੱਸ, ਜ਼ਰੇ ਜ਼ਰੇ ਤੇ ਜਣੇ ਖਣੇ ਨੂੰ ਨਿਹਾਲ ਕਰਦੀ ਹੈ ਨੇਕੀ; ਤੇ ਮੁੜ ਸੁਰਜੀਤ ਹੋਇਆ ਕਣ ਕਣ ਕਰ ਉਠਦਾ ਹੈ:

ਵਾਹ ਵਾਹ! ਸੁਭਾਨ ਅੱਲ੍ਹਾ।

# ਜਗਜੀਤ ਸਿੰਘ ਆਨੰਦ ਦੇ ਤੁਰ ਜਾਣ 'ਤੇ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

1954-55 ਦੀ ਗੱਲ ਹੈ, ਇੱਕ ਸਿੱਖ ਨੌਜਵਾਨ ਦਿੱਲੀ ਰੇਲਵੇ ਸਟੇਸ਼ਨ ਦੇ ਸਾਹਮਣੇ ਰਚਾਏ ਗਏ ਕਮਿਊਨਿਸਟ ਸਮਾਗਮ ਵਿਚ ਸਾਥੀ ਏ ਕੇ ਗੋਪਾਲਨ ਦੇ ਭਾਸ਼ਣ ਨੂੰ ਉਸ ਦੀ ਅੰਗਰੇਜ਼ੀ ਨਾਲੋਂ ਵੀ ਚੁਸਤ ਪੰਜਾਬੀ 'ਚ ਨਾਲੋ ਨਾਲ ਉਲਥਾਈ ਜਾ ਰਿਹਾ ਸੀ। ਬੋਲੇ ਜਾਂਦੇ ਵਾਕ ਚੁਸਤ ਦਰੁਸਤ ਤੇ ਸਰਲ ਸਪਸ਼ਟ। ਜਦੋਂ ਉਸ ਨੇ ਕਮਿਊਨਿਸਟ ਲਹਿਰ ਦੀ ਕਿਸੇ ਪ੍ਰਾਪਤੀ ਨੂੰ ਘਾਲਣਾ ਘਾਲ ਕੇ ਪ੍ਰਾਪਤ ਹੋਈ ਕਹਿਣ ਦੀ ਥਾਂ ਇਹ ਕਿਹਾ ਕਿ ਇਹ 'ਪੈਰ ਥੱਲੇ ਬਟੇਰਾ' ਨਹੀਂ ਸੀ ਆਇਆ ਤਾਂ ਮੈਂ ਉਸ ਨੌਜਵਾਨ ਦਾ ਨਾਂ ਪੁੱਛੇ ਬਿਨਾ ਨਾ ਰਹਿ ਸਕਿਆ। ਦੱਸਿਆ ਗਿਆ ਕਿ ਉਹ ਕਵੀ ਪ੍ਰੀਤਮ ਸਿੰਘ ਸਫੀਰ ਦਾ ਭਰਾ ਹੈ, ਜਗਜੀਤ ਸਿੰਘ ਆਨੰਦ।

ਉਸ ਤੋਂ ਪਿੱਛੋਂ ਮੈਂ ਐਮ ਐਸ ਰੰਧਾਵਾ ਦੇ ਭਾਰਤੀ ਖੇਤੀਬਾੜੀ ਖੋਜ ਕੌਂਸਲ ਦਾ ਮੁਖੀ ਬਣਦੇ ਸਾਰ ਖੇਤੀਬਾੜੀ ਸਬੰਧੀ ਛਪਦਾ ਸਾਹਿਤ ਤਾਮਿਲ, ਤੈਲਗੂ, ਬੰਗਾਲੀ, ਮਰਾਠੀ ਆਦਿ ਭਾਸ਼ਾਵਾਂ ਸਮੇਤ ਪੰਜਾਬੀ ਵਿਚ ਵੀ ਛਪਵਾਉਣਾ ਸ਼ੁਰੂ ਕੀਤਾ। ਇਸ ਕੰਮ ਦਾ ਪ੍ਰਚਾਰ ਕਰਨ ਲਈ ਇਨ੍ਹਾਂ ਭਾਸ਼ਾਵਾਂ ਦੇ ਅਖਬਾਰਾਂ 'ਚ ਵਿਗਿਆਪਨ ਦੇਣਾ ਸੀ ਤਾਂ ਦਫ਼ਤਰ ਵਾਲਿਆਂ ਨੇ ਸਬੰਧਤ ਅਖਬਾਰਾਂ ਦੀ ਛਪਣ ਗਿਣਤੀ ਪੁੱਛੀ। ਜਿੱਥੇ ਬਾਕੀ ਭਾਸ਼ਾਵਾਂ ਦੇ ਅੰਕੜੇ ਹਜ਼ਾਰਾਂ ਵਿਚ ਸਨ, ਪੰਜਾਬੀ ਪ੍ਰੀਤ ਲੜੀ ਦੋ ਹਜ਼ਾਰ ਛਪਦੀ ਸੀ, ਅਜੀਤ ਡੇਢ ਤੇ ਨਵਾਂ ਜ਼ਮਾਨਾ ਕੇਵਲ ਪੰਜ ਸੌ। ਬਿਜ਼ਨਸ ਮੈਨੇਜਰ ਪ੍ਰੇਸ਼ਾਨ ਕਿ ਏਨੀ ਥੋੜ੍ਹੀ ਛਪਣ ਗਿਣਤੀ ਵਾਲੇ ਅਖਬਾਰਾਂ ਨੂੰ ਵਿਗਿਆਪਨ ਕਿਵੇਂ ਦਿੱਤਾ ਜਾਵੇ। ਡਾ. ਰੰਧਾਵਾ ਨੇ ਗਿਣਤੀ ਮਿਣਤੀ 'ਚ ਪੈਣ ਦੀ ਥਾਂ ਹਰ ਭਾਸ਼ਾ ਦੀਆਂ ਉਤਲੀਆਂ 3 ਅਖਬਾਰਾਂ ਨੂੰ ਵਿਗਿਆਪਨ ਦੇਣ ਦਾ ਹੁਕਮ ਸੁਣਾ ਦਿੱਤਾ। ਇਸ ਲਈ ਤਿੰਨਾਂ ਵਿਚ 'ਨਵਾਂ ਜ਼ਮਾਨਾ' ਵੀ ਆ ਜਾਂਦਾ ਸੀ। ਜਗਜੀਤ ਸਿੰਘ ਆਨੰਦ ਅੱਧੀ ਸਦੀ ਤੋਂ ਵੱਧ ਇਸ ਪਰਚੇ ਦਾ ਸੰਪਾਦਕ ਰਿਹਾ।

ਜਦੋਂ ਸੋਵੀਅਤ ਦੇਸ ਨੇ ਉਤਮ ਰੂਸੀ ਸਾਹਿਤ ਦਾ ਪੰਜਾਬੀ ਉਲਥਾ ਕਰਵਾਉਣਾ ਸ਼ੁਰੂ ਕੀਤਾ ਤਾਂ ਤੁਰਤ ਫੁਰਤ ਅਨੁਵਾਦ ਕਰਨ ਵਿਚ ਆਨੰਦ ਦਾ ਕੋਈ ਸਾਨੀ ਨਹੀਂ ਸੀ। ਫਲਸਤੀਨਾਂ ਲਈ 'ਸਫੈਦਪੋਸ਼' ਤੇ ਸਿਆਸੀ ਬਦਲਖੋਰੀ ਲਈ 'ਕੈੜ ਕਢਣ' ਜਿਹੇ ਸ਼ਬਦ ਵਰਤਣ ਵਾਲੀ ਸ਼ੈਲੀ ਸੀ, ਉਸ ਦੀ। 'ਪੈਰ ਥੱਲੇ ਬਟੇਰੇ' ਨਾਲ ਮਿਲਦੀ ਜੁਲਦੀ।



ਜਗਜੀਤ ਸਿੰਘ ਆਨੰਦ

ਮੈਂ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਚ ਕੰਮ ਕਰਨ ਲੱਗਾ ਤਾਂ ਉਹ ਰੂਪ ਸਿੰਘ ਰੂਪ ਨਾਂ ਦੇ ਮੁਲਾਜ਼ਮ ਯੂਨੀਅਨ ਵਾਲੇ ਚੇਲੇ ਨੂੰ ਨਾਲ ਲੈ ਕੇ ਮੇਰੇ ਦਫਤਰ ਆ ਧਮਕਿਆ। ਕੇਵਲ ਇਹ ਕਹਿਣ ਕਿ ਸਾਨੂੰ ਇੱਕ ਦੂਜੇ ਦਾ ਖਿਆਲ ਰਖਣਾ ਚਾਹੀਦਾ ਹੈ। ਰੂਪਾ ਰਾਜ ਪੱਧਰ ਦਾ ਪ੍ਰਧਾਨ ਸੀ, ਆਨੰਦ ਰਾਸ਼ਟਰੀ ਪੱਧਰ ਦਾ। ਜਦੋਂ ਰੂਪਾ ਸੇਵਾ ਮੁਕਤ ਹੋਣ ਤੋਂ ਪਿੱਛੋਂ ਅਮਰੀਕਾ ਜਾ ਕੇ ਪਟਰੌਲ ਪੰਪਾਂ ਦਾ ਮਾਲਕ ਹੋ ਗਿਆ ਤਾਂ ਉਸ ਨੇ ਆਨੰਦ ਦੇ ਨਾਂ ਉਤੇ 21,000 ਰੁਪਏ ਦਾ ਪੰਜਾਬੀ ਵਾਰਤਕ ਸਨਮਾਨ ਸਥਾਪਤ ਕੀਤਾ ਜੋ ਚੰਗੇ ਵਾਰਤਕ ਲੇਖਕ ਨੂੰ ਦਿੱਤਾ ਜਾਂਦਾ ਹੈ। ਉਹ ਇਹ ਇਨਾਮ ਹਰ ਵਰ੍ਹੇ ਪੰਜਾਬੀ ਅਕਾਡਮੀ ਲੁਧਿਆਣਾ ਤੋਂ ਦਿਵਾਉਂਦਾ ਹੈ।

ਆਪਣੇ ਸਮੇਂ ਦੇ ਸਿੱਖ ਵਿਦਿਆ ਸ਼ਾਸਤਰੀ ਮਹਿਤਾਬ ਸਿੰਘ ਦਾ ਪੁੱਤਰ ਤੇ ਤਰਨ ਤਾਰਨ ਦਾ ਜੰਮਪਲ ਜਗਜੀਤ ਸਿੰਘ ਆਨੰਦ ਖੱਬੇ ਪੱਖੀ ਵਿਚਾਰਧਾਰਾ ਦਾ ਧਾਰਨੀ ਸੀ। ਉਹ ਆਪਣੀ ਧਾਰਨਾ ਉਤੇ ਪਹਿਰਾ ਦਿੰਦਿਆਂ ਕਈ ਵਾਰ ਜੇਲ੍ਹ ਵੀ ਗਿਆ। ਇਸ ਲਹਿਰ ਵਿਚ ਉਸ ਦਾ ਯੋਗਦਾਨ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਅਤੇ ਭਗਤ ਸਿੰਘ ਬਿਲਗਾ ਤੋਂ ਰਤਾ ਵਖਰਾ ਤੇ ਬੁਧੀਜੀਵੀਆਂ ਵਾਲਾ ਸੀ। ਹੁਣ ਉਹ ਤਿੰਨੇ ਕੂਚ ਕਰ ਚੁੱਕੇ ਹਨ। ਉਪਰ ਜਾ ਕੇ ਕੌਣ ਕੀ ਕਰਦਾ ਹੈ ਉਪਰ ਵਾਲਾ ਜਾਣੇ। ਅਸੀਂ ਤਾਂ ਉਨ੍ਹਾਂ ਨੂੰ ਚੇਤੇ ਕਰਨ ਵਾਲੇ ਹਾਂ। ਉਨ੍ਹਾਂ ਦੀ ਦੇਣ ਨੂੰ।

**ਰੰਗ ਮੰਚ ਦੀ ਰਾਜਧਾਨੀ:** ਇਸ ਵਾਰ ਚੰਡੀਗੜ੍ਹ ਸੰਗੀਤ ਨਾਟਕ ਅਕਾਡਮੀ ਵੱਲੋਂ ਟੈਗੋਰ ਥੀਏਟਰ ਵਿਖੇ ਕਰਵਾਏ ਗਏ ਤਿੰਨ ਰੋਜ਼ਾ ਮੇਲੇ ਵਿਚ ਬਹੁਤ ਵਧੀਆ ਨਾਟਕ ਵੇਖਣ ਨੂੰ ਮਿਲੇ। ਪਾਲੀ ਭੁਪਿੰਦਰ ਦਾ 'ਦਿੱਲੀ ਰੋਡ ਤੇ ਇੱਕ ਹਾਦਸਾ' ਅਤੇ ਸੁਹੇਲਾ ਕਪੂਰ ਵੱਲੋਂ ਸਪੈਨਿਸ਼ ਨਾਟਕਕਾਰ ਲੋਰਿਕਾ ਦਾ ਭਾਰਤੀ ਮਾਹੌਲ ਵਿਚ ਢਾਲਿਆ 'ਬੇਬੇ ਦਾ ਚੰਬਾ' ਤਾਂ ਬੜੇ ਹੀ ਕਮਾਲ ਦੇ ਸਨ। ਪਹਿਲੇ ਨਾਟਕ ਵਿਚ ਅਨੀਤਾ ਸ਼ਬਦੀਸ਼ ਦੀ ਸੋਲੋ ਪੇਸ਼ਕਾਰੀ (ਮਨ ਬਚਨੀ) ਉਤਮਤਾ ਦੀਆਂ ਸਿਖਰਾਂ ਛੂਹਣ ਵਾਲੀ ਸੀ। ਉਸ ਨੇ ਇਕੱਲੀ ਨੇ ਪੰਜ ਪਾਤਰਾਂ ਦਾ ਰੋਲ ਬਿਨਾ ਸਾਹ ਲਿਆਂ ਨਿਭਾਇਆ। ਉਂਜ ਵੀ ਇਹ ਨਾਟਕ ਇਕ ਤਰ੍ਹਾਂ ਨਾਲ ਰਾਮਾਇਣ ਦਾ ਵਰਤਮਾਨ ਰੂਪ ਸੀ ਜਿਸ ਵਿਚ ਨਾਇਕ ਤੇ ਖਲਨਾਇਕ ਆਪਣੇ ਨਿਸ਼ਚਿਤ ਕਿਰਦਾਰ ਤੋਂ ਉਲਟਾ ਰੋਲ ਕਰ ਕੇ ਵੀ ਨਾਇਕ ਤੇ ਖਲਨਾਇਕ ਹੀ ਰਹਿੰਦੇ ਹਨ। ਕਿਵੇਂ? ਇਸੇ ਵਿਚ ਅਨੀਤਾ ਸ਼ਬਦੀਸ਼ ਦੀ ਪੇਸ਼ਕਾਰੀ ਉਭਰਦੀ ਹੈ। ਪੌਣੇ ਦੋ ਘੰਟੇ ਦੀ ਤੇਜ਼ ਤਰਾਰ ਵਾਰਤਾਲਾਪ ਕਿਵੇਂ ਕੰਠ ਕੀਤੀ ਹੋਊ, ਸੋਚ ਕੇ ਹੈਰਾਨ ਰਹਿ ਜਾਈਦਾ ਹੈ।

'ਬੇਬੇ ਦਾ ਚੰਬਾ' ਵਿਚ ਸੁਹੇਲਾ ਕਪੂਰ ਨੇ ਲੋਰਿਕਾ ਦੇ ਨਾਟਕ ਨੂੰ ਦੇਸ਼ ਵੰਡ ਵੇਲੇ ਦੀਆਂ ਉਨ੍ਹਾਂ ਸਥਿਤੀਆਂ ਨਾਲ ਜੋੜਿਆ ਹੈ ਜਿਨ੍ਹਾਂ ਵਿਚ ਅੱਧੀ ਦਰਜਨ ਜਵਾਨ ਜਹਾਨ ਧੀਆਂ ਨੂੰ ਮੈਲੀਆਂ ਨਜ਼ਰਾਂ ਤੋਂ ਦੂਰ ਰਖਣ ਹਿੱਤ ਬੇਬੇ ਆਪਣੇ ਘਰ ਦੀ ਚਾਰਦੀਵਾਰੀ ਵਿਚ ਹੀ ਡੱਕੀ ਰਖਦੀ ਹੈ। ਉਹ ਆਪਣੀਆਂ ਵਾਸਨਾ ਰੁਚੀਆਂ ਨੂੰ ਗੱਲੀਂ ਬਾਤੀਂ ਢਾਰਸ ਦਿੰਦੀਆਂ ਹਨ। ਪਰ ਸਭ ਤੋਂ ਛੋਟੀ ਬੇਬੇ ਵਿਰੁੱਧ ਬਗਾਵਤ ਕਰਕੇ ਆਪਣੀ ਜਾਨ ਤੇ ਖੇਲ੍ਹ ਜਾਂਦੀ ਹੈ। ਲੋਰਿਕਾ ਦੀ ਇਹ ਕਹਾਣੀ ਇਸ ਤੋਂ ਪਹਿਲਾਂ ਗੋਵਿੰਦ ਨਿਹਲਾਨੀ ਨੇ 'ਰੁਕਮਾਵਤੀ ਦੀ ਹਵੇਲੀ' ਵਿਚ ਫਿਲਮਾਈ ਸੀ। ਉਦੋਂ ਵੀ ਬਹੁਤ ਪਸੰਦ ਕੀਤੀ ਗਈ ਸੀ। ਟੈਗੋਰ ਥੀਏਟਰ ਵਾਲਾ ਨਵਾਂ ਰੂਪ ਦਿੱਲੀ ਦੇ ਕਾਤੀਆਨੀ ਗਰੁਪ ਨੇ ਪੇਸ਼ ਕੀਤਾ ਹੈ। ਸੰਗੀਤ ਨਾਟਕ ਅਕਾਡਮੀ ਦੀ ਚੋਣ ਦਾਦ ਦੀ ਹੱਕਦਾਰ ਹੈ। ਐਵੇਂ ਤਾਂ ਨਹੀਂ ਚੰਡੀਗੜ੍ਹ ਪ੍ਰਸ਼ਾਸਨ ਦੇ ਕਰਤਾ-ਧਰਤਾ ਤੇ ਪੰਜਾਬ ਰਾਜਪਾਲ ਦੇ ਸਲਾਹਕਾਰ ਵਿਜੇ ਦੇਵ ਆਪਣੇ ਰੁਝੇਵਿਆਂ ਵਿਚੋਂ ਸਮਾਂ ਕਢ ਕੇ ਇਸ ਨੂੰ ਵੇਖਣ ਆਏ ਤੇ ਖੁਸ਼ ਹੋ ਕੇ ਗਏ। ਸੰਗੀਤਾ ਗੁਪਤਾ ਦੀ ਪੇਸ਼ਕਾਰੀ ਤੋਂ ਵੀ ਇਹੀਓ ਆਸ ਰੱਖੀ ਜਾ ਸਕਦੀ ਹੈ।

ਇਨ੍ਹਾਂ ਨਾਟਕਾਂ ਨੇ ਸਿੱਧ ਕਰ ਦਿੱਤਾ ਹੈ ਕਿ ਚੰਡੀਗੜ੍ਹ ਸੱਚ ਮੁੱਚ ਹੀ ਰੰਗ ਮੰਚ ਦੀ ਰਾਜਧਾਨੀ ਬਣ ਚੁੱਕਾ ਹੈ। ਅੱਜ ਦੇ ਦਿਨ ਇਥੇ ਇਕ ਦਰਜਨ ਨਾਟਕੀ ਸੰਸਥਾਵਾਂ ਹਨ ਅਤੇ ਪੰਜਾਬ ਤੇ ਚੰਡੀਗੜ੍ਹ ਦੀਆਂ ਆਪੋ ਆਪਣੀਆਂ ਸੰਗੀਤ ਨਾਟਕ ਅਕਾਡਮੀਆਂ। ਇਸ ਖੇਤਰ ਵਿਚ ਚੰਡੀਗੜ੍ਹ ਨੇ ਦਿੱਲੀ ਨੂੰ ਕਿਵੇਂ ਮਾਤ ਪਾਇਆ, ਇਸ ਵਿਸ਼ੇ ਉਤੇ ਡਾਕਟਰੇਟ ਕੀਤੀ ਜਾ ਸਕਦੀ ਹੈ।

**ਸਾਡੇ ਪਿੰਡ ਦਾ ਜੱਟ ਫਿਲਾਸਫਰ:** ਨੇਪਾਲ ਵਿਚ ਆਏ ਭੁਚਾਲ ਦੇ ਝਟਕਿਆਂ ਦੀ ਗੱਲ ਹੋ ਰਹੀ ਸੀ ਤਾਂ ਮੇਰੇ ਪਿੰਡ ਦਾ ਅਨਪੜ੍ਹ ਜਟ ਬੋਲਿਆ, 'ਦੇਖਦੇ ਨਹੀਂ ਅੱਜ ਦੇ ਟਿਊਬਵੈਲ ਧਰਤੀ ਹੇਠਲਾ ਪਾਣੀ ਕਿਵੇਂ ਖਿੱਚ ਰਹੇ ਨੇ! ਧਰਤੀ ਥੱਲੇ ਅੱਗ ਨਾ ਲਗੇ ਤਾਂ ਹੋਰ ਕੀ ਹੋਵੇ?'

**ਅੰਤਿਕਾ:** (ਦਿਲਾਵਰ ਫਿਗਾਰ)

ਸੁਨਾ ਹੈ ਬਾਪ ਨੇ
ਬੇਟੇ ਕੋ ਅਪਨੇ ਯੇਹ ਨਸੀਹਤ ਦੀ
ਨਹੀਂ ਸਰਵਿਸ ਮੇਂ 'ਏ' ਕੀ ਸ਼ਰਬਤ,
'ਬੀ' ਯਾ 'ਸੀ' ਭੀ ਬਨ ਜਾਨਾ।
ਜਗ੍ਹਾ ਕੈਸੀ ਭੀ ਹੋ
ਯੇਹ ਦੇਖਨਾ ਹੈ ਮਹਿਕਮਾ ਕੈਸਾ
ਅਗਰ ਕਸਟਮ ਮੇਂ ਮਿਲ ਜਾਏ
ਤੋ ਚਪਰਾਸੀ ਭੀ ਬਨ ਜਾਨਾ।

### ਜਗਜੀਤ ਸਿੰਘ ਆਨੰਦ ਨੂੰ ਚੇਤੇ ਕਰਦਿਆਂ

#### ਨਿੱਤ ਸੂਰਜਾਂ ਨੇ

ਨਿੱਤ ਸੂਰਜਾਂ ਨੇ ਚੜ੍ਹਨਾ,
ਨਿੱਤ ਸੂਰਜਾਂ ਨੇ ਲਹਿਣਾ।
ਪਰਬਤ ਤੋਂ ਸਾਗਰ ਵੱਲ
ਨਦੀਆਂ ਨੇ ਰੋਜ਼ ਵਹਿਣਾ।
ਇਕ ਦੂਜੇ ਮਗਰ ਘੁੰਮਣਾ
ਰੁੱਤਾਂ ਤੇ ਮੌਸਮਾਂ ਨੇ,
ਇਹ ਸਿਲਸਿਲਾ ਯੁਗੋ ਯੁਗ
ਏਦਾਂ ਹੀ ਚਲਦਾ ਰਹਿਣਾ।

ਰੁਕਣੀ ਨਹੀਂ ਕਹਾਣੀ,
ਬੱਝੇ ਨਾ ਰਹਿਣੇ ਪਾਣੀ।
ਰੂਹੋਂ ਬਗੈਰ ਸੱਖਣੇ,
ਬੁੱਤ ਨਾ ਬਣਾ ਕੇ ਰੱਖਣੇ।
ਪਾਣੀ ਨੇ ਰੋਜ਼ ਤੁਰਨਾ,
ਕੰਢਿਆਂ ਨੇ ਰੋਜ਼ ਖੁਰਨਾ,
ਖੁਰਦੇ ਨੂੰ ਦੇ ਦਿਲਾਸਾ,
ਤੁਰਦੇ ਨਾਲ ਰਹਿਣਾ।

ਚੰਨ ਤਾਰਿਆਂ ਦੀ ਲੋਏ,
ਇਕਾਗਰ ਜਿਹੜੇ ਹੋਏ।
ਦੀਵੇ ਉਨ੍ਹਾਂ 'ਤੇ ਹੱਸੇ,
ਤਾਰੇ ਉਨ੍ਹਾਂ 'ਤੇ ਰੋਏ।
ਟੁੱਟਦੇ ਕਰਾਰ ਵੇਖੇ,
ਅਸੀਂ ਬੇਸ਼ੁਮਾਰ ਵੇਖੇ,
ਲਫ਼ਜ਼ਾਂ ਦਾ ਵੇਖੀਂ ਕੱਲ੍ਹ
ਇਹ ਬਣਿਆ ਮਹਿਲ ਹੈ ਢਹਿਣਾ।

ਇਨ੍ਹਾਂ ਦੀਵਿਆਂ ਨੂੰ ਦੱਸਦੇ,
ਇਨ੍ਹਾਂ ਤਾਰਿਆਂ ਨੂੰ ਕਹਿ ਦੇ।
ਇਨ੍ਹਾਂ ਹੱਸਦੇ ਰੋਂਦਿਆਂ ਨੂੰ,
ਇਨ੍ਹਾਂ ਸਾਰਿਆਂ ਨੂੰ ਕਹਿ ਦੇ।
ਅਸੀਂ ਜਾਨ ਵਲੋਂ ਦੀਵੇ,
ਈਮਾਨ ਵਲੋਂ ਤਾਰੇ,
ਅਸੀਂ ਦੀਵੇ ਵਾਂਗ ਜਗਣਾ,
ਅਸੀਂ ਤਾਰੇ ਵਾਂਗ ਰਹਿਣਾ।

-ਸੁਰਜੀਤ ਪਾਤਰ

# ਸਾਰੀ ਤਾਕਤ ਤਾਂ ਲੋਕਾਂ ਦੀ

(ਸਫਾ 27 ਦੀ ਬਾਕੀ)


ਅਸੀਂ ਮੋਤਾ ਸਿੰਘ ਨੂੰ ਵੀ ਨਾਲ ਲੈ ਲਿਆ। ਉਹਨੇ ਸਾਰਾ ਕੇਸ ਧਿਆਨ ਨਾਲ ਸੁਣਿਆ। ਅਸੀਂ ਤਾਂ ਆਖਣਾ ਹੀ ਸੀ ਪਰ ਦਲੀਪ ਸਿੰਘ ਆਪ ਵੀ ਚੰਗਾ ਗੱਲ-ਕਾਰ ਸੀ। ਉਹਨੇ ਸਾਰੀ ਕਹਾਣੀ ਹੂਬਹੂ ਬਿਆਨ ਕੀਤੀ। ਦਾੜ੍ਹੀ ਦੇ ਵਾਲਾਂ ਦਾ ਰੁੱਗ ਉਹਨੇ ਮੇਜ਼ 'ਤੇ ਰੱਖ ਦਿੱਤਾ। ਮੈਂ ਗਵਾਹੀ ਦਿੱਤੀ ਕਿ ਦਲੀਪ ਸਿੰਘ ਪਿੰਡ ਦੇ ਦਾਨੇ ਬੰਦਿਆਂ ਵਿਚੋਂ ਸੀ। ਅੱਜ ਤੱਕ ਉਹਨੇ ਨਾ ਕਿਸੇ ਨਾਲ ਲੜਾਈ ਝਗੜਾ ਕੀਤਾ ਹੈ, ਤੇ ਨਾ ਹੀ ਕੋਈ ਅਜਿਹਾ ਗੁਨਾਹ ਕੀਤਾ ਹੈ ਕਿ ਉਹਨੂੰ ਜ਼ਿੰਦਗੀ ਭਰ ਕਦੀ ਥਾਣੇ ਦਾ ਮੂੰਹ ਵੇਖਣਾ ਪਿਆ ਹੋਵੇ। ਸ਼ਰਾਬੀ ਹੋਏ ਥਾਣੇਦਾਰ ਨੇ ਉਸ ਨਾਲ ਸਰਾਸਰ ਵਧੀਕੀ ਕੀਤੀ ਹੈ। ਉਹਨੂੰ ਇਹਦੀ ਸਜ਼ਾ ਮਿਲਣੀ ਚਾਹੀਦੀ ਹੈ।

"ਤੂੰ ਕੌਣ ਹੁੰਦੈਂ ਅੱਗੇ ਲੱਗ ਕੇ ਲੜਾਈ ਲੜਨ ਵਾਲਾ? ਇਹਦੇ ਆਪਣੇ ਪੁੱਤ ਭਤੀਜੇ ਕਿੱਥੇ ਨੇ? ਮੈਨੂੰ ਪਤੈ ਤੁਸੀਂ ਸਭਾਵਾਂ ਵਾਲੇ ਤਾਂ ਰੇੜਕਾ ਖੜ੍ਹਾ ਕਰੀ ਰੱਖਣਾ ਚਾਹੁੰਦੇ ਓ ਕਿਸੇ ਨਾ ਕਿਸੇ ਗੱਲੋਂ। ਬਹਾਨਾ ਮਿਲਿਆ ਨਹੀਂ, ਤੇ ਤੁਸੀਂ 'ਜ਼ਿੰਦਾਬਾਦ, ਮੁਰਦਾਬਾਦ' ਸ਼ੁਰੂ ਕੀਤੀ ਨਹੀਂ। ਸਭ ਨਕਸਲੀਏ ਓ ਤੁਸੀਂ।" ਡੀ.ਐਸ.ਪੀ. ਨੇ ਪੁਲਸੀਆ ਰੋਹਬ ਝਾੜਦਿਆਂ ਲੋਕ ਜਥੇਬੰਦੀਆਂ ਵੱਲ ਆਪਣੀ ਨਫ਼ਰਤੀ ਹਉਂ ਦਾ ਪ੍ਰਗਟਾਵਾ ਕੀਤਾ।

"ਨਕਸਲੀਆਂ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ। ਮੈਂ ਤਾਂ ਬਜ਼ੁਰਗ ਦਾ ਭਤੀਜਾ ਹਾਂ, ਤੇ ਇਹ ਮੇਰਾ ਤਾਇਆ ਹੈ। ਮੈਂ ਸਕੂਲ ਅਧਿਆਪਕ ਹਾਂ ਤੇ ਕਿਸੇ ਸਭਾ ਦਾ ਅਹੁਦੇਦਾਰ ਵੀ ਨਹੀਂ। ਤੁਹਾਡਾ ਕੀ ਖ਼ਿਆਲ ਹੈ ਕਿ ਲੜਨ ਲਈ 'ਬਹਾਨਾ' ਬਣਾਉਣ ਵਾਸਤੇ ਤੇ ਤੁਹਾਨੂੰ ਵਿਖਾਉਣ ਲਈ ਅਸੀਂ ਆਪਣੇ ਪਿਓ ਦਾਦਿਆਂ ਦੀਆਂ ਦਾੜ੍ਹੀਆਂ ਆਪੇ ਪੁੱਟਦੇ ਆਂ?"

ਕੋਲੋਂ ਮੋਤਾ ਸਿੰਘ ਤਲਖ਼ੀ ਵਿਚ ਆ ਗਿਆ, "ਸਰਦਾਰ ਜੀ! ਇਹ ਕੀ ਗੱਲ ਹੋਈ ਭਲਾ ਕਿ ਕਿਸੇ ਬਜ਼ੁਰਗ ਦੀ ਪੁਲਿਸ ਬੇਇਜ਼ਤੀ ਕਰੇ, ਤੇ ਉਹਦੇ ਪੁੱਤਾਂ ਭਤੀਜਿਆਂ ਤੋਂ ਬਿਨਾਂ ਉਹਦੇ ਹੱਕ ਵਿਚ ਕੋਈ ਆਵਾਜ਼ ਈ ਨਾ ਉਠਾਵੇ? ਪੁੱਤ ਭਤੀਜਾ ਪੁਲਿਸ ਦੀ ਦਹਿਸ਼ਤ ਤੋਂ ਡਰਦਾ ਬੋਲੇ ਕੋਈ ਨਾ, ਤੇ ਹੋਰ ਕਿਸੇ ਨੂੰ ਤੁਸੀਂ ਬੋਲਣ ਨਾ ਦਿਓ। ਵਾਹ ਜੀ! ਇਹ ਕਿੱਧਰ ਦਾ ਨਿਆਂ ਏ?"

ਡੀ.ਐਸ.ਪੀ. ਜਵਾਬ ਵਿਚ ਕੁਝ ਨਹੀਂ ਬੋਲਿਆ।



ਸੁਰਸਿੰਘ ਵਿਚ ਭਾਈ ਬਿਧੀ ਚੰਦ ਗੁਰੂਘਰ ਦੀ ਝਲਕ।

*ਸਾਰੀ ਪੱਤੀ ਦੇ ਪਰਿਵਾਰਾਂ ਦੇ ਮੁਖੀਆਂ ਦੀ ਇਕੱਤਰਤਾ ਖੇਤਾਂ ਵਿਚ ਬਣੇ ਆਪਣੀ ਪੱਤੀ ਦੇ ਗੁਰਦਵਾਰੇ ਵਿਚ ਬੁਲਾ ਲਈ। ਮਾਹੌਲ ਤਿਆਰ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਤੇ ਹਜ਼ੂਰੀ ਦਾ ਮਹੱਤਵ ਬਿਆਨ ਕਰਦਿਆਂ ਨਿੱਕਾ ਜਿਹਾ ਲੈਕਚਰ ਦਿੱਤਾ ਕਿ ਗੁਰੂ ਸਾਹਿਬਾਨ ਦੀ ਰਵਾਇਤ ਤਾਂ ਵੰਡ ਛਕਣ ਦੀ ਸੀ, ਕਿਸੇ ਦਾ ਹੱਕ ਮਾਰਨ ਦੀ ਨਹੀਂ। ਕਹਿੰਦੇ ਨੇ, ਤੁਰੇ ਜਾਂਦੇ ਨਿਹੰਗ ਸਿੰਘਾਂ ਨੂੰ ਇੱਕ ਤਿਲ ਲੱਭਾ ਸੀ। ਛੋਟੇ ਜਿਹੇ ਤਿਲ ਨੂੰ ਵੰਡ ਕੇ ਛਕਣ ਦੀ ਜੁਗਤ ਨਾ ਲੱਭਣ ਕਰ ਕੇ ਉਨ੍ਹਾਂ ਨੇ ਤਿਲ ਘੋਟ ਕੇ ਉਸ ਵਿਚ ਪਾਣੀ ਪਾ ਲਿਆ ਤੇ ਵੰਡ ਕੇ ਛਕ ਲਿਆ। ਉਹ ਤਿਲ ਕਿਸੇ ਇਕ ਜਣੇ ਨੇ ਇਸ ਕਰ ਕੇ ਲੈਣਾ ਪ੍ਰਵਾਨ ਨਹੀਂ ਸੀ ਕੀਤਾ, ਕਿਉਂਕਿ ਹਰ ਕੋਈ ਸਮਝਦਾ ਸੀ ਕਿ ਇਸ 'ਤੇ ਦੂਜੇ ਸਿੰਘ ਦਾ ਹੱਕ ਵੀ ਬਣਦਾ ਹੈ।*

ਸਾਥੋਂ ਬਾਅਦ ਪਿੰਡ ਦੇ ਵੱਡੇ ਵੱਡੇ ਚੌਧਰੀ ਥਾਣੇਦਾਰ ਦੇ ਹੱਕ ਵਿਚ ਨਿੱਤਰੇ। ਚੌਕੀ ਦੇ ਲਾਂਗਰੀ ਜਿਹੜਾ ਡੀ.ਐਸ.ਪੀ. ਨੂੰ ਪਾਣੀ-ਧਾਣੀ ਫੜਾਉਣ ਦੀ ਡਿਊਟੀ ਨਿਭਾ ਰਿਹਾ ਸੀ, ਨੇ ਬਾਹਰ ਆ ਕੇ ਸਾਨੂੰ ਦੱਸਿਆ ਕਿ ਚੌਧਰੀ ਕਹਿ ਰਹੇ ਸਨ, "ਜੀ! ਥਾਣੇਦਾਰ ਸਾਹਿਬ ਵਰਗਾ ਨੇਕ ਥਾਣੇਦਾਰ ਤਾਂ ਅੱਜ ਤੱਕ ਇਸ ਚੌਕੀ ਵਿਚ ਕਦੀ ਆਇਆ ਈ ਨਹੀਂ। ਬੜੇ ਭਲੇਮਾਣਸ ਨੇ, ਸਭ ਦੀ ਸੁਣ ਕੇ ਨਿਆਂ ਕਰਨ ਵਾਲੇ। ਕਿਸੇ ਨਾਲ ਧੱਕਾ ਨਹੀਂ, ਕਿਸੇ ਨਾਲ ਵਧੀਕੀ ਨਹੀਂ।"

ਡੀ.ਐਸ.ਪੀ. ਨੇ ਮੇਜ਼ 'ਤੇ ਪਏ ਦਲੀਪ ਸਿੰਘ ਦੀ ਦਾੜ੍ਹੀ ਦੇ ਵਾਲਾਂ ਵੱਲ ਇਸ਼ਾਰਾ ਕਰ ਕੇ ਪੁੱਛਿਆ ਸੀ, "ਆਹ ਦਾੜ੍ਹੀ ਦੇ ਵਾਲ ਉਹ ਆਪੇ ਪੁੱਟ ਕੇ ਲੈ ਆਇਐ?"

ਚੌਧਰੀ ਛਿੱਥੇ ਪਏ ਆਖਣ ਲੱਗੇ ਕਿ ਇਹ ਗ਼ਲਤੀ ਪਤਾ ਨਹੀਂ ਉਨ੍ਹਾਂ ਤੋਂ ਕਿਵੇਂ ਹੋ ਗਈ!

ਡੀ.ਐਸ.ਪੀ. ਖਿਝ ਗਿਆ। ਕਹਿੰਦਾ, "ਤੁਸੀਂ ਸਾਰੇ ਚਿੱਟੇ ਪੱਗੜ ਬੰਨ੍ਹ ਕੇ ਹਵੇਲੀਆਂ ਤੇ ਵਾੜਿਆਂ 'ਚੋਂ ਉਠ ਕੇ ਆ ਗਏ ਜੇ। ਤੁਸੀਂ ਵੀ ਇੱਦਾਂ ਦਾ ਨਿਆਂ ਈ ਕਰਦੇ ਹੋਵੋਗੇ?"

ਤਫਤੀਸ਼ ਨਿਪਟਾਉਣ ਤੋਂ ਬਾਅਦ ਡੀ.ਐਸ.ਪੀ. ਜਾਣ ਲੱਗਾ ਤਾਂ ਮੈਂ ਅੱਗੇ ਹੋ ਕੇ ਪੁੱਛਿਆ ਕਿ ਉਹਨੇ ਕੀ ਫ਼ੈਸਲਾ ਕੀਤਾ ਹੈ। ਉਹ ਖਿਝ ਕੇ ਅਫਸਰੀ ਠਾਠ ਨਾਲ ਬੋਲਿਆ, "ਕਿਉਂ, ਤੂੰ ਮੇਰਾ ਅਫਸਰ ਲੱਗਾ ਏਂ, ਜੋ ਤੈਨੂੰ ਜਵਾਬ ਦਿਆਂ?"

ਅਸਲ ਵਿਚ ਡੀ.ਐਸ.ਪੀ. ਨੌਜਵਾਨ ਸਭਾ ਦੇ ਅੱਗੇ ਲੱਗਣ 'ਤੇ ਖ਼ਫ਼ਾ ਲੱਗਦਾ ਸੀ ਤੇ ਉਸ ਦੇ ਵਿਹਾਰ ਵਿਚੋਂ ਲੋਕ ਜਥੇਬੰਦੀਆਂ ਪ੍ਰਤੀ ਸਥਾਪਤੀ ਦੇ ਨਜ਼ਰੀਏ ਦੀ ਝਲਕ ਪੈਂਦੀ ਸੀ। ਫਿਰ ਵੀ ਜੀਪ ਵਿਚ ਬੈਠਣ ਲੱਗਿਆਂ ਉਹਦੇ ਮੂੰਹੋਂ ਨਿਕਲ ਗਿਆ, "ਨਿਆਂ ਹੋਊਗਾ।"

ਇੰਨੀ ਆਖ ਉਹ ਜੀਪ ਭਜਾ ਕੇ ਲੈ ਗਿਆ। ਅਗਲੇ ਦਿਨ ਐਸ.ਐਸ.ਪੀ. ਨੂੰ ਮੁੜ ਤੋਂ ਮਿਲਣ ਦੀ ਸਲਾਹ ਬਣਾ ਹੀ ਰਹੇ ਸਾਂ ਕਿ ਪਤਾ ਲੱਗਾ; ਤਫਤੀਸ਼ ਦੇ ਆਧਾਰ 'ਤੇ ਥਾਣੇਦਾਰ ਨੂੰ ਲਾਈਨ ਹਾਜ਼ਰ ਕਰ ਲਿਆ ਗਿਆ ਹੈ।

ਅਸੀਂ ਪਿੰਡ ਵਿਚ ਜੇਤੂ ਜਲੂਸ ਕੱਢਿਆ।

'ਪੁਲਿਸ-ਤਸ਼ੱਦਦ-ਮੁਰਦਾਬਾਦ!' ...'ਧੱਕੇਸ਼ਾਹੀ ਨਹੀਂ ਚੱਲੇਗੀ!'...'ਪੁਲਸੀ ਟਾਊਟ ਮੁਰਦਾਬਾਦ!' ਦੇ ਨਾਅਰੇ ਲਾਉਂਦੇ ਅਸੀਂ ਪਿੰਡ ਦੁਆਲੇ ਗੇੜਾ ਲਾਇਆ।

ਤਖ਼ਤਪੋਸ਼ਾਂ 'ਤੇ ਬੈਠੇ ਚੌਧਰੀ ਸਾਡੇ ਵੱਲ ਵੇਖ ਕੇ ਖਸਿਆਨੀ ਹਾਸੀ ਹੱਸਣ।

ਅਗਲੇ ਦਿਨ ਆਪਣੇ ਆਪ ਨੂੰ ਘੈਂਟ ਸਮਝਣ ਵਾਲਾ ਉਹੋ ਥਾਣੇਦਾਰ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਨਾਲ ਲੈ ਕੇ ਮੇਰੀਆਂ ਬਰੂਹਾਂ 'ਤੇ ਮੁਆਫ਼ੀ ਮੰਗਣ ਆ ਗਿਆ। ਇਨ੍ਹਾਂ ਬੰਦਿਆਂ ਵਿਚ ਮੇਰੀ ਪਛਾਣ ਦੇ ਆਂਢੀ-ਗਵਾਂਢੀ ਸ਼ਰੀਫ਼ ਬਜ਼ੁਰਗ ਵੀ ਸਨ। ਤਾਇਆ ਲਾਭ ਚੰਦ ਕਹਿਣ ਲੱਗਾ, "ਪੁੱਤ ਵਰਿਆਮ ਸਿਆਂ! ਗਲਤੀ ਤਾਂ ਸਾਹਬ ਬਹਾਦਰ ਨੇ ਬੜੀ ਵੱਡੀ ਕੀਤੀ ਸੀ, ਪਰ ਹੁਣ ਭੁੱਲ ਬਖ਼ਸ਼ਾਉਣਾ ਚਾਹੁੰਦੇ ਨੇ। ਪੁੱਤਰਾ! ਭੁੱਲ ਬਖ਼ਸ਼ ਦੇਣੀ ਵੀ ਮੁਦੱਬਰ ਬੰਦਿਆਂ ਦਾ ਕੰਮ ਐ। ਕਰੋ ਜੀ ਸਾਹਬ ਬਹਾਦਰ ਤੁਸੀਂ ਆਪ ਗੱਲ ਕਰੋ।"

ਥਾਣੇਦਾਰ ਮੇਰੇ ਵੱਲ ਹੱਥ ਜੋੜ ਕੇ ਕਹਿੰਦਾ, "ਕਾਮਰੇਡ ਜੀ! ਬਥੇਰੀ ਹੋ ਗਈ ਮੇਰੇ ਨਾਲ। ਗਲਤੀ ਮਾਫ਼ ਕਰ ਦਿਓ ਤੇ ਗੱਲ ਅੱਗੇ ਨਾ ਵਧਾਓ। ਲਾਈਨ ਹਾਜ਼ਰ ਤਾਂ ਹੋ ਗਿਆਂ, ਮੇਰਾ ਅੱਗੇ ਨੁਕਸਾਨ ਹੋਣ ਤੋਂ ਬਚਾਓ। ਮੇਰੀ ਤਾਂ ਕੁਝ ਦਿਨਾਂ ਤੱਕ ਪ੍ਰਮੋਸ਼ਨ ਵੀ ਡਿਊ ਹੈ।"

ਮੈਂ ਕਿਹਾ, ਉਹ ਮੇਰੇ ਕੋਲੋਂ ਨਹੀਂ, ਸਾਹਮਣੇ ਬੈਠੇ ਦਲੀਪ ਸਿੰਘ ਕੋਲੋਂ ਮੁਆਫ਼ੀ ਮੰਗ ਲਵੇ ਤਾਂ ਅਸੀਂ ਉਸ ਖ਼ਿਲਾਫ਼ ਅਗਲਾ ਸੰਘਰਸ਼ ਰੋਕ ਲਵਾਂਗੇ! ਉਹ ਉਠ ਕੇ ਦਲੀਪ ਸਿੰਘ ਦੇ ਗੋਡਿਆਂ ਨੂੰ ਹੱਥ ਲਾਉਣ ਲਈ ਅੱਗੇ ਵਧਿਆ ਤਾਂ ਉਸ ਨੇ ਅਗਿਓਂ ਥਾਣੇਦਾਰ ਨੂੰ ਗੁੱਸੇ ਵਿਚ ਝਿੜਕ ਕੇ ਬਿਠਾਉਂਦਿਆਂ ਕਿਹਾ, "ਹੁਣ ਮੇਰੀ ਵਾਰੀ ਏ। ਪਰੇ ਹੋ ਜਾ, ਮੇਰੇ ਗੋਡਿਆਂ ਨੂੰ ਆਪਣੇ ਗੰਦੇ ਹੱਥ ਨਾ ਲਾਵੀਂ। ਮੇਰੇ ਪੁੱਤ ਨੇ ਮੈਨੂੰ ਹੁਣ ਤੇਰੇ ਅੱਗੇ ਬੋਲਣ ਜੋਗਾ ਕਰ ਦਿੱਤਾ ਹੈ। ਮੈਂ ਤੈਨੂੰ ਮਾਫ਼ ਨਹੀਂ ਕਰਨ ਲੱਗਾ।"

ਉਸ ਅੰਦਰੋਂ ਸਾਡੇ ਏਕੇ ਦੀ ਤਾਕਤ ਲਲਕਾਰ ਰਹੀ ਸੀ।

ਥਾਣੇਦਾਰ ਨੂੰ ਮਾਫ਼ੀ ਨਾ ਮਿਲੀ, ਤੇ ਉਹਨੂੰ ਬਣਦੀ ਸਜ਼ਾ ਭੁਗਤਣੀ ਪਈ।

***

ਕੰਪਿਊਟਰ 'ਤੇ ਇਹ ਸਤਰਾਂ ਲਿਖ ਰਿਹਾ ਸਾਂ ਤਾਂ ਪਤਨੀ ਕੋਲ ਆ ਕੇ ਪੁੱਛਣ ਲੱਗੀ, "ਕੀ ਲਿਖ ਰਹੇ ਓ?" ਮੈਂ ਦੱਸਿਆ ਤਾਂ ਕਹਿੰਦੀ, "ਤੁਹਾਨੂੰ ਉਹ ਗੱਲ ਚੇਤੇ ਐ, ਜਦੋਂ ਘਾਟੀ ਉਤਲੇ ਕੁੜੀਆਂ ਦੇ ਮਿਡਲ ਸਕੂਲ ਦੀਆਂ ਭੈਣ ਜੀਆਂ ਆਪਣੇ ਘਰ ਸ਼ਿਕਾਇਤ ਲੈ ਕੇ ਆਈਆਂ ਸਨ ਕਿ ਛੁੱਟੀ ਵਾਲੇ ਦਿਨ ਕੁਝ ਬੰਦੇ ਕੰਧਾਂ ਟੱਪ ਕੇ ਸਕੂਲ ਵਿਚ ਆ ਜਾਂਦੇ ਨੇ, ਤੇ ਬਰਾਂਡੇ ਵਿਚ ਬੈਠ ਕੇ ਸ਼ਰਾਬਾਂ ਪੀਂਦੇ ਤੇ ਜੂਆ ਖੇਡਦੇ ਨੇ। ਤੁਸੀਂ ਉਨ੍ਹਾਂ ਬੰਦਿਆਂ ਦਾ ਪਤਾ ਕਰ ਕੇ ਉਨ੍ਹਾਂ ਨੂੰ ਵੀ ਹਟਾਇਆ ਸੀ।"

ਇਹ ਗੱਲ ਮੇਰੇ ਚੇਤੇ ਵਿਚ ਨਹੀਂ ਸੀ। ਪਤਨੀ ਦੇ ਕਹਿਣ 'ਤੇ ਹੀ ਚੇਤੇ ਆਈ। ਇੰਜ ਹੀ ਕਈ ਹੋਰ ਗੱਲਾਂ ਹਨ; ਚੇਤੇ ਵਿਚਲੀਆਂ ਵੀ ਤੇ ਚੇਤੇ 'ਚੋਂ ਵਿਸਰ ਗਈਆਂ ਵੀ; ਪਰ ਮੇਰਾ ਉਨ੍ਹਾਂ ਸਾਰੀਆਂ ਗੱਲਾਂ ਨੂੰ ਹੀ ਬਿਆਨ ਕਰਨ ਦਾ ਮਕਸਦ ਨਹੀਂ। ਮੈਂ ਤਾਂ ਇਨ੍ਹਾਂ ਕੁਝ ਗੱਲਾਂ ਦੇ ਪਿਛੋਕੜ ਨੂੰ ਬਿਆਨ ਕਰ ਕੇ ਅਸਲੀ ਗੱਲ ਤੁਹਾਡੇ ਨਾਲ ਸਾਂਝੀ ਕਰਨੀ ਹੈ।

ਕਹਾਣੀ

# ਵੱਡਾ ਬੰਦਾ

**ਸਾਡੇ ਸਮਾਜ ਨੂੰ ਕਿਸੇ ਅਜਿਹੇ ਘੁਣ ਨੇ ਖਾਧਾ ਹੈ ਕਿ ਅਮੀਰ ਅਤੇ ਚਲਦੇ ਪੁਰਜੇ ਬੰਦੇ ਲਈ ਕਾਨੂੰਨ ਕੁਝ ਨਹੀਂ ਰਹਿੰਦਾ। ਉਹ ਆਪਣੀਆਂ ਮਨਆਈਆਂ ਕਰਦਾ ਹੈ ਤੇ ਗਰੀਬ ਨੂੰ ਲਿਤਾੜਦਾ ਹੈ ਪਰ ਜਦੋਂ ਕਦੀ ਗਰੀਬ ਦਾ ਰੋਹ ਜਾਗ ਪਵੇ ਤਾਂ ਉਸ ਦੀਆਂ ਸਭੇ ਖਰਮਸਤੀਆਂ ਨਿਕਲ ਜਾਂਦੀਆਂ ਨੇ। ਅਜਿਹਾ ਹੀ ਕੁਝ ਵਾਪਰਦਾ ਹੈ, ਅਸ਼ੋਕ ਵਾਸਿਸ਼ਠ ਦੀ ਇਸ ਕਹਾਣੀ ਵਿਚ। -ਸੰਪਾਦਕ**

"ਅਹਿ ਕੀ ਕਰਦੈਂ...ਤੈਨੂੰ ਮਾਰਨਾ ਵੀ ਨਹੀਂ ਆਉਂਦਾ...ਖਿਚ ਕੇ ਮਾਰ ਇਹਦੇ ਮੂੰਹ 'ਤੇ...ਜੇ ਤੈਨੂੰ ਮਾਰਨੀ ਨਹੀਂ ਆਉਂਦੀ ਤਾਂ ਮੈਂ ਦੱਸਾਂ ਕਿੱਦਾਂ ਮਾਰੀਦੈ।" ਗਭਰੂ ਦੇ ਢਿੱਲੇ ਹੱਥਾਂ ਵੱਲ ਤੱਕਦਿਆਂ ਬਜ਼ੁਰਗ ਦੀਆਂ ਹੱਦਾਂ ਵਿਚ ਦਾਖਲ ਹੋਣ ਜਾ ਰਹੇ 'ਨੌਜਵਾਨ' ਨੇ ਕਿਹਾ।

ਗਭਰੂ ਦੇ ਗਰਮ ਖੂਨ ਨੇ ਉਬਾਲਾ ਖਾਧਾ। ਉਸ ਬੰਦੇ ਦੇ ਮੂੰਹ 'ਤੇ ਪੂਰੇ ਜੋਰ ਨਾਲ ਚੰਡ ਮਾਰ ਦਿੱਤੀ। ਉਹਦੇ ਮੂੰਹ ਵਿਚਲੇ ਹੁਣ ਤਕ ਮਸਾਂ ਮਸਾਂ ਬਚੇ ਦੋ ਦੰਦ ਭੁੜਕ ਕੇ ਬਾਹਰ ਨਿਕਲ ਆਏ ਤੇ ਖੂਨ ਦੇ ਛਿੱਟੇ ਜ਼ਮੀਨ 'ਤੇ ਬਿਖਰ ਗਏ।

**ਅਸ਼ੋਕ ਵਾਸਿਸ਼ਠ***
**ਫੋਨ: 91-98106-28570**

"ਆਹ ਹੋਈ ਨਾ ਗੱਲ...ਜਵਾਨਾ ਮਜ਼ਾ ਆ ਗਿਆ। ਹੁਣ ਲੱਗਦੈ ਕਿਸੇ ਗੱਭਰੂ ਨੇ ਵਾਰ ਕੀਤੈ," ਕੋਲ ਖਲੋਤੇ ਇਕ ਦੂਜੇ ਬਜ਼ੁਰਗ ਤੋਂ ਰਿਹਾ ਨਾ ਗਿਆ।

"ਸਹੁਰੀ ਦਿਆ ਪਹਿਲਾਂ ਤਾਂ ਤੂੰ ਪਿਆਰ ਈ ਕਰਦਾ ਰਿਹੈਂ। ਡੌਲੇ ਕਮਾਏ ਨੇ ਡੌਂਬਲ ਫੇਰ ਫੇਰ...ਉਹਦਾ ਕੀ ਫਾਇਦਾ ਜੇ ਅਗਲੇ ਦੀ ਫੂਕ ਨਾ ਨਿਕਲੇ।"

ਏਧਰ 'ਨੌਜਵਾਨ' ਤੇ ਭੀੜ ਦੇ ਦੂਜੇ ਲੋਕ ਗਭਰੂ ਦੀ ਪਿੱਠ ਥਾਪੜ ਰਹੇ ਸਨ ਤੇ ਉਧਰ ਕਰਾਰੀ ਚੰਡ ਨੇ ਬੰਦੇ ਦੇ ਅਫ਼ਾਟ ਕੱਢ ਦਿਤੇ ਸਨ। ਉਹ ਹਾਲੋਂ ਬੇਹਾਲ ਹੋਇਆ ਭੁੰਜੇ ਪਿਆ ਤੜਪ ਰਿਹਾ ਸੀ। ਗਭਰੂ ਦੇ ਬੱਜਰ ਹੱਥ ਨਾਲ ਵੱਜੀ ਚੰਡ ਨੇ ਉਹਨੂੰ ਅੰਦਰ ਤਕ ਹਿਲਾ ਦਿੱਤਾ ਸੀ।

"ਕੁਝ ਤਾਂ ਲਿਹਾਜ ਕਰੋ। ਬਜ਼ੁਰਗ ਆਦਮੀ ਐ।" ਜਦੋਂ ਚੰਡਾਂ, ਮੁੱਕਿਆਂ, ਹੂਰਿਆਂ ਦਾ ਸਿਲਸਿਲਾ ਚਲਦਿਆਂ ਅੱਧਾ ਘੰਟਾ ਹੋ ਗਿਆ ਤਾਂ ਇਕ ਮੁੱਛਫੁਟ ਗਭਰੂ ਨੇ ਭੀੜ ਨੂੰ ਮੁਖਾਤਬ ਹੁੰਦਿਆਂ ਕਿਹਾ।

"ਲਿਹਾਜ਼! ਕਾਹਦਾ ਲਿਹਾਜ਼? ਕਿਉਂ ਕਰੀਏ ਅਸੀਂ ਲਿਹਾਜ਼ ਇਸਦਾ?" ਇਕ ਜਣਾ ਭੁੜਕਿਆ।

"ਨਾ ਤੇਰਾ ਕੁਝ ਲੱਗਦੈ? ਜੇ ਲੱਗਦਾ ਤਾਂ ਦਸ ਦੇ। ਅਸੀਂ ਲਿਹਾਜ਼ ਕਰ ਲੈਂਦੇ ਆਂ।" ਤੀਜਾ ਜਣਾ ਵਿਚੋਂ ਬੋਲ ਪਿਆ।

"ਮਾਸੜ ਲੱਗਦਾ ਇਹਦਾ।" ਇਕ ਹੋਰ ਜਣਾ ਬੋਲਿਆ।

"ਮਾਸੜ ਲੱਗਦਾ ਹੋਊ ਤੇਰਾ...ਮੂੰਹ ਸੰਭਾਲ ਕੇ ਬੋਲ। ਐਵੇਂ ਅਵਾ ਤਵਾ ਬੋਲਣ ਦੀ ਲੋੜ ਨੀਂ।" ਨੌਜਵਾਨ ਨੇ ਪਲਟ ਵਾਰ ਕਰਦਿਆਂ ਕਿਹਾ।

"ਫੇਰ ਇਹਦੀ ਤਰਫ਼ਦਾਰੀ ਕਿਉਂ ਕਰਦੈਂ?" ਤੀਜੇ ਜਣੇ ਨੇ ਪੈਂਦੇ ਸੱਟੇ ਪੁੱਛਿਆ।

"ਬਾਈ, ਮੈਂ ਤਰਫ਼ਦਾਰੀ ਨਹੀਂ ਕਰ ਰਿਹਾ। ਮੈਨੂੰ ਇਹ ਵੀ ਨਹੀਂ ਪਤਾ ਇਸ ਕੀਤਾ ਕੀ ਐ, ਇਹ ਹੈ ਕੌਣ?"

"ਇਹਨੇ ਇਕ ਮਾਸੂਮ ਬੱਚੀ ਨਾਲ ਜ਼ਬਰ ਕੀਤੈ, ਉਸ ਨਾਲ ਬਦਫੈਲੀ ਕੀਤੀ ਏ, ਰੰਗੇ ਹੱਥੀਂ ਫੜਿਆ ਗਿਐ, ਬੱਚੀ ਦੀਆਂ ਚੀਕਾਂ ਸੁਣ ਕੇ ਸਾਡੇ ਲੂੰ ਕੰਡੇ ਖੜ੍ਹੇ ਹੋ ਗਏ ਸਨ, ਅਸੀਂ ਮੌਕੇ 'ਤੇ ਜਾ ਕੇ ਉਹਨੂੰ ਇਹਦੇ ਜਬਾੜੇ 'ਚੋਂ ਕੱਢਿਆ, ਜਾਨਣਾ ਚਾਹੁੰਨਾਂ ਇਹ ਹੈ ਕੌਣ? ਲੈ ਸੁਣ ਲੈ, ਇਹ ਇਥੋਂ ਦਾ ਭੂਤਰਿਆ ਸਾਨ੍ਹ ਐ, ਸਾਨ੍ਹ।" ਇਕ ਬੰਦਾ ਚੀਕ-ਚੀਕ ਦੱਸ ਰਿਹਾ ਸੀ।

"ਬਈ ਇਹਨੇ ਜੋ ਕੀਤੈ, ਉਹ ਮਾਫ਼ੀ ਦੇ ਲੈਕ ਨਈ; ਮੈਂ ਤਾਂ ਇਸ ਲਈ ਕਿਹਾ ਸੀ ਕਿ ਇਹਦਾ ਕੁੱਟ ਕੁਟਾਪਾ ਬਹੁਤ ਹੋ ਚੁੱਕੈ...ਹੁਣ ਬਸ ਕਰੋ। ਕਿਧਰੇ ਲੈਣੇ ਦੇ ਦੇਣੇ ਨਾ ਪੈ ਜਾਣ।" ਨੌਜਵਾਨ ਨੇ ਆਪਣੀ ਮਨਸ਼ਾ ਸਾਫ਼ ਕੀਤੀ।

"ਗੱਲ ਤਾਂ ਤੇਰੀ ਠੀਕ ਐ ਜਵਾਨਾ। ਬਰਖੁਰਦਾਰੋ, ਹੁਣ ਬਸ ਕਰੋ...ਇਹਨੂੰ ਪੁਲਸ ਦੇ ਹਵਾਲੇ ਕਰ ਦਿੰਦੇ ਆਂ। ਉਂਜ ਵੀ ਸਾਨੂੰ ਕਾਨੂੰਨ ਆਪਣੇ ਹੱਥ 'ਚ ਨਹੀਂ ਲੈਣਾ ਚਾਹੀਦਾ।" ਬਜ਼ੁਰਗ ਨੇ ਨੌਜਵਾਨ ਦੀ ਹਾਮੀ ਭਰਦਿਆਂ ਕਿਹਾ।

ਪਰ ਭੀੜ ਕਿੱਥੇ ਸ਼ਾਂਤ ਹੋਣ ਵਾਲੀ ਸੀ, ਹਰ ਬੰਦਾ ਇਕ ਦੂਜੇ ਤੋਂ ਵੱਧ ਕੇ ਚੀਕ ਰਿਹਾ ਸੀ, ਫਿਰ ਵੀ ਦੋ-ਚਾਰ ਸੱਜਣਾਂ ਨੇ ਬਜ਼ੁਰਗ ਦੀ ਹਮਾਇਤ ਕੀਤੀ, ਉਹਦਾ ਹੱਥ ਉਪਰ ਹੋ ਗਿਆ। ਅਖੀਰ ਉਸ ਦੀ ਗੱਲ ਮੰਨ ਲਈ ਗਈ।

"ਚੱਲ ਠੀਕ ਐ, ਹੋਰ ਪਰਸ਼ਾਦਾ ਨਹੀਂ ਛਕਾਉਂਦੇ ਪਰ ਥੋੜ੍ਹਾ ਜਿੰਨਾ ਪ੍ਰਸ਼ਾਦ ਤਾਂ ਦੇ ਈ ਸਕਦੇ ਆਂ! ਕਿਉਂ ਬਜ਼ੁਰਗੋ, ਕੀ ਖਿਆਲ ਐ ਤੁਹਾਡਾ?"

"ਮੇਰਾ ਕੀ ਖਿਆਲ ਹੋਣਾ! ਖਿਆਲ ਤਾਂ ਗਭਰੂਆਂ ਦਾ ਹੁੰਦੈ ਬਈ। ਜਿੱਦਾਂ ਮਰਜੀ ਕਰੋ ਪਰ ਜ਼ਰਾ ਅੱਗਾ ਪਿੱਛਾ ਦੇਖ ਕੇ।" ਗਭਰੂ ਦੀ ਅਸਲ ਮਨਸ਼ਾ ਤਾੜਦਿਆਂ ਬਜ਼ੁਰਗ ਨੇ ਕਿਹਾ।

"ਠੀਕ ਐ ਫੇਰ, ਰੁਕ ਜਾਓ ਬਈ ਜਵਾਨੋ, ਰੁਕ ਜਾਓ। ਇਹਨੇ ਬਹੁਤ ਪਰਸ਼ਾਦਾ ਛੱਕ ਲਿਆ। ਕਿਤੇ ਬਦਹਜ਼ਮੀ ਨਾ ਹੋ ਜਾਏ। ਬਸ ਹੁਣ ਮਾੜਾ ਜਿਹਾ ਪ੍ਰਸ਼ਾਦ ਦੇ ਦਿਓ ਤੇ ਫੇਰ ਭੇਜ ਦਿੰਦੇ ਆਂ ਇਹਨੂੰ ਡੰਡਿਆਂ ਵਾਲੇ ਪੀਰਾਂ ਕੋਲ।" ਗਭਰੂ ਮੁਸਕਰਾਇਆ।

"ਲੈ ਪ੍ਰਸ਼ਾਦ ਤਾਂ ਮੈਂ ਦੇ ਦਿਨਾਂ ਇਹਨੂੰ।" ਇਕ ਹੋਰ ਉਤਸਾਹੀ ਸੱਜਣ ਜਿਹੜਾ ਨਾ ਨੌਜਵਾਨ ਸੀ ਅਤੇ ਨਾ ਬਜ਼ੁਰਗ ਲੋਕਾਂ ਨੂੰ ਪਿੱਛੇ ਧੱਕਦਾ ਮੋਹਰੇ ਆਣ ਖਲੋਤਾ। ਉਸ ਬੜੀ ਨੀਝ ਨਾਲ ਬੰਦੇ ਦਾ ਮੂੰਹ ਤੱਕਿਆ। ਫੇਰ ਪੋਲੇ ਜਿਹੇ ਹੱਥਾਂ ਨਾਲ ਉਸ ਦੀਆਂ ਗੱਲ੍ਹਾਂ ਪਲੋਸੀਆਂ। ਦੇਖਦਿਆਂ ਹੀ ਦੇਖਦਿਆਂ ਗੂੜ੍ਹਾ ਕਾਲਾ ਰੰਗ ਉਸ ਦੀਆਂ ਸੁਰਖ਼ ਗੱਲ੍ਹਾਂ ਨਾਲ ਆਢਾ ਲੈਣ ਲੱਗ ਪਿਆ।

-o-

"ਤੇਰੀ ਬੇੜੀ ਕਿਤੇ ਤੱਣ-ਪੱਤਣ ਨਹੀਂ ਲੱਗੀ!"

"ਕਿੱਥੇ, ਮੇਰੇ ਤਾਂ ਭਾਗ ਈ ਜਾਣੋਂ ਸੌਂ ਗਏ ਨੇ। ਉਹਦੀਆਂ ਗੱਲਾਂ ਵਿਚ ਆ ਕੇ ਆਪਣਾ ਆਪ ਗੁਆ ਲਿਐ। ਪਰ ਉਹ ਕੋਈ ਲੜ ਪੱਲਾ ਈ ਨਹੀਂ ਫੜਾਉਂਦਾ।"

"ਜ਼ਰਾ ਜੋਰ ਦੇ ਉਹਦੇ ਤੇ, ਜੇਕਰ ਫੇਰ ਵੀ ਨਾ ਮੰਨੇ ਤਾਂ ਉਂਗਲ ਟੇਢੀ ਕਰ ਲਈਂ, ਆਪੇ ਰਸਤੇ 'ਤੇ ਆ ਜਾਊ।"

"ਭੈਣੇ ਰਸਤੇ 'ਤੇ ਤਾਂ ਉਹਨੇ ਆਪੇ ਈ ਆਉਣਾ...ਸਾਡੇ ਕਿਹਾਂ ਜਾਂ ਨਾ ਕਿਹਾਂ ਦੀ ਕੋਈ ਵੁੱਕਤ ਨਹੀਂ। ਬਹੁਤੀ ਆਕੜ ਕੇ ਵੀ ਤਾਂ ਗੱਲ ਨਹੀਂ ਕਰ ਸਕਦੇ, ਤੈਥੋਂ ਭਲਾ ਕੀ ਲੁਕਿਐ।"

"ਗੱਲ ਤਾਂ ਤੇਰੀ ਠੀਕ ਆ, ਮੀਨਾ। ਪਰ ਇਸ ਵਾਰ ਤੇਰੀ ਜਾਨ ਖਤਰੇ 'ਚ ਪੈ ਸਕਦੀ ਏ।" ਰੀਨਾ ਨੇ ਆਪਣੇ ਮਨ ਦਾ ਤੌਖਲਾ ਜ਼ਾਹਿਰ ਕੀਤਾ।

"ਰੋਣਾ ਤਾਂ ਇਸੇ ਗੱਲ ਦਾ ਏ। ਉਹਨੂੰ ਕਹਿੰਦੀ ਹਾਂ ਤਾਂ ਉਹ ਹੱਸ ਛੱਡਦਾ ਹੈ, ਇਕ ਦਿਨ ਮੂਡ ਵਿਚ ਸੀ, ਕਹਿਣ ਲੱਗਾ, 'ਤੂੰ ਫਿਕਰ ਕਿਸ ਗੱਲ ਦਾ ਕਰਦੀ ਏਂ, ਕੁਝ ਨਹੀਂ ਹੋਣ ਦਿੰਦਾ ਤੈਨੂੰ, ਡਾਕਟਰ ਖਾਸ ਬੰਦੈ ਮੇਰਾ, ਇਲਾਜ ਕਰ ਦੇਵੇਗਾ, ਤੈਂ ਕਿਹੜਾ ਕੁਝ ਖਰਚਣਾ!' ਮੈਂ ਕਿਹਾ, 'ਉਹ ਤਾਂ ਠੀਕ ਆ, ਅੱਗੇ ਵੀ ਤੁਸੀਂ ਸਾਂਭਦੇ ਰਹੇ ਓਂ, ਇਸ ਵਾਰ ਵੀ ਸਾਂਭ ਲਓਗੇ, ਮੈਂ ਜਾਣਦੀ ਆਂ, ਪਰ ਵਾਰ-ਵਾਰ ਗਰਭ ਡੇਗਣ ਨਾਲ ਜਾਨ ਖਤਰੇ ਵਿਚ ਪੈ ਜਾਵੇਗੀ।' ਉਸ ਮੇਰੇ ਮੋਢੇ 'ਤੇ ਹੱਥ ਰਖਿਆ, ਮੈਨੂੰ ਹਿੱਕ ਨਾਲ ਲਾਇਆ, ਮੇਰਾ ਮੂੰਹ ਚੁੰਮਿਆ ਤੇ ਕਹਿਣ ਲੱਗਾ, 'ਮੈਂ ਤੈਨੂੰ ਮਰਨ ਨਹੀਂ ਦਿੰਦਾ, ਇਹ ਗੱਲ ਤੂੰ ਲੜ ਬੰਨ੍ਹ ਲੈ, ਹਾਂ ਅੱਗੇ ਤੋਂ ਇਸ ਦਾ ਖਿਆਲ ਜ਼ਰੂਰ ਰਖਾਂਗੇ।'"

"ਸਭ ਮੌਮੋਠਗਣੀਆਂ ਨੇ, ਪਾਜੀ ਕਿਸੇ ਥਾਂ ਦਾ, ਵੇ ਤੇਰਾ ਕੱਖ ਨਾ ਰਹੇ। ਤੂੰ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਸਤਾਉਂਦੈਂ, ਰੱਬ ਤੈਨੂੰ ਸਤਾਏਗਾ ਇਕ ਦਿਨ।" ਰੀਨਾ ਗੁੱਸੇ 'ਚ ਬੁੜਬੁੜਾਉਣ ਲੱਗੀ।

"ਹੰਢਿਆ ਵਰਤਿਆ ਖਿਲਾੜੀ ਐ ਉਹ। ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਗਊਆਂ-ਬੱਕਰੀਆਂ ਵਾਂਗ ਵਾਹੁੰਦਾ, ਪਰ ਸਮਾਜ 'ਚ ਬੜੀ ਇੱਜ਼ਤ ਐ ਉਸ ਦੀ। ਬੜਾ ਨਾਮਣਾ ਖੱਟ ਰਿਹੈ। ਕੋਈ ਉਂਗਲ ਨਹੀਂ ਰੱਖ ਸਕਦਾ ਉਸ ਦੇ ਚਰਿੱਤਰ 'ਤੇ। ਪਰ ਅੰਦਰ ਖਾਤੇ..."

"ਅੰਦਰਖਾਤੇ? ਭੇਡ ਦੀ ਖਲ 'ਚ ਭੇੜੀਆ...!" ਰੀਨਾ ਨੇ ਗੱਲ ਪੂਰੀ ਕਰ ਦਿੱਤੀ।

"ਸੁਣਿਐ, ਸਰਕਾਰੇ ਦਰਬਾਰੇ ਵੀ ਉਹ ਕਿਸੇ ਵੱਡੇ ਅਹੁਦੇ 'ਤੇ ਐ। ਇਸ ਲਈ ਅਫਸਰ ਉਸ ਤੋਂ ਭੈ ਖਾਂਦੇ ਨੇ। ਸਾਡੀ ਤਾਂ ਔਕਾਤ ਹੀ ਕੀ ਐ, ਉਸ ਅੱਗੇ!"

"ਵੱਡੇ ਬੰਦੇ ਇਸੇ ਗੱਲ ਦਾ ਫਾਇਦਾ ਉਠਾਂਦੇ ਨੇ। ਸਾਡੇ ਜਿਹੇ ਲੋਕ ਗਰਜ਼ਾਂ ਤੇ ਮਜਬੂਰੀਆਂ 'ਚ ਬੱਝੇ ਪਿਸਦੇ ਰਹਿੰਦੇ ਨੇ।"

"ਲੈ ਹੋਰ ਸੁਣ। ਇਕ ਦਿਨ ਦੀ ਗੱਲ ਏ। ਉਹ ਘਰ ਇਕੱਲਾ ਸੀ। ਮੈਂ ਸੋਚਿਆ, ਬਈ ਮੌਕਾ ਚੰਗਾ ਏ, ਗੱਲ ਕਰ ਈ ਲਵਾਂ। ਮੈਂ ਉਹਦੇ ਕਮਰੇ ਵਿਚ ਗਈ, ਬੂਹਾ ਢੋਇਆ ਹੋਇਆ ਸੀ, ਸੋਚਿਆ ਖੜਕਾਉਣ ਦੀ ਕੀ ਲੋੜ ਐ...ਉਹ ਕਿਹੜਾ ਬੂਹਾ ਖੜਕਾ ਕੇ ਜਾਂ ਮੈਥੋਂ ਪੁੱਛ ਕੇ ਮੇਰੇ ਪਾਸ ਆਉਂਦੈ, ਮੈਂ ਵੀ ਏਦਾਂ ਈ ਚਲੀ ਜਾਨੀ ਆਂ, ਬੂਹਾ ਖੋਲ੍ਹਿਆ, ਥੋੜ੍ਹਾ ਅੰਦਰ ਗਈ, ਪਰ ਜੋ ਦੇਖਿਆ, ਉਹ ਤਾਂ ਮੇਰੇ ਚਿੱਤ-ਚੇਤੇ ਵੀ ਨਹੀਂ ਸੀ। ਮੇਰੇ ਪੈਰਾਂ ਹੇਠੋਂ ਜ਼ਮੀਨ ਈ ਖਿਸਕ ਗਈ। ਮੈਂ ਤੈਨੂੰ ਨਹੀਂ ਦੱਸ ਸਕਦੀ। ਪਰ ਹੁਣ ਹਾਲਤ ਇਹ ਹੋ ਗਈ ਐ ਕਿ ਦੱਸੇ ਬਿਨਾਂ ਰਹਿ ਵੀ ਨਹੀਂ ਸਕਦੀ। ਨਾਲੇ ਤੈਂ ਕਿਹੜਾ ਕਿਸੇ ਨਾਲ ਗੱਲ ਕਰਨੀ ਏਂ। ਇਕ ਭਰੋਸਾ ਜਿਹਾ ਬੱਝਾ ਐ ਤੇਰੇ ਉਪਰ।"

ਮੀਨਾ ਨੂੰ ਕਲਾਵੇ 'ਚ ਲੈਂਦਿਆਂ ਰੀਨਾ ਨੇ ਕਿਹਾ, "ਮੈਂ ਸਭ ਜਾਣਦੀ ਆਂ। ਮੈਥੋਂ ਭਲਾ ਕੀ ਲੁਕਿਆ ਹੋਇਆ। ਕਹਿਣ ਨੂੰ ਭਾਵੇਂ ਮੈਂ ਕਹਿ ਦਿੱਤਾ ਪਈ ਤੂੰ ਉਂਗਲ ਟੇਢੀ ਕਰ ਲੈ, ਪਰ ਨਾਲ ਇਹ ਵੀ ਜਾਣਦੀ ਆਂ ਅਸੀਂ ਲੱਖ ਚਾਹੀਏ ਤਾਂ ਵੀ ਉਹਦਾ ਕੁਝ ਵਿਗਾੜ ਨਹੀਂ ਸਕਦੇ। ਮੈਂ ਖ਼ੁਦ ਉਹਦੇ ਚੱਕਰ ਵਿਚ ਇਕ ਵਾਰ ਨਹੀਂ ਕਈ-ਕਈ ਵਾਰ ਫਸ ਚੁੱਕੀ ਆਂ। ਰਾਤਾਂ ਵੀ ਕੱਟੀਆਂ ਨੇ ਉਸ ਨਾਲ। ਇਕ ਵਾਰ ਤਾਂ ਢਿੱਡ ਵੀ ਹੋ ਗਿਆ ਸੀ, ਪਰ ਭਲਾ ਹੋਵੇ ਤੇਰਾ, ਤੈਂ ਦਵਾਈ ਦਵਾ ਦਿੱਤੀ ਤੇ ਮੇਰਾ ਬਚਾਅ ਹੋ ਗਿਆ। ਤੇਰੇ ਨਾਲ ਇਹ ਭੇਦ ਸਾਂਝਾ, ਇਸ ਲਈ ਖੁੱਲ੍ਹ ਕੇ ਗੱਲ ਕਰ ਲਈਦੀ ਆ। ਹੋਰਾਂ ਦੀ ਵੀ ਇਹੋ ਹਾਲਤ ਐ, ਪਰ ਪਰਦਾ ਜਿਹਾ ਬਣਿਆ ਹੋਇਆ। ਇਸ ਲਈ ਕਿਸੇ ਹੋਰ ਨਾਲ ਖੁਲ੍ਹ ਕੇ ਗੱਲ ਕਰ ਨਹੀਂ ਹੁੰਦੀ। ਚਲ ਛੱਡ ਇਸ ਗੱਲ ਨੂੰ, ਉਸ ਦਿਨ ਤੈਂ ਕੀ ਦੇਖਿਆ ਅੰਦਰ? ਉਹ ਕਿਸੇ ਹੋਰ ਨਾਲ ਲੱਗਾ ਹੋਇਆ ਸੀ?"

"ਉਹ ਤਾਂ ਰੋਜ਼ ਈ ਕਿਸੇ ਨਾ ਕਿਸੇ ਨਾਲ ਲੱਗਾ ਰਹਿੰਦੈ, ਹੋਰ ਨਾਲ ਲੱਗਾ ਹੁੰਦਾ ਤਾਂ ਮੈਨੂੰ ਹੈਰਾਨੀ ਨਹੀਂ ਹੋਣੀ ਸੀ। ਇਹ ਕਿਹੜਾ ਨਵੀਂ ਗੱਲ ਸੀ ਮੇਰੇ ਲਈ। ਤੂੰ ਵੀ ਤਾਂ ਜਾਣਦੀ ਐਂ ਉਹਦੇ ਚੋਚਲਿਆਂ ਨੂੰ।"

"ਪਰ ਤੇਰੀ ਹੈਰਾਨੀ ਦਾ ਸਬਬ?" ਰੀਨਾ ਦੀ ਬੇਚੈਨੀ ਵੱਧਣ ਲੱਗੀ ਤੇ ਉਸ ਕਾਹਲੀ ਪੈਂਦਿਆਂ ਪੁੱਛਿਆ।

"ਉਹ ਕੋਈ ਹੋਰ ਨਹੀਂ, ਸਗੋਂ ਮੇਰੀ ਆਪਣੀ ਮਾਂ ਸੀ।" ਇਸ ਤੋਂ ਅੱਗੇ ਮੀਨਾ ਕੁਝ ਬੋਲ ਨਾ ਸਕੀ। ਉਸ ਦੀਆਂ ਅੱਖਾਂ 'ਚੋਂ ਅਥਰੂ ਕਿਰਨ ਲੱਗੇ। ਰੀਨਾ ਨੇ ਉਸ ਨੂੰ ਕਲਾਵੇ 'ਚ ਲੈ ਲਿਆ, ਉਸ ਦੀਆਂ ਗੱਲ੍ਹਾਂ 'ਤੇ ਹੱਥ ਫੇਰਦੀ ਰਹੀ, ਉਸ ਦੇ ਹੰਝੂ ਪੂੰਝਣ ਲੱਗੀ, "ਬਸ ਮੇਰੀ ਰਾਣੀ, ਐਵੇਂ ਜੀ ਹਲਕਾ ਨਾ ਕਰ, ਇਹ ਵੀ ਤਾਂ ਸਿਹਤ ਲਈ ਚੰਗਾ ਨਹੀਂ।"

"ਮੇਰਾ ਪਿਓ ਚਾਈਂ ਚਾਈਂ ਉਸ ਦੇ ਦਰ 'ਤੇ ਸਾਨੂੰ ਦੋਹਾਂ ਮਾਵਾਂ-ਧੀਆਂ ਨੂੰ ਲੈ ਕੇ ਗਿਆ ਸੀ। ਉਹਦੇ ਲਈ ਤਾਂ ਇਹ ਉਪਰੋਂ ਉਤਰਿਆ ਦੇਵਦੂਤ ਸੀ। ਉਸ ਘਰ 'ਚ ਆਯਾ ਰੱਖਣ ਦੇ ਬਹਾਨੇ ਚਾਂਦੀ ਦੇ ਛਿੱਲੜ ਸੁੱਟੇ ਸਨ ਉਸ ਅੱਗੇ, ਤੇ ਉਹ ਵਿਛ ਗਿਆ ਸੀ ਇਹਦੇ ਅੱਗੇ। ਉਸ ਪਹਿਲਾਂ ਮੇਰੀ ਮਾਂ ਨੂੰ ਹੱਥ ਪਾਇਆ। ਕਈ ਦਿਨ ਮਜ਼ੇ ਲੈਂਦਾ ਰਿਹਾ, ਮਾਂ ਨੂੰ ਭਾਵੇਂ ਇਹ ਚੰਗਾ ਨਹੀਂ ਲੱਗਦਾ ਸੀ, ਪਰ ਉਹ ਕਰਦੀ ਵੀ ਕੀ! ਮੈਨੂੰ ਤਾਂ ਇਹ ਵੀ ਯਾਦ ਨਹੀਂ ਰਿਹਾ ਕਿ ਉਸ ਮੇਰੇ ਨਾਲ...ਬਸ ਏਨਾ ਈ ਯਾਦ ਐ ਕਿ ਇਕ ਦਿਨ ਮੈਂ ਮਾਂ ਦੀ ਥਾਂ ਕੰਮ ਕਰਨ ਲਈ ਉਹਦੇ ਗਈ ਸਾਂ।"

-o-

"ਆਹ ਤਾਂ ਬਾਈ ਅਨਰਥ ਹੋ ਰਿਹੈ! ਲੋਕਾਂ ਨੂੰ ਸ਼ਰਮ ਹਯਾ ਰਹੀ ਨੀ ਹੁਣ...ਕੁਝ ਨਹੀਂ ਸੋਚਦੇ ਉਲਟਾ ਸਿੱਧਾ ਕਾਰਾ ਕਰਨ ਲੱਗਿਆਂ!" ਬਜ਼ਾਰ ਵਿਚ ਖਲੋਤਾ ਇਕ ਜਣਾ ਕਹਿ ਰਿਹਾ ਸੀ।

"ਪੈਸੇ ਦੀ ਗਰਮੀ ਐ!" ਇਕ ਦੁਕਾਨ ਦੇ ਬਾਹਰ ਡੱਠੀ ਕੁਰਸੀ 'ਤੇ ਬੈਠੇ ਦੂਜੇ ਬੰਦੇ ਨੇ ਕਿਹਾ।

"ਢੱਠੇ ਖੂਹ 'ਚ ਪਵੇ ਇਹੋ ਜਿਹਾ ਪੈਸਾ...ਬੰਦਾ ਛੋਟੇ-ਵੱਡੇ ਦਾ ਤਾਂ ਕੁਝ ਲਿਹਾਜ਼ ਕਰੇ!" ਉਥੇ ਖਲੋਤੇ ਤੀਜੇ ਜਣੇ ਨੇ ਆਪਣੀ ਭੜਾਸ ਕੱਢੀ।

"ਇਹ ਸਾਰੀਆਂ ਗੱਲਾਂ ਹਮਾਤੜ ਸਾਥ ਲਈ ਹੁੰਦੀਆਂ ਨੇ ਮੇਰੇ ਭਾਈ, ਇਨ੍ਹਾਂ ਲੋਕਾਂ ਨੇ ਤਾਂ ਸਭ ਖਾਧਾ ਪੀਤਾ ਹੁੰਦਾ!" ਹੁਣੇ-ਹੁਣੇ ਉਥੇ ਪੁੱਜਾ ਇਕ ਸਿਆਣਾ ਕਹਿ ਰਿਹਾ ਸੀ।

"ਹੁਣ ਲੋਕਾਂ ਦੇ ਛਿੱਤਰ ਖਾ ਰਿਹੈ!" ਛਿੱਤਰ ਪਰੇਡ ਦਾ ਨਜ਼ਾਰਾ ਦੇਖ ਕੇ ਆਇਆ ਇਕ ਸੱਜਣ ਦੱਸ ਰਿਹਾ ਸੀ।

"ਇਹ ਤਾਂ ਬਾਈ ਉਹਦੇ ਕਰਮਾਂ ਦਾ ਫਲ ਐ...ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ!" ਕੋਲ ਖਲੋਤੀ ਅਧਖੜ ਉਮਰ ਦੀ ਔਰਤ ਨੇ ਗੱਲ ਨਿਬੇੜਨ ਦਾ ਯਤਨ ਕੀਤਾ।

"ਬੜਾ ਕਮੀਨਾ ਆਦਮੀ ਐ...ਸਾਹਮਣੇ ਮੁਹੱਲੇ ਦੀ ਸ਼ਾਇਦ ਈ ਕੋਈ ਮੁਟਿਆਰ ਹੋਵੇਗੀ ਜਿਸ ਨਾਲ ਇਹਨੇ ਮੂੰਹ ਕਾਲਾ ਨਾ ਕੀਤਾ ਹੋਵੇ!" ਇਕ ਮਨਚਲਾ ਆਪਣੇ ਸਾਥੀ ਦੇ ਕੰਨ ਵਿਚ ਫੂਕ ਮਾਰ ਰਿਹਾ ਸੀ।

"ਮੈਨੂੰ ਤਾਂ ਕਈ ਵਾਰ ਮੁਹੱਲੇ ਦੇ ਨਿਆਣਿਆਂ ਨੂੰ ਦੇਖ ਕੇ ਸ਼ੱਕ ਜਿਹਾ ਪੈ ਜਾਂਦਾ...ਜਿਆਦਾ ਨਹੀਂ ਤਾਂ ਅੱਧੇ ਨਿਆਣੇ ਜ਼ਰੂਰ ਇਹਦੇ ਹੋਣਗੇ!" ਦੂਜੇ ਮਨਚਲੇ ਨੇ ਉਸ ਦੀ ਗੱਲ ਦੀ ਹਾਮੀ ਭਰੀ।

"ਸ਼ਰਮ ਕਰ ਕੁਝ; ਤੇਰੇ ਘਰ ਵੀ ਮਾਂ-ਭੈਣ ਹੈ।" ਅਧਖੜ ਉਮਰ ਦੀ ਔਰਤ ਨੇ ਉਸ ਨੂੰ ਤਾੜਿਆ।

"ਪਤਾ ਨਹੀਂ ਕਿੰਨੇ ਸਾਲਾਂ ਤੋਂ ਇਹ ਸਿਲਸਿਲਾ ਚਲਦਾ ਆ ਰਿਹੈ?" ਗੱਲ ਦੀ ਤਹਿ ਤਕ ਜਾਣ ਲਈ ਕਿਸੇ ਖੋਜੀ ਸੱਜਣ ਦੇ ਮੂੰਹ 'ਚੋਂ ਨਿਕਲਿਆ।

"ਇਸ ਲਈ ਤਾਂ ਜੀ ਉਸ ਨਾਲ ਬੈਠਣਾ ਪਵੇਗਾ...ਤੇ ਸਾਡੇ ਵੱਸ ਦਾ ਇਹ ਹੈ ਨਹੀਂ। ਹੋ ਸਕਦੈ ਤੇਰੇ ਪੱਲੇ ਉਹ ਕੁਝ ਪਾ ਦੇਵੇ ਪਰ ਜ਼ਰਾ ਦੇਖ ਕੇ। ਮਤੇ ਬਾਅਦ ਵਿਚ ਪਿਛਵਾੜੇ ਹੱਥ ਮਾਰਦਾ ਫਿਰੇਂ, ਪਤਾ ਨਹੀਂ ਕੀ ਹੋਇਆ...ਘਰੋਂ ਤਾਂ ਚੰਗਾ ਭਲਾ ਨਿਕਲਿਆ ਸੀ।" ਉਹਦੀ ਗੱਲ ਸੁਣ ਸਾਰੇ ਉਚੀ ਉਚੀ ਹੱਸ ਪਏ।

"ਅੰਕਲ ਜੀ, ਅੰਕਲ ਜੀ, ਤੁਹਾਡੀ ਫੋਟੋ ਆਈ ਐ..ਟੀ ਵੀ 'ਤੇ।" ਗੁਆਂਢੀਆਂ ਦਾ ਨਿੱਕਾ ਦੌੜਦਾ ਆਇਆ ਤੇ ਉਥੇ ਖਲੋਤੇ ਇਕ ਬੰਦੇ ਦੀ ਬਾਂਹ ਫੜ ਦੱਸਣ ਲੱਗਾ।

"ਕਿਉਂ ਪੁੱਤ, ਤੈਨੂੰ ਹੋਰ ਕੋਈ ਨਹੀਂ ਲੱਭਾ, ਮੂਰਖ ਬਣਾਉਣ ਲਈ।"

"ਨਹੀਂ ਅੰਕਲ ਜੀ, ਮੈਂ ਸੱਚ ਕਹਿਨਾਂ...ਤੁਸੀਂ ਸਾਡੇ ਟੀ ਵੀ 'ਚ ਆਏ ਸੀ।" ਨਿੱਕੇ ਨੇ ਕਿਹਾ।

"ਇਹ ਬੱਚਾ ਸੱਚ ਕਹਿੰਦਾ ਸ੍ਰੀਮਾਨ ਜੀ, ਤੁਸੀਂ ਉਦੋਂ ਮੇਰੇ ਨਾਲ ਈ ਖਲੋਤੇ ਸਓ ਜਦ ਅਸਾਂ ਓਸ ਵੱਡੇ ਬੰਦੇ ਦੀ ਭੁਗਤ ਸੁਆਰੀ ਸੀ।"

"ਹੱਲਾ!"

-o-

"ਮੀਨਾ, ਅਹਿ ਦੇਖਿਆ, ਅਖ਼ਬਾਰ ਅੱਜ ਦਾ? ਦੇਖ ਉਸ ਪਾਜੀ ਦੀ ਕਿੰਨੀ ਸੋਹਣੀ ਤਸਵੀਰ ਛਪੀ ਏ!" ਰੀਨਾ ਨੇ ਉਸ ਨੂੰ ਅਖਬਾਰ ਦਿਖਾਉਂਦਿਆਂ ਕਿਹਾ।

ਮੀਨਾ ਨੇ ਅਖ਼ਬਾਰ ਫੜੀ। ਪਹਿਲੇ ਸਫੇ 'ਤੇ ਕਲ੍ਹ ਦੀ ਛਿੱਤਰ ਪਰੇਡ ਵਾਲੀ ਰੰਗੀਨ ਫੋਟੋ ਛਪੀ ਸੀ, ਉਸ ਦੇ ਚਿਹਰੇ 'ਤੇ ਪੁਤੀ ਕਾਲਖ, ਪਾਟੇ ਕਪੜੇ, ਮੂੰਹ 'ਚੋਂ ਨਿਕਲਿਆ ਖੂਨ ਸਾਫ਼ ਦਿਸ ਰਿਹਾ ਸੀ। ਉਸ ਪਿੱਛੇ ਇਕ ਬੰਦਾ ਜੁੱਤੀ ਚੁੱਕੀ ਖਲੋਤਾ ਸੀ, ਸ਼ਾਇਦ ਮਾਰ ਰਿਹਾ ਹੋਵੇਗਾ। ਮੀਨਾ ਨੇ ਫੋਟੋ ਨੂੰ ਗਹੁ ਨਾਲ ਦੇਖਿਆ, ਉਸ ਦੇ ਚਿਹਰੇ ਦਾ ਰੰਗ ਬਦਲਿਆ, ਸਵੇਰ ਵਾਲੀ ਬੇਬਸੀ ਦੀ ਥਾਂ ਭਿਆਨਕ ਰੋਹ ਨੇ ਲੈ ਲਈ, ਅੱਖਾਂ 'ਚ ਲਾਲੀ ਉਤਰ ਆਈ, ਗੁੱਸੇ ਨੇ ਉਬਾਲਾ ਖਾਧਾ, ਹੱਥ ਨੇ ਹਰਕਤ ਕੀਤੀ ਤਾਂ ਅਖ਼ਬਾਰ ਪਰ੍ਹੇ ਭੁੜਕ ਕੇ ਸੜਕ 'ਤੇ ਜਾ ਡਿੱਗਾ; "ਵੱਡਾ ਬੰਦਾ" ਉਹਦੇ ਮੂੰਹ 'ਚੋਂ ਨਿਕਲਿਆ ਅਤੇ ਉਸ ਘਿਰਣਾ ਨਾਲ ਫੋਟੋ 'ਤੇ ਥੁੱਕ ਦਿੱਤਾ।

***I-263, KARAMPURA, New Delhi-110015***

# ਮੈਂ ਕੈਦੋਂ ਨਹੀਂ ਹਾਂ

ਗੜ੍ਹਸ਼ੰਕਰ-ਅਨੰਦਪੁਰ ਸਾਹਿਬ ਰੋਡ 'ਤੇ ਸਿੰਘਪੁਰੇ ਲਾਗੇ ਉਚੀ ਪਹਾੜੀ 'ਤੇ ਬਣੇ ਸਰਕਾਰੀ ਕਾਲਜ ਪੋਜੇਵਾਲ ਵਿਚ ਮੈਂ ਅੰਗਰੇਜ਼ੀ ਦਾ ਲੈਕਚਰਾਰ ਸੀ। ਲਾਇਬਰੇਰੀਅਨ ਚੀਮਾ ਸਾਹਿਬ ਕੋਲ ਜਾਣਾ ਰੋਜ਼ ਦਾ ਕੰਮ ਸੀ।

ਘਰਵਾਲੀ ਨੂੰ ਕੁਝ ਦਿਨਾਂ ਲਈ ਪੇਕੇ ਜਾਣਾ ਪੈ ਗਿਆ। ਮੈਂ ਇਕੱਲ ਮਹਿਸੂਸ ਕਰਨ ਲੱਗਿਆ। ਚੀਮਾ ਸਾਹਿਬ ਨੂੰ ਪੰਜਾਬੀ ਦੀ ਕੋਈ ਵਧੀਆ, ਮਨੋਰੰਜਕ ਕਿਤਾਬ ਦੇਣ ਲਈ ਕਿਹਾ ਤਾਂ ਉਹਨੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਿਤਾਬ 'ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ' ਮੇਰੇ ਹੱਥ ਫੜਾ ਦਿੱਤੀ। ਮੈਂ ਕਿਤਾਬ ਇਸ਼ੂ ਕਰਾ ਲਿਆਇਆ। ਚੀਮੇ ਨੇ ਕਿਹਾ, "ਜਦ ਪੜ੍ਹਨੀ ਸ਼ੁਰੂ ਕੀਤੀ ਤਾਂ ਛੱਡ ਨਹੀਂ ਹੋਣੀ।"

ਮੈਂ ਜਾਂਦਾ ਹੀ ਢਾਬੇ ਤੋਂ ਰੋਟੀ ਖਾ ਕੇ ਘਰ ਗਿਆ। ਕਿਤਾਬ ਪੜ੍ਹਨੀ ਸ਼ੁਰੂ ਕੀਤੀ। ਪਹਿਲਾਂ ਹੀਰ-ਰਾਂਝਾ, ਫਿਰ ਸੋਹਣੀ-ਮਹੀਂਵਾਲ ਤੇ ਫਿਰ ਸੱਸੀ-ਪੁੰਨੂੰ। ਕਿਤਾਬ ਕਾਹਦੀ ਜਿਵੇਂ ਸੰਦਲੀ ਸ਼ਰਬਤ ਦੇ ਗਲਾਸ ਨੂੰ ਬੁੱਲ੍ਹ ਲਾਏ ਹੋਣ ਜਿਸ ਵਿਚ ਕੁਝ ਨਸ਼ਾ ਵੀ ਘੋਲਿਆ ਹੋਵੇ। ਫਿਰ ਪਤਾ ਨਹੀਂ ਕਿਤਾਬ ਮੇਰੇ ਹੱਥੋਂ ਕਦੋਂ ਡਿੱਗ ਪਈ। ਰੰਗੀਨ ਸੁਪਨੇ। ਇਕ ਇਕ ਕਰ ਕੇ ਪ੍ਰੇਮੀ ਮੇਰੇ ਘਰ ਆਉਣ ਲੱਗੇ। ਅੱਜ ਤਾਂ ਜਿਵੇਂ ਮੇਰੇ ਘਰ ਪ੍ਰੇਮੀਆਂ ਦਾ ਮੇਲਾ ਲੱਗਣਾ ਹੋਵੇ। ਪਹਿਲਾਂ ਰਾਂਝਾ ਪਿੱਛੇ ਹੀਰ। ਮੈਨੂੰ ਗੁੱਸਾ ਚੜ੍ਹ ਗਿਆ। ਏਏ ਸੁਦਾਈਆਂ! ਤਖ਼ਤ ਹਜ਼ਾਰੇ ਦੇ ਕਹਿੰਦੇ-ਕਹਾਉਂਦੇ ਸਰਦਾਰਾਂ ਦਾ ਪੁੱਤ, ਅੰਗਰੇਜ਼ਣਾਂ ਵਰਗੀਆਂ ਭਾਬੀਆਂ ਆਪਣੀ ਭੈਣ ਦਾ ਤੈਨੂੰ ਰਿਸ਼ਤਾ ਕਰਾਉਣ, ਤੇ ਤੂੰ ਲੋਕਾਂ ਦੇ ਜਾ ਕੇ ਮੱਝਾਂ ਚਾਰੇਂ। ਸ਼ਰਮ ਨ੍ਹੀਂ ਆਈ ਤੈਨੂੰ। ਫਿਰ ਵੀ ਤਾਂ ਛੋਤ ਲੁਹਾ ਕੇ ਮੁੜਿਆ ਈ ਸੀ। ਦੋਵੇਂ ਹੀਰ-ਰਾਂਝਾ ਨੀਵੀਂ ਪਾ ਕੇ ਤੁਰ ਗਏ।

ਮਹੀਂਵਾਲ ਤਾਂ ਪਹਿਲਾਂ ਹੀ ਚਲਾਕ ਸੀ। ਉਸ ਨੇ ਸੋਹਣੀ ਅੱਗੇ ਕਰ ਦਿੱਤੀ। ਇਨ੍ਹਾਂ ਦੇ ਕਮਲਪੁਣੇ 'ਤੇ ਵੀ ਮੈਨੂੰ ਗੁੱਸਾ ਸੀ। ਮੈਂ ਕਿਹਾ, ਆ ਗਈ ਸੁਦੈਣੇ। ਮਹੀਂਵਾਲ ਨਦੀ ਦੇ ਪਰਲੇ ਪਾਰ ਬੈਠਾ ਸੀ, ਉਥੇ ਉਸ ਦਾ ਅਮਰੂਦਾਂ ਦਾ ਬਾਗ ਸੀ ਜੋ ਤੋਤਿਆਂ ਨੇ ਟੁੰਗ ਜਾਣਾ ਸੀ, ਉਹ ਵੀ ਰਾਤ ਨੂੰ? ਥੋੜ੍ਹੀਆਂ ਜਿਹੀਆਂ ਕਮਲੀਆਂ ਤਾਂ ਸਾਰੀਆਂ ਕੁੜੀਆਂ ਹੀ ਹੁੰਦੀਆਂ ਨੇ, ਪਰ ਤੂੰ ਤਾਂ ਹੱਦ ਹੀ ਕਰ'ਤੀ। ਮਹੀਂਵਾਲ ਸੋਹਣੀ ਦੇ ਪਿੱਛੇ ਲੁਕਦਾ ਲੁਕਦਾ ਪਰ੍ਹਾਂ ਨੂੰ ਚਲਾ ਗਿਆ।

ਸੱਸੀ ਦਾ ਹਾਲ ਦੇਖਿਆ ਨਾ ਜਾਵੇ। ਭੁੱਬਾਂ ਮਾਰ ਕੇ ਮੇਰੇ ਪੈਰਾਂ 'ਤੇ ਡਿੱਗ ਪਈ, "ਵੇ ਮੇਰਾ ਪੁਨੂੰ ਮਿਲਾ ਦਿਓ ਕੋਈ।" ਮੇਰਾ ਮਨ ਪਸੀਜ ਗਿਆ। ਹਾਲਤ ਮੇਰੀ ਵੀ ਰੋਣਹਾਕੀ। ਮੇਰੀ ਉਸ ਨਾਲ ਹਮਦਰਦੀ ਸੀ। ਮੈਂ ਕਿਹਾ, "ਪੁਨੂੰ ਐਥੇ ਈ ਐ। ਮਿਲਾ ਦੂੰ ਤੈਨੂੰ।"

ਸੱਸੀ ਨੇ ਅੱਖਾਂ ਪੂੰਝੀਆਂ ਤੇ ਹੌਸਲਾ ਜਿਹਾ ਹੋ ਗਿਆ। ਉਧਰੋਂ ਇਕ ਕਲਾਸ ਵਿਚੋਂ ਬਾਗੀਆਂ ਪਾਉਂਦਾ ਕੋਈ ਬਾਹਰ ਨਿਕਲਿਆ, "ਹਾਏ ਪੱਟੇ ਗਏ ਨੀ ਮੁੰਡੇ ਤੇਰੇ ਨੀ ਪਿਆਰ ਦੇ।"

ਬੇੜਾ ਈ ਗਰਕ! ਪ੍ਰਿੰਸੀਪਲ ਸ਼ਰਮਾ ਦਫਤਰ ਵਿਚੋਂ ਨਿਕਲ ਕੇ ਮੇਰੇ ਵੱਲ ਆਵੇ। ਮੈਂ ਝੱਟ ਪੰਜਾਬ ਸਰਕਾਰ ਦੇ ਚਲਾਕ ਅਫ਼ਸਰ ਵਾਂਗ ਟੋਨ ਬਦਲ ਲਈ। ਮੈਂ ਸੱਸੀ ਨੂੰ ਕਿਹਾ, "ਅਸੀਂ ਪ੍ਰੋਫ਼ੈਸਰ ਹੁੰਦੇ ਆਂ। ਕਿਸੇ ਮੁੰਡੇ ਕੁੜੀ ਦੀ ਗੱਲ ਪਤਾ ਲੱਗੇ, ਝੱਟ ਕਾਲਜੋਂ ਬਾਹਰ ਕਰ ਦਿੰਦੇ ਆਂ। ਅਸੀਂ ਕੈਦੋਂ ਹੁੰਦੇ ਆਂ, ਚਲੀ ਜਾਹ ਐਥੋਂ।"

ਸੱਸੀ ਕਹਿੰਦੀ, "ਤੇ ਪ੍ਰੋਫ਼ੈਸਰ ਤਾਂ ਵਿਚਾਰੇ ਬੜੇ ਚੰਗੇ ਹੁੰਦੇ ਐ।"

ਮੈਂ ਕਿਹਾ, "ਚੰਗੇ ਤਾਂ ਹੁੰਦੇ ਐ, ਪਰ ਵਿਚਾਰੇ ਨਹੀਂ; ਤੇ ਉਹ ਵੀ ਸਾਰੇ ਨਹੀਂ। ਚਲੀ ਜਾਹ ਇਥੋਂ।"

ਸੱਸੀ ਪਹਾੜ ਵੱਲ ਹੋ ਤੁਰੀ। ਉਧਰੋਂ ਪ੍ਰਿੰਸੀਪਲ ਤਾਂ ਬਾਹਰਲੇ ਗੇਟ ਨੂੰ ਬੱਸ ਫੜਨ ਜਾ ਰਿਹਾ ਸੀ, ਮੈਂ ਸੱਸੀ ਵੱਲ ਦੇਖਿਆ ਤਾਂ ਉਹਦੇ ਖਿਲਰੇ ਵਾਲ ਜਿਵੇਂ ਗੁੱਤ ਜਿਹੀ ਬਣ ਗਏ। ਉਹਦਾ ਚਿਹਰਾ ਵੀ ਕੁਝ ਬਦਲਣ ਲੱਗਾ। ਹੈਂ! ਇਹ ਤਾਂ ਸ਼ਸ਼ੀ ਸੀ ਜਿਹੜੀ ਮੇਰੇ ਨਾਲ ਕਾਲਜ ਵਿਚ ਪੜ੍ਹਦੀ ਸੀ। ਜਿਵੇਂ ਮੇਰੀ ਲੇਰ ਨਿਕਲੀ ਹੋਵੇ, "ਤੂੰ ਮੁੜ ਆ ਸ਼ਸ਼ੀਏ, ਮੈਂ ਕੈਦੋਂ ਨਹੀਂ ਹਾਂ।"

ਆਵਾਜ਼ ਇੰਨੀ ਉਚੀ ਸੀ ਕਿ ਮੇਰੀ ਅੱਖ ਖੁੱਲ੍ਹ ਗਈ। ਦੇਖਿਆ, ਚਾਰ ਚੁਫ਼ੇਰੇ ਘੁੱਪ ਹਨੇਰਾ ਸੀ। ਮੈਂ ਕੋਠੇ ਉਪਰ ਇਕੱਲਾ ਹੀ ਪਿਆ ਸੀ। ਮੇਰਾ ਇਕ ਮਨ ਕਹੇ, ਤੂੰ ਫਿਰ ਉਚੀ ਕਹਿ ਦੇ, ਮੈਂ ਕੈਦੋਂ ਨਹੀਂ ਹਾਂ, ਪਰ ਦੂਜਾ ਮਨ ਕਹੇ, ਇਸ ਹਨੇਰੀ ਰਾਤ ਵਿਚ ਇੰਜ ਬੋਲਣਾ ਠੀਕ ਨਹੀਂ, ਲੋਕੀਂ ਤੈਨੂੰ ਪਾਗਲ ਕਹਿਣਗੇ ਤੇ ਫਿਰ...।

ਮੈਂ ਪਾਸਾ ਮਾਰ ਕੇ ਫਿਰ ਲੇਟ ਗਿਆ। ਪਾਗਲਾਂ ਵਿਚ ਸ਼ਾਮਲ ਹੋਣ ਲਈ ਵੀ ਤਾਂ ਦਲੇਰੀ ਚਾਹੀਦੀ ਹੈ!

**-ਪ੍ਰੋ. ਸੁਖਦੇਵ ਸਿੰਘ ਗਿੱਲ**
**ਫੋਨ: 916-410-8740**

# 'ਸੈਕੰਡ ਹੈਂਡ ਹਸਬੈਂਡ' ਨੇ ਖਿੱਚਿਆ ਬਾਲੀਵੁੱਡ ਦਾ ਧਿਆਨ

## ਆਮਿਰ ਖਾਨ 'ਤੇ ਗੋਵਿੰਦਾ ਦੀਆਂ ਦਿਲਚਸਪ ਟਿੱਪਣੀਆਂ, ਕ੍ਰਿਕਟਰ ਭੱਜੀ ਵੀ ਆਇਆ ਅੱਗੇ

**ਸੈਨ ਫਰਾਂਸਿਸਕੋ (ਐਸ. ਅਸ਼ੋਕ ਭੌਰਾ):** ਜੀ ਬੀ ਐਂਟਰਟੇਨਮੈਂਟ ਦੀ ਸਮੀਪ ਕੰਗ ਦੇ ਨਿਰਦੇਸ਼ਨ ਹੇਠ ਬਣੀ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਨੇ ਮੁੰਬਈ ਮਹਾਂਨਗਰੀ ਦਾ ਹੀ ਨਹੀਂ ਸਗੋਂ ਸਮੁੱਚੇ 'ਬਾਲੀਵੁੱਡ' ਦਾ ਧਿਆਨ ਖਿੱਚ ਕੇ ਨਿਰਮਾਤਾਵਾਂ ਲਈ ਪਰ ਤੋਲਣ ਦਾ ਨਵਾਂ ਮਾਹੌਲ ਸਿਰਜ ਦਿੱਤਾ ਹੈ। ਫਿਲਮ ਜਗਤ ਦੀਆਂ ਨਾਮੀ ਹਸਤੀਆਂ ਦੀਆਂ ਦਿਲਚਸਪ ਟਿੱਪਣੀਆਂ ਇਹ ਪ੍ਰਭਾਵ ਦਿੰਦੀਆਂ ਹਨ ਕਿ 'ਸੈਕੰਡ ਹੈਂਡ ਹਸਬੈਂਡ' ਦੇ ਨਾ ਸਿਰਫ ਬਾਕਸ ਆਫਿਸ 'ਤੇ ਹਿੱਟ ਹੋਣ ਦੀ ਪੂਰੀ ਸੰਭਾਵਨਾ ਬਣ ਗਈ ਹੈ ਸਗੋਂ ਤਲਾਕ ਵਰਗੇ ਸੰਵੇਦਨਸ਼ੀਲ ਤੇ ਦਰਦ ਭਰੇ ਵਿਸ਼ੇ ਨੂੰ ਲੈ ਕੇ ਬਣਾਈ ਗਈ ਇਹ ਫਿਲਮ ਦਰਸ਼ਕਾਂ ਨੂੰ ਹਾਸੇ ਵਿਚ ਲਪੇਟ ਕੇ ਉਨ੍ਹਾਂ ਦਾ ਪੂਰਾ ਧਿਆਨ ਵੀ ਖਿੱਚਣ ਵਿਚ ਸਫਲ ਹੋਵੇਗੀ। ਆਮਿਰ ਖਾਨ ਨੇ ਆਪਣੀ ਟਿੱਪਣੀ ਵਿਚ ਫਿਲਮ ਨੂੰ 'ਜੀ ਆਇਆਂ' ਕਹਿੰਦਿਆਂ ਅਭਿਨੇਤਾ ਗਿੱਪੀ ਗਰੇਵਾਲ ਦੀ ਆਹਲਾ ਅਦਾਕਾਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਅਭਿਨੇਤਰੀ ਟੀਨਾ ਆਹੂਜਾ ਦੇ ਪਿਤਾ ਗੋਵਿੰਦਾ ਨੇ ਕਿਹਾ ਹੈ ਕਿ ਜਿਥੇ ਉਸ ਦੀ ਬੇਟੀ ਨੇ ਆਪਣੀ ਪਹਿਲੀ ਵੱਡੀ ਫਿਲਮ ਵਿਚ ਕੰਮ ਕਰਨ ਦਾ ਅਵਸਰ ਲਿਆ, ਉਥੇ ਉਸ ਨੇ ਇਕ ਅਦਾਕਾਰ ਬਾਪ ਦੇ ਕੈਰੀਅਰ ਨੂੰ ਵੀ ਨਵਾਂ ਅਤੇ ਉਤਸ਼ਾਹ ਭਰਿਆ ਹੁੰਗਾਰਾ ਦਿੱਤਾ ਹੈ। ਸਲਮਾਨ ਖਾਨ ਨੇ ਕਿਹਾ ਹੈ ਕਿ ਫਿਲਮ ਨਾ ਸਿਰਫ ਪਰਿਵਾਰ ਨਾਲ ਬਹਿ ਕੇ ਵੇਖਣਯੋਗ ਹੈ ਸਗੋਂ ਮਨੋਰੰਜਨ ਦਾ ਭਰਵਾਂ ਰੂਪ ਵੀ ਹੈ। ਬਿਗ ਬੀ ਅਮਿਤਾਬ ਬਚਨ ਨੇ ਸਮੀਪ ਕੰਗ ਤੇ ਗਾਖਲ ਭਰਾਵਾਂ ਨੂੰ ਫਿਲਮ ਇੰਡਸਟਰੀ 'ਚ ਨਰੋਏ ਪੈਰੀਂ ਪ੍ਰਵੇਸ਼ ਲਈ ਵਧਾਈ ਅਤੇ ਸ਼ੁਭ ਕਾਮਨਾਵਾਂ ਭੇਜੀਆਂ ਹਨ।



ਤਿੰਨ ਜੁਲਾਈ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਣ ਵਾਲੀ ਇਸ ਫਿਲਮ ਦੀ ਜੋ ਪਹਿਲਾਂ ਚਰਚਾ ਹੋਈ ਹੈ ਤਾਂ ਫਿਲਮ ਸਮੀਖਿਅਕਾਂ ਦਾ ਮੰਨਣਾ ਹੈ ਕਿ 'ਗੱਲ ਕੋਈ ਖਾਸ' ਜ਼ਰੂਰ ਹੈ।

ਅਭਿਨੇਤਰੀ ਟੀਨਾ ਆਹੂਜਾ ਨੇ ਕਿਹਾ ਹੈ ਕਿ ਇਹ ਉਸ ਦਾ ਫਿਲਮੀ ਨਾਮ ਹੈ ਤੇ ਉਂਜ ਉਹ ਅਦਾਕਾਰੀ ਵਾਲੇ ਪਰਿਵਾਰ ਵਿਚ ਸਦਾ ਬਹਾਰ ਅਭਿਨੇਤਾ ਗੋਵਿੰਦਾ ਦੇ ਘਰ ਨਰਮਦਾ ਦੇ ਨਾਂ ਨਾਲ ਪੈਦਾ ਹੋਈ ਹੈ। ਉਹ ਗਿੱਪੀ ਦੇ 'ਕੈਰੀ ਆਨ ਜੱਟਾ' ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ ਤੇ ਉਸ ਨੇ ਫਿਲਮ 'ਸੈਕੰਡ ਹੈਂਡ ਹਸਬੈਂਡ' ਵਿਚ ਕੰਮ ਕਰਨ ਲਈ ਆਪ ਨਿਰਦੇਸ਼ਕ ਸਮੀਪ ਕੰਗ ਨਾਲ ਸੰਪਰਕ ਬਣਾਇਆ ਤੇ ਉਨ੍ਹਾਂ ਨਾਲ ਕੰਮ ਕਰਨ ਦੀ ਪੇਸ਼ਕਸ਼ ਕੀਤੀ, ਉਸ ਵਕਤ ਉਹ ਮੁਕਤਾ ਆਰਟਸ ਦੀ ਕਿਸੇ ਫਿਲਮ 'ਤੇ ਕੰਮ ਕਰ ਰਹੇ ਸਨ, ਫਿਲਮ ਦੀ ਕਹਾਣੀ ਮੈਨੂੰ ਪਸੰਦ ਆਈ ਤੇ ਬਾਪ ਗੋਵਿੰਦਾ ਦੀ ਆਗਿਆ ਨਾਲ ਮੈਂ ਸੈਕਿੰਡ ਹੈਂਡ ਹਸਬੈਂਡ ਦੀ ਹੀਰੋਇਨ ਗੁਰਪ੍ਰੀਤ ਬਣ ਗਈ। ਆਪਣੇ ਇਸ ਕਿਰਦਾਰ ਦੀ ਗੱਲ ਕਰਦਿਆਂ ਉਹ ਆਖਦੀ ਹੈ ਕਿ ਇਹ ਫਿਲਮ ਮੇਰੇ ਦਿਲ ਦੇ ਬਹੁਤ ਕਰੀਬ ਹੈ ਕਿਉਂਕਿ ਮੈਂ ਅੱਧੀ ਪੰਜਾਬਣ ਹਾਂ। ਮੈਂ ਫਿਲਮ ਵਿਚ ਵਕੀਲ ਦਾ ਰੋਲ ਕਰ ਰਹੀ ਹਾਂ ਅਤੇ ਗਿੱਪੀ ਮੇਰੇ ਕੋਲ ਤਲਾਕ ਲੈਣ ਲਈ ਆਉਂਦਾ ਹੈ ਤੇ ਮੈਂ ਉਸ ਨੂੰ ਹੋਰ ਫਸਾ ਦਿੰਦੀ ਹਾਂ। ਆਪਣੇ ਪਿਤਾ ਦੀ ਪਛਾਣ ਦਾ ਲਾਹਾ ਮਿਲਣ ਦੀ ਉਹ ਪੂਰੀ ਤਰ੍ਹਾਂ ਆਸਵੰਦ ਹੈ ਪਰ ਉਹ ਇਹ ਵੀ ਮੰਨਦੀ ਹੈ ਕਿ ਧਰਮਿੰਦਰ ਭਾ ਜੀ ਨਾਲ ਨਾ ਸਿਰਫ ਕੰਮ ਕਰਕੇ ਸੁਆਦ ਮਿਲਿਆ ਹੈ ਸਗੋਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਵੀ ਮਿਲਿਆ ਹੈ। ਧਰਮ ਭਾ ਜੀ ਨੇ ਇਸ ਫਿਲਮ ਵਿਚ ਸਿੱਧ ਕਰ ਦਿੱਤਾ ਹੈ ਕਿ ਧਰਮਿੰਦਰ ਧਰਮਿੰਦਰ ਹੀ ਹੈ, ਸਦਾ ਬਹਾਰ।

ਇਕ ਹੋਰ ਦਿਲਚਸਪ ਗੱਲ ਇਤਫਾਕਨ ਇਹ ਬਣੀ ਹੈ ਕਿ ਤਿੰਨ ਜੁਲਾਈ ਨੂੰ 'ਸੈਕੰਡ ਹੈਂਡ ਹਸਬੈਂਡ' ਰਿਲੀਜ਼ ਹੋ ਰਹੀ ਹੈ ਅਤੇ ਉਸੇ ਦਿਨ ਹੀ ਕ੍ਰਿਕਟਰ ਹਰਭਜਨ ਭੱਜੀ ਦਾ ਜਨਮ ਦਿਨ ਹੈ ਤੇ ਫਿਲਮ ਦੀ ਸਾਈਡ ਹੀਰੋਇਨ ਗੀਤਾ ਬਸਰਾ ਭੱਜੀ ਦੀ ਗਰਲ ਫ੍ਰੈਂਡ ਹੈ। ਗੀਤਾ ਕ੍ਰਿਕਟ ਮੈਚਾਂ ਵਿਚ ਭੱਜੀ ਦੇ ਪਿੱਛੇ ਪਿੱਛੇ ਜਾਂਦੀ ਰਹੀ ਹੈ ਤੇ ਸੁਭਾਵਿਕ ਹੈ ਕਿ ਉਹ ਵੀ ਉਸ ਦੀ ਫਿਲਮ ਦੇ ਹਿੱਟ ਹੋਣ ਲਈ ਸਹਿਯੋਗ ਦੇਵੇਗਾ। ਗੀਤਾ ਅਨੁਸਾਰ ਹਰਭਜਨ ਫਿਲਮਾਂ ਨੂੰ ਬੇਹੱਦ ਪਸੰਦ ਕਰਦਾ ਹੈ ਅਤੇ ਇਹ ਕਾਮੇਡੀ ਛੋਹ ਵਾਲੀ ਫਿਲਮ ਉਸ ਨੂੰ ਵੀ ਚੰਗੀ ਲੱਗੇਗੀ ਤੇ ਮੈਂ ਤਾਂ ਉਸ ਨੂੰ ਸੋਹਣੀ ਲੱਗਦੀ ਹੀ ਹਾਂ।

ਫਿਲਮ ਇੰਸਡਟਰੀ ਵਿਚ ਗਿੱਪੀ ਗਰੇਵਾਲ ਨੂੰ ਜੇ ਹਿੰਦੀ 'ਚ ਗਾਖਲ ਭਰਾਵਾਂ, ਖਾਸ ਕਰ ਅਮੋਲਕ ਸਿੰਘ ਗਾਖਲ ਨੇ ਬ੍ਰੇਕ ਦਿੱਤੀ ਹੈ ਤਾਂ ਇਹ ਕਹਿਣਾ ਵੀ ਦਰੁਸਤ ਹੋਵੇਗਾ ਕਿ ਉਹ ਐਮਰਜੈਂਸੀ ਬੀਟ ਸੌਂਗ ਨਾਲ ਹਰ ਗੈਰ ਪੰਜਾਬੀ ਦੇ ਦਿਲ ਵਿਚ ਉਤਰਿਆ ਹੋਇਆ ਹੈ। ਉਂਜ ਨਿਰਦੇਸ਼ਕ ਸਮੀਪ ਕੰਗ ਅਨੁਸਾਰ ਗਿੱਪੀ ਦਾ ਹਿੰਦੀ ਬੋਲਣਾ ਗੈਰ ਕੁਦਰਤੀ ਕਿਤੇ ਵੀ ਨਹੀਂ ਲੱਗਦਾ ਤੇ ਉਸ ਨੇ ਅਦਾਕਾਰੀ ਵੀ ਬਾਲੀਵੁੱਡ ਦੇ ਹਾਣ ਦੀ ਹੀ ਕੀਤੀ ਹੈ।



ਫਿਲਮ ਦੇ ਗੀਤ 'ਮਿੱਠੀ ਮੇਰੀ ਜਾਨ' ਅਤੇ 'ਬੈਡ ਬੇਬੀ' ਨੂੰ ਮਿਲੇ ਯੂ ਟਿਊਬ 'ਤੇ ਸੋਸ਼ਲ ਮੀਡੀਏ ਦੇ ਅੰਕੜੇ ਦੱਸਦੇ ਹਨ ਕਿ ਇਹ ਮਿਲੀਅਨ ਤੋਂ ਵੱਧ ਲੋਕਾਂ ਦੀ ਪਸੰਦ ਬਣ ਗਏ ਹਨ।

ਮੁੰਬਈ 'ਚ ਰਹਿ ਕੇ ਦਿਨ ਰਾਤ ਇਕ ਕਰਨ ਵਾਲੇ ਅਮੋਲਕ ਸਿੰਘ ਗਾਖਲ ਦੀ ਮਿਹਨਤ 'ਤੇ 'ਸੈਕਿੰਡ ਹੈਂਡ ਹਸਬੈਂਡ' ਅਮਲੀ ਰੂਪ ਵਿਚ ਕਿੱਥੇ ਆ ਕੇ ਖੜਦੀ ਹੈ, ਇਹ ਦੇਖਣ ਲਈ ਤਿੰਨ ਜੁਲਾਈ ਦਾ ਇੰਤਜ਼ਾਰ ਹੈ।

ਮਨੋਰੰਜਨ ਚਾਹੁਣ ਵਾਲੇ ਦਰਸ਼ਕਾਂ ਨੂੰ ਫਿਲਮ ਦੇਖਣ ਦਾ ਮੈਂ ਵੀ ਸੁਝਾਅ ਦਿਆਂਗਾ।



---

## ਸੁਪਨਸਾਜ਼ ਰਾਜ ਕਪੂਰ

ਆਵਾਜ਼ ਦੇ ਕਹਾਂ ਹੈ... -8-



ਕੁਲਦੀਪ ਕੌਰ
ਫੋਨ: +91-98554-04330

ਰਾਜ ਕਪੂਰ ਦਾ ਸਿਨੇਮਾ ਆਰਥਿਕ ਵੰਡ ਅਤੇ ਜਮਾਤੀ ਟਕਰਾਉ ਦੇ ਸਮਾਜਕ ਨਤੀਜਿਆਂ ਨੂੰ ਪੇਸ਼ ਕਰਦਾ ਸੀ। ਇਸ ਪ੍ਰਸੰਗ ਵਿਚ 'ਜਾਗਤੇ ਰਹੋ' ਫਿਲਮ ਮਹੱਤਵਪੂਰਨ ਹੈ। ਇਹ ਫਿਲਮ ਸਾਧਾਰਨ ਪੇਂਡੂ ਨੌਜਵਾਨ ਬਾਰੇ ਹੈ ਜਿਹੜਾ ਪਾਣੀ ਪੀਣ ਲਈ ਇੱਕ ਉਚ-ਕਲਾਸ ਸੁਸਾਇਟੀ ਵਿਚ ਚਲਾ ਜਾਂਦਾ ਹੈ, ਉਥੇ ਉਸ ਨੂੰ ਚੋਰ ਸਮਝ ਲਿਆ ਜਾਂਦਾ ਹੈ। ਪਿੱਛਾ ਕਰ ਰਹੇ ਚੌਕੀਦਾਰ ਤੋਂ ਬਚਣ ਲਈ ਉਹ ਇੱਕ ਤੋਂ ਦੂਜੇ ਫਲੈਟ ਜਾ ਕੇ ਲੁਕਣ ਦੀ ਕੋਸ਼ਿਸ਼ ਕਰਦਾ ਹੈ। ਇਸ ਕੋਸ਼ਿਸ਼ ਦੌਰਾਨ ਉਹ ਉਚ-ਵਰਗੀ ਅਤੇ ਸਮਾਜ ਦੇ 'ਸਨਮਾਨਿਤ' ਤਬਕੇ ਦਾ ਖੋਖਲਾਪਣ, ਲਾਲਚ ਅਤੇ ਬੇਗੈਰਤੀ ਨੂੰ ਨੇੜਿਉਂ ਤੱਕਦਾ ਤੇ ਸੁਣਦਾ ਹੈ। ਬਿਲਕੁਲ ਸੁੰਨ ਹੋਇਆ ਜਦੋਂ ਉਹ ਇੱਕ ਫਲੈਟ ਵਿਚ ਸਮਾਜਵਾਦੀ ਵਿਚਾਰਾਂ ਵਾਲੀ ਕੁੜੀ ਨੂੰ ਮਿਲਦਾ ਹੈ ਤਾਂ ਕੁੜੀ ਉਸ ਦੀ ਨਿਰਾਸ਼ਾ ਤੇ ਉਦਾਸੀ ਨੂੰ ਤਰਕ ਤੇ ਉਮੀਦ ਨਾਲ ਦੂਰ ਕਰ ਦਿੰਦੀ ਹੈ। ਜਦੋਂ ਉਹ ਹਾਲਾਤ ਦਾ ਸਾਹਮਣਾ ਕਰਨ ਲਈ ਬਾਹਰ ਸੜਕ 'ਤੇ ਨਿਕਲਦਾ ਹੈ ਤਾਂ ਇਹ ਦੇਖ ਕੇ ਹੈਰਾਨ ਹੋ ਜਾਂਦਾ ਹੈ ਕਿ ਕਿਸੇ ਨੂੰ ਉਹਦੀ ਕੋਈ ਪਰਵਾਹ ਹੀ ਨਹੀਂ।

ਰਾਜ ਕਪੂਰ ਬਤੌਰ ਨਿਰਦੇਸ਼ਕ ਫਿਲਮ 'ਆਗ' ਨਾਲ ਚਰਚਾ ਵਿਚ ਆਇਆ। ਇਹ ਫਿਲਮ ਉਹਨੇ ਆਪਣੇ ਬੈਨਰ ਆਰ.ਕੇ. ਫਿਲਮਜ਼ ਥੱਲੇ ਬਣਾਈ ਸੀ। ਫਿਲਮ ਵਿਚ ਨਰਗਿਸ ਵੀ ਸੀ ਪਰ ਫਿਲਮ ਅਸਫ਼ਲ ਰਹੀ। ਉਦੋਂ ਤੱਕ ਰਾਜ ਕਪੂਰ 10-12 ਸਾਲ ਫਿਲਮ ਨਿਰਮਾਣ ਦੇ ਤਕਰੀਬਨ ਸਾਰੇ ਪੱਖਾਂ 'ਤੇ ਕੰਮ ਕਰ ਚੁੱਕੇ ਸਨ। ਘੱਟ ਪੜ੍ਹਿਆ-ਲਿਖਿਆ ਹੋਣ ਕਾਰਨ ਉਹਨੂੰ ਕਈ ਗੁਣਾਂ ਵੱਧ ਮਿਹਨਤ ਕਰਨੀ ਪਈ, ਪਰ ਸਿਨੇਮਾ ਨਾਲ ਜਨੂੰਨ ਦੀ ਹੱਦ ਤੱਕ ਲਗਾਉ ਨੇ ਉਹਦੇ ਅੰਦਰਲੀ ਅੱਗ ਬਾਲੀ ਰੱਖੀ। 'ਆਗ' ਦੀ ਅਸਫ਼ਲਤਾ ਨੇ ਕੁਝ ਸਮਾਂ ਆਰ.ਕੇ. ਫਿਲਮਜ਼ ਨੂੰ ਜੱਕੋਤੱਕੀ ਵਿਚ ਰੱਖਿਆ। ਇਸੇ ਫਿਲਮ ਦੌਰਾਨ ਰਾਜ ਕਪੂਰ ਅਤੇ ਨਰਗਿਸ ਵਿਚਕਾਰ ਗਹਿਰੀ ਦੋਸਤੀ ਪਣਪੀ। ਇਹ ਦੋਸਤੀ ਨਰਗਿਸ ਦੀ ਬੌਧਿਕਤਾ ਅਤੇ ਰਾਜ ਕਪੂਰ ਦੀ ਸੁਪਨਸਾਜ਼ੀ ਦਾ ਸੰਗਮ ਸੀ। ਇਸ ਫਿਲਮ ਤੋਂ ਬਾਅਦ ਦੋਵਾਂ ਨੇ 16 ਫਿਲਮਾਂ ਇੱਕਠਿਆਂ ਕੀਤੀਆਂ। ਇਨ੍ਹਾਂ ਵਿਚੋਂ 'ਬਰਸਾਤ' ਦਾ ਜ਼ਿਕਰ ਜ਼ਰੂਰੀ ਹੈ। ਇਸ ਫਿਲਮ ਵਿਚ ਦੋ ਸਮਾਨੰਤਰ ਪ੍ਰੇਮ ਕਹਾਣੀਆਂ ਹਨ। ਰਾਜ ਕਪੂਰ ਦੀਆਂ ਫਿਲਮਾਂ ਵਿਚ ਪ੍ਰੇਮ ਦੋ-ਧਾਰੀ ਤਲਵਾਰ ਵਰਗਾ ਹੈ। ਇਨ੍ਹਾਂ ਪ੍ਰੇਮ ਕਹਾਣੀਆਂ ਵਿਚ ਜਮਾਤੀ ਸੰਘਰਸ਼, ਜਾਤ-ਪਾਤ ਦੇ ਝਗੜੇ ਅਤੇ ਪ੍ਰੇਮ ਬਾਰੇ ਸਮਾਜਕ ਨਜ਼ਰੀਏ 'ਤੇ ਵਿਅੰਗ ਆਦਿ ਤਾਂ ਸ਼ਾਮਿਲ ਸਨ ਹੀ, ਪ੍ਰੇਮ ਕਹਾਣੀ ਦੇ ਮੌਲਣ ਨੂੰ ਫਿਲਮਾਉਣ ਦਾ ਢੰਗ ਜੋੜੇ ਵਿਚ ਇਕ-ਦੂਜੇ ਦੀਆਂ ਸਮੱਸਿਆਵਾਂ ਸਮਝਣ, ਆਪਸੀ ਸਹਿਹੋਂਦ ਅਤੇ ਕੁਝ ਹੱਦ ਤੱਕ ਦੇਹ ਦੀ ਖਿੱਚ 'ਤੇ ਆਧਾਰਿਤ ਹੁੰਦਾ ਸੀ। ਇਹ ਸਿਨੇਮਾ ਪ੍ਰੇਮ ਨੂੰ ਰਹੱਸ ਅਤੇ ਅਲੌਕਿਕਤਾ ਤੋਂ ਤੋੜ ਕੇ ਇਨਸਾਨਾਂ ਦੇ ਆਪਸੀ ਵਿਹਾਰ ਦੀ ਜ਼ਰੂਰਤ ਵਜੋਂ ਪੇਸ਼ ਕਰਦਾ ਹੈ। 'ਬਰਸਾਤ' ਵਿਚ ਵੀ ਪ੍ਰੇਮੀਆਂ ਦਾ ਆਪਸੀ ਵਿਸ਼ਵਾਸ ਤੇ ਸਾਦਗੀ ਮੁੱਖ ਹਨ।

'ਬਰਸਾਤ' ਤੋਂ ਬਾਅਦ 'ਅੰਦਾਜ਼' ਨੇ ਆਰ.ਕੇ. ਫਿਲਮਜ਼ ਨੂੰ ਸਥਾਪਿਤ ਕਰ ਦਿੱਤਾ। ਅਗਲੀ ਫਿਲਮ 'ਬੂਟ ਪਾਲਿਸ਼' ਆਈ। ਫਿਲਮ ਗਰੀਬ ਤਬਕੇ ਦੇ ਬੱਚਿਆਂ ਬਾਰੇ ਸੀ ਤੇ ਇਸ ਵਿਚ ਵਿਅੰਗ ਦੀ ਧਾਰ ਕਾਫ਼ੀ ਤਿੱਖੀ ਸੀ। ਫਿਰ 'ਆਵਾਰਾ' ਭਾਰਤੀ ਸਿਨੇਮਾ ਦੇ ਇਤਿਹਾਸ ਦਾ ਸੁਨਹਿਰੀ ਪੰਨਾ ਹੋ ਨਿਬੜੀ। 'ਆਵਾਰਾ' ਅਤੇ 'ਸ੍ਰੀ 420' ਨਾਲ ਰਾਜ ਕਪੂਰ ਦੀ ਲੋਕਪ੍ਰਿਯਤਾ ਦੇਸ਼-ਵਿਦੇਸ਼ ਦੀਆਂ ਹੱਦਾਂ ਪਾਰ ਕਰ ਗਈ। ਤੁਰਕੀ, ਅਫ਼ਰੀਕਾ ਅਤੇ ਇਰਾਨ ਵਿਚ 'ਆਵਾਰਾ ਹੂੰ', 'ਘਰ ਆਇਆ ਮੇਰਾ ਪਰਦੇਸੀ' ਤੇ 'ਹਮ ਤੁਮ ਸੇ ਮਹੁੱਬਤ ਕਰ ਕੇ ਸਨਮ' ਰਾਤੋ-ਰਾਤ ਲੱਖਾਂ ਦਰਸ਼ਕਾਂ ਦੇ ਹੋਠਾਂ 'ਤੇ ਨੱਚਣ ਲੱਗੇ। ਉਂਜ ਜੋ ਪ੍ਰਸਿੱਧੀ ਇਸ ਫਿਲਮ ਨੂੰ ਸੋਵੀਅਤ ਸੰਘ ਵਿਚ ਮਿਲੀ, ਉਹ ਬੇਮਿਸਾਲ ਹੈ। ਇਸ ਦਾ ਕਾਰਨ ਸੀ ਕਿ ਜਦੋਂ ਦੂਜੇ ਸੰਸਾਰ ਯੁੱਧ ਤੋਂ ਬਾਅਦ ਦੁਨੀਆਂ ਮੰਦਵਾੜੇ, ਬੇਰੁਜ਼ਗਾਰੀ ਅਤੇ ਗਰੀਬੀ ਨਾਲ ਘੁਲ ਰਹੀ ਸੀ, ਰਾਜ ਕਪੂਰ ਦਾ ਹਸਾਉਣ ਵਾਲਾ ਚਿਹਰਾ ਅਤੇ ਦੁਸ਼ਵਾਰੀਆਂ ਨੂੰ ਹੱਸ ਕੇ ਬਰਦਾਸ਼ਤ ਕਰਨ ਦਾ ਮਾਦਾ ਦਰਸ਼ਕਾਂ ਦੇ ਜ਼ਿਹਨ ਵਿਚ ਡੂੰਘਾ ਉਤਰ ਜਾਂਦਾ ਸੀ। ਸੋ, ਉਹ ਉਮੀਦ ਅਤੇ ਭਵਿੱਖ ਦੇ ਸੁਪਨਿਆਂ ਦਾ ਚਿੰਨ੍ਹ ਬਣ ਕੇ ਉਭਰਿਆ। 'ਸ੍ਰੀ 420' ਨਾਲ ਉਹ ਚਾਰਲੀ ਚੈਪਲਿਨ ਦੀ ਵਿਅੰਗਾਤਮਕ ਸ਼ੈਲੀ ਅਤੇ ਅਦਾਕਾਰੀ ਦੇ ਤਰੀਕੇ ਦੀ ਨਕਲ ਪੇਸ਼ ਕਰਨ ਵਿਚ ਕਾਮਯਾਬ ਹੋ ਗਿਆ। ਬਾਅਦ ਵਿਚ ਉਹਨੇ ਆਪਣੇ ਇਸ ਅਕਸ ਨੂੰ 'ਅਨਾੜੀ' ਅਤੇ 'ਛੱਲਾ' ਜੋ ਦੂਜੇ ਨਿਰਦੇਸ਼ਕਾਂ ਨੇ ਬਣਾਈਆਂ ਸਨ, ਵਿਚ ਵੀ ਦੁਹਰਾਇਆ।

> ***ਨਰਗਿਸ ਨੇ ਆਰ.ਕੇ. ਬੈਨਰਜ਼ ਨੂੰ ਅਲਵਿਦਾ ਕੀ ਆਖਿਆ, ਜਿੱਦਾਂ ਰਾਜ ਕਪੂਰ ਦੇ ਸਿਨੇਮਾ ਦੀ ਰੂਹ ਵੀ ਨਾਲ ਹੀ ਚਲੀ ਗਈ ਹੋਵੇ! ਪਿਛੇ ਰਹਿ ਗਿਆ ਸੁਪਨਸਾਜ਼ ਰਾਜ ਕਪੂਰ ਇਸ ਰੂਹ ਦੀ ਤਲਾਸ਼ ਵਿਚ ਕਦੇ ਰਾਧਾ (ਸੰਗਮ), ਕਦੇ ਬਾਬੀ (ਬਾਬੀ) ਅਤੇ ਕਦੇ ਮੈਰੀ, ਮਰੀਨਾ ਤੇ ਮੀਨੂ (ਮੇਰਾ ਨਾਮ ਜੋਕਰ) ਵਰਗੇ ਬੁੱਤ ਤਰਾਸ਼ਦਾ ਹੈ, ਪਰ ਉਸ ਦੇ ਅੰਦਰਲਾ ਖਲਾਅ ਭਰਨ ਦਾ ਨਾਮ ਨਹੀਂ ਲੈਂਦਾ।***

ਰਾਜ ਕਪੂਰ ਦੇ ਕਰੀਅਰ ਨੂੰ 1960 ਤੋਂ ਪਹਿਲਾਂ ਅਤੇ ਬਾਅਦ ਦੇ ਸਿਨੇਮਾ ਵਿਚ ਵੰਡਿਆ ਜਾ ਸਕਦਾ ਹੈ। 1960 ਤੋਂ ਪਹਿਲਾਂ ਉਹਦਾ ਸਿਨੇਮਾ ਆਜ਼ਾਦ ਹੋਏ ਭਾਰਤ ਦੀਆਂ ਸਮੱਸਿਆਵਾਂ, ਲੋਕਾਂ ਦੇ ਸੰਘਰਸ਼ ਅਤੇ ਸਮਾਜਕ ਤ੍ਰਾਸਦੀਆਂ ਨੂੰ ਰੂਪਮਾਨ ਕਰਦਾ ਹੈ; 1960 ਤੋਂ ਬਾਅਦ ਵੱਡੀ ਤਬਦੀਲੀ ਵਾਪਰਦੀ ਹੈ। 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' (1960) ਸ਼ਾਇਦ ਪਹਿਲੀ ਧਾਰਾ ਵਾਲੀ ਆਖਰੀ ਫਿਲਮ ਸੀ। 1964 ਵਿਚ ਆਈ 'ਸੰਗਮ' ਵਿਚ ਉਹ ਨਵੀਂ ਕਿਸਮ ਦਾ ਸਿਨੇਮਾ ਸਿਰਜਦਾ ਹੈ। ਇਹ ਜ਼ਿਆਦਾ ਰੁਮਾਂਟਿਕ ਤੇ ਉਚ-ਵਰਗ ਆਧਾਰਿਤ ਹੈ। ਪਹਿਲੀ ਵਾਰ ਦਰਸ਼ਕਾਂ ਨੂੰ ਰਾਜ ਕਪੂਰ ਦੀ ਫਿਲਮ ਵਿਚ ਭਾਰਤੀ ਪਿੰਡ, ਗਰੀਬ ਬਸਤੀਆਂ ਅਤੇ ਭੋਲਾਪਣ ਗਾਇਬ ਮਿਲੇ। ਜਿਹੜਾ ਨਿਰਦੇਸ਼ਕ 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਵਿਚ 'ਹਮ ਉਸ ਦੇਸ਼ ਕੇ ਵਾਸੀ ਹੈ ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਦਾ ਵਿਖਿਆਨ ਕਰਦਾ ਹੈ, ਉਹ 'ਸੰਗਮ' ਵਿਚ 'ਦੋਸਤ ਦੋਸਤ ਨਾ ਰਹਾ' ਉਤੇ ਪਹੁੰਚ ਜਾਂਦਾ ਹੈ। ਇਸ ਤਬਦੀਲੀ ਨੂੰ ਕਈ ਪੱਖਾਂ ਤੋਂ ਘੋਖਿਆ ਜਾ ਸਕਦਾ ਹੈ ਪਰ ਇਹ ਸਵਾਲ ਹਮੇਸ਼ਾ ਰਹੇਗਾ ਕਿ, 1960 ਤੱਕ ਪੁੱਜਦਿਆਂ ਭਾਰਤੀ ਸਿਆਸਤ ਵਾਂਗ ਸਿਨੇਮਾ ਵਿਚੋਂ ਵੀ ਨਿਮਨ-ਵਰਗ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹਾਸ਼ੀਏ 'ਤੇ ਧੱਕੀਆਂ ਜਾਣ ਲੱਗੀਆਂ ਸਨ?... ਜਾਂ ਇਹ ਭਾਰਤੀ ਸਿਨੇਮਾ ਦੁਆਰਾ ਕੌਮਾਂਤਰੀ ਮੰਡੀ ਵਿਚ ਖਰਾ ਉਤਰਨ ਲਈ ਕੋਈ ਤਰਦੱਦ ਸੀ?... ਜਾਂ ਫਿਰ ਇਸ ਦਾ ਕਾਰਨ 1956 ਵਿਚ 'ਜਾਗਤੇ ਰਹੋ' ਦੇ ਇੱਕ ਗਾਣੇ ਵਿਚ ਨਜ਼ਰ ਆਉਣ ਤੋਂ ਬਾਅਦ ਨਰਗਿਸ ਦੁਆਰਾ ਆਰ.ਕੇ. ਫਿਲਮਜ਼ ਨੂੰ ਛੱਡਣ ਦਾ ਫ਼ੈਸਲਾ ਸੀ। ਨਰਗਿਸ ਨੇ ਆਰ.ਕੇ. ਬੈਨਰਜ਼ ਨੂੰ ਅਲਵਿਦਾ ਕੀ ਆਖਿਆ, ਜਿੱਦਾਂ ਰਾਜ ਕਪੂਰ ਦੇ ਸਿਨੇਮਾ ਦੀ ਰੂਹ ਵੀ ਨਾਲ ਹੀ ਚਲੀ ਗਈ ਹੋਵੇ! ਪਿਛੇ ਰਹਿ ਗਿਆ ਸੁਪਨਸਾਜ਼ ਰਾਜ ਕਪੂਰ ਇਸ ਰੂਹ ਦੀ ਤਲਾਸ਼ ਵਿਚ ਕਦੇ ਰਾਧਾ (ਸੰਗਮ), ਕਦੇ ਬਾਬੀ (ਬਾਬੀ) ਅਤੇ ਕਦੇ ਮੈਰੀ, ਮਰੀਨਾ ਤੇ ਮੀਨੂ (ਮੇਰਾ ਨਾਮ ਜੋਕਰ) ਵਰਗੇ ਬੁੱਤ ਤਰਾਸ਼ਦਾ ਹੈ, ਪਰ ਉਸ ਦੇ ਅੰਦਰਲਾ ਖਲਾਅ ਭਰਨ ਦਾ ਨਾਮ ਨਹੀਂ ਲੈਂਦਾ।

(ਚਲਦਾ)





ਰਾਜ ਕਪੂਰ ਤੇ ਨਰਗਿਸ

# Second Hand Husband

## Releasing on 3rd July

## Theatre List

## Canada ਕਨੇਡਾ

QUEBEC
Cineplex Odeon Forum Cinemas (Montreal, QC)
2313 St-Catherine Street West, Suite # 101,
Montréal, Quebec - H3H 1N2
Tel : 514-904-1274

ONTARIO
Cineplex Odeon Yonge & Dundas Cinemas (Toronto, ON)
10, Dundas Street East, Suite # 402, Toronto, Ontario – M5B 2G9, Canada
Tel: 416-977-2262

Albion Cinema (Toronto, ON)
1530 Albion Road, Etobicoke, Toronto, Ontario M9V 1B4, Canada
Tel: 416-742-3456

Silvercity Brampton (Brampton, ON)
Hwy 410 @ Bovaird Drive, Brampton, Ontario – L6R 2K7, Canada
Tel: 905-789-6797

Cineplex Odeon Winston Churchill Cinemas (Oakville, ON)
2081, Winston Park Drive, Oakville, Ontario – L6H 6P5, Canada
Tel: 905-829-2009

Woodside Cinemas (Markham, ON)
Woodside Square Mall, 1571 Sandhurst Circle, Agincourt,
Ontario M1V 1V2 , Canada, Tel: 416-299-3456,

York Cinema (Richmond Hill, ON)
115, York Blvd, Richmond Hill, Ontario L4B 3B4, Canada
Tel: 905-707-3456, Hotline: 289-809-3456
www.yorkcinema.ca/york.html.com

MANITOBA:
Cinema City Northgate (Winnipeg, MB)
1399, McPhillips Street, Winnipeg, Manitoba – R2V 3C4.
Tel: 204-334-6234, www.cineplex.com

ALBERTA
Cineplex Odeon Sunridge Spectrum (Calgary, AB)
2555, 32nd Street, Calgary, Alberta – T1Y 7J6, Canada
Tel: 403-717-1200

Landmark 16 Country Hills (Calgary, AB)
300-388, Country Hills Blvd, NE, Calgary, Alberta – T3K 5A6, Canada
Tel: 403-226-8685

Cinema City Movies 12 (Edmonton, AB)
5074, 130th Avenue, Edmonton, Alberta – T5A 5A9, Canada
Tel: 780-472-9779

BRITISH COLUMBIA
Cineplex Odeon Strawberry Hill(Surrey, BC)
12161, 72nd Avenue, Surrey, BC V3W 2M1, Canada,
Tel: (604) 501-9420

Cineplex Silvercity Riverport (Richmond, BC)
14211, Entertainment Way, Richmond, British Columbia – V6W 1K4, Canada
Tel: 604-277-5993

Silvercity 12Mission (Mission, BC)
The Junction Plaza, 32555 – London Avenue, Mission, BC – V2V 6M7, Canada
Tel: 604-820-2733

## America ਅਮਰੀਕਾ

MASSACHUSSETTES
Apple Cinemas Fresh Pond 10 (Boston, MA)
Tel: 617-661-2900

AMC Methuen 20 Theatres (Boston, MA)
Tel: (888) 262-4386

NEW YORK:
Jamaica Multiplex Cinemas (Jamaica, NY)
(866) 228-5676

Farmingdale Multiplex Cinemas (long Island, NY)
Tel: (800) 315-4000

AMC Empire 25 (Manhattan, NY)
Tel: (212) 398-2597

NEW JERSEY
Empire's - Columbia Park Cinema 12 (North Bergen, NJ)
Tel: 201-865-6133

Movie City 8 (Edison, NJ)
Tel: 732-548-2300

Regal Cinemas Commerce Center 18 (North Brunswick, NJ)
Tel: 732-940-8361

Regal Burlington 20 (Burlington, NJ)
Tel: (609) 239-3598

PENNSYLVANIA
Regal Marketplace @ Oaks Stadium 24 (Oaks, PA)
www.regmovies.com

MARYLAND
Cinemark Egyptian 24 & XD, Tel: 443-755-8990

VIRGINIA
Regal Countryside Stadium 20
Tel: 703-404-8603

NORTH CAROLINA
Regal Crossroads Stadium 20 & IMAX (Cary, NC) Tel: 919-816-0220
AMC Concord Mills 24 (Charlotte, NC) Tel: 1-888-262-4386

GEORGIA
AMC North Dekalb Mall 16 (Atlanta, GA)Tel: 404-634-0451

FLORIDA
AMC Veterans 24 (Tampa, FL) Tel: 813-243-4881

*OHIO*
*Atlas Theatres Eastgate 10 (Cleveland, OH), Tel: 440-461-2700*

INDIANA
Cinemark Greenwood Movies 8 (Indianapolis, IN) Tel: 317-882-2685

MINNESOTA AMC Eden Prairie Mall 18 (Minneapolis, MN) Tel: (952) 656-0010

ILLINOIS
AMC South Barrington 30 (Chicago, IL) Tel: 1-888-262-4386
Movie Max Cinemas (Chicago, IL) Tel: 847-299-2366
Century Stratford Square 16 (Bloomingdale, IL) Tel: 630-893-0271


TEXAS
FunAsia Richardson (Dallas, TX) Tel: 972-889-8000
Regal MacArthur Market Place 16 (Dallas, TX) Tel: 972-889-8000
AMC Studio 30 (Houston, TX) Tel: 713-977-4431
Cinemark Tinseltown 290 and XD (Houston, TX) Tel: 713-329-9402
Cinemark Tinseltown 17 (Austin, TX) Tel: 512-326-4408

ARIZONA
Pollack Tempe Cinemas (Phoenix, AZ) Tel: 480-345-646
Super Saver Cinemas 8 (Phoenix, AZ) Tel: 602-789-7906

WASHINGTON
Roxy Cinema (Seattle, WA) Tel: (425) 988-2111
Cinemark – Century Federal Way (Seattle, WA) Tel: 253-946-0942

CALIFORNIA
Century Laguna 16 (Sacramento, CA) Tel: (916) 683-5282
Brenden Modesto 18 (Concord, CA) (209) 491-7910
Century Roseville 14 & XD (Sacramento, CA) Tel: (916) 797-3466
Cinemark Movies 14 (Tracy, CA) Tel: (209) 833-8897
Regal Hacienda Crossings Stadium 21 & Imax(Dublin,CA) Tel: 925-560-0901
AMC Mercado 20 (San Jose, CA) Tel: 1-888-262-4386
Century 20 Great Mall (Milpitas, CA) Tel: (408) 942-7441
Regal Manchester Stadium 16 (Fresno, CA) Tel: 559-243-7451
Regal Edwards Bakersfield Stadium 14 (Bakersfield, CA) Tel: 844-462-7342
AMC Norwalk 20 (Los Angeles, CA) Tel: 562-864-6206
AMC Ontario Mills 30 With ETX (Orange, LA, CA) Tel: 909-476-1234
Regal Edwards Westpark 8 (Irvine, CA) Tel: 949-622-8609
AMC Fashion Valley 18 (San Diego, CA) Tel: 619-296-0370

## Come and enjoy the movie



Releasing Worldwide on 3rd july 2015
GAKHAL BROTHERS ENTERTAINMENT PVT LTD AMOLAK SINGH GAKHAL PRESENT
3RD JULY WORLDWIDE
NO GUARANTEE NO WARRANTY
SECOND HAND HUSBAND
CAST GIPPY GREWAL TINA AHUJA DHARMENDRA GEETA BASRA
SANJAY MISHRA RAVI KISHAN MUKESH TIWARI
DIRECTOR SMEEP KANG D.O.P. MANOJ SHAW STORY SMEEP KANG
SCREENPLAY & DIALOGUE VAIBHAV SUMAN & SHREYA SRIVASTAVA
/2ndHandHusband /2ndHandHusband /GIPYGREWAL /secondhandhusban